Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334
Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 11, March 14, 2015 | 20451 N Plum Grove Rd., Palatine, IL 60074 | Ph:847-359-0746, Fax:847-705-9388

## ਕਿਸਾਨਾਂ 'ਤੇ ਕੁਦਰਤ ਦਾ ਕਹਿਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸਰਕਾਰ ਦੀ ਬੇਰੁਖ਼ੀ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਕਿਸਾਨਾਂ 'ਤੇ ਕੁਦਰਤ ਵੀ ਕਹਿਰ ਬਣ ਟੁੱਟੀ ਹੈ। ਸੂਬੇ ਵਿਚ ਬੇਮੌਸਮੀ ਬਾਰਸ਼ ਕਾਰਨ 18 ਲੱਖ 70 ਹਜ਼ਾਰ ਏਕੜ ਰਕਬੇ ਵਿਚ ਖੜ੍ਹੀ ਕਣਕ ਦੀ ਫਸਲ ਤੇ ਸਬਜ਼ੀਆਂ ਪ੍ਰਭਾਵਿਤ ਹੋਣ ਨਾਲ ਕਿਸਾਨਾਂ ਨੂੰ ਤਿੰਨ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਮਾਲੀ ਨੁਕਸਾਨ ਹੋਣ ਦਾ ਖਦਸ਼ਾ ਹੈ। ਹਾੜ੍ਹੀ ਦੀ ਮੁੱਖ ਫਸਲ ਕਣਕ ਦਾ ਔਸਤਨ 20 ਫੀਸਦੀ ਤੱਕ ਨੁਕਸਾਨ ਹੋਇਆ ਹੈ ਜਦਕਿ ਸਬਜ਼ੀਆਂ 75 ਫੀਸਦੀ ਤੱਕ ਤਬਾਹ ਹੋ ਗਈਆਂ। ਇਸ ਸਾਲ ਮਾਰਚ ਵਿਚ ਜਿੰਨਾ ਮੀਂਹ ਪਿਆ ਹੈ, ਉਸ ਨਾਲ 1915 ਵਿਚ ਇਸ ਮਹੀਨੇ ਪਏ ਮੀਂਹ ਦਾ ਰਿਕਾਰਡ ਟੁੱਟ ਗਿਆ ਹੈ।

ਇਸ ਮਾਰ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਮਿਲਣ ਦੀ ਵੀ ਉਮੀਦ ਨਹੀਂ, ਕਿਉਂਕਿ ਕਣਕ ਦਾ ਨੁਕਸਾਨ 50 ਫੀਸਦੀ ਤੋਂ ਘੱਟ ਹੈ, ਇਸ ਲਈ ਕੇਂਦਰ ਸਰਕਾਰ ਦੀਆਂ ਸ਼ਰਤਾਂ ਮੁਤਾਬਕ ਕਿਸਾਨਾਂ ਦੀ ਭਰਪਾਈ ਸੰਭਵ ਨਹੀਂ। ਇਸ ਨੀਤੀ ਤਹਿਤ ਮੁਆਵਜ਼ਾ ਉਸ ਸੂਰਤ ਵਿਚ ਹੀ ਮਿਲ ਸਕਦਾ ਹੈ, ਜੇ ਕਿਸੇ ਜ਼ਿਲ੍ਹੇ ਦਾ 50 ਫ਼ੀਸਦੀ ਰਕਬਾ 75 ਫ਼ੀਸਦੀ ਤੋਂ ਵੱਧ ਨੁਕਸਾਨਿਆ ਜਾਵੇ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹਾਲ ਹੀ ਵਿਚ ਫ਼ਸਲਾਂ ਦੇ ਲਾਗਤ ਮੁੱਲ ਉਤੇ ਪੰਜਾਹ ਫ਼ੀਸਦੀ ਮੁਨਾਫ਼ਾ ਦੇਣ ਤੋਂ ਇਨਕਾਰ ਕਰ ਕੇ ਕਿਸਾਨਾਂ ਨੂੰ ਵੱਡਾ ਝਟਕਾ ਦੇ ਚੁੱਕੀ ਹੈ। ਇਸ ਤੋਂ ਇਲਾਵਾ ਐਫ.ਸੀ.ਆਈ. ਵਲੋਂ ਪੰਜਾਬ ਵਿਚ ਖਰੀਦ ਦਾ ਕੋਟਾ ਘਟਾਉਣ ਤੇ ਭੂਮੀ ਗ੍ਰਹਿਣ ਆਰਡੀਨੈਂਸ ਵਰਗੇ ਕਿਸਾਨਾਂ ਵਿਰੋਧੀ ਫੈਸਲਿਆਂ ਪਿੱਛੋਂ ਕੁਦਰਤ ਵਲੋਂ ਦਿੱਤੇ ਇਸ ਝਟਕੇ ਕਾਰਨ ਕਿਸਾਨਾਂ ਦੇ ਸਾਹ ਸੂਤੇ ਪਏ ਹਨ।

ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਹਾੜ੍ਹੀ ਦੀ ਫਸਲ, ਸਬਜ਼ੀਆਂ ਤੇ ਫਲਾਂ ਦੇ ਦਰਖ਼ਤਾਂ ਦਾ ਇੰਨਾ ਜ਼ਿਆਦਾ ਨੁਕਸਾਨ ਪਿਛਲੇ ਕਈ ਦਹਾਕਿਆਂ ਦੌਰਾਨ ਨਹੀਂ ਹੋਇਆ। ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਕ ਅੰਮ੍ਰਿਤਸਰ, ਪਟਿਆਲਾ ਤੇ ਮੋਗਾ ਜ਼ਿਲ੍ਹਿਆਂ ਵਿਚ 80-80 ਹਜ਼ਾਰ ਹੈਕਟੇਅਰ ਰਕਬੇ ਵਿਚ ਕਣਕ ਦਾ ਫਸਲ ਦਾ ਜ਼ਿਆਦਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਵਿਚ 50 ਹਜ਼ਾਰ, ਫਤਹਿਗੜ੍ਹ ਸਾਹਿਬ ਵਿਚ 54 ਹਜ਼ਾਰ, ਫਿਰੋਜ਼ਪੁਰ ਵਿਚ 65 ਹਜ਼ਾਰ, ਮੁਕਤਸਰ ਵਿਚ 42 ਹਜ਼ਾਰ, ਸੰਗਰੂਰ ਵਿਚ 28 ਹਜ਼ਾਰ, ਮਾਨਸਾ ਵਿਚ 33 ਹਜ਼ਾਰ, ਲੁਧਿਆਣਾ ਵਿਚ 30 ਹਜ਼ਾਰ, ਕਪੂਰਥਲਾ ਵਿਚ 28 ਹਜ਼ਾਰ ਹੈਕਟੇਅਰ ਰਕਬੇ ਵਿਚ ਕਣਕ ਦੀ ਫਸਲ ਦਾ ਨੁਕਸਾਨ ਹੋਇਆ ਹੈ। ਸਮੁੱਚੇ ਪੰਜਾਬ ਵਿਚ 80 ਲੱਖ 20 ਹਜ਼ਾਰ ਏਕੜ (27.18 ਹੈਕਟੇਅਰ) ਰਕਬੇ ਵਿਚ ਬੀਜੀ ਕਣਕ ਦੀ ਫਸਲ ਪ੍ਰਭਾਵਿਤ ਹੋਈ ਹੈ।

ਪਿਛਲੇ 20 ਸਾਲਾਂ ਤੋਂ ਭਾਰੀ ਕਰਜ਼ੇ ਤੇ

*(ਬਾਕੀ ਸਫਾ 6 'ਤੇ)*

### ਬੇਮੌਸਮੀ ਬਾਰਸ਼ ਨਾਲ ਤਿੰਨ ਹਜ਼ਾਰ ਕਰੋੜ ਦਾ ਨੁਕਸਾਨ



### ਬਾਦਲ ਵਲੋਂ ਕੇਂਦਰ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੇਮੌਸਮੇ ਮੀਂਹ ਕਾਰਨ ਕਣਕ ਤੇ ਹਾੜ੍ਹੀ ਦੀਆਂ ਹੋਰ ਫ਼ਸਲਾਂ ਦੇ ਨੁਕਸਾਨ ਲਈ ਕੇਂਦਰ ਸਰਕਾਰ ਤੋਂ 700 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਪ੍ਰਤੀ ਏਕੜ 10,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਵੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਸਾਉਣੀ ਦੀ ਫ਼ਸਲ ਦੌਰਾਨ ਸੋਕੇ ਕਾਰਨ ਕਿਸਾਨਾਂ ਵੱਲੋਂ ਫੂਕੇ ਮਹਿੰਗੇ ਡੀਜ਼ਲ ਬਦਲੇ ਵੀ 3200 ਕਰੋੜ ਰੁਪਏ ਦੀ ਮੰਗ ਕੀਤੀ ਸੀ ਪਰ ਇਸ ਨੂੰ ਬੂਰ ਨਹੀ ਪਿਆ ਸੀ।

## ਡਰੱਗ ਕੇਸ: ਬਿਕਰਮ ਸਿੰਘ ਮਜੀਠੀਆ ਫਿਰ ਘਿਰੇ



**ਚੰਡੀਗੜ੍ਹ:** ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਬਾਰੇ ਨਸ਼ਾ ਤਸਕਰੀ ਨਾਲ ਜੁੜੇ ਕੁਝ ਅਹਿਮ ਖੁਲਾਸਿਆਂ ਨਾਲ ਪੰਜਾਬ ਦੀ ਸਿਆਸਤ ਮੁੜ ਗਰਮਾ ਗਈ ਹੈ। ਛੇ ਹਜ਼ਾਰ ਕਰੋੜ ਡਰੱਗ ਰੈਕਟ ਦੇ ਸਰਗਨਾ ਜਗਦੀਸ਼ ਭੋਲਾ ਤੋਂ ਬਾਅਦ ਇਸੇ ਮਾਮਲੇ ਵਿਚ ਕਾਬੂ ਜਗਜੀਤ ਚਾਹਲ ਨੇ ਐਨਫੋਰਸਮੈਂਟ ਡਾਇਰੈਕਟਰ (ਈ.ਡੀ.) ਕੋਲ ਪੁੱਛਗਿੱਛ ਦੌਰਾਨ ਸ. ਮਜੀਠੀਆ ਦਾ ਨਾਂ ਲਿਆ ਹੈ। ਚਾਹਲ ਨੇ ਮੰਨਿਆ ਹੈ ਕਿ ਸ. ਮਜੀਠੀਆ ਨੇ ਉਸ ਤੋਂ 35 ਲੱਖ ਰੁਪਏ ਵਸੂਲੇ ਸਨ। ਹੁਣ ਸ. ਮਜੀਠੀਆ ਕੈਨੇਡਾ ਦੇ ਤਿੰਨ ਪਰਵਾਸੀ ਭਾਰਤੀਆਂ ਸਤਪ੍ਰੀਤ ਸੱਤਾ ਤੇ ਅਮਨਿੰਦਰ ਲਾਡੀ ਤੇ ਪਰਮਿੰਦਰ ਪਿੰਦੀ ਤੋਂ ਵਸੂਲੀ ਕਰਨ ਦੇ ਦੋਸ਼ ਵਿਚ ਘਿਰ ਗਏ ਹਨ।

ਇਹੀ ਨਹੀਂ ਸ. ਮਜੀਠੀਆ ਨੇ ਹਿਮਾਚਲ ਪ੍ਰਦੇਸ਼ ਵਿਚ ਸ਼ਿਮਲਾ ਦੇ ਬਾਹਰਵਾਰ ਨਿਊ ਓਬਰਾਏ ਰਿਜ਼ੋਰਟ ਦੇ ਨੇੜੇ ਦੋ ਕਨਾਲ ਵਿਚ ਜਿਹੜਾ ਸ਼ਾਨਦਾਰ ਘਰ ਬਣਾਇਆ ਹੈ, ਉਹ ਵੀ ਸ਼ੱਕ ਦੇ ਘੇਰੇ ਵਿਚ ਹੈ। ਈ.ਡੀ. ਉਨ੍ਹਾਂ ਦੇ ਨੇੜਲਿਆਂ ਦੀ ਭਾਰਤ ਤੇ ਵਿਦੇਸ਼ਾਂ ਵਿਚਲੀਆਂ ਸੰਪਤੀਆਂ ਦਾ ਪਤਾ ਲਗਾ ਰਿਹਾ ਹੈ। ਦੱਸਣਯੋਗ ਹੈ ਕਿ ਈ.ਡੀ. ਨਸ਼ਾ ਤਸਕਰੀ ਨਾਲ ਜੁੜੇ ਹਵਾਲਾ ਕਾਰੋਬਾਰ ਮਾਮਲੇ ਵਿਚ ਸ. ਮਜੀਠੀਆ ਤੋਂ ਪਹਿਲਾਂ ਹੀ ਪੁੱਛਗਿੱਛ ਕਰ ਰਿਹਾ ਹੈ। ਚਾਹਲ

*(ਬਾਕੀ ਸਫਾ 6 'ਤੇ)*

### ਸੁਖਪਾਲ ਸਿੰਘ ਖਹਿਰਾ ਨੂੰ ਵੀ ਪਿਆ ਘੇਰਾ

ਪੰਜਾਬ ਕਾਂਗਰਸ ਦੇ ਬੁਲਾਰੇ ਅਤੇ ਭੁਲੱਥ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਨਾਂ ਵੀ ਨਸ਼ਾ ਤਸਕਰੀ ਮਾਮਲੇ ਵਿਚ ਬੋਲਿਆ ਹੈ। ਪੰਜਾਬ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਇਕ ਕੌਮਾਂਤਰੀ ਹੈਰੋਇਨ ਤਸਕਰੀ ਦੇ ਸਰਗਨੇ ਗੁਰਦੇਵ ਸਿੰਘ ਭੁਲੱਥ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ) ਨਾਲ ਸ੍ਰੀ ਖਹਿਰਾ ਦੇ ਗੂੜ੍ਹੇ ਸਬੰਧ ਹਨ। ਦੱਸਣਯੋਗ ਹੈ ਕਿ ਪੁਲਿਸ ਨੇ ਗੁਰਦੇਵ ਸਿੰਘ ਨੂੰ ਸੱਤ ਹੋਰ ਵਿਅਕਤੀਆਂ ਨਾਲ ਗ੍ਰਿਫਤਾਰ ਕਰ ਕੇ ਉਸ ਕੋਲੋਂ ਦੋ ਕਿਲੋ ਹੈਰੋਇਨ, ਸੋਨੇ ਦੇ 24 ਬਿਸਕੁਟ ਬਰਾਮਦ ਕੀਤੇ ਹਨ। ਪੰਜਾਬ ਪੁਲਿਸ ਮੁਤਾਬਕ ਗੁਰਦੇਵ ਸਿੰਘ ਉਰਫ ਚੇਅਰਮੈਨ ਸ. ਖਹਿਰਾ ਦਾ ਨਜ਼ਦੀਕੀ ਹੈ ਤੇ ਪਿਛਲੇ 11 ਮਹੀਨਿਆਂ ਦੌਰਾਨ ਦੋਵਾਂ ਨੇ ਫੋਨ ਉਪਰ 78 ਵਾਰ ਗੱਲ ਕੀਤੀ ਹੈ। ਪੁਲਿਸ ਨੂੰ ਸ਼ੱਕ ਹੋਣ 'ਤੇ ਗੁਰਦੇਵ ਨੇ 28 ਫਰਵਰੀ 2015 ਨੂੰ

*(ਬਾਕੀ ਸਫਾ 6 'ਤੇ)*

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now @ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਭੂਮੀ ਗ੍ਰਹਿਣ ਬਿੱਲ ਲੋਕ ਸਭਾ ਵਲੋਂ ਪਾਸ

**ਨਵੀਂ ਦਿੱਲੀ:** ਵਿਵਾਦਗ੍ਰਸਤ ਭੂਮੀ ਗ੍ਰਹਿਣ ਬਿੱਲ ਨੂੰ ਲੋਕ ਸਭਾ ਦੀ ਮਨਜ਼ੂਰੀ ਮਿਲ ਗਈ ਹੈ ਜਿਸ ਨੂੰ ਪਾਸ ਕਰਾਉਣ ਲਈ ਸਰਕਾਰ ਨੇ ਇਸ ਵਿਚ 9 ਸੋਧਾਂ ਸ਼ਾਮਲ ਕੀਤੀਆਂ ਤੇ ਇਸ ਨਾਲ ਸੱਤਾਧਾਰੀ ਐਨ.ਡੀ.ਏ. ਦੇ ਸਹਿਯੋਗੀ ਦਲ ਸਰਕਾਰ ਨਾਲ ਆਉਣ ਲਈ ਰਾਜ਼ੀ ਹੋਏ; ਹਾਲਾਂਕਿ ਸਰਕਾਰ ਵਿਚ ਸ਼ਾਮਲ ਸ਼ਿਵ ਸੈਨਾ ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ। ਐਨ.ਡੀ.ਏ. ਦੇ ਇਕ ਹੋਰ ਦਲ ਸਵਾਭਿਮਾਨੀ ਨੇ ਇਕ ਸੋਧ ਪੇਸ਼ ਕੀਤੀ ਜਿਸ ਨੂੰ ਨਾ-ਮਨਜ਼ੂਰ ਕਰ ਦਿੱਤਾ ਗਿਆ। ਸਰਕਾਰ ਨੇ ਬਿੱਲ ਦੇ ਹੱਕ ਵਿਚ ਕਿਹਾ ਕਿ ਉਸ ਨੇ ਪੁਰਾਣੇ ਕਾਨੂੰਨ ਵਿਚ 'ਨਵੀਂ ਰੂਹ' ਪਾ ਕੇ ਇਸ ਨੂੰ ਪੇਂਡੂ ਵਿਕਾਸ ਤੇ ਕਿਸਾਨਾਂ ਦੇ ਉਥਾਨ ਦਾ ਅਹਿਮ ਮਾਧਿਅਮ ਬਣਾਇਆ ਹੈ। ਸਰਕਾਰ ਨੇ ਭਰੋਸਾ ਦਿੱਤਾ ਕਿ ਉਹ ਕਿਸਾਨਾਂ ਦੇ ਹੱਕ ਵਿਚ ਵਿਰੋਧੀ ਧਿਰ ਸਣੇ ਕਿਸੇ ਹੋਰ ਵਲੋਂ ਦਿੱਤੇ ਗਏ ਹੋਰ ਸੁਝਾਅ ਵੀ ਅਪਨਾਉਣ ਲਈ ਤਿਆਰ ਹੈ। ਵਿਰੋਧੀ ਧਿਰ ਦੇ ਸਖਤ ਵਿਰੋਧ ਦਾ ਸਾਹਮਣਾ ਕਰ ਰਹੀ ਸਰਕਾਰ ਨੇ ਵਿਚਲਾ ਰਾਹ ਕੱਢਦੇ ਹੋਏ ਜਿਥੇ-ਜਿਥੇ ਵਿਰੋਧੀ ਤੇ ਸਹਿਯੋਗੀ ਦਲਾਂ ਨੇ ਕੁਝ ਸੁਝਾਵਾਂ ਨੂੰ ਨਵੀਆਂ ਸੋਧਾਂ ਰਾਹੀਂ ਬਿੱਲ ਦਾ ਹਿੱਸਾ ਬਣਾਇਆ ਹੈ ਤੇ ਉਸ ਵਿਚ ਦੋ ਨਵੇਂ ਉਪਬੰਧ ਜੋੜੇ ਹਨ।

ਵਿਰੋਧੀ ਧਿਰ ਨੇ 52 ਸੋਧਾਂ ਪੇਸ਼ ਕੀਤੀਆਂ ਸਨ, ਪਰ ਉਨ੍ਹਾਂ ਵਿਚੋਂ ਕਿਸੇ 'ਤੇ ਸਰਕਾਰ ਨੇ ਹੱਥ ਨਹੀਂ ਧਰਿਆ ਜਾਂ ਮੈਂਬਰਾਂ ਵਲੋਂ ਰੱਖੀਆਂ ਨਾ ਜਾ ਸਕੀਆਂ। ਇਸ ਤੋਂ ਇਲਾਵਾ ਸਰਕਾਰ ਨੇ ਇਸ ਬਿੱਲ ਨੂੰ ਸਥਾਈ ਕਮੇਟੀ ਕੋਲ ਭੇਜਣ ਦੀ ਵਿਰੋਧੀ ਧਿਰ ਦੀ ਮੰਗ ਵੀ ਨਾ ਮੰਨੀ। ਸਦਨ ਨੇ ਵਿਰੋਧੀ ਧਿਰ ਵਲੋਂ ਰੱਖੀਆਂ ਸੋਧਾਂ ਨੂੰ ਨਾਮਨਜ਼ੂਰ ਕਰਦਿਆਂ ਸਰਕਾਰੀ ਸੋਧਾਂ ਨੂੰ ਮਨਜ਼ੂਰ ਕਰਕੇ ਭੂਮੀ ਗ੍ਰਹਿਣ, ਮੁੜ ਵਸੇਬਾ ਤੇ ਪੁਨਰ ਸਥਾਪਤੀ ਵਿਚ ਢੁਕਵਾਂ ਮੁਆਵਜ਼ਾ ਤੇ ਪਾਰਦਰਸ਼ਤਾ ਅਧਿਕਾਰ ਬਿੱਲ 2015 ਉਪਰ ਆਪਣੀ ਮੋਹਰ ਲਗਾ ਦਿੱਤੀ।

ਕੀਤੀ ਗਈਆਂ ਸੋਧਾਂ ਵਿਚ ਮੂਲ ਕਾਨੂੰਨ ਵਿਚ ਸਨਅਤੀ ਗਲਿਆਰੇ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ ਤੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਭੂਮੀ ਗ੍ਰਹਿਣ ਸਰਕਾਰ ਵਲੋਂ ਜਾਂ ਉਸ ਦੇ ਕਿਸੇ ਬੋਰਡ ਵਲੋਂ ਕੀਤਾ ਜਾਵੇਗਾ। ਸਨਅਤੀ ਗਲਿਆਰੇ ਦਾ ਘੇਰਾ ਕੌਮੀ ਮਾਰਗ ਤੇ ਰੇਲਵੇ ਲਾਈਨ ਦੇ ਇਕ ਕਿਲੋਮੀਟਰ ਤੱਕ ਹੋਵੇਗਾ।

## ਉਮਾ ਭਾਰਤੀ ਦੇ ਸਮਰਥਕਾਂ ਨੇ ਉਸ ਲਈ ਰੇਲ ਰੁਕਵਾਈ

**ਝਾਂਸੀ:** ਜਲ ਸਰੋਤਾਂ ਬਾਰੇ ਕੇਂਦਰੀ ਮੰਤਰੀ ਉਮਾ ਭਾਰਤੀ ਦੇ ਸਮਰਥਕਾਂ ਨੇ ਝਾਂਸੀ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਰੁਕਵਾ ਲਈ ਕਿਉਂਕਿ ਮੰਤਰੀ ਨੇ ਕੁਝ ਮਿੰਟ ਦੇਰ ਨਾਲ ਪੁੱਜਣਾ ਸੀ। ਰੇਲਵੇ ਅਥਾਰਟੀ ਨੇ ਅਜਿਹੀ ਕੋਈ ਘਟਨਾ ਹੋਣ ਤੋਂ ਇਨਕਾਰ ਕੀਤਾ ਹੈ।

ਰੇਲ ਰੁਕਣ ਕਾਰਨ ਟੀ.ਵੀ. ਚੈਨਲਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਕ ਵਿਦਿਆਰਥੀ ਦਾ ਆਈ.ਆਈ. ਟੀ. ਦਾ ਪਰਚਾ ਛੁੱਟ ਗਿਆ। ਜਦੋਂ ਮੰਤਰੀ ਕੁਝ ਮਿੰਟ ਪਛੜੀ ਤਾਂ ਉਨ੍ਹਾਂ ਦੇ ਸਮਰਥਕਾਂ ਨੇ ਗੱਡੀ ਦੀ ਚੇਨ ਖਿੱਚ ਕੇ ਇਹ ਰੋਕ ਲਈ। ਉੱਤਰੀ ਸੈਂਟਰਲ ਰੇਲਵੇ ਦੇ ਜਨ ਸੰਪਰਕ ਅਧਿਕਾਰੀ ਪਾਵੀ ਪ੍ਰਕਾਸ਼ ਨੇ ਕਿਹਾ ਕਿ ਅਜਿਹੀ ਕੋਈ ਕਾਰਵਾਈ ਨਹੀਂ ਹੋਈ।

## ਦੱਖਣੀ ਕੋਰੀਆ 'ਚ ਅਮਰੀਕੀ ਰਾਜਦੂਤ 'ਤੇ ਹਮਲਾ

**ਸਿਓਲ:** ਦੱਖਣੀ ਕੋਰੀਆ ਵਿਚ ਅਮਰੀਕੀ ਰਾਜਦੂਤ ਮਾਰਕ ਲਿਪਰਟ (42) 'ਤੇ ਇਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰ ਦਿੱਤਾ। ਲਿਪਰਟ ਦੇ ਚਿਹਰੇ 'ਤੇ 80 ਟਾਂਕੇ ਲੱਗੇ ਹਨ। ਉਂਜ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਹਮਲਾਵਰ ਨੇ ਦੱਖਣੀ ਤੇ ਉਤਰੀ ਕੋਰੀਆ ਨੂੰ ਮਿਲਾਉਣ ਲਈ ਆਪਣੀਆਂ ਮੰਗਾਂ ਵੀ ਜ਼ੋਰ-ਸ਼ੋਰ ਨਾਲ ਰੱਖੀਆਂ। ਉਤਰੀ ਕੋਰੀਆ ਨੇ ਕਿਹਾ ਕਿ ਅਮਰੀਕੀ ਜੰਗਬਾਜ਼ਾਂ ਨੂੰ ਉਨ੍ਹਾਂ ਦੀ ਬੋਲੀ ਵਿਚ ਜਵਾਬ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੱਖਣੀ ਕੋਰੀਆ ਵਿਚ ਅਮਰੀਕਾ ਵਿਰੋਧੀ ਜਜ਼ਬਾਤ ਸਾਹਮਣੇ ਆ ਗਏ ਹਨ। ਹਮਲਾਵਰ ਦੀ ਪਛਾਣ ਕਿਮ ਕੀ ਜ਼ੋਂਗ (55) ਵਜੋ ਹੋਈ ਹੈ ਤੇ ਉਹ ਸਨਕੀ ਸੁਭਾਅ ਦਾ ਦੱਸਿਆ ਗਿਆ ਹੈ।

## ਹਮਵਤਨੀ ਨੇ ਹੀ ਕੀਤਾ ਸਿੱਖ ਵਿਦਿਆਰਥੀ ਨਾਲ ਭੇਦਭਾਵ

**ਮੈਲਬਰਨ:** ਨਿਊਜ਼ੀਲੈਂਡ ਵਿਚ ਭਾਰਤੀ ਮੂਲ ਦੇ ਹੀ ਆਪਣੇ ਮਾਲਕਾਂ ਹੱਥੋਂ ਹੋਏ ਨਸਲੀ ਭੇਦਭਾਵ ਅਤੇ ਜਿੱਲਤ ਬਦਲੇ ਇਕ ਸਿੱਖ ਵਿਦਿਆਰਥੀ ਨੂੰ ਮਾਨਵੀ ਅਧਿਕਾਰਾਂ ਦੇ ਟ੍ਰਿਬਿਊਨਲ ਵਲੋਂ 45000 ਡਾਲਰ ਦਾ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਹੈ।

'ਦਿ ਨਿਊਜ਼ੀਲੈਂਡ ਹੈਰਲਡ' ਵਿਚ ਛਪੀ ਰਿਪੋਰਟ ਮੁਤਾਬਕ ਸਤਨਾਮ ਸਿੰਘ ਨੇ ਹਿਊਮਨ ਰਾਈਟਸ ਟ੍ਰਿਬਿਊਨਲ ਨੂੰ ਦੱਸਿਆ ਸੀ ਕਿ ਉਸ ਨੇ ਆਕਲੈਂਡ ਦੇ ਬਾਹਰਵਾਰ ਮਾਊਂਟ ਰੌਸਕਿਲ ਵਿਖੇ 'ਸਕਾਰਪਿਓਨ ਲਿੱਕਰ' ਸਟੋਰ ਵਿਚ ਦੋ ਮਹੀਨੇ ਕੰਮ ਕੀਤਾ ਸੀ ਜਿੱਥੇ ਉਸ ਦਾ ਨਸਲੀ ਸੋਸ਼ਣ ਕੀਤਾ ਗਿਆ ਅਤੇ ਫਿਰ ਉਸ 'ਤੇ ਜਿਸਮਾਨੀ ਹਮਲਾ ਕੀਤਾ ਗਿਆ। ਉਸ ਨੂੰ ਘੱਟੋ-ਘੱਟ ਉਜਰਤ ਤੋਂ ਵੀ ਘੱਟ ਤਨਖਾਹ ਦਿੱਤੀ ਗਈ ਤੇ ਸਿਰਫ 6-7 ਡਾਲਰ ਫੀ ਘੰਟਾ ਹੀ ਦਿੱਤੇ ਜਾਂਦੇ ਸਨ। ਸਟੋਰ ਮੈਨੇਜਰ ਸ਼ੇਨ ਸਿੰਘ ਅਤੇ ਇਸ ਦੀ ਮਾਲਕ ਉਸ ਦੀ ਮਾਂ ਰਾਜ ਦੇਵੀ ਨੇ ਇਨ੍ਹਾਂ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ ਅਤੇ ਕਾਰਵਾਈ ਵਿਚ ਹਿੱਸਾ ਨਾ ਲਿਆ। ਸਤਨਾਮ ਸਿੰਘ ਜਨਵਰੀ 2012 ਵਿਚ ਵਿਦਿਆਰਥੀ ਵੀਜ਼ੇ 'ਤੇ ਨਿਊਜ਼ੀਲੈਂਡ ਆਇਆ ਸੀ ਅਤੇ ਉਸ ਨੇ ਦੋ ਮਹੀਨੇ 'ਸਕਾਰਪਿਓਨ ਲਿੱਕਰ' ਵਿਚ ਕੰਮ ਕੀਤਾ ਸੀ। ਸ਼ੇਨ ਸਿੰਘ ਨਸਲੀ ਫਿਕਰੇ ਕੱਸਦਾ ਰਹਿੰਦਾ ਸੀ ਅਤੇ ਉਸ ਨੇ ਸਤਨਾਮ ਸਿੰਘ ਦੇ ਕੇਸਾਂ ਬਾਰੇ ਵੀ ਫਿਕਰੇ ਕੱਸੇ ਸਨ। 6 ਮਾਰਚ 2012 ਨੂੰ ਸ਼ੇਨ ਸਿੰਘ ਨੇ ਇਕ ਕਲਿਪਬੋਰਡ ਸਤਨਾਮ ਸਿੰਘ ਦੇ ਸਿਰ 'ਤੇ ਮਾਰਿਆ ਸੀ ਜਿਸ ਨਾਲ ਉਸ ਦੀ ਪੱਗ ਲੱਥ ਗਈ ਸੀ ਅਤੇ ਉਸ ਨੇ ਸਤਨਾਮ ਨੂੰ ਕਿਹਾ, "ਜੇ ਤੂੰ ਮੈਨੂੰ ਫਿਰ ਦਿਖਿਆ ਤਾਂ ਤੇਰੀ ਪੱਗ ਤੇ ਦੰਦ ਨਹੀਂ ਬਚਣਗੇ।" ਇਸ ਤੋਂ ਬਾਅਦ ਉਹ ਮੁੜ ਕੇ ਸਟੋਰ ਵਿਚ ਨਹੀਂ ਆਇਆ ਸੀ। ਇਸ ਦੌਰਾਨ ਐਂਪਲਾਇਮੈਂਟ ਰਿਲੇਸ਼ਨਜ਼ ਅਥਾਰਿਟੀ ਵਲੋਂ 'ਸਕਾਰਪਿਓਨ ਲਿੱਕਰ' ਨੂੰ ਸਤਨਾਮ ਸਿੰਘ ਨੂੰ 3417.12 ਡਾਲਰ ਤਨਖਾਹ ਦੇ ਬਕਾਏ ਵਜੋਂ 5 ਫੀਸਦੀ ਵਿਆਜ ਅਤੇ 1000 ਡਾਲਰ ਜੁਰਮਾਨੇ ਵਜੋਂ ਅਦਾ ਕਰਨ ਦਾ ਹੁਕਮ ਦਿੱਤਾ ਹੈ।





ਬੱਦੋਵਾਲ ਬੀਬੀਆਂ ਦਾ ਢਾਡੀ ਜੱਥਾ
1 ਅਪ੍ਰੈਲ 2015 ਤੋਂ ਅਮਰੀਕਾ ਦੌਰੇ ਤੇ

ਢਾਡੀ ਜੱਥੇ ਦਾ ਪ੍ਰੋਗਰਾਮ ਲੈਣ ਲਈ ਜੱਥੇ ਦੇ ਫੋਨ ਨੰ. +91 985-587-9288 ਤੇ ਸੰਪਰਕ ਕਰੋ ਜੀ।

ਜੱਥੇ ਦੀ ਨਵੀਂ ਐਲਬਮ "ਸ਼ਹੀਦੀ ਸਾਕਾ ਸਰਹੰਦ"

ਢਾਡੀ ਜੱਥੇ ਦੀ ਨਵੀਂ ਵਾਰ ਆਪ "ਜਸ ਪੰਜਾਬੀ ਟੀ.ਵੀ. ਤੇ ਰੋਜ਼ਾਨਾ ਸੁਖਮਨੀ ਸਾਹਿਬ ਦੇ ਪਾਠ ਤੋਂ ਤੁਰੰਤ ਬਾਅਦ ਸਰਵਣ ਕਰ ਸਕਦੇ ਹੋ (8:55 ਸਵੇਰੇ)

ਢਾਡੀ ਜੱਥੇ ਵੱਲੋਂ ਡੀ.ਵੀ.ਡੀ. ਅਤੇ ਐਮ.ਪੀ.3. ਦੀ ਸੰਸਾਰ ਭਰ ਵਿਚ ਭੇਟਾ ਰਹਿਤ ਸੇਵਾ ਕੀਤੀ ਜਾ ਰਹੀ ਹੈ। google + & youtube ਤੇ ਢਾਡੀ ਜੱਥੇ ਦੀਆਂ ਵੀਡੀਓ ਆਪ ਸਰਵਣ ਕਰ ਸਕਦੇ ਹੋ।

STATEN SOLAR
Affordable Energy For Everyone

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ - ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ








Simran S. Deol
Solar Engineer
661-412-4728 (Office)
661-427-0843 (Fax)

ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ?
ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

- ਫਰੀ, ਮਾਹਿਰਾਨਾ ਅਤੇ ਸਹੀ ਸਲਾਹ
- 7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

Receive $500 By Referring Friends
www.Statensolar.com

No One Can Beat Our Price Guaranteed!

- $0 Down Worry Free Lease
- Fixed Monthly Bill, No Insurance
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ 18 ਅਪਰੈਲ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਦਾ ਸਾਲਾਨਾ ਵਿਸਾਖੀ ਮੇਲਾ ਇਸ ਵਾਰ ਆਉਂਦੀ 18 ਅਪਰੈਲ, ਸਨਿਚਰਵਾਰ ਨੂੰ ਪਹਿਲਾਂ ਵਾਲੀ ਥਾਂ ਐਸ ਈ ਐਸ ਹਾਲ ਵਿਚ ਕਰਵਾਇਆ ਜਾਵੇਗਾ। ਇਹ ਫੈਸਲਾ ਸ. ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਸੰਸਥਾ ਦੇ ਮੈਂਬਰਾਂ ਦੀ ਐਲਕਗਰੂਵ ਵਿਚ ਮਾਊਂਟੇਨ ਮਾਈਕ ਪੀਜ਼ਾ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ।



ਮੀਟਿੰਗ ਦੌਰਾਨ ਸੰਸਥਾ ਦੀ ਰੂਹੇ-ਰਵਾਂ ਸ. ਰਛਪਾਲ ਸਿੰਘ ਫਰਵਾਲਾ ਨੇ ਸੰਸਥਾ ਦੇ ਹੁਣ ਤੱਕ ਦੇ ਸਫਰ ਅਤੇ ਪ੍ਰਾਪਤੀਆਂ ਉਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਆਪਣੇ ਅਮੋਲਕ ਵਿਰਸੇ ਨੂੰ ਸੰਭਾਲਣ ਹਿਤ ਇਸ ਸੰਸਥਾ ਦੀਆਂ ਹੁਣ ਤੱਕ ਦੀਆਂ ਗੌਰਵਮਈ ਪ੍ਰਾਪਤੀਆਂ ਪਿਛੇ ਸਮੂਹ ਮੈਂਬਰਾਂ ਦਾ ਇਕ ਟੀਮ ਦੇ ਤੌਰ 'ਤੇ ਲਗਨ, ਸਿਦਕ ਅਤੇ ਦ੍ਰਿੜਤਾ ਨਾਲ ਕੰਮ ਕਰਨ ਕਰਕੇ ਹੀ ਹੈ। ਆਉਣ ਵਾਲੇ ਸਮੇਂ ਵਿਚ ਵੀ ਸਾਨੂੰ ਇਨ੍ਹਾਂ ਅਕੀਦਿਆਂ ਨੂੰ ਕਾਇਮ ਰਖਣਾ ਚਾਹੀਦਾ ਹੈ। ਮੇਲੇ ਨੂੰ ਕਾਮਯਾਬ ਕਰਨ ਲਈ ਹਾਜ਼ਰ ਮੈਂਬਰਾਂ ਨੇ ਇਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਖੁਲ੍ਹ ਕੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਪਿਛਲੇ ਸਾਲ ਦੇ ਆਮਦਨ-ਖਰਚ ਦਾ ਲੇਖਾ-ਜੋਖਾ ਮੈਂਬਰਾਂ ਅੱਗੇ ਰੱਖਿਆ ਗਿਆ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ ਵੀ ਮੇਲੇ ਵਿਚ ਪਹਿਲਾਂ ਵਾਂਗ ਹੀ ਪੰਜਾਬ ਦੇ ਲੋਕ ਨਾਚ ਗਿੱਧਾ-ਭੰਗੜਾ ਤੋਂ ਇਲਾਵਾ ਹੋਰ ਨ੍ਰਿਤ ਆਈਟਮਾਂ ਅਤੇ ਸਕਿਟਾਂ ਪੇਸ਼ ਕੀਤੀਆਂ ਜਾਣਗੀਆਂ। ਗੀਤ-ਸੰਗੀਤ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀ ਤਰੱਕੀ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ। ਮੇਲੇ ਲਈ ਕੋਈ ਦਾਖਲਾ ਫੀਸ ਨਹੀਂ ਹੈ। ਖਰੀਦੋ-ਫਰੋਖਤ ਦੇ ਸਟਾਲ ਵੀ ਲਾਏ ਜਾਣਗੇ ਅਤੇ ਸਕਿਉਰਿਟੀ ਦਾ ਪੂਰਾ ਇੰਤਜ਼ਾਮ ਹੋਵੇਗਾ। ਮੇਲੇ ਦੀ ਕਿਸੇ ਆਈਟਮ ਵਿਚ ਭਾਗ ਲੈਣ ਅਤੇ ਹੋਰ ਜਾਣਕਾਰੀ ਲਈ ਸ. ਫਰਵਾਲਾ ਨਾਲ ਫੋਨ: 916-880-0531 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਸਥਾਨਕ ਸੰਸਥਾਵਾਂ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਗਦਰ ਮੈਮੋਰੀਅਲ ਫਾਊਂਡੇਸ਼ਨ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਇੰਡਸ ਵੈਲੀ ਚੈਂਬਰ ਆਫ ਕਾਮਰਸ ਅਤੇ ਹੋਰ ਸਭਿਆਚਾਰਕ ਜਥੇਬੰਦੀਆਂ ਨੇ ਪੂਰਾ ਸਹਿਯੋਗ ਦੇਣ ਦਾ ਫੈਸਲਾ ਕੀਤਾ ਹੈ। ਮੀਟਿੰਗ ਵਿਚ ਹਰਜਿੰਦਰ ਪੰਧੇਰ, ਸੁਖਰਾਜ ਸਿੰਘ, ਅਵਤਾਰ ਸਿੰਘ ਡੌਡ, ਸਤਨਾਮ ਸਿੰਘ ਤਾਤਲਾ, ਸੁਖਦੇਵ ਸਿੰਘ ਦੇਬੀ, ਜਰਨੈਲ ਸਿੰਘ ਮੰਡੇਰ, ਬਲਵੰਤ ਸਿੰਘ ਗਿੱਲ, ਜਸਵੰਤ ਸ਼ਾਦ, ਕਰਮਜੀਤ ਸਿੰਘ ਮਿਨਹਾਸ, ਕਮਲ ਬੰਗਾ, ਹਰਜਿੰਦਰ ਸਿੰਘ ਬਸਰਾ, ਤੀਰਥ ਸਿੰਘ ਸਹੋਤਾ, ਸੁਰਿੰਦਰ ਬਿੰਦਰਾ, ਪ੍ਰੇਮ ਚੁੰਬਰ ਅਤੇ ਅਜਾਇਬ ਸਿੰਘ ਸ਼ਾਮਲ ਸਨ।

## ਹਮਲਾਵਰ ਭੀੜ ਵਿਚ ਸ਼ਾਮਿਲ ਸੀ ਸੱਜਣ ਕੁਮਾਰ




**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਵਾਲੇ ਕੇਸ ਵਿਚ ਕਾਂਗਰਸੀ ਨੇਤਾ ਸੱਜਣ ਕੁਮਾਰ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਇਸ ਕੇਸ ਦੀ ਗਵਾਹ 70 ਸਾਲਾ ਪ੍ਰੇਮ ਕੌਰ ਨੇ ਦਿੱਲੀ ਦੀ ਅਦਾਲਤ 'ਚ ਦੋਸ਼ ਲਾਇਆ ਕਿ ਸੱਜਣ ਕੁਮਾਰ ਤੇ ਕੁੱਝ ਹੋਰ ਲੋਕ ਕਤਲੇਆਮ ਦੌਰਾਨ ਸਿੱਖਾਂ 'ਤੇ ਹਮਲੇ ਤੇ ਲੁੱਟਮਾਰ ਕਰਨ ਅਤੇ ਉਨ੍ਹਾਂ ਦੇ ਘਰ ਸਾੜਨ ਵਾਲੀ ਭੀੜ ਵਿਚ ਸ਼ਾਮਿਲ ਸਨ।

ਪ੍ਰੇਮ ਕੌਰ ਨੇ ਜ਼ਿਲ੍ਹਾ ਜੱਜ ਰਾਕੇਸ਼ ਸਿਧਾਰਥ ਨੂੰ ਕਿਹਾ ਕਿ ਉਨ੍ਹਾਂ ਦੇ ਗੁਆਂਢੀਆਂ ਨੇ ਉਸ ਨੂੰ ਦੱਸਿਆ ਕਿ ਸੱਜਣ ਕੁਮਾਰ ਸੁਲਤਾਨਪੁਰੀ 'ਚ ਸਿੱਖਾਂ 'ਤੇ ਹਮਲਾ ਕਰਨ ਵਾਲੀ ਭੀੜ 'ਚ ਸ਼ਾਮਿਲ ਹੈ। ਸੁਲਤਾਨਪੁਰੀ ਦੀ ਨਿਵਾਸੀ ਇਸ ਬਜ਼ੁਰਗ ਗਵਾਹ ਨੇ ਕਿਹਾ ਕਿ ਬੱਚੇ ਕਹਿ ਰਹੇ ਸਨ ਕਿ ਭੀੜ 'ਚ ਸੱਜਣ ਕੁਮਾਰ, ਜੈ ਕਿਸ਼ਨ, ਰਤਨ, ਗੁਪਤਾ ਤੇਲ ਵਾਲਾ ਸ਼ਾਮਿਲ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



# ਯਾਦਵ ਤੇ ਭੂਸ਼ਣ ਦੀ ਛੁੱਟੀ ਪਿੱਛੋਂ 'ਆਪ' ਵਿਚ ਖਿੱਚੋਤਾਣ ਹੋਰ ਵਧੀ

## ਰਵਾਇਤੀ ਪਾਰਟੀਆਂ ਦੇ ਰਾਹ ਤੁਰਨ ਕਾਰਨ ਪਾਰਟੀ ਕਾਰਕੁਨਾਂ ਵਿਚ ਮਾਯੂਸੀ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੀ ਕੌਮੀ ਕਾਰਜਕਾਰਨੀ ਵੱਲੋਂ ਬਹੁਮਤ ਵੋਟ ਨਾਲ ਪਾਰਟੀ ਦੇ ਬਾਨੀ ਮੈਂਬਰਾਂ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਨੂੰ ਕਾਰਜਕਾਰਨੀ ਵਿਚੋਂ ਕੱਢਣ ਦੇ ਐਲਾਨ ਨਾਲ ਪਾਰਟੀ ਵਿਚਲਾ ਕਲੇਸ਼ ਹੋਰ ਡੂੰਘਾ ਹੋ ਗਿਆ ਹੈ। ਦੋਵਾਂ ਆਗੂਆਂ ਨੂੰ ਸਿਆਸੀ ਮਾਮਲਿਆਂ ਦੀ ਕਮੇਟੀ ਤੋਂ ਹਟਾਉਣ ਦਾ ਫ਼ੈਸਲਾ ਮੀਟਿੰਗ ਵਿਚ ਹਾਜ਼ਰ 21 ਮੈਂਬਰਾਂ ਵਿਚੋਂ 11 ਦੀ ਬਹੁਸੰਮਤੀ ਵੋਟ ਰਾਹੀਂ ਕੀਤਾ ਗਿਆ। ਅੱਠ ਮੈਂਬਰਾਂ ਨੇ ਕੱਢਣ ਦੇ ਵਿਰੋਧ ਵਿਚ ਵੋਟ ਪਾਈ ਜਦੋਂਕਿ ਦੋ ਮੈਂਬਰਾਂ ਨੇ ਵੋਟ ਨਹੀਂ ਪਾਈ। ਇਸ ਵੋਟਿੰਗ ਨੇ ਸਪਸ਼ਟ ਸੰਕੇਤ ਦਿੱਤੇ ਹਨ ਕਿ ਕਮੇਟੀ ਇਸ ਮੁੱਦੇ ਉੱਤੇ ਪੂਰੀ ਤਰ੍ਹਾਂ ਦੋਫਾੜ ਹੈ। ਆਮ ਆਦਮੀ ਪਾਰਟੀ (ਆਪ) ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਮਯੰਕ ਗਾਂਧੀ ਜੋ ਇਸ ਮੀਟਿੰਗ ਵਿਚੋਂ ਗੈਰਹਾਜ਼ਰ ਸਨ, ਨੇ ਵੀ ਕਿਹਾ ਹੈ ਕਿ ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ ਨੂੰ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਵਿਚੋਂ ਕੱਢਣ ਨਾਲ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਉਕਤ ਦੋਵਾਂ ਸੀਨੀਅਰ ਆਗੂਆਂ ਨੇ ਪਾਰਟੀ ਅੰਦਰਲੇ ਲੋਕਤੰਤਰ ਦੀ ਗੱਲ ਕੀਤੀ ਸੀ। ਪ੍ਰਸ਼ਾਂਤ ਭੂਸ਼ਣ ਤੇ ਉਨ੍ਹਾਂ ਦੇ ਪਿਤਾ ਸ਼ਾਂਤੀ ਭੂਸ਼ਣ ਜੋ ਆਪ ਇਸ ਪਾਰਟੀ ਦੇ ਮਹੱਤਵਪੂਰਨ ਬਾਨੀ ਮੈਂਬਰਾਂ ਵਿਚੋਂ ਹਨ, ਨੇ ਇਹ ਦੋਸ਼ ਲਾਇਆ ਸੀ ਕਿ ਕੇਜਰੀਵਾਲ ਸਾਂਝੇ ਫ਼ੈਸਲਿਆਂ ਨੂੰ ਪਲਟਾ ਦਿੰਦੇ ਹਨ ਤੇ ਪਾਰਟੀ ਇਕ ਆਦਮੀ ਦੇ ਦੁਆਲੇ ਘੁੰਮਣ ਲੱਗੀ ਹੈ। ਪਾਰਟੀ ਦੇ ਕਨਵੀਨਰ ਕੇਜਰੀਵਾਲ ਤੇ ਇਨ੍ਹਾਂ ਦੋਵਾਂ ਮੈਂਬਰਾਂ ਵਿਚ ਪਿਛਲੇ ਕੁਝ ਚਿਰਾਂ ਤੋਂ ਪਾਰਟੀ ਅੰਦਰਲੇ ਕੰਮਕਾਰ ਦੇ ਢੰਗ-ਤਰੀਕਿਆਂ ਨੂੰ ਲੈ ਕੇ ਵਿਵਾਦ ਬਣਿਆ ਹੋਇਆ ਸੀ। ਪਿਛਲੇ ਦਿਨੀਂ ਪਾਰਟੀ ਅੰਦਰਲਾ ਇਹ ਵਿਵਾਦ ਖੁੱਲ੍ਹ ਕੇ ਅਖ਼ਬਾਰਾਂ ਵਿਚ ਆ ਗਿਆ ਸੀ। ਇਸ ਤੋਂ ਵੀ ਪਹਿਲਾਂ ਆਪਸੀ ਮਤਭੇਦਾਂ ਦਾ ਨਿਪਟਾਰਾ ਮਿਲ ਬੈਠ ਕੇ ਨਹੀਂ ਸਗੋਂ ਮੀਡੀਆ ਰਾਹੀਂ ਕੀਤਾ ਜਾਣ ਲੱਗਾ ਸੀ। ਕੁਝ ਦਿਨ ਪਹਿਲਾਂ ਕੇਜਰੀਵਾਲ ਨੇ ਕਾਰਜਕਾਰਨੀ ਦੇ ਮਹੱਤਵਪੂਰਨ ਮੈਂਬਰਾਂ ਨੂੰ ਇਹ ਸਾਫ਼ ਕਰ ਦਿੱਤਾ ਸੀ ਕਿ ਜਾਂ ਤਾਂ ਇਹ ਦੋਵੇਂ ਮੈਂਬਰ ਕਾਰਜਕਾਰਨੀ ਵਿਚ ਰਹਿਣ ਜਾਂ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਵੇਗਾ।

ਪਾਰਟੀ ਵਿਚ ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਲੋਕ ਸਭਾ ਦੀਆਂ ਚੋਣਾਂ ਵਿਚ ਕੇਜਰੀਵਾਲ ਤੇ ਉਸ ਦੇ ਕੁਝ ਸਾਥੀਆਂ ਨੇ ਦੇਸ਼ ਭਰ ਵਿਚ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਸੀ। ਚਾਹੇ ਉਸ ਸਮੇਂ ਬਹੁਤੇ ਮਹੱਤਵਪੂਰਨ ਮੈਂਬਰਾਂ ਦੀ ਰਾਇ ਇਸ ਦੇ ਉਲਟ ਸੀ, ਪਰ ਕੇਜਰੀਵਾਲ ਨੇ ਅੜੀ ਕਰਕੇ ਆਪਣੀ ਗੱਲ ਪੁਗਾ ਲਈ। ਇਨ੍ਹਾਂ ਚੋਣਾਂ ਵਿਚ ਦੇਸ਼ ਦੇ ਹੋਰ ਹਿੱਸਿਆਂ ਵਿਚ ਆਮ ਆਦਮੀ ਪਾਰਟੀ ਨੂੰ ਇਕ ਵੀ ਸੀਟ ਨਹੀਂ ਸੀ ਮਿਲੀ, ਪਰ ਪੰਜਾਬ ਦੇ ਬਦਲਦੇ ਸਿਆਸੀ ਹਾਲਾਤ ਕਾਰਨ ਇਸ ਪਾਰਟੀ ਨੂੰ ਚਾਰ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ। ਇਸ ਤੋਂ ਬਾਅਦ ਪਾਰਟੀ ਅੰਦਰਲੀ ਪਾਰਦਰਸ਼ਤਾ ਨੂੰ ਲੈ ਕੇ ਇਨ੍ਹਾਂ ਆਗੂਆਂ ਵਿਚ ਤਣਾਅ ਵਧ ਗਿਆ ਸੀ। ਕੇਜਰੀਵਾਲ ਦੀ ਪਾਰਟੀ ਅੰਦਰਲੀ ਕਾਰਜਸ਼ੈਲੀ ਨੂੰ ਲੈ ਕੇ ਸਾਜ਼ੀਆ ਇਲਮੀ ਤੇ ਵਿਨੋਦ ਕੁਮਾਰ ਬਿੰਨੀ ਵਰਗੇ ਮਹੱਤਵਪੂਰਨ ਬਾਨੀ ਮੈਂਬਰਾਂ ਨੇ ਉਦਾਸੀਨ ਹੋ ਕੇ ਪਾਰਟੀ ਵਿਚੋਂ ਅਸਤੀਫ਼ਾ ਦੇ ਦਿੱਤਾ ਸੀ। ਬਾਅਦ ਵਿਚ ਇਹ ਦੋਵੇਂ ਮੈਂਬਰ ਕੇਜਰੀਵਾਲ ਦੇ ਵੱਡੇ ਆਲੋਚਕ ਬਣ ਗਏ ਸਨ।

ਦੋ ਕੁ ਸਾਲ ਪਹਿਲਾਂ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਉਪਜ ਇਸ ਪਾਰਟੀ ਨੇ ਤਿੰਨ ਚੋਣਾਂ ਲੜੀਆਂ ਹਨ ਜਿਨ੍ਹਾਂ ਵਿਚੋਂ ਦੋ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਪਿਛਲੇ ਮਹੀਨੇ ਹੋਈਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਤਾਂ 'ਆਪ' ਨੇ 70 ਵਿਚੋ 67 ਸੀਟਾਂ ਜਿੱਤ ਕੇ ਸਾਰੀਆਂ ਸਿਆਸੀ ਧਿਰਾਂ ਦਾ ਭਵਿੱਖ ਦਾਅ 'ਤੇ ਲਾ ਦਿੱਤਾ ਸੀ। ਦਿੱਲੀ ਦੀਆਂ ਪਹਿਲੀਆਂ ਚੋਣਾਂ ਵਿਚ 'ਆਪ' ਨੂੰ 28 ਸੀਟਾਂ ਮਿਲੀਆਂ ਸਨ ਪਰ ਵਿਧਾਨ ਸਭਾ ਵਿਚ ਬਹੁਮਤ ਨਹੀਂ ਸੀ ਮਿਲਿਆ। ਕਾਂਗਰਸ ਦੇ ਸਹਿਯੋਗ ਨਾਲ ਕੇਜਰੀਵਾਲ ਦਿੱਲੀ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਏ ਸਨ ਪਰ ਉਸ ਸਮੇਂ ਉਨ੍ਹਾਂ ਦੇ ਸਰਕਾਰ ਚਲਾਉਣ ਦੇ ਢੰਗ-ਤਰੀਕੇ ਰਾਸ ਨਹੀਂ ਸਨ ਆਏ ਤੇ 49 ਦਿਨ ਤੋਂ ਬਾਅਦ ਉਨ੍ਹਾਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ ਸੀ। ਦੋ ਸਾਲ ਦੇ ਅਰਸੇ ਵਿਚ ਆਮ ਆਦਮੀ ਪਾਰਟੀ ਨੇ ਆਮ ਲੋਕਾਂ ਦੇ ਮਨਾਂ ਵਿਚ ਇਸ ਲਈ ਵੱਡੀ ਥਾਂ ਬਣਾ ਲਈ ਕਿਉਂਕਿ ਦੇਸ਼ ਦੇ ਬਹੁਤੇ ਲੋਕ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਵੱਡੀਆਂ ਕੌਮੀ ਪਾਰਟੀਆਂ ਦੀ ਕਾਰਜਸ਼ੈਲੀ, ਉਨ੍ਹਾਂ ਵੱਲੋਂ ਦਿਖਾਈ ਮੌਕਾਪ੍ਰਸਤੀ ਤੇ ਅਪਣਾਈ ਪਰਿਵਾਰਵਾਦੀ ਪਹੁੰਚ ਕਾਰਨ ਬੇਹੱਦ ਤੰਗ ਆ ਚੁੱਕੇ ਸਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਅੰਦਰ ਆਸ ਦਿਖਾਈ ਦਿੰਦੀ ਸੀ ਕਿ ਇਹ ਦੂਸਰੀਆਂ ਪਾਰਟੀਆਂ ਨਾਲੋਂ ਵੱਖ ਹੋਵੇਗੀ। ਇਸੇ ਲਈ ਦਿੱਲੀ ਰਾਜ ਦੀਆਂ ਦੁਬਾਰਾ ਹੋਈਆਂ ਚੋਣਾਂ ਵਿਚ ਇਕ ਵਾਰ ਦਿੱਲੀ ਵਾਸੀਆਂ ਨੇ ਪੂਰੇ ਉਤਸ਼ਾਹ ਨਾਲ ਆਮ ਆਦਮੀ ਪਾਰਟੀ ਨੂੰ ਜਿਤਾਇਆ।

### ਯਾਦਵ ਵਲੋਂ ਆਪਸੀ ਕਲੇਸ਼ ਖ਼ਤਮ ਕਰਨ ਦੀ ਸਲਾਹ

**ਪੰਚਕੂਲਾ:** ਆਮ ਆਦਮੀ ਪਾਰਟੀ (ਆਪ) ਦੇ ਸਿਆਸੀ ਮਾਮਲਿਆਂ ਦੀ ਕਮੇਟੀ ਤੋਂ ਹਟਾਏ ਜਾਣ ਦੇ ਕੁਝ ਦਿਨ ਬਾਅਦ, ਯੋਗੇਂਦਰ ਯਾਦਵ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਪਾਰਟੀ ਵਿਚ ਅੰਦਰੂਨੀ ਕਲੇਸ਼ ਖ਼ਤਮ ਹੋ ਜਾਵੇ। ਉਨ੍ਹਾਂ ਪਾਰਟੀ ਕਾਰਕੁਨਾਂ ਨੂੰ ਪਾਰਟੀ ਤੇ ਇਸ ਦੇ ਵਿਚਾਰ ਵਿਚ ਭਰੋਸਾ ਬਣਾਏ ਰੱਖਣ ਤੇ ਭ੍ਰਿਸ਼ਟਾਚਾਰ ਖ਼ਤਮ ਕਰਨ 'ਤੇ ਧਿਆਨ ਕੇਂਦਰਤ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਵਿਚ ਕਾਫ਼ੀ ਚੀਜ਼ਾਂ ਹੋਈਆਂ ਹਨ ਤੇ ਉਹ ਸਭ ਪਾਰਟੀ ਕਾਰਕੁਨਾਂ ਨੂੰ ਅਪੀਲ ਕਰਦੇ ਹਨ ਕਿ ਜੋ ਕੁਝ ਵੀ ਹੋਇਆ ਉਸ ਨਾਲ ਪਾਰਟੀ ਤੇ ਉਸ ਦੇ ਵਿਚਾਰ ਵਿਚ ਭਰੋਸਾ ਤੇ ਉਮੀਦ ਨਾ ਗਵਾਉ। ਉਨ੍ਹਾਂ ਕਿਹਾ ਕਿ ਹਰ ਕੋਈ ਪਾਰਟੀ ਲਈ ਕੰਮ ਕਰ ਰਿਹਾ ਹੈ।

### ਯਾਦਵ ਤੇ ਭੂਸ਼ਣ ਨੂੰ ਪਾਰਟੀ ਵਿਚੋਂ ਕੱਢੋ: ਭਗਵੰਤ ਮਾਨ

**ਲੁਧਿਆਣਾ:** ਪੰਜਾਬ ਦੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਪ੍ਰਸ਼ਾਂਤ ਭੂਸ਼ਣ ਤੇ ਯੋਗਿੰਦਰ ਯਾਦਵ ਨੂੰ ਪਾਰਟੀ ਤੋਂ ਬਾਹਰ ਕੱਢਣਾ ਜ਼ਰੂਰੀ ਹੈ। ਇਨ੍ਹਾਂ ਦੋਵਾਂ ਆਗੂਆਂ ਦੇ ਕਾਰਨ ਪਾਰਟੀ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਸੰਸਦ ਮੈਂਬਰ ਨੇ ਇਹ ਦੋਸ਼ ਲਾਇਆ ਕਿ ਇਹ ਦੋਵੇਂ ਆਗੂ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਵਜੋਂ ਦੇਖਣਾ ਚਾਹੁੰਦੇ ਸਨ। ਇਨ੍ਹਾਂ ਦੋਵਾਂ ਆਗੂਆਂ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਵਿਚ ਕੋਈ ਵੀ ਕਸਰ ਨਹੀਂ ਛੱਡੀ ਤੇ ਪਾਰਟੀ ਨੂੰ ਹਰਾਉਣ ਲਈ ਆਪਣਾ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ।



### 'ਆਪ' ਵਿਚ ਰਲਣ ਲਈ ਕਾਹਲੇ ਬੈਠੇ ਆਗੂਆਂ ਲਈ ਬਣਿਆ ਭੰਬਲਭੂਸਾ

ਆਮ ਆਦਮੀ ਪਾਰਟੀ ਵਿਚ ਸ਼ੁਰੂ ਹੋਏ ਕਲੇਸ਼ ਕਾਰਨ ਪਾਰਟੀ ਵਿਚ ਸ਼ਾਮਲ ਹੋਣ ਲਈ ਕਾਹਲੇ ਪਏ ਕਈ ਸੀਨੀਅਰ ਆਗੂਆਂ ਬਾਰੇ ਭੰਬਰਭੂਸਾ ਬਣਿਆ ਹੋਇਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ, ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਜਗਮੀਤ ਸਿੰਘ ਬਰਾੜ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵਰਗੇ ਸੀਨੀਅਰ ਆਗੂ ਨੂੰ ਪਾਰਟੀ ਵਿਚ ਸ਼ਾਮਲ ਕਰਨ ਬਾਰੇ 'ਆਪ' ਨੇ ਚੁੱਪ ਧਾਰੀ ਹੋਈ ਹੈ। ਦੱਸਣਯੋਗ ਹੈ ਕਿ ਖਹਿਰਾ ਸਮੇਤ ਇਨ੍ਹਾਂ ਆਗੂਆਂ ਦੀ ਪਾਰਟੀ ਵਿਚ ਸ਼ਮੂਲੀਅਤ ਦਾ ਵਿਰੋਧ ਹੋਇਆ ਸੀ। ਪਾਰਟੀ ਦੇ ਪੰਜਾਬ ਤੋਂ ਚਾਰ ਸੰਸਦ ਮੈਂਬਰਾਂ ਸਮੇਤ ਵੱਡੀ ਗਿਣਤੀ ਆਗੂ ਪੰਜਾਬ ਵਿਚ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ 'ਤੇ ਆਪਹੁਦਰੇਪਣ ਦੇ ਦੋਸ਼ ਲਾ ਰਹੇ ਹਨ। ਸੰਸਦ ਮੈਂਬਰਾਂ ਸਮੇਤ ਸੂਬੇ ਦੇ ਕਈ ਹੋਰ ਆਗੂ ਸ੍ਰੀ ਖਹਿਰਾ ਨੂੰ 'ਆਪ' ਵਿਚ ਸ਼ਾਮਲ ਕਰਨ ਦੇ ਹੱਕ ਵਿਚ ਨਹੀਂ ਹਨ।

# 'ਆਪ' ਵਲੋਂ ਪੰਜਾਬ ਵਿਚ ਤਾਲ ਮਿਲਾਉਣ ਲਈ ਚਾਰਾਜੋਈ

**ਚੰਡੀਗੜ੍ਹ:** ਅੰਦਰੂਨੀ ਖਾਨਾਜੰਗੀ ਵਿਚ ਉਲਝੀ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੇ ਪੰਜਾਬ ਵਿਚ 'ਸਭ ਠੀਕ' ਕਰਨ ਲਈ ਮੁਹਿੰਮ ਵਿੱਢ ਦਿੱਤੀ ਹੈ। 'ਆਪ' ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਵਿਚਲਾ ਵਿਵਾਦ ਖਤਮ ਕਰਨ ਲਈ ਸੀਨੀਅਰ ਆਗੂਆਂ ਨੂੰ ਇਕ ਮੰਚ 'ਤੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਤ ਅਤਰ ਸਿੰਘ ਦੇ ਜਨਮ ਦਿਹਾੜੇ ਮੌਕੇ ਕਸਬੇ ਵਿਚ 16 ਮਾਰਚ ਨੂੰ ਹੋਣ ਵਾਲੀ ਕਾਨਫਰੰਸ 'ਆਪ' ਦੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਡਾ. ਧਰਮਵੀਰ ਗਾਂਧੀ, ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਖ਼ਾਲਸਾ, ਜੱਸੀ ਜਸਰਾਜ ਤੇ ਹੋਰ ਆਗੂ ਸ਼ਾਮਲ ਹੋਣਗੇ। ਉਧਰ 'ਆਪ' ਦੀ ਜ਼ਿਲ੍ਹਾ ਇਕਾਈ ਵਿਚ ਚੱਲ ਰਹੇ ਮਤਭੇਦਾਂ ਨੂੰ ਦੂਰ ਕਰਨ ਆਏ ਪਾਰਟੀ ਦੇ ਸੂਬਾਈ ਆਗੂ ਸੁੱਚਾ ਸਿੰਘ ਛੋਟੇਪੁਰ ਵੱਲੋਂ ਆਗੂਆਂ ਦੇ ਆਪਸੀ ਮਤਭੇਦ ਖਤਮ ਕਰਨ ਲਈ ਜ਼ਿਲ੍ਹਵਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਹੋਲੇ ਮਹੱਲੇ ਮੌਕੇ ਪਲੇਠੀ ਕਾਨਫਰੰਸ ਵਿਚ ਪੰਜਾਬ ਤੋਂ 'ਆਪ' ਦੇ ਚਾਰ ਵਿਚੋਂ ਤਿੰਨ ਸੰਸਦ ਮੈਂਬਰ ਗ਼ੈਰਹਾਜ਼ਰ ਰਹੇ। ਚੌਥੇ ਸੰਸਦ ਮੈਂਬਰ ਨੇ ਅਖੀਰਲੇ ਪਲਾਂ ਵਿਚ ਹਾਜ਼ਰੀ ਲਵਾਈ ਸੀ। ਇਸ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੀ 'ਆਪ' ਵਿਚ ਸ਼ਮੂਲੀਅਤ ਦੇ ਮਾਮਲੇ ਨੇ ਪਾਰਟੀ ਆਗੂਆਂ ਵਿਚ ਦੂਰੀ ਵਧਾ ਦਿੱਤੀ ਸੀ। ਪਾਰਟੀ ਦੇ ਪੰਜਾਬ ਤੋਂ ਚਾਰ ਸੰਸਦ ਮੈਂਬਰਾਂ ਵੱਲੋਂ ਸ੍ਰੀ ਛੋਟੇਪੁਰ 'ਤੇ ਆਪਹੁਦਰੇਪਣ ਦੇ ਦੋਸ਼ ਲਾਏ ਜਾ ਰਹੇ ਹਨ। ਸੰਸਦ ਮੈਂਬਰਾਂ ਸਮੇਤ ਸੂਬੇ ਦੇ ਕਈ ਹੋਰ ਆਗੂ ਸ੍ਰੀ ਖਹਿਰਾ ਨੂੰ 'ਆਪ' ਵਿਚ ਸ਼ਾਮਲ ਕਰਨ ਦੇ ਹੱਕ ਵਿਚ ਨਹੀਂ ਹਨ। 'ਆਪ' ਆਗੂ ਭਗਵੰਤ ਮਾਨ ਦਾ ਕਹਿਣਾ ਹੈ ਕਿ ਪਾਰਟੀ ਦੀ ਪੰਜਾਬ ਇਕਾਈ ਵਿਚ ਸਭ ਠੀਕ ਹੈ।ਪਾਰਟੀ ਦਾ ਮਕਸਦ ਸੂਬੇ ਨੂੰ ਅਕਾਲੀ-ਭਾਜਪਾ ਦੀ ਗ੍ਰਿਫਤ ਵਿਚ ਬਾਹਰ ਕੱਢਣਾ ਹੈ। ਉਨ੍ਹਾਂ ਕਿਹਾ ਕਿ ਡਿਗਰੀਆਂ ਹਾਸਲ ਕਰਕੇ ਮੁੰਡੇ ਤੇ ਕੁੜੀਆਂ ਨੌਕਰੀਆਂ ਪ੍ਰਾਪਤ ਕਰਨ ਲਈ ਸੜਕਾਂ 'ਤੇ ਧਰਨੇ ਲਗਾ ਰਹੇ ਹਨ। ਪੰਜਾਬ ਦੇ ਲੋਕ ਵੀ ਹੁਣ ਅਕਾਲੀ ਭਾਜਪਾ ਤੇ ਕਾਂਗਰਸ ਪਾਰਟੀਆਂ ਤੋਂ ਅੱਕ ਚੁੱਕੇ ਹਨ ਤੇ ਰਾਜ ਦੀ ਭਲਾਈ ਲਈ ਉਹ ਅਗਾਮੀ ਵਿਧਾਨ ਸਭਾ ਚੋਣਾਂ ਵਿਚ 'ਆਪ' ਦਾ ਸਾਥ ਦੇ ਕੇ ਇਤਿਹਾਸ ਰਚਨਗੇ।

# ਫਰਸ਼ 'ਤੇ ਆਈ ਕਾਂਗਰਸ ਵਲੋਂ ਆਤਮਮੰਥਨ ਸ਼ੁਰੂ





**ਚੰਡੀਗੜ੍ਹ:** ਆਜ਼ਾਦੀ ਦੇ 68 ਸਾਲਾਂ ਵਿਚੋਂ ਦੇਸ਼ ਦੀ ਸੱਤਾ 'ਤੇ 55 ਸਾਲ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਹੁਣ ਆਪਣੀ ਮਾੜੀ ਕਾਰਗੁਜ਼ਾਰੀ ਦੇ ਕਾਰਨ ਲੱਭਣ ਵਿਚ ਜੁਟ ਗਈ ਹੈ। ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਵਿਚ ਮਿਲੀ ਭਾਰੀ ਹਾਰ ਤੋਂ ਉਭਰਨ ਲਈ ਪਾਰਟੀ ਦੇ ਸੰਵਿਧਾਨ ਵਿਚ ਸੋਧਾਂ ਕਰਨ ਦੀ ਸੰਭਾਵਨਾ ਹੈ। ਆਲ ਇੰਡੀਆ ਕਾਂਗਰਸ ਕਮੇਟੀ ਨੇ ਇਸ ਮਕਸਦ ਲਈ ਸੂਬਾਈ ਆਗੂਆਂ ਨਾਲ ਚਿੰਤਨ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਖਾਸ ਤੌਰ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਹੋਈ ਹਾਰ ਤੋਂ ਬਾਅਦ ਚੱਲ ਰਹੇ ਕਲੇਸ਼ ਕਾਰਨ ਸੀਨੀਅਰ ਲੀਡਰਸ਼ਿਪ ਨਿਰਾਸ਼ ਹੈ।

ਪਤਾ ਲੱਗਾ ਹੈ ਕਿ ਹਾਈਕਮਾਂਡ ਨੇ ਕੈਪਟਨ ਤੇ ਬਾਜਵਾ ਧੜਿਆਂ ਦੀ ਮੁੱਖ ਲੀਡਰਸ਼ਿਪ ਦੀ ਬੜੇ ਗੁਪਤ ਢੰਗ ਨਾਲ ਸਕਰੀਨਿੰਗ ਕਰਵਾਈ ਹੈ ਤੇ ਉਨ੍ਹਾਂ ਦੇ ਮਨਸ਼ਿਆਂ ਦੀ ਬੜੀ ਬਰੀਕੀ ਨਾਲ ਪੜਚੋਲ ਵੀ ਕੀਤੀ ਹੈ। ਹਾਈਕਮਾਂਡ ਸੂਬਾਈ ਇਕਾਈਆਂ ਦੀ ਫੁੱਟ ਤੋਂ ਚਿੰਤਤ ਹੈ। ਪਾਰਟੀ ਹਾਈਕਮਾਂਡ ਸੂਬਾ ਆਗੂਆਂ ਦੀ ਜਵਾਬਦੇਹੀ ਤੈਅ ਕਰਨ ਲਈ ਬੜੀ ਗੰਭੀਰ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਸੂਬਿਆਂ ਦੇ ਆਗੂਆਂ ਨਾਲ ਚਿੰਤਨ ਮੀਟਿੰਗਾਂ ਦੌਰਾਨ ਆਏ ਸੁਝਾਵਾਂ ਨੂੰ ਮੁੱਖ ਰੱਖਦਿਆਂ ਕਾਂਗਰਸ ਦੇ ਅਪਰੈਲ ਵਿਚ ਹੋ ਰਹੇ ਸਾਲਾਨਾ ਸੈਸ਼ਨ ਦੌਰਾਨ ਪਾਰਟੀ ਸੰਵਿਧਾਨ ਵਿਚ ਸੋਧ ਕਰਕੇ ਕਾਂਗਰਸ ਦੇ ਜਥੇਬੰਦਕ ਢਾਂਚੇ ਨੂੰ ਨਵਾਂ ਰੂਪ ਦਿੱਤਾ ਜਾ ਸਕਦਾ ਹੈ। ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਜਨਰਲ ਸਕੱਤਰ ਤੇ ਪੰਜਾਬ ਦੇ ਇੰਚਾਰਜ ਸ਼ਕੀਲ ਅਹਿਮਦ ਤੇ ਕੌਮੀ ਸਕੱਤਰ ਹਰੀਸ਼ ਚੌਧਰੀ 12 ਮਾਰਚ ਤੋਂ ਪੰਜਾਬ ਦੇ ਆਗੂਆਂ ਨਾਲ ਚਿੰਤਨ ਮੀਟਿੰਗਾਂ ਕਰਨਗੇ।

12 ਮਾਰਚ ਨੂੰ ਜਿਲ੍ਹਾ ਪ੍ਰਧਾਨਾਂ, ਵਿਧਾਇਕਾਂ ਤੇ ਸਾਬਕਾ ਪ੍ਰਧਾਨਾਂ, 13 ਮਾਰਚ ਨੂੰ ਏ.ਆਈ.ਸੀ.ਸੀ. ਮੈਂਬਰਾਂ, ਸਾਬਕਾ ਸੰਸਦ ਮੈਂਬਰਾਂ ਤੇ ਪੀ.ਪੀ.ਸੀ.ਸੀ. ਮੈਂਬਰਾਂ, 14 ਮਾਰਚ ਨੂੰ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਾਰੇ ਉਮੀਦਵਾਰਾਂ ਤੇ ਸਾਬਕਾ ਵਿਧਾਇਕਾਂ, 16 ਮਾਰਚ ਨੂੰ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਮੁਖੀਆਂ ਤੇ 17 ਮਾਰਚ ਨੂੰ ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸੇ ਸੈਸ਼ਨ ਵਿਚ ਹੀ ਰਾਹੁਲ ਗਾਂਧੀ ਨੂੰ ਪਾਰਟੀ ਦਾ ਪ੍ਰਧਾਨ ਥਾਪਣ ਦੀ ਚਰਚਾ ਚੱਲ ਰਹੀ ਹੈ। ਖਾਸ ਕਰਕੇ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਅਪਰੈਲ ਵਿਚ ਹੋ ਰਹੇ ਪਾਰਟੀ ਦੇ ਸੈਸ਼ਨ ਦੌਰਾਨ ਸਮੂਹ ਰਾਜਾਂ ਦੀਆਂ ਇਕਾਈਆਂ ਦੇ ਸੁਝਾਵਾਂ ਦੇ ਅਨੁਸਾਰ ਕਾਂਗਰਸ ਨੂੰ ਆਧੁਨਿਕ ਯੁੱਗ ਦੇ ਹਾਣ ਦੀ ਬਣਾਉਣ ਦੇ ਉਦੇਸ਼ ਨਾਲ ਦੇਸ਼ ਵਿਚ ਪੈਦਾ ਹੋਏ ਸਿਆਸੀ ਮਾਹੌਲ ਅਨੁਸਾਰ ਪਾਰਟੀ ਨੂੰ ਨਵੀਂ ਦਿੱਖ ਦੇਣ ਦਾ ਖ਼ਾਕਾ ਤਿਆਰ ਕੀਤਾ ਹੈ।

### ਬਾਜਵਾ ਦੀ ਛੁੱਟੀ ਬਾਰੇ ਫੈਸਲਾ ਫਿਲਹਾਲ ਟਲਿਆ

**ਨਵੀਂ ਦਿੱਲੀ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਗੱਦੀ ਨੂੰ ਖਤਰਾ ਫਿਰ ਟਲ ਗਿਆ ਹੈ। ਕਾਂਗਰਸ ਹਾਈ ਕਮਾਂਡ ਵੱਲੋਂ ਫਿਲਹਾਲ ਸੂਬੇ ਵਿਚ ਨਵਾਂ ਮੁਖੀ ਨਹੀਂ ਲਾਇਆ ਜਾ ਰਿਹਾ। ਪਾਰਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਡਾਕਟਰ ਸ਼ਕੀਲ ਅਹਿਮਦ ਨੇ ਇਸ ਮੁੱਦੇ ਬਾਰੇ ਸਪਸ਼ਟ ਕਰਦਿਆਂ ਆਖਿਆ ਹੈ ਕਿ ਸ੍ਰੀ ਪ੍ਰਤਾਪ ਸਿੰਘ ਬਾਜਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਤੇ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਰਿਹਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ 'ਤੇ ਸਮੁੱਚੀ ਪਾਰਟੀ ਸ੍ਰੀ ਬਾਜਵਾ ਦੇ ਨਾਲ ਖੜ੍ਹੀ ਹੈ। ਗੌਰਤਲਬ ਹੈ ਕਿ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਮੁੱਦਾ ਪਿਛਲੇ ਕਈ ਮਹੀਨਿਆਂ ਤੋਂ ਭਖਿਆ ਹੋਇਆ ਹੈ ਤੇ ਸ੍ਰੀ ਬਾਜਵਾ ਦੇ ਵਿਰੋਧੀ ਉਨ੍ਹਾਂ ਨੂੰ ਇਸ ਅਹੁਦੇ ਤੋਂ ਲਾਂਭੇ ਕਰਵਾਉਣ ਲਈ ਪੂਰਾ ਟਿੱਲ ਲਾ ਰਹੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਖਿਲਾਫ ਖੁੱਲ੍ਹੇਆਮ ਮੁਹਿੰਮ ਵਿੱਢੀ ਹੋਈ ਹੈ ਜਿਸ ਕਾਰਨ ਬੁਰੀ ਤਰ੍ਹਾਂ ਝੰਬੀ ਪਈ ਪਾਰਟੀ ਨੂੰ ਇਸ ਧੜੇਬੰਦੀ ਕਾਰਨ ਹੋਰ ਵੀ ਮਾਰ ਪੈ ਰਹੀ ਹੈ।

### ਪੰਜਾਬ ਦੇ ਲੋਕ ਚਾਹੁੰਦੇ ਨੇ ਬਦਲਾਅ: ਮਨਪ੍ਰੀਤ

**ਫਿਲੌਰ:** ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਤੋਂ ਪੰਜਾਬ ਦੇ ਆਮ ਲੋਕ ਅੱਕੇ ਹੋਏ ਹਨ, ਜਿਸ ਕਾਰਨ ਲੋਕ ਬਦਲਾਅ ਚਾਹੁੰਦੇ ਹਨ। ਇਸ ਲਈ ਅਜਿਹੇ ਹਾਲਾਤਾਂ ਵਿਚ ਪੰਜਾਬ ਦੀ ਰਾਜਨੀਤੀ ਵਿਚ ਕੁਝ ਵੀ ਸੰਭਵ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਸਹਿਯੋਗ ਨਾਲ ਅਗਲੀ ਸਰਕਾਰ ਬਣਾਉਣ ਲਈ ਪੂਰੇ ਆਸਵੰਦ ਹਨ। ਵੀ.ਆਈ.ਪੀ. ਸਭਿਆਚਾਰ ਬੰਦ ਕਰਨ ਵਰਗੇ ਫੈਸਲੇ ਉਹ ਸੱਤ ਸਾਲ ਪਹਿਲਾਂ ਲੈ ਚੁੱਕੇ ਹਨ ਤੇ ਆਮ ਆਦਮੀ ਪਾਰਟੀ ਨੇ ਹੁਣ ਉਨ੍ਹਾਂ ਦਾ ਏਜੰਡਾ ਹੀ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਕਮਿਊਨਿਸਟ ਤੇ ਪੀ.ਪੀ.ਪੀ. ਦੇ ਲੋਕ ਪੱਖੀ ਮੁੱਦੇ ਇਕੋ ਜਿਹੇ ਹਨ, ਜਿਸ ਕਾਰਨ ਆਉਣ ਵਾਲੇ ਸਮੇਂ ਦੌਰਾਨ ਲੋਕਾਂ ਵੱਲੋਂ ਕੀਤੇ ਜਾ ਰਹੇ ਬਦਲਾਅ ਦੌਰਾਨ ਪੰਜਾਬ ਦੇ ਲੋਕ ਪੀ.ਪੀ.ਪੀ. ਨੂੰ ਸੱਤਾ ਸੌਂਪਣਗੇ ਅਤੇ ਇਸ ਦੇ ਲਈ ਪੂਰਾ ਟਿੱਲ ਲਾ ਦਿੱਤਾ ਜਾਵੇਗਾ।



# ਸੌ ਕਰੋੜ 'ਚ ਪਈ ਸੁਵਿਧਾ ਕੇਂਦਰਾਂ ਦੀ ਸਹੂਲਤ

**ਬਠਿੰਡਾ:** ਪੰਜਾਬ ਦੇ ਸੁਵਿਧਾ ਕੇਂਦਰਾਂ ਦੀ ਸਹੂਲਤ ਲੋਕਾਂ ਨੂੰ ਕਰੀਬ 100 ਕਰੋੜ ਰੁਪਏ ਵਿਚ ਪਈ ਹੈ। ਜਿਹੜੀ ਸਰਕਾਰੀ ਫੀਸ ਵਿਅਕਤੀਆਂ ਨੇ ਤਾਰੀ ਹੈ, ਉਹ ਵੱਖਰੀ ਹੈ। ਰਾਜ ਦੇ ਸੁਵਿਧਾ ਕੇਂਦਰਾਂ ਨੇ ਇੰਨਾ ਪੈਸਾ ਸਿਰਫ ਸੁਵਿਧਾ ਚਾਰਜਿਜ਼ ਵਜੋਂ ਲੋਕਾਂ ਤੋਂ ਇਕੱਠਾ ਕੀਤਾ ਹੈ। ਤੱਥਾਂ ਅਨੁਸਾਰ ਪੰਜਾਬ ਦੇ ਬਹੁਤੇ ਸੁਵਿਧਾ ਕੇਂਦਰ ਅਸਲਾ ਲਾਇਸੈਂਸਾਂ ਦੀ ਕਮਾਈ ਨਾਲ ਚੱਲ ਰਹੇ ਹਨ।

ਪ੍ਰਸ਼ਾਸਨਕ ਸੁਧਾਰ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ ਤਹਿਤ ਜੋ ਵੇਰਵੇ ਦਿੱਤੇ ਹਨ, ਉਨ੍ਹਾਂ ਅਨੁਸਾਰ ਪੰਜਾਬ ਵਿਚ ਇਸ ਵੇਲੇ ਜ਼ਿਲ੍ਹਾ ਹੈਡਕੁਆਰਟਰ ਅਤੇ ਸਬ ਡਿਵੀਜ਼ਨ ਪੱਧਰ 'ਤੇ 161 ਸੁਵਿਧਾ ਕੇਂਦਰ ਚੱਲ ਰਹੇ ਹਨ, ਜਿਨ੍ਹਾਂ ਵੱਲੋਂ 36 ਤਰ੍ਹਾਂ ਦੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਹਰ ਸੁਵਿਧਾ ਦੀ ਸਰਕਾਰੀ ਫੀਸ ਲਈ ਜਾਂਦੀ ਹੈ ਅਤੇ ਉਸ ਤੋਂ ਬਿਨਾਂ ਸੁਵਿਧਾ ਚਾਰਜਿਜ਼ ਵੀ ਵਸੂਲੇ ਜਾਂਦੇ ਹਨ।

ਸਾਲ 2007-08 ਤੋਂ 31 ਦਸੰਬਰ 2014 ਤੱਕ ਪੰਜਾਬ ਦੇ ਸੁਵਿਧਾ ਕੇਂਦਰਾਂ ਨੂੰ ਇਕੱਲੇ ਸੁਵਿਧਾ ਚਾਰਜਿਜ਼ ਤੋਂ 70.11 ਕਰੋੜ ਰੁਪਏ ਦੀ ਕਮਾਈ ਹੋਈ ਹੈ। ਹਰ ਸੁਵਿਧਾ ਕੇਂਦਰ ਵੱਲੋਂ ਵਸੂਲੀ ਜਾਂਦੀ ਕੁੱਲ ਰਾਸ਼ੀ ਦਾ 15 ਫੀਸਦੀ ਹਿੱਸਾ ਪ੍ਰਸ਼ਾਸਨਕ ਸੁਧਾਰ ਵਿਭਾਗ ਪੰਜਾਬ ਕੋਲ ਜਮ੍ਹਾਂ ਕਰਾਇਆ ਜਾਂਦਾ ਹੈ। ਵਿਭਾਗ ਨੂੰ ਸੁਵਿਧਾ ਕੇਂਦਰਾਂ ਤੋਂ ਇਸ ਹਿੱਸੇਦਾਰੀ ਵਜੋਂ ਇਸ ਸਮੇਂ ਦੌਰਾਨ 10.51 ਕਰੋੜ ਰੁਪਏ ਪ੍ਰਾਪਤ ਹੋਏ ਹਨ। ਕਪੂਰਥਲਾ, ਬਠਿੰਡਾ ਅਤੇ ਜਲੰਧਰ ਜ਼ਿਲ੍ਹੇ ਵੱਲੋਂ ਇਹ ਹਿੱਸੇਦਾਰੀ ਜਮ੍ਹਾਂ ਨਹੀਂ ਕਰਾਈ ਜਾ ਰਹੀ ਸੀ। ਕਰੀਬ ਪੰਜ ਕਰੋੜ ਹਿੱਸੇਦਾਰੀ ਵਾਲੀ ਰਕਮ ਦੇ ਸੁਵਿਧਾ ਕੇਂਦਰਾਂ ਵੱਲ ਬਕਾਇਆ ਖੜ੍ਹੇ ਹਨ। ਹੁਣ ਤੱਕ ਸੁਵਿਧਾ ਕੇਂਦਰਾਂ ਦੀ ਕਮਾਈ 100 ਕਰੋੜ ਰੁਪਏ ਨੂੰ ਪਾਰ ਕਰ ਗਈ ਹੈ। ਪੰਜਾਬ ਭਰ ਦੇ ਸੁਵਿਧਾ ਕੇਂਦਰਾਂ ਨੂੰ ਹਰ ਵਰ੍ਹੇ ਕਰੀਬ 16 ਕਰੋੜ ਰੁਪਏ ਦੀ ਕਮਾਈ ਇਕੱਲੇ ਸੁਵਿਧਾ ਚਾਰਜਿਜ਼ ਤੋਂ ਹੁੰਦੀ ਹੈ। ਆਮ ਲੋਕਾਂ ਨੂੰ ਛੋਟੇ ਮੋਟੇ ਸਰਟੀਫਿਕੇਟ ਬਣਾਉਣ ਬਦਲੇ ਅਤੇ ਨਕਲਾਂ ਲੈਣ ਖਾਤਰ ਹਰ ਮਹੀਨੇ 20 ਲੱਖ ਰੁਪਏ ਇਕੱਲੇ ਸੁਵਿਧਾ ਚਾਰਜਿਜ਼ ਵਜੋਂ ਦੇਣੇ ਪੈਂਦੇ ਹਨ।

ਵੇਰਵਿਆਂ ਅਨੁਸਾਰ ਦੋ-ਤਿੰਨ ਵਰ੍ਹਿਆਂ ਤੋਂ ਸੁਵਿਧਾ ਕੇਂਦਰਾਂ ਦੀ ਆਮਦਨ ਵਿਚ ਕਾਫੀ ਵਾਧਾ ਹੋਇਆ ਹੈ ਜਿਸ ਵਿਚ ਵੱਡਾ ਯੋਗਦਾਨ ਅਸਲਾ ਲਾਇਸੈਂਸਾਂ ਦਾ ਹੈ। ਬਠਿੰਡਾ ਦੇ ਸੁਵਿਧਾ ਕੇਂਦਰ ਦੀ ਸਾਲ 2013-14 ਵਿਚ ਸੁਵਿਧਾ ਚਾਰਜਿਜ਼ ਦੀ ਆਮਦਨ 78.18 ਲੱਖ ਰੁਪਏ ਰਹੀ ਹੈ ਜਿਸ ਵਿਚ 45 ਲੱਖ ਦੀ ਕਮਾਈ ਇਕੱਲੀ ਅਸਲਾ ਲਾਇਸੈਂਸਾਂ ਤੋਂ ਹੋਈ ਹੈ। ਚਾਲੂ ਮਾਲੀ ਸਾਲ ਦੇ ਫਰਵਰੀ ਮਹੀਨੇ ਤੱਕ ਬਠਿੰਡਾ ਕੇਂਦਰ ਨੂੰ 86.97 ਦੀ ਆਮਦਨ ਹੋਈ ਹੈ ਜਿਸ ਵਿਚ ਕਰੀਬ 27 ਲੱਖ ਦੀ ਅਸਲਾ ਲਾਇਸੈਂਸਾਂ ਦੀ ਆਮਦਨ ਵੀ ਸ਼ਾਮਲ ਹੈ। ਮਾਨਸਾ ਦੇ ਸੁਵਿਧਾ ਕੇਂਦਰ ਦੀ 1 ਅਪਰੈਲ 2007 ਤੋਂ 31 ਮਾਰਚ 2013 ਤੱਕ ਦੀ ਆਮਦਨ 1.47 ਕਰੋੜ ਰੁਪਏ ਰਹੀ ਹੈ ਜਿਸ ਵਿਚੋਂ 74.19 ਲੱਖ ਰੁਪਏ ਦੀ ਆਮਦਨ ਇਕੱਲੀ ਅਸਲਾ ਲਾਇਸੈਂਸਾਂ ਤੋਂ ਹੋਈ ਹੈ। ਬਠਿੰਡਾ ਵਿਚ ਸੁਵਿਧਾ ਕੇਂਦਰ ਵੱਲੋਂ ਅਸਲਾ ਲਾਇਸੈਂਸ ਵਾਲੀ ਫਾਈਲ 10 ਹਜ਼ਾਰ ਵਿਚ ਅਤੇ ਮਾਨਸਾ ਵਿਚ ਪੰਜ ਹਜ਼ਾਰ ਰੁਪਏ ਵਿਚ ਦਿੱਤੀ ਜਾਂਦੀ ਹੈ।

ਪ੍ਰਸ਼ਾਸਨਕ ਸੁਧਾਰ ਵਿਭਾਗ ਦੇ ਡਾਇਰੈਕਟਰ ਐਚ.ਐਸ. ਕੰਧੋਲਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸੁਵਿਧਾ ਕੇਂਦਰਾਂ ਤੋਂ 15 ਫੀਸਦੀ ਹਿੱਸੇਦਾਰੀ ਵਜੋਂ ਪ੍ਰਤੀ ਮਹੀਨਾ 20 ਲੱਖ ਰੁਪਏ ਪ੍ਰਾਪਤ ਹੋ ਰਹੇ ਹਨ। ਸੁਵਿਧਾ ਕੇਂਦਰਾਂ ਵੱਲ ਹਿੱਸੇਦਾਰੀ ਦੇ ਕਰੀਬ 11 ਕਰੋੜ ਦੇ ਬਕਾਏ ਖੜ੍ਹੇ ਸਨ ਜਿਨ੍ਹਾਂ ਵਿਚੋਂ ਹੁਣ ਸਿਰਫ ਚਾਰ ਕਰੋੜ ਦੇ ਬਕਾਏ ਬਾਕੀ ਰਹਿ ਗਏ ਹਨ। ਛੇ ਜ਼ਿਲ੍ਹਿਆਂ ਦੀ ਹਿੱਸੇਦਾਰੀ ਰੈਗੂਲਰ ਹੋ ਗਈ ਹੈ। ਇਹ ਰਾਸ਼ੀ ਕੇਂਦਰਾਂ ਦੀ ਬਿਹਤਰੀ 'ਤੇ ਖਰਚ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਨਹੀਂ ਕਿ ਸੁਵਿਧਾ ਕੇਂਦਰਾਂ ਦੀ ਕਮਾਈ ਦੇ ਮੁੱਖ ਸਰੋਤ ਅਸਲਾ ਲਾਇਸੈਂਸ ਹਨ।

# ਵਿਸ਼ਵ ਬੈਂਕ ਤੋਂ ਕਰਜ਼ਾ ਲੈਣ ਲਈ ਨਵਾਂ ਜੁਗਾੜ

**ਪਟਿਆਲਾ:** ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਇਥੇ ਸਥਿਤ ਮੁੱਖ ਦਫ਼ਤਰ ਨੂੰ 3 ਭਾਗਾਂ 'ਚ ਵੰਡਣ ਦਾ ਮਾਮਲਾ ਭਾਵੇਂ ਇਕ ਵਾਰ ਟਲ ਗਿਆ ਹੈ ਪਰ ਵਿਭਾਗ ਅੰਦਰ 'ਹੈਡ ਆਫ ਦਿ ਡਿਪਾਰਟਮੈਂਟ' ਦੀ ਆਸਾਮੀ ਗਠਿਤ ਕਰ ਦੇਣ ਤੋਂ ਮਾਮਲਾ ਕਈ ਮੋੜ ਕੱਟਦਾ ਵੀ ਨਜ਼ਰ ਆ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਵਿਭਾਗ ਵੱਲੋਂ ਵਰਲਡ ਬੈਂਕ ਦੀ ਵੱਡੀ ਮਾਲੀ ਮਦਦ ਲੈਣ ਲਈ ਅਜਿਹੇ ਹੱਥਕੰਡੇ ਅਪਨਾਏ ਜਾ ਰਹੇ ਹਨ।

ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਦਫ਼ਤਰ ਦੀ ਮੌਜੂਦਾ ਸਥਿਤੀ 'ਜਿਵੇਂ ਹੈ ਤਿਵੇਂ' ਸਿਰਫ 31 ਮਾਰਚ 2015 ਤੱਕ ਰੱਖਣ ਦੀ ਗੱਲ ਆਖੀ ਗਈ ਹੈ। ਇਸ ਮਗਰੋਂ ਸਰਕਾਰ ਵੱਲੋਂ ਮਾਮਲਾ ਨਵੇਂ ਸਿਰਿਓਂ ਵਿਚਾਰਿਆ ਜਾਵੇਗਾ ਕਿ ਮੁੱਖ ਦਫ਼ਤਰ ਦੇ ਪ੍ਰਸ਼ਾਸਕੀ ਕਾਰਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾਵੇ ਜਾਂ ਪਹਿਲਾਂ ਵਾਲੀ ਹੀ ਸਥਿਤੀ ਬਹਾਲ ਰੱਖੀ ਜਾਵੇ। ਵਿਭਾਗ ਦੇ ਮੁੱਖ ਦਫ਼ਤਰ ਨੂੰ ਪਟਿਆਲਾ ਤੋਂ ਇਲਾਵਾ ਫਿਰੋਜ਼ਪੁਰ ਤੇ ਜਲੰਧਰ ਵਿਚ ਤਿੰਨ ਵੱਖ ਵੱਖ ਜ਼ੋਨਾਂ ਵਿਚ ਰੱਖਣ ਲਈ ਸਰਕਾਰ ਵੱਲੋਂ ਤਜਵੀਜ਼ ਉਲੀਕੀ ਗਈ ਸੀ। ਮੁੱਖ ਦਫ਼ਤਰ ਵਿਚ ਤਾਇਨਾਤ ਮੁਲਾਜ਼ਮਾਂ ਵਿਚ ਰੋਸ ਮਗਰੋਂ ਮਹਿਕਮੇ ਦੇ ਵਧੀਕ ਮੁੱਖ ਸਕੱਤਰ ਸੁਰੇਸ਼ ਕੁਮਾਰ ਨੇ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਨਾਲ ਗੱਲਬਾਤ ਦੌਰਾਨ ਭਾਵੇਂ ਮੁਲਾਜ਼ਮਾਂ ਨੂੰ ਭਰੋਸਾ ਦਿਵਾਇਆ ਸੀ ਕਿ ਮੁੱਖ ਦਫ਼ਤਰ ਦੀ ਵੰਡ ਨੂੰ ਰੋਕ ਲਿਆ ਹੈ, ਪਰ ਇਸ ਦੌਰਾਨ ਮਹਿਕਮੇ ਵਿਚ 'ਹੈਡ ਆਫ ਦੀ ਡਿਪਾਰਟਮੈਂਟ' ਆਸਾਮੀ ਗਠਿਤ ਕਰ ਦੇਣ ਤੋਂ ਮੁਲਾਜ਼ਮਾਂ ਵਿਚ ਸ਼ਸ਼ੋਪੰਜ ਅਜੇ ਬਰਕਰਾਰ ਹੈ।

ਮੰਨਿਆ ਜਾ ਰਿਹਾ ਹੈ ਕਿ 'ਹੈਡ ਆਫ ਦਿ ਡਿਪਾਰਟਮੈਂਟ' ਦੀ ਕੁਰਸੀ ਵਿਭਾਗ ਦੇ ਮੌਜੂਦਾ ਢਾਂਚੇ ਦੇ ਤਿੰਨੋਂ ਚੀਫ ਇੰਜਨੀਅਰਾਂ ਤੋਂ ਉਪਰਲੇ ਨਿਗਰਾਨ ਵਜੋਂ ਸਥਾਪਿਤ ਕੀਤੀ ਗਈ ਹੈ। ਉਂਜ ਅਜੇ ਤੱਕ ਇਸ ਅਹੁਦੇ 'ਤੇ ਕਿਸੇ ਦੀ ਤਾਇਨਾਤੀ ਨਹੀਂ ਕੀਤੀ ਗਈ। ਵਿਭਾਗੀ ਸੂਤਰਾਂ ਦਾ ਇਹ ਕਹਿਣਾ ਕਿ ਅਸਲ 'ਚ ਸਰਕਾਰ ਵੱਲੋਂ ਵਰਲਡ ਬੈਂਕ ਤੋਂ ਕਰਜ਼ੇ ਦੀ ਵੱਡੀ ਰਕਮ ਲੈਣ ਦੀ ਆੜ ਹੇਠ ਅਜਿਹੀ ਉੱਥਲ ਪੁੱਥਲ ਕੀਤੀ ਜਾ ਰਹੀ ਹੈ।

## ਰੂਪਨਗਰ ਦੇ ਵਕੀਲ ਦੀ ਬੇਟੀ ਦਾ ਅਮਰੀਕਾ ਵਿਚ ਕਤਲ

**ਰੂਪਨਗਰ:** ਰੂਪਨਗਰ ਦੇ ਸੀਨੀਅਰ ਵਕੀਲ ਹਰਮੋਹਨ ਸਿੰਘ ਪਾਲ ਦੀ ਅਮਰੀਕਾ ਰਹਿ ਰਹੀ ਲੜਕੀ ਦੀ ਹੱਤਿਆ ਕਰ ਦਿੱਤੀ ਗਈ। 36 ਸਾਲਾ ਰਣਧੀਰ ਕੌਰ ਪਿਛਲੇ ਦਸ ਸਾਲਾਂ ਤੋਂ ਅਮਰੀਕਾ ਦੇ ਸੈਨ ਫਰਾਂਸਿਸਕੋ ਸ਼ਹਿਰ ਵਿਚ ਰਹਿ ਰਹੀ ਸੀ। ਇਸ ਸਮੇਂ ਉਹ ਬੀ.ਡੀ.ਐਸ. ਦੀ ਪੜ੍ਹਾਈ ਕਰ ਰਹੀ ਸੀ। ਉਹ ਜਦੋਂ ਪੜ੍ਹਨ ਲਈ ਕਾਲਜ ਨਾ ਪਹੁੰਚੀ ਤਾਂ ਕਾਲਜ ਦੇ ਸਟਾਫ ਵਲੋਂ ਉਸ ਦੇ ਮੋਬਾਇਲ 'ਤੇ ਫੋਨ ਕੀਤਾ ਪਰ ਫੋਨ 'ਤੇ ਕਈ ਜਵਾਬ ਨਾ ਆਇਆ।

ਇਸ ਤੋਂ ਮਗਰੋਂ ਕਾਲਜ ਸਟਾਫ ਨੇ ਲੜਕੀ ਦੇ ਇਸੇ ਸ਼ਹਿਰ ਵਿਚ ਰਹਿੰਦੇ ਰਿਸ਼ਤੇਦਾਰਾਂ ਨੂੰ ਫੋਨ ਕੀਤਾ ਗਿਆ। ਰਿਸ਼ਤੇਦਾਰਾਂ ਨੇ ਵੀ ਰਣਧੀਰ ਕੌਰ ਦੇ ਮੋਬਾਇਲ 'ਤੇ ਫੋਨ ਕੀਤਾ ਪਰ ਕੋਈ ਜਵਾਬ ਨਾ ਮਿਲਿਆ। ਜਦੋਂ ਰਿਸ਼ਤੇਦਾਰਾਂ ਨੇ ਰਣਧੀਰ ਕੌਰ ਦੇ ਮਕਾਨ ਵਿਚ ਜਾ ਕੇ ਦੇਖਿਆ ਤਾਂ ਉਸ ਦੀ ਖੂਨ ਨਾਲ ਲੱਥਪੱਥ ਲਾਸ਼ ਪਈ ਸੀ ਅਤੇ ਉਸ ਦੇ ਗੋਲੀ ਲੱਗੀ ਹੋਈ ਸੀ।

# ਧੂਰੀ ਜ਼ਿਮਨੀ ਚੋਣ ਲਈ ਵੋਟਾਂ 11 ਅਪਰੈਲ ਨੂੰ

**ਚੰਡੀਗੜ੍ਹ:** ਪੰਜਾਬ ਦੇ ਧੂਰੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ 11 ਅਪਰੈਲ ਨੂੰ ਪੈਣਗੀਆਂ। ਚੋਣ ਕਮਿਸ਼ਨ ਨੇ ਜ਼ਿਮਨੀ ਚੋਣ ਦਾ ਐਲਾਨ ਕਰਦਿਆਂ ਸਮੁੱਚੇ ਸੰਗਰੂਰ ਜ਼ਿਲ੍ਹੇ ਵਿਚ ਚੋਣ ਜ਼ਾਬਤਾ ਵੀ ਲਗਾ ਦਿੱਤਾ ਹੈ। ਇਸ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਅਮਲ 17 ਮਾਰਚ ਤੋਂ ਸ਼ੁਰੂ ਹੋ ਜਾਵੇਗਾ। ਵੋਟਾਂ ਦੀ ਗਿਣਤੀ 15 ਅਪਰੈਲ ਨੂੰ ਵਿਸਾਖੀ ਤੋਂ ਬਾਅਦ ਹੋਵੇਗੀ। ਇਸ ਹਲਕੇ ਤੋਂ 2012 ਦੀਆਂ ਆਮ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ ਤੋਂ ਚੁਣੇ ਗਏ ਅਰਵਿੰਦ ਖੰਨਾ ਵਲੋਂ ਅਸਤੀਫਾ ਦੇਣ ਤੋਂ ਬਾਅਦ ਚੋਣ ਕਰਾਈ ਜਾ ਰਹੀ ਹੈ। ਇਸ ਹਲਕੇ ਤੋਂ ਮੁੱਖ ਮੁਕਾਬਲਾ ਹਾਕਮ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦਰਮਿਆਨ ਹੋਣ ਦੇ ਆਸਾਰ ਹਨ ਕਿਉਂਕਿ ਆਮ ਆਦਮੀ ਪਾਰਟੀ (ਆਪ) ਨੇ ਜ਼ਿਮਨੀ ਚੋਣ ਨਾ ਲੜਨ ਦਾ ਫੈਸਲਾ ਲਗਪਗ ਕਰ ਲਿਆ ਹੈ।

ਚੋਣ ਕਮਿਸ਼ਨ ਦੇ ਐਲਾਨ ਨਾਲ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨਾਂ ਨੂੰ ਵੀ ਬਰੇਕਾਂ ਲੱਗ ਗਈਆਂ ਹਨ। ਸ੍ਰੀ ਬਾਦਲ ਇਸ ਤੋਂ ਪਹਿਲਾਂ ਇਸ ਹਲਕੇ ਨਾਲ ਸਬੰਧਤ ਸ਼ਹਿਰ ਧੂਰੀ ਅਤੇ ਦਿਹਾਤੀ ਖੇਤਰ ਵਿਚ ਸੰਗਤ ਦਰਸ਼ਨਾਂ ਰਾਹੀਂ 25 ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਗਰਾਂਟਾਂ ਵੰਡ ਚੁੱਕੇ ਹਨ। ਕਾਂਗਰਸ ਅਤੇ ਹੋਰ ਕਿਸੇ ਰਾਜਸੀ ਧਿਰ ਨੇ ਇਸ ਵਿਧਾਨ ਸਭਾ ਖੇਤਰ 'ਚ ਹਾਲ ਦੀ ਘੜੀ ਸਰਗਰਮੀਆਂ ਸ਼ੁਰੂ ਨਹੀਂ ਕੀਤੀਆਂ। ਪੰਜਾਬ ਦੀ ਰਾਜਨੀਤੀ ਵਿਚ ਧੂਰੀ ਵਿਧਾਨ ਸਭਾ ਹਲਕੇ ਦੀ ਚੋਣ ਰਾਜਸੀ ਧਿਰਾਂ ਲਈ ਮਹਿਜ਼ ਰਾਜਸੀ ਮਾਅਰਕਾ ਹੀ ਨਹੀਂ ਹੋਵੇਗਾ ਸਗੋਂ ਗਣਿਤ ਦੇ ਪੱਖ ਤੋਂ ਵੀ ਬਹੁਤ ਅਹਿਮ ਮੰਨੀ ਜਾ ਰਹੀ ਹੈ। ਇਸ ਹਲਕੇ ਤੋਂ ਜੇ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਜਿੱਤ ਹਾਸਲ ਕਰਦਾ ਹੈ ਤਾਂ ਇਸ ਪਾਰਟੀ ਨੂੰ ਵਿਧਾਨ ਸਭਾ ਵਿਚ ਸਪਸ਼ਟ ਬਹੁਮਤ ਹਾਸਲ ਹੋ ਜਾਵੇਗਾ ਤੇ ਭਾਰਤੀ ਜਨਤਾ ਪਾਰਟੀ ਦੇ ਸਹਾਰੇ ਦੀ ਜ਼ਰੂਰਤ ਨਹੀਂ ਪਵੇਗੀ। ਅਕਾਲੀ ਦਲ ਕੋਲ ਇਸ ਸਮੇਂ 58 ਵਿਧਾਇਕਾਂ ਦਾ ਅੰਕੜਾ ਹੈ ਤੇ ਇੱਕ ਵਿਧਾਇਕ ਨਾਲ ਗਿਣਤੀ 59 ਹੋ ਜਾਵੇਗੀ। ਧੜਿਆਂ 'ਚ ਵੰਡੀ ਕਾਂਗਰਸ ਲਈ ਇਹ ਚੋਣ ਇਸ ਕਰ ਕੇ ਅਹਿਮ ਹੈ ਕਿਉਂਕਿ ਇਸ ਹਲਕੇ ਤੋਂ ਕਾਂਗਰਸ ਨੁਮਾਇੰਗੀ ਕਰ ਰਹੀ ਸੀ ਤੇ ਇਸ ਪਾਰਟੀ ਲਈ ਧੂਰੀ ਹਲਕੇ 'ਤੇ ਕਬਜ਼ਾ ਬਰਕਰਾਰ ਰੱਖਣਾ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਸੰਗਰੂਰ ਲੋਕ ਸਭਾ ਹਲਕੇ ਤੋਂ ਜਿੱਤ ਹਾਸਲ ਕਰਨ ਵਾਲੇ 'ਆਪ' ਦੇ ਉਮੀਦਵਾਰ ਭਗਵੰਤ ਮਾਨ ਨੇ ਧੂਰੀ ਵਿਧਾਨ ਸਭਾ ਹਲਕੇ ਤੋਂ ਕਰੀਬ 36 ਹਜ਼ਾਰ ਵੋਟਾਂ ਦੀ ਲੀਡ ਲਈ ਸੀ। ਇਸ ਲਈ ਆਪ ਵਲੋਂ ਜ਼ਿਮਨੀ ਚੋਣ ਵਿਚੋਂ ਬਾਹਰ ਰਹਿਣ ਦੇ ਐਲਾਨ ਨੇ ਅਕਾਲੀ ਦਲ ਨੂੰ ਵੱਡੀ ਰਾਹਤ ਦਿੱਤੀ ਹੈ।

## ਇੰਦਰ ਸਿੰਘ ਖਾਮੋਸ਼ ਦੇ ਨਾਵਲ ਦਾ ਲੋਕ ਅਰਪਣ ਸਮਾਗਮ 22 ਮਾਰਚ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਯੂਨਿਟ ਵਲੋਂ ਲੇਖਕ ਇੰਦਰ ਸਿੰਘ ਖਾਮੋਸ਼ ਦਾ ਫਰਾਂਸੀਸੀ ਸਾਹਿਤਕਾਰ ਵਿਕਟਰ ਹੀਊਗੋ ਦੀ ਜੀਵਨੀ 'ਤੇ ਆਧਾਰਤ ਨਾਵਲ 'ਲਟ ਲਟ ਲਾਟ ਬਲੇ' 22 ਮਾਰਚ, ਐਤਵਾਰ ਨੂੰ ਇਥੇ ਸਵਾਗਤ ਇੰਡੀਅਨ ਕੁਜ਼ੀਨ (2233 ਗਰੈਂਡ ਕਨਾਲ ਬੁਲੇਵਾਰਡ, #205) ਵਿਚ ਲੋਕ ਅਰਪਣ ਕੀਤਾ ਜਾਵੇਗਾ। ਜੀਵਨੀ ਮੂਲਕ ਨਾਵਲਾਂ ਦੀ ਲੜੀ ਵਿਚ ਸ੍ਰੀ ਖਾਮੋਸ਼ ਦੇ ਇਸ ਸੱਤਵੇਂ ਨਾਵਲ 'ਤੇ ਭਰਵੀਂ ਵਿਚਾਰ-ਚਰਚਾ ਵੀ ਕੀਤੀ ਜਾਵੇਗੀ।

ਪ੍ਰੋਗਰਾਮ ਦਾ ਅਰੰਭ ਸਵੇਰੇ ਕਰੀਬ 11 ਵਜੇ ਹੋਵੇਗਾ ਅਤੇ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੌਕੇ ਜੰਗੇ ਆਜ਼ਾਦੀ ਦੇ ਕੌਮੀ ਸ਼ਹੀਦਾਂ-ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀਆਂ ਲਾਸਾਨੀ ਸ਼ਹਾਦਤਾਂ ਨੂੰ ਯਾਦਾਂ ਦੇ ਫੁੱਲ ਭੇਟ ਕੀਤੇ ਜਾਣਗੇ। ਉਪਰੰਤ ਨਾਵਲ ਰਿਲੀਜ਼, ਕਹਾਣੀ ਵਰਕਸ਼ਾਪ ਅਤੇ ਕਵੀ ਦਰਬਾਰ ਵੀ ਹੋਵੇਗਾ। ਇਸ ਇਕੱਤਰਤਾ ਵਿਚ ਸਭਾ ਦੀ ਕਾਰਜਕਾਰਨੀ ਦੀ ਚੋਣ ਵੀ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਫੋਨ: 209-610-5055 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਧਮਾਕਿਆਂ ਦੌਰਾਨ ਵਾਲ ਵਾਲ ਬਚੀ ਸ਼ੇਖ ਹਸੀਨਾ

**ਢਾਕਾ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਬੰਬ ਧਮਾਕਿਆਂ ਦੀ ਲਪੇਟ ਵਿਚ ਆਉਣ 'ਤੇ ਵਾਲ-ਵਾਲ ਬਚ ਗਈ। ਰਾਜਧਾਨੀ ਢਾਕਾ ਦੇ ਭੀੜ-ਭਾੜ ਵਾਲੇ ਇਲਾਕੇ ਵਿਚ ਉਨ੍ਹਾਂ ਦਾ ਕਾਫਿਲਾ ਗੁਜ਼ਰਨ ਦੇ 10 ਮਿੰਟ ਬਾਅਦ ਕਈ ਧਮਾਕੇ ਹੋਏ। ਉਹ ਸੱਤਾਧਾਰੀ ਆਵਾਮੀ ਲੀਗ ਦੀ ਰੈਲੀ ਨੂੰ ਸੰਬੋਧਨ ਕਰਨ ਜਾ ਰਹੀ ਸੀ। ਧਮਾਕਿਆਂ ਵਿਚ ਕਈ ਪੁਲਿਸ ਵਾਲਿਆਂ ਨੂੰ ਸੱਟਾਂ ਲੱਗੀਆਂ ਹਨ।

# ਹਾਈਕੋਰਟ ਵਲੋਂ ਲੰਗਾਹ ਦੀ ਸਜ਼ਾ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਰਾਹਤ ਦਿੰਦਿਆਂ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਮੁਹਾਲੀ ਦੀ ਅਦਾਲਤ ਵਲੋਂ ਸੁਣਾਈ ਗਈ ਸਜ਼ਾ ਮੁਲਤਵੀ ਕਰ ਦਿੱਤੀ ਹੈ।

ਜਸਟਿਸ ਪਰਮਜੀਤ ਸਿੰਘ ਦੀ ਅਗਵਾਈ ਵਾਲੇ ਬੈਂਚ ਕੋਲ ਸੁਣਵਾਈ ਦੌਰਾਨ ਪਹਿਲਾਂ ਪੰਜਾਬ ਦੇ ਸਰਕਾਰੀ ਵਕੀਲ ਨੇ ਸ. ਲੰਗਾਹ ਦੀ ਅਪੀਲ 'ਤੇ ਹਾਈਕੋਰਟ ਦੁਆਰਾ ਜਾਰੀ ਨੋਟਿਸ ਤਹਿਤ ਜਵਾਬ ਦਾਇਰ ਕੀਤਾ। ਇਸ ਦੌਰਾਨ ਸੰਖੇਪ ਬਹਿਸ ਅਤੇ ਪੱਖ ਸੁਣਨ ਮਗਰੋਂ ਸ. ਲੰਗਾਹ ਅਤੇ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਅਮਰੀਕ ਸਿੰਘ ਮੁਹਾਲੀ ਦੀ ਸਜ਼ਾ ਮੁਲਤਵੀ ਕਰ ਦਿੱਤੀ ਗਈ।

ਯਾਦ ਰਹੇ ਕਿ ਪਿਛਲੇ ਇੱਕ ਹਫ਼ਤੇ ਦੌਰਾਨ ਸ. ਲੰਗਾਹ ਨੂੰ ਮਿਲੀ ਇਹ ਦੂਜੀ ਅਦਾਲਤੀ ਰਾਹਤ ਹੈ। 4 ਮਾਰਚ ਨੂੰ ਹੀ ਇਸੇ ਬੈਂਚ ਵਲੋਂ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁਧ ਉਨ੍ਹਾਂ ਦੀ ਅਪੀਲ 'ਤੇ ਪਲੇਠੀ ਸੁਣਵਾਈ ਕਰਦਿਆਂ ਉਨ੍ਹਾਂ ਦੇ ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਰਹੇ ਹੋਣ ਦਾ ਹਵਾਲਾ ਲੈਂਦਿਆਂ ਅਪੀਲ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਨਾਲ ਹੀ ਇਸ ਅਪੀਲ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸੁਣਵਾਈ ਹਿਤ ਸੂਚੀਬੱਧ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਸਨ। ਪੰਜਾਬ ਵਿਜੀਲੈਂਸ ਬਿਊਰੋ ਨੇ 16 ਮਈ 2002 ਨੂੰ ਸੁੱਚਾ ਸਿੰਘ ਲੰਗਾਹ ਅਤੇ ਹੋਰਾਂ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 467, 468, 471, 12ਬੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਥਾਣਾ ਫ਼ੇਜ਼ 8 ਵਿਚ ਕੇਸ ਦਰਜ ਕੀਤਾ ਸੀ।

ਵਿਜੀਲੈਂਸ ਵਲੋਂ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਅਮਰੀਕ ਸਿੰਘ ਮੁਹਾਲੀ ਨੂੰ ਵੀ ਧਾਰਾ 12ਬੀ ਤਹਿਤ ਨਾਮਜ਼ਦ ਕੀਤਾ ਗਿਆ ਸੀ। 11 ਫਰਵਰੀ 2015 ਨੂੰ ਹੀ ਮੁਹਾਲੀ ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਆਪਣਾ ਇਹ ਫ਼ੈਸਲਾ ਸੁਣਾਉਂਦਿਆਂ ਸ. ਲੰਗਾਹ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਜਥੇਦਾਰ ਅਮਰੀਕ ਸਿੰਘ ਮੁਹਾਲੀ ਨੂੰ 3-3 ਸਾਲ ਕੈਦ ਦੀ ਸਜ਼ਾ ਸੁਣਾਉਣ ਸਣੇ ਲੰਗਾਹ ਨੂੰ ਇੱਕ ਕਰੋੜ 10 ਲੱਖ ਰੁਪਏ ਦੇ ਜੁਰਮਾਨੇ ਦੇ ਨਾਲ-ਨਾਲ ਉਨ੍ਹਾਂ ਦੀਆਂ ਕਰੀਬ 11 ਜਾਇਦਾਦਾਂ ਵੀ ਅਟੈਚ ਕਰ ਦਿੱਤੀਆਂ ਸਨ।


Upgrade your Security Cameras to High Definition at very reasonable prices




For more Details, Contact:
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Fax: 209-665-7067



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਜਮੇਰ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ

**ਬਰਨਾਲਾ:** ਇਥੋਂ ਦੀ ਦਾਣਾ ਮੰਡੀ ਵਿਚ ਰੰਗਕਰਮੀ ਅਜਮੇਰ ਸਿੰਘ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਭੇਟ ਕੀਤਾ ਗਿਆ। 'ਗੁਰਸ਼ਰਨ ਸਿੰਘ ਲੋਕ ਕਲਾ ਸਨਮਾਨ ਕਾਫ਼ਲਾ' ਦੇ ਸੱਦੇ ਉਤੇ ਹੋਏ ਇਸ ਸਮਾਰੋਹ ਨੇ 11 ਜਨਵਰੀ 2006 ਨੂੰ ਮਰਹੂਮ ਰੰਗਕਰਮੀ ਗੁਰਸ਼ਰਨ ਸਿੰਘ ਨੂੰ ਮੋਗਾ ਨੇੜਲੇ ਪਿੰਡ ਕੁੱਸਾ ਵਿਚ ਭੇਟ ਕੀਤੇ 'ਇਨਕਲਾਬੀ ਨਿਹਚਾ ਸਨਮਾਨ' ਦੀ ਯਾਦ ਤਾਜ਼ਾ ਕਰਵਾ ਦਿੱਤੀ। ਵੱਖ-ਵੱਖ ਜਥੇਬੰਦੀਆਂ ਦੇ ਸੈਂਕੜੇ ਕਾਰਕੁਨਾਂ ਨੇ ਦਿਨ-ਰਾਤ ਇਕ ਕਰ ਕੇ ਤਕਰੀਬਨ 500 ਪਿੰਡਾਂ ਵਿਚ ਨੁੱਕੜ ਨਾਟਕ ਅਤੇ ਇਨਕਲਾਬੀ ਕਲਾ ਸੰਗੀਤ ਪੇਸ਼ਕਾਰੀਆਂ ਰਾਹੀਂ ਇਸ ਸਮਾਗਮ ਬਾਰੇ ਚੇਤਨਾ ਮੁਹਿੰਮ ਚਲਾਈ। ਇਨ੍ਹਾਂ ਪੇਸ਼ਕਾਰੀਆਂ ਵਿਚ ਸਾਹਿਤ ਤੇ ਕਲਾ ਦੇ ਮਹੱਤਵ ਅਤੇ ਅਜਮੇਰ ਸਿੰਘ ਔਲਖ ਦੀ ਭੂਮਿਕਾ ਬਾਰੇ ਚਰਚਾ ਹੁੰਦੀ ਰਹੀ। ਮਾਨਸਾ ਸਥਿਤ ਅਜਮੇਰ ਔਲਖ ਦੇ ਨਿਵਾਸ ਤੋਂ ਉਨ੍ਹਾਂ ਦੇ ਪਰਿਵਾਰ ਸਮੇਤ ਰਵਾਨਾ ਹੋਣ ਵਾਲੇ ਪ੍ਰਸ਼ੰਸਕਾਂ ਦਾ ਕਾਫ਼ਲਾ ਜਦੋਂ ਬਰਨਾਲਾ ਦਾਣਾ ਮੰਡੀ ਵਿਚ ਦਾਖਲ ਹੋਇਆ ਤਾਂ ਹਰ ਪਾਸੇ ਨਾਅਰਿਆਂ ਦੀ ਗੂੰਜ ਸੀ ਅਤੇ ਫੁੱਲਾਂ ਦੀ ਵਰਖਾ ਹੋ ਰਹੀ ਸੀ।



ਅਜਮੇਰ ਸਿੰਘ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਭੇਟ ਕਰਨ ਦੀ ਝਲਕ।

ਔਲਖ ਬਿਮਾਰੀ ਕਾਰਨ ਪੰਡਾਲ ਵਿਚ ਬਣੇ ਕੋਰੀਡੋਰ ਰਾਹੀਂ ਵ੍ਹੀਲ-ਚੇਅਰ ਦੀ ਸਹਾਇਤਾ ਨਾਲ ਸਟੇਜ 'ਤੇ ਪੁੱਜੇ। ਮੰਚ ਦਾ ਸੰਚਾਲਨ ਲੋਕ ਆਗੂ ਅਮੋਲਕ ਸਿੰਘ ਅਤੇ ਜ਼ੋਰਾ ਸਿੰਘ ਨਸਰਾਲੀ ਨੇ ਕੀਤਾ। ਨਾਟਕਕਾਰ ਡਾ. ਆਤਮਜੀਤ ਅਤੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਵੱਲੋਂ ਵਿਸ਼ੇਸ਼ ਤੌਰ 'ਤੇ ਭੇਜੇ ਸੰਦੇਸ਼ ਮੰਚ ਤੋਂ ਪੜ੍ਹੇ ਗਏ। ਅਜਮੇਰ ਸਿੰਘ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਚਿੰਨ੍ਹ ਭੇਟ ਕਰਨ ਤੋਂ ਪਹਿਲਾਂ ਸੁਰਜੀਤ ਪਾਤਰ ਨੇ ਆਪਣੀ ਗਜ਼ਲ 'ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ' ਪੇਸ਼ ਕੀਤੀ। ਇਸ ਤੋਂ ਬਾਅਦ ਕਾਫ਼ਲਾ ਕਨਵੀਨਰ ਜਸਪਾਲ ਜੱਸੀ ਨੇ ਸਮੁੱਚੀ ਕਾਫ਼ਲਾ ਟੀਮ ਸਮੇਤ ਔਲਖ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਇਸ ਮੌਕੇ ਅਜਮੇਰ ਔਲਖ ਨੇ ਆਖਿਆ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਕਦੇ ਨਹੀਂ ਭੁੱਲਣਗੇ ਅਤੇ ਰਹਿੰਦੀ ਜ਼ਿੰਦਗੀ ਕਲਮ ਅਤੇ ਰੰਗਮੰਚ ਨੂੰ ਹੋਰ ਵੀ ਸ਼ਿੱਦਤ ਨਾਲ ਲੋਕ ਹਿਤਾਂ ਨੂੰ ਸਮਰਪਿਤ ਕਰਨਗੇ।

## ਡਰੱਗ ਕੇਸ: ਬਿਕਰਮ ਸਿੰਘ ਮਜੀਠੀਆ ਫਿਰ ਘਿਰੇ

*(ਸਫਾ ਇਕ ਦੀ ਬਾਕੀ)*

ਤੇ ਮਹਿੰਦਰ ਸਿੰਘ ਬਿੱਟੂ ਔਲਖ ਨੂੰ ਈ.ਡੀ. ਨੇ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਵੱਲੋਂ ਈ.ਡੀ. ਨੂੰ ਦਿੱਤੇ ਇਨ੍ਹਾਂ ਹਲਫਨਾਮਿਆਂ ਨੂੰ ਜਾਂਚ ਏਜੰਸੀ ਨੇ ਚਾਰਜਸ਼ੀਟ ਦੇ ਹਿੱਸੇ ਵਜੋਂ ਪਟਿਆਲਾ ਦੀ ਅਦਾਲਤ ਵਿਚ ਪੇਸ਼ ਕੀਤਾ ਹੈ। ਚਾਹਲ ਦੀਆਂ ਹਿਮਾਚਲ ਪ੍ਰਦੇਸ਼ ਵਿਚ ਦਵਾਈਆਂ ਬਣਾਉਣ ਵਾਲੀਆਂ ਤਿੰਨ ਕੰਪਨੀਆਂ ਹਨ। ਇਨ੍ਹਾਂ ਬਿਆਨਾਂ ਦੀ ਸਭ ਤੋਂ ਸਨਸਨੀਖੇਜ਼ ਗੱਲ ਇਹ ਹੈ ਕਿ ਇਹ ਸ. ਮਜੀਠੀਆ ਵੱਲ ਇਸ਼ਾਰਾ ਕਰ ਰਹੇ ਹਨ ਕਿ ਉਹ ਕੈਨੇਡਾ ਸਥਿਤ ਸੱਤਾ, ਲਾਡੀ ਤੇ ਪਿੰਦੀ ਦੇ ਸਰਪ੍ਰਸਤ ਹਨ। ਚਾਹਲ ਦੇ ਬਿਆਨ ਮੁਤਾਬਕ ਇਹ ਪਰਵਾਸੀ ਭਾਰਤੀ ਆਮ ਤੌਰ 'ਤੇ ਮੰਤਰੀ ਦੀ ਅੰਮ੍ਰਿਤਸਰ ਤੇ ਚੰਡੀਗੜ੍ਹ ਵਿਚਲੀਆਂ ਸਰਕਾਰੀ ਤੇ ਨਿੱਜੀ ਰਿਹਾਇਸ਼ਾਂ ਵਿਚ ਠਹਿਰਦੇ ਸਨ। ਚਾਹਲ ਵਲੋਂ 9 ਫਰਵਰੀ ਨੂੰ ਦਰਜ ਕਰਵਾਏ ਬਿਆਨ ਵਿਚ ਕਿਹਾ ਹੈ ਕਿ ਸਾਲ 2007 ਤੋਂ 2012 ਤੱਕ ਉਸ ਨੇ ਮੰਤਰੀ ਨੂੰ ਚੋਣ ਫੰਡ ਵਜੋਂ ਕਿਸ਼ਤਾਂ ਵਿਚ 35 ਲੱਖ ਰੁਪਏ ਦਿੱਤੇ ਸਨ। ਬਿੱਟੂ ਔਲਖ ਨੇ 13 ਜਨਵਰੀ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਸੱਤਾ, ਸ. ਮਜੀਠੀਆ ਦੇ ਅੰਮ੍ਰਿਤਸਰ ਤੇ ਚੰਡੀਗੜ੍ਹ ਦੇ ਘਰ ਵਿਚ ਆਮ ਆਉਂਦਾ-ਜਾਂਦਾ ਸੀ। ਮਜੀਠੀਆ ਨੇ ਇਹ ਦੋਸ਼ ਰੱਦ ਕੀਤੇ ਹਨ।

## ਕਿਸਾਨਾਂ 'ਤੇ ਕੁਦਰਤ ਦਾ ਕਹਿਰ

*(ਸਫਾ ਇਕ ਦੀ ਬਾਕੀ)*

ਹੋਰ ਕਾਰਨਾਂ ਕਰ ਕੇ ਹਰ ਰੋਜ਼ ਤਕਰੀਬਨ 2000 ਕਿਸਾਨ ਖੇਤੀ ਖੇਤਰ ਵਿਚੋਂ ਬਾਹਰ ਹੋ ਰਹੇ ਹਨ ਤੇ ਹਰ 37 ਮਿੰਟ ਬਾਅਦ ਮੁਲਕ ਦਾ ਇਕ ਕਿਸਾਨ ਖ਼ੁਦਕੁਸ਼ੀ ਕਰ ਲੈਂਦਾ ਹੈ। ਪੰਜਾਬ ਵਿਚ ਹਾਲ ਹੀ ਵਿਚ ਕਰਵਾਏ ਸਰਵੇਖਣ ਵਿਚ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ-ਮਜ਼ਦੂਰਾਂ ਦੀ ਗਿਣਤੀ 6926 ਦੱਸੀ ਗਈ ਸੀ। ਇਨ੍ਹਾਂ ਵਿਚੋਂ 2943 ਕਿਸਾਨਾਂ ਤੇ 1743 ਮਜ਼ਦੂਰਾਂ ਨੇ ਕਰਜ਼ੇ ਹੇਠ ਦਬਣ ਕਰ ਕੇ ਖ਼ੁਦਕੁਸ਼ੀਆਂ ਕੀਤੀਆਂ ਸਨ। ਪੰਜਾਬ ਸਰਕਾਰ ਨੇ ਮਜ਼ਦੂਰ-ਕਿਸਾਨ ਯੂਨੀਅਨਾਂ ਵਲੋਂ ਵਾਰ-ਵਾਰ ਮੰਗ ਕਰਨ ਦੇ ਬਾਵਜੂਦ 2011 ਤੋਂ ਬਾਅਦ ਖ਼ੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ-ਮਜ਼ਦੂਰਾਂ ਦਾ ਸਰਵੇਖਣ ਕਰਨ ਲਈ ਅਜੇ ਤੱਕ ਫੰਡ ਜਾਰੀ ਨਹੀਂ ਕੀਤੇ। ਬੇਮੌਸਮੀਆਂ ਬਰਸਾਤਾਂ ਜਾਂ ਸੋਕੇ ਨਾਲ ਤਕਰੀਬਨ ਹਰ ਸਾਲ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ ਪਰ ਇਸ ਦੇ ਬਾਵਜੂਦ ਸਰਕਾਰ ਵਲੋਂ ਕਿਸਾਨਾਂ ਨੂੰ ਰਾਹਤ ਦਿਵਾਉਣ ਲਈ ਹੁਣ ਤੱਕ ਵੀ ਕੋਈ ਠੋਸ ਤੇ ਪ੍ਰਭਾਵਸ਼ਾਲੀ ਨੀਤੀ ਤੈਅ ਨਹੀਂ ਕੀਤੀ ਗਈ। ਸਰਕਾਰ ਵਲੋਂ ਬਣਾਈ ਗਈ ਫ਼ਸਲੀ ਬੀਮਾ ਯੋਜਨਾ ਵਿਚ ਪਿੰਡ ਨੂੰ ਆਧਾਰ ਮੰਨਿਆ ਗਿਆ ਹੈ, ਪਰ ਕਿਸਾਨ ਇਸ ਨੂੰ ਪ੍ਰਤੀ ਏਕੜ ਦੇ ਆਧਾਰ ਅਨੁਸਾਰ ਨਿਸ਼ਚਿਤ ਕਰਨ ਦੀ ਮੰਗ ਕਰ ਰਹੇ ਹਨ ਕਿਉਂਕਿ ਮੌਜੂਦਾ ਨੀਤੀ ਤਹਿਤ ਕਿਸਾਨਾਂ ਦੇ ਪੱਲੇ ਕੁਝ ਨਹੀਂ ਪੈਂਦਾ। ਇਹੀ ਹਾਲ ਕੇਂਦਰ ਸਰਕਾਰ ਵਲੋਂ ਬਣਾਈ ਗਈ ਕੁਦਰਤੀ ਆਫ਼ਤਾਂ ਤੋਂ ਰਾਹਤ ਯੋਜਨਾ ਦਾ ਹੈ।

## ਸੁਖਪਾਲ ਸਿੰਘ ਖਹਿਰਾ ਨੂੰ ਵੀ ਪਿਆ ਘੇਰਾ

*(ਸਫਾ ਇਕ ਦੀ ਬਾਕੀ)*

ਆਪਣਾ ਮੋਬਾਈਲ ਬੰਦ ਕਰ ਦਿੱਤਾ ਸੀ। ਗੁਰਦੇਵ ਦੀ ਵਿਦੇਸ਼ ਵਿੱਚ ਰਹਿੰਦੀ ਭੈਣ ਵੀ ਸ. ਖਹਿਰਾ ਸੰਪਰਕ ਵਿਚ ਹੈ। ਉਧਰ ਸ. ਖਹਿਰਾ ਦਾ ਦੋਸ਼ ਹੈ ਕਿ ਸੁਖਬੀਰ ਸਿੰਘ ਬਾਦਲ, ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਤੇ ਜਗੀਰ ਕੌਰ ਨੇ ਉਸ ਦਾ ਸਿਆਸੀ ਜੀਵਨ ਤਬਾਹ ਕਰਨ ਲਈ ਉਸ ਦਾ ਨਾਂ ਡਰੱਗ ਮਾਫੀਏ ਨਾਲ ਜੋੜਿਆ ਹੈ। ਉਨ੍ਹਾਂ ਕਿਹਾ ਹੈ ਕਿ ਸਬੰਧਤ ਕੇਸਾਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਜਾਂ ਕਿਸੇ ਸਿਟਿੰਗ ਜੱਜ ਕੋਲੋਂ ਜਾਂਚ ਕਰਵਾਈ ਜਾਵੇ।

# ਜੰਮੂ ਕਸ਼ਮੀਰ ਵਿਚ ਕਸੂਤੀ ਫਸੀ ਭਾਜਪਾ

**ਜੰਮੂ ਕਸ਼ਮੀਰ:** ਜੰਮੂ ਕਸ਼ਮੀਰ ਵਿਚ ਦੋ ਅਸਲੋਂ ਵਿਰੋਧੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਅਤੇ ਭਾਜਪਾ ਦੇ ਹਕੂਮਤੀ ਗੱਠਜੋੜ ਦਾ ਤਜਰਬਾ ਪਹਿਲੇ ਹੱਲੇ ਹੀ ਫੇਲ੍ਹ ਹੁੰਦਾ ਜਾਪ ਰਿਹਾ ਹੈ। ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਵੱਲੋਂ ਆਲ ਪਾਰਟੀ ਹੁਰੀਅਤ ਕਾਨਫਰੰਸ ਦੇ ਆਗੂ ਤੇ ਮੁਸਲਿਮ ਲੀਗ ਦੇ ਚੇਅਰਮੈਨ ਮਸੱਰਤ ਆਲਮ ਦੀ ਰਿਹਾਈ ਨੇ ਦੇਸ਼ ਭਰ ਵਿਚ ਸਿਆਸੀ ਹਲਚਲ ਪੈਦਾ ਕਰ ਦਿੱਤੀ ਹੈ ਤੇ ਜੰਮੂ ਕਸ਼ਮੀਰ ਸਰਕਾਰ ਵਿਚ ਭਾਈਵਾਲ ਬਣੀ ਭਾਜਪਾ ਨੂੰ ਇਸ ਦਾ ਜਵਾਬ ਦੇਣਾ ਔਖਾ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਸੰਸਦ ਵਿਚ ਜੰਮੂ ਕਸ਼ਮੀਰ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਦੇਸ਼ ਦੀ ਏਕਤਾ ਲਈ ਉਨ੍ਹਾਂ ਦੀ ਸਰਕਾਰ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ।

ਮਸੱਰਤ ਖਿਲਾਫ਼ ਜੰਗ ਛੇੜਨ ਸਣੇ ਦਰਜਨਾਂ ਮਾਮਲੇ ਦਰਜ ਹਨ ਤੇ ਉਸ ਉਪਰ 10 ਲੱਖ ਰੁਪਏ ਦਾ ਇਨਾਮ ਵੀ ਸੀ। ਮੁਫ਼ਤੀ ਸਰਕਾਰ ਵੱਖਵਾਦੀ ਮਸਰਤ ਆਲਮ ਦੀ ਰਿਹਾਈ ਪਿੱਛੋਂ ਹੁਣ 22 ਸਾਲ ਤੋਂ ਸ੍ਰੀਨਗਰ ਜੇਲ੍ਹ ਵਿਚ ਬੰਦ ਮੁਹੰਮਦ ਕਾਸਿਮ ਫਕਤੂ ਸਮੇਤ 800 ਅਤਿਵਾਦੀਆਂ ਦੀ ਰਿਹਾਈ ਦੀ ਤਿਆਰੀ ਕਰ ਰਹੀ ਹੈ। ਫਕਤੂ ਘਾਟੀ ਵਿਚ ਸਭ ਤੋਂ ਲੰਬਾ ਸਮਾਂ ਜੇਲ੍ਹ ਵਿਚ ਰਹਿਣ ਵਾਲਾ ਕੈਦੀ ਹੈ, ਉਹ ਇਸਲਾਮੀ ਸੰਗਠਨ ਜਮਾਤ-ਉਲ-ਮੁਜਾਹਦੀਨ ਦਾ ਸਾਬਕਾ ਕਮਾਂਡਰ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਜਿਥੇ ਜੰਮੂ ਕਸ਼ਮੀਰ ਸਰਕਾਰ ਤੋਂ ਸਪਸ਼ਟੀਕਰਨ ਮੰਗ ਕੇ ਖਹਿੜਾ ਛਡਾਉਣ ਦੀ ਕੋਸ਼ਿਸ਼ ਵਿਚ ਹੈ, ਉਥੇ ਮੁੱਖ ਮੰਤਰੀ ਮੁਫ਼ਤੀ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਕਾਰ ਨੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਭਾਈਵਾਲ ਭਾਜਪਾ ਨੂੰ ਭਰੋਸੇ ਵਿਚ ਲੈ ਕੇ ਇਹ ਕਦਮ ਚੁੱਕੇ ਜਾ ਰਹੇ ਹਨ।

ਭਾਜਪਾ ਦੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਨਿਸ਼ਾਨਾ ਲਾਉਂਦਿਆਂ ਕਿਹਾ ਹੈ ਕਿ ਭਗਵੀਂ ਪਾਰਟੀ ਮੁਫ਼ਤੀ ਮੁਹੰਮਦ ਸਈਦ ਦੀ ਸਰਕਾਰ ਨਾਲ ਜੁੜ ਕੇ ਆਪਣੀਆਂ ਉਂਗਲੀਆਂ ਤਾਂ ਸਾੜ ਹੀ ਰਹੀ ਹੈ, ਨਾਲ ਹੀ ਇਸ ਨਾਲ ਪੂਰੇ ਦੇਸ਼ ਲਈ ਸੰਕਟ ਵੀ ਪੈਦਾ ਹੋ ਸਕਦਾ ਹੈ। ਉਧਰ, ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੀ.ਡੀ.ਪੀ. ਨੂੰ ਪਤਾ ਹੈ ਕਿ ਸਾਂਝੀ ਸਰਕਾਰ ਜ਼ਿਆਦਾ ਦੇਰ ਟਿਕਣ ਵਾਲੀ ਨਹੀਂ ਤੇ ਛੇਤੀ ਹੀ ਸੂਬੇ ਵਿਚ ਮੁੜ ਚੋਣਾਂ ਦਾ ਮਾਹੌਲ ਬਣ ਰਿਹਾ ਹੈ। ਇਸ ਲਈ ਪੀ.ਡੀ.ਪੀ. ਵੱਖਵਾਦੀ ਆਗੂਆਂ ਨੂੰ ਰਿਹਾਅ ਕਰ ਕੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਵਿਚ ਹੈ ਕਿ ਉਹ ਆਪਣੇ ਏਜੰਡੇ 'ਤੇ ਕਾਇਮ ਹੈ। ਦੱਸਣਯੋਗ ਹੈ ਕਿ ਪੀ.ਡੀ.ਪੀ.-ਭਾਜਪਾ ਸਰਕਾਰ ਵੱਲੋਂ ਪਹਿਲੀ ਮਾਰਚ ਨੂੰ ਸਹੁੰ ਚੁੱਕਣ ਤੋਂ ਬਾਅਦ ਹਰ ਦਿਨ ਇਕ ਨਵਾਂ ਵਿਵਾਦ ਜਨਮ ਲੈ ਰਿਹਾ ਹੈ। ਉਸੇ ਦਿਨ ਮੁੱਖ ਮੰਤਰੀ ਵੱਲੋਂ ਰਿਆਸਤ ਵਿਚ ਚੋਣਾਂ ਅਮਨ ਅਮਾਨ ਨਾਲ ਨੇਪਰੇ ਚੜ੍ਹਨ ਦਾ ਸਿਹਰਾ ਪਾਕਿਸਤਾਨ ਸਰਕਾਰ ਤੇ ਵੱਖਵਾਦੀ ਆਗੂਆਂ ਨੂੰ ਦੇਣ ਨਾਲ ਵਿਵਾਦ ਪੈਦਾ ਹੋ ਗਿਆ ਸੀ ਤੇ ਦੇਸ਼ ਦੀ ਸੰਸਦ ਵਿਚ ਮੋਦੀ ਸਰਕਾਰ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਸੀ। ਉਸ ਤੋਂ ਕੁਝ ਦਿਨ ਬਾਅਦ ਪੀ.ਡੀ.ਪੀ. ਦੇ ਅੱਠ ਵਿਧਾਇਕਾਂ ਨੇ ਅਫ਼ਜ਼ਲ ਗੁਰੂ ਦੀਆਂ ਨਿਸ਼ਾਨੀਆਂ ਉਸ ਦੇ ਪਰਿਵਾਰ ਨੂੰ ਸੌਂਪਣ ਦਾ ਮਤਾ ਭੇਜ ਦਿੱਤਾ ਜਿਸ ਨੇ ਇਕ ਹੋਰ ਵਿਵਾਦ ਨੂੰ ਜਨਮ ਦੇ ਦਿੱਤਾ।

ਗਿਲਾਨੀ ਵੱਲੋਂ ਪਾਕਿਸਤਾਨ ਦੇ ਹਾਈ ਕਮਿਸ਼ਨਰ ਨਾਲ ਮੁਲਾਕਾਤ: ਜੰਮੂ ਕਸ਼ਮੀਰ ਦੇ ਵੱਖਵਾਦੀ ਆਗੂ ਮਸੱਰਤ ਆਲਮ ਦੀ ਰਿਹਾਈ ਦੇ ਚੱਲ ਰਹੇ ਵਿਵਾਦ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁਲ ਬਾਸਿਤ ਨੇ ਨਵੀਂ ਦਿੱਲੀ ਵਿਚ ਹੁਰੀਅਤ ਕਾਨਫਰੰਸ ਦੇ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਨਾਲ ਮੁਲਾਕਾਤ ਕਰ ਕੇ ਨਵੀਂ ਚਰਚਾ ਛੇੜ ਦਿੱਤੀ ਹੈ।

ਮੀਟਿੰਗ ਭਾਰਤ ਦੇ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਦੀ ਪਾਕਿਸਤਾਨ ਫੇਰੀ ਦੌਰਾਨ ਵਿਚਾਰੇ ਮਾਮਲਿਆਂ ਬਾਰੇ ਕੀਤੀ ਗਈ ਦੱਸੀ ਜਾ ਰਹੀ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਅਗਸਤ ਮਹੀਨੇ ਦੋਵਾਂ ਦੇਸ਼ਾਂ ਦਰਮਿਆਨ ਵਿਦੇਸ਼ ਸਕੱਤਰ ਪੱਧਰੀ ਵਾਰਤਾ ਇਸ ਕਰਕੇ ਰੱਦ ਕਰ ਦਿੱਤੀ ਗਈ ਸੀ ਕਿ ਪਾਕਿਸਤਾਨੀ ਹਾਈ ਕਮਿਸ਼ਨਰ ਨੇ ਹੁਰੀਅਤ ਆਗੂਆਂ ਨਾਲ ਮੁਲਾਕਾਤ ਕੀਤੀ ਸੀ। ਹੁਣ ਦੋਵਾਂ ਦੇਸ਼ਾਂ 'ਚ ਵਿਦੇਸ਼ ਸਕੱਤਰ ਪੱਧਰੀ ਵਾਰਤਾ ਦਾ ਪਿੜ ਮੁੜ ਬੱਝਾ ਹੈ ਪਰ ਇਨ੍ਹਾਂ ਆਗੂਆਂ ਦੀ ਮਿਲਣੀ ਕਾਰਨ ਹਾਲਾਤ ਮੁੜ ਬਦਲ ਸਕਦੇ ਹਨ।

# ਪੰਜਾਬ ਸਰਕਾਰ ਵਲੋਂ ਗੱਤਕੇ ਨੂੰ ਮਾਨਤਾ

**ਮੁਹਾਲੀ:** ਪੰਜਾਬ ਸਰਕਾਰ ਨੇ ਸਿੱਖ ਵਿਰਾਸਤੀ ਖੇਡ ਗੱਤਕੇ ਨੂੰ ਮਾਨਤਾ ਦੇ ਕੇ ਇਸ ਨੂੰ ਗ੍ਰੇਡੇਸ਼ਨ ਸੂਚੀ ਵਿਚ ਸ਼ਾਮਲ ਕਰ ਲਿਆ ਹੈ। ਇਸ ਬਾਰੇ ਜਾਰੀ ਨੋਟੀਫ਼ਿਕੇਸ਼ਨ ਅਨੁਸਾਰ ਗੱਤਕੇ ਨੂੰ ਸੂਬਾ ਸਰਕਾਰ ਦੀ ਖੇਡ ਨੀਤੀ 2010 ਦੇ ਪੈਰਾ ਨੰਬਰ 7.2 ਵਿਚ ਸ਼ਾਮਲ ਹੋਰਨਾਂ ਮਾਨਤਾ ਪ੍ਰਾਪਤ ਖੇਡਾਂ ਦੀ ਸੂਚੀ ਵਿਚ ਤੁਰੰਤ ਪ੍ਰਭਾਵ ਤੋਂ ਸ਼ਾਮਲ ਕੀਤਾ ਗਿਆ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਸਾਲ 16 ਦਸੰਬਰ ਨੂੰ ਕੈਬਨਿਟ ਮੀਟਿੰਗ ਦੌਰਾਨ ਪੇਸ਼ ਕੀਤੀ ਤਜਵੀਜ਼ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਖੇਡ ਨੂੰ ਰਾਜ ਦੀ ਗ੍ਰੇਡੇਸ਼ਨ ਸੂਚੀ ਵਿਚ ਸ਼ਾਮਲ ਕਰਨ ਦੇ ਏਜੰਡੇ ਨੂੰ ਪ੍ਰਵਾਨਗੀ ਦਿੱਤੀ ਸੀ। ਹੁਣ ਗੱਤਕਾ ਖਿਡਾਰੀ ਵੀ ਵੱਖ-ਵੱਖ ਕੋਰਸਾਂ/ ਦਾਖਲਿਆਂ ਤੇ ਨੌਕਰੀਆਂ ਵਿਚ ਮਿਲਦੇ ਤਿੰਨ ਫੀਸਦੀ ਰਾਖਵਾਂਕਰਨ ਦਾ ਲਾਹਾ ਲੈ ਸਕਣਗੇ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## Matrimonial

### ਵਰ ਦੀ ਲੋੜ

Match sought for US citizen divorce Khatri Arora girl 32, high school pass, working in a salon. Boy should be US citizen, Green Card holder or with any legal US status, clean shave, Sikh or Hindu Punjabi. Can be single or divorce with no kids. Contact, Ph: 917-796-4788

10-13

### ਕੰਨਿਆ ਦੀ ਲੋੜ

Looking suitable match for Jat Sikh, Dhillon, 26, 5'-11" handsome, athlete, very sober, clean shaven, boy running a gas station business with father in USA. Contact, Cell: 812-664-4021, Email: Dhillonzfamily@gmail.com

## ਪੁਲਿਸ ਕੇਸਾਂ ਦੀ ਪੜਤਾਲ ਲਈ ਵੱਖਰਾ ਵਿੰਗ ਬਣਾਇਆ

**ਚੰਡੀਗੜ੍ਹ:** ਪੰਜਾਬ ਪੁਲਿਸ ਵਿਚ ਪੜਤਾਲੀਆ ਪ੍ਰਕਿਰਿਆ ਨੂੰ ਕਾਨੂੰਨ ਵਿਵਸਥਾ ਤੋਂ ਵੱਖਰਾ ਕਰਕੇ ਨਵਾਂ ਬਿਊਰੋ ਆਫ ਇਨਵੈਸਟੀਗੇਸ਼ਨ (ਬੀ.ਓ.ਆਈ.) ਵਿੰਗ ਬਣਾਇਆ ਗਿਆ ਹੈ। ਏ.ਡੀ.ਜੀ.ਪੀ. (ਅਪਰਾਧ) ਵੀ.ਕੇ. ਭਾਵਰਾ ਨੂੰ ਵਿੰਗ ਦਾ ਡਾਇਰੈਕਟਰ ਲਾਇਆ ਗਿਆ ਹੈ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਅਪਰਾਧ) ਦੇ ਅਹੁਦੇ ਨੂੰ ਖਤਮ ਕਰ ਦਿੱਤਾ ਗਿਆ ਹੈ।

ਬੀ.ਓ.ਆਈ. ਲਈ ਵੱਖਰੇ ਤੌਰ 'ਤੇ 7772 ਪੁਲਿਸ ਅਧਿਕਾਰੀ ਤੇ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਵਿੰਗ ਨੂੰ ਨਵਾਂ ਰੂਪ ਦੇਣ ਲਈ ਅੱਠ ਕਰੋੜ ਰੁਪਏ ਖ਼ਰਚੇ ਜਾਣਗੇ ਤੇ ਇਨਵੈਸਟੀਗੇਸ਼ਨ ਅਫਸਰਾਂ ਲਈ ਲੋੜੀਂਦਾ ਸਾਮਾਨ ਵਗੈਰਾ ਖਰੀਦਿਆ ਜਾਵੇਗਾ। ਇਸ ਤੋਂ ਇਲਾਵਾ ਥਾਣਿਆਂ ਦੀ ਨੁਹਾਰ ਬਦਲਣ ਦੇ ਨਾਲ ਮਹਿਲਾ ਸਟਾਫ ਲਈ ਵੱਖਰੇ ਪਖਾਨੇ ਬਣਾਉਣ ਦੀ ਤਜਵੀਜ਼ ਵੀ ਹੈ। ਨਵੇਂ ਵਿੰਗ ਲਈ ਮੋਬਾਈਲ ਫੋਰੈਂਸਿਕ ਐਵੀਡੈਂਸ ਕੁਲੈਕਸ਼ਨ ਯੂਨਿਟ, ਖੇਤਰੀ ਫੋਰੈਂਸਿਕ ਸਾਇੰਸ ਲੈਬਾਰਟਰੀ, ਮਾਡਰਨ ਸਾਈਬਰ ਕਰਾਈਮ ਯੂਨਿਟ ਅਤੇ ਮਾਡਰਨ ਮਹਿਲਾ ਥਾਣੇ ਬਣਾਏ ਜਾਣਗੇ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀ.ਓ.ਆਈ. ਵਿੰਗ ਬਣਾਉਣ ਦਾ ਐਲਾਨ ਕਰਦਿਆਂ ਦੱਸਿਆ ਕਿ ਇਹ ਵਿੰਗ ਬਣਾਉਣ ਵਾਲਾ ਪੰਜਾਬ ਪਹਿਲਾ ਰਾਜ ਬਣ ਗਿਆ ਹੈ।

## ਬੰਦੀ ਭਾਰਤੀਆਂ ਨਾਲ ਸਿੱਧੇ ਸੰਪਰਕ 'ਚ ਨਹੀਂ ਸਰਕਾਰ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਆਈ.ਐਸ.ਆਈ.ਐਸ. ਦੇ ਅਤਿਵਾਦੀਆਂ ਵੱਲੋਂ ਇਰਾਕ ਵਿਚੋਂ ਅਗਵਾ ਕੀਤੇ 39 ਭਾਰਤੀਆਂ ਨਾਲ ਸਰਕਾਰ ਦਾ ਕੋਈ ਸਿੱਧਾ ਸੰਪਰਕ ਨਹੀਂ ਹੈ। ਨਾਲ ਹੀ ਕਿਹਾ ਗਿਆ ਹੈ ਕਿ ਸਾਰੀ ਸਥਿਤੀ 'ਤੇ ਨਜ਼ਰ ਰੱਖਣ ਲਈ ਹਰ ਹੰਭਲਾ ਮਾਰਿਆ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਸਯੱਦ ਅਕਬਰੂਦੀਨ ਨੇ ਦੱਸਿਆ ਕਿ ਮੋਸੁਲ ਵਿਚ ਸਥਿਤੀ ਅਨਿਸ਼ਚਿਤਤਾ ਵਾਲੀ ਹੈ। ਇਸ ਕਰਕੇ ਭਾਰਤ ਦੀ ਦਿਨ ਪ੍ਰਤੀਦਿਨ ਸਥਿਤੀ 'ਤੇ ਨਜ਼ਰ ਰੱਖ ਸਕਣ ਦੀ ਸਮਰੱਥਾ ਸੀਮਤ ਹੋ ਗਈ ਹੈ। ਫਿਰ ਵੀ ਸਰਕਾਰ ਵੱਖ-ਵੱਖ ਢੰਗਾਂ ਰਾਹੀਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ।

## ਪਰਵੇਜ਼ ਮੁਸ਼ੱਰਫ਼ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਇਸਲਾਮਾਬਾਦ ਦੇ ਵਧੀਕ ਸੈਸ਼ਨ ਜੱਜ ਵਾਜਿਦ ਅਲੀ ਖ਼ਾਨ ਨੇ ਸੁਣਵਾਈ ਦੀ ਅਗਵਾਈ ਕੀਤੀ ਅਤੇ ਮੁਸ਼ੱਰਫ਼ ਦੇ ਵਕੀਲ ਵਲੋਂ ਦਾਖਲ ਚਾਰ ਪਟੀਸ਼ਨਾਂ ਰੱਦ ਕਰ ਦਿੱਤੀਆਂ। ਉਨ੍ਹਾਂ ਨੇ ਮਾਮਲੇ ਦੀ ਸੁਣਵਾਈ 2 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਹੈ।

## ਲਹਿੰਦੇ ਪੰਜਾਬ ਵਿਚ ਬਾਲ ਵਿਆਹ ਦੇ ਦੋਸ਼ੀਆਂ ਲਈ ਸਜ਼ਾ ਵਧਾਈ

**ਲਾਹੌਰ:** ਪਾਕਿਸਤਾਨ ਦੇ ਸੂਬਾ ਪੰਜਾਬ ਦੀ ਸਰਕਾਰ ਨੇ ਬਾਲ ਵਿਆਹ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਦੋਸ਼ੀਆਂ ਲਈ ਛੇ ਮਹੀਨੇ ਦੀ ਸਜ਼ਾ ਅਤੇ 50 ਹਜ਼ਾਰ ਰੁਪਏ ਜੁਰਮਾਨਾ ਕਰ ਦਿੱਤਾ ਹੈ। ਪਹਿਲਾਂ ਇਸ ਲਈ ਸਜ਼ਾ ਇਕ ਮਹੀਨਾ ਤੇ ਜੁਰਮਾਨਾ ਇਕ ਹਜ਼ਾਰ ਰੁਪਏ ਸੀ। ਸਰਕਾਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਬਾਲ ਵਿਆਹ ਲਈ ਜੋ ਵੀ ਦੋਸ਼ੀ ਹੋਵੇਗਾ, ਉਸ ਨੂੰ ਇਹ ਸਜ਼ਾ ਦਿੱਤੀ ਜਾਵੇਗੀ। ਸਰਕਾਰ ਨੇ ਕਾਨੂੰਨ ਵਿਚਲੀ ਸਜ਼ਾ ਇਸ ਲਈ ਸਖ਼ਤ ਕੀਤੀ ਹੈ ਤਾਂ ਜੋ ਇਸ ਰੁਝਾਨ ਨੂੰ ਰੋਕ ਕੇ ਔਰਤਾਂ ਦਾ ਸੋਸ਼ਣ ਰੋਕਿਆ ਜਾ ਸਕੇ।

## ਸਾਊਦੀ ਅਰਬ ਗ਼ੈਰ-ਕਾਨੂੰਨੀ ਕਾਮਿਆਂ ਖਿਲਾਫ ਕਰੇਗਾ ਕਾਰਵਾਈ

**ਰਿਆਧ:** ਸਾਊਦੀ ਅਰਬ ਸਰਕਾਰ ਨੇ ਦੇਸ਼ ਅੰਦਰ ਰਹਿ ਰਹੇ ਗੈਰ-ਕਾਨੂੰਨੀ ਕਾਮਿਆਂ ਖ਼ਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਛੇੜਨ ਦਾ ਫੈਸਲਾ ਕੀਤਾ ਹੈ।

ਇਥੋਂ ਦੀ ਸਰਕਾਰੀ ਸਾਊਦੀ ਪ੍ਰੈੱਸ ਏਜੰਸੀ (ਸਪਾ) ਨੇ ਕਿਰਤ ਤੇ ਗ੍ਰਹਿ ਮੰਤਰਾਲੇ ਦੇ ਹਵਾਲੇ ਨਾਲ ਇਸ ਬਾਰੇ ਪੁਸ਼ਟੀ ਕੀਤੀ ਹੈ। ਉਨ੍ਹਾਂ ਕੰਪਨੀਆਂ ਦੇ ਅਮਲੇ 'ਤੇ ਸਖਤ ਕਾਰਵਾਈ ਹੋਵੇਗੀ ਜਿਨ੍ਹਾਂ ਨੇ ਗੈਰ-ਕਾਨੂੰਨੀ ਕਾਮੇ ਆਪਣੇ ਕੋਲ ਰੱਖੇ ਹੋਏ ਹਨ ਜਿਹੜੀਆਂ ਕੰਪਨੀਆਂ ਨੇ ਆਪਣੇ ਮੁਲਾਜ਼ਮਾਂ ਦੇ ਵੇਰਵੇ ਰਜਿਸਟਰ ਨਹੀਂ ਕਰਾਏ ਹੋਏ, ਉਨ੍ਹਾਂ ਨੂੰ 27000 ਅਮਰੀਕੀ ਡਾਲਰ ਜੁਰਮਾਨਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਜੇਲ੍ਹ ਵੀ ਹੋ ਸਕਦੀ ਹੈ। ਸਜ਼ਾ ਭੁਗਤਣ ਬਾਅਦ ਮੈਨੇਜਰ ਨੂੰ ਦੇਸ਼ ਵਿਚੋਂ ਕੱਢਿਆ ਜਾ ਸਕਦਾ ਹੈ, ਅਜਿਹੇ ਵਿਅਕਤੀ ਜਿਹੜੇ ਹੱਜ ਬਾਅਦ ਨਿਰਧਾਰਤ ਸਮੇਂ ਨਾਲੋਂ ਜ਼ਿਆਦਾ ਰੁਕੇ ਹੋਏ ਹਨ, ਉਨ੍ਹਾਂ ਨੂੰ ਦੇਸ਼ ਅੰਦਰੋਂ ਕੱਢ ਦਿੱਤਾ ਜਾਵੇਗਾ। ਪੁਲੀਸ ਛਾਪੇ ਮਾਰ ਕੇ ਕੰਪਨੀਆਂ ਦੇ ਰਿਕਾਰਡ ਦੀ ਜਾਂਚ ਕਰੇਗੀ। ਰਿਹਾਇਸ਼ਾਂ ਉਪਰ ਵੀ ਛਾਪੇ ਮਾਰੇ ਜਾਣਗੇ।

ਸਾਊਦੀ ਅਰਬ ਨੇ 2013 ਦੌਰਾਨ 60,000 ਗੈਰ-ਕਾਨੂੰਨੀ ਵਿਦੇਸ਼ੀ ਕਾਮੇ ਉਨ੍ਹਾਂ ਦੇ ਦੇਸ਼ਾਂ ਵਿਚੋਂ ਭੇਜੇ ਸਨ। ਇਸ ਤੋਂ ਪਹਿਲਾਂ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਕਿ ਉਹ ਆਪਣੇ ਕਾਗਜ਼-ਪੱਤਰ ਠੀਕ ਕਰਵਾ ਲੈਣ। \

ਕਰੀਬ ਦਸ ਲੱਖ ਪਰਵਾਸੀਆਂ ਜੋ ਵੱਖ-ਵੱਖ ਦੇਸ਼ਾਂ ਤੋਂ ਸਨ, ਨੇ ਇਸ ਮੁਆਫੀ ਸਮੇਂ ਦਾ ਲਾਹਾ ਲਿਆ ਤੇ ਆਪਣੇ ਕਾਗਜ਼-ਪੱਤਰ ਸਹੀ ਕਰਵਾਏ ਜਾਂ ਆਪੋ-ਆਪਣੇ ਦੇਸ਼ ਪਰਤ ਗਏ। ਕਰੀਬ ਚਾਰ ਲੱਖ ਪਰਵਾਸੀ ਆਪਣੇ ਲਈ ਸਪਾਂਸਰ ਲੱਭਣ ਵਿਚ ਸਫਲ ਹੋ ਗਏ ਸਨ।

**Indian Restaurant For Sale**

**Well established (since 2003) Indian Restaurant in El Paso, Texas For Sale. Approximate Annual Sale $500,000**

**ਐਲ ਪਾਸੋ, ਟੈਕਸਸ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ**

**ਸਾਲਾਨਾ ਸੇਲ $500,000**

**Contact: Ashwani Sharma**

**Ph: 915-422-0085**

**www.indianpalaceelpaso.com**

*"Ask us about the...*

**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**

***-Satwant Singh!***

**Call today for your FREE, no-obligation quote:**

**+1-408-771-2438**

**Satwant Singh: 2774 Aborn Rd, San Jose, CA 95121**
**satwant@satwantins.com**
**www.satwantins.com**
**CA License# 0H11256**

AARP | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

**Pinnacle Carriers, Inc**

**Now Hiring Drivers**

**ਡਰਾਈਵਰਾਂ ਦੀ ਲੋੜ ਹੈ**



**Limited availability**
**Team or Solo**
**36-38 CPM**
**$1900 starting to Midwest**
**$300 quarterly driver safety bonus**
**$50 dot inspection bonus**
**$1000 sign in bonus (1 year)**

***Brand New Trucks & Trailers***

**Please Contact**

**Ph: (916) 833-5022**

10-13

# ਹੋਲਾ ਮਹੱਲਾ ਮੌਕੇ ਖਾਲਸੇ ਦੀ ਧਰਤੀ 'ਤੇ ਲੱਗੀਆਂ ਰੌਣਕਾਂ

**ਸ੍ਰੀ ਅਨੰਦਪੁਰ ਸਾਹਿਬ:** ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਜੋੜ ਮੇਲਾ ਹੋਲਾ ਮਹੱਲਾ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਤੇ ਸ਼੍ਰੋਮਣੀ ਕਮੇਟੀ ਵਲੋਂ ਸਾਂਝਾ 'ਮਹੱਲਾ' ਕੱਢਣ ਉਪਰੰਤ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਪਹਿਲੀ ਤੋਂ 3 ਮਾਰਚ ਤੱਕ ਕੀਰਤਪੁਰ ਸਾਹਿਬ ਤੇ 4 ਤੋਂ 6 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਗਏ ਇਸ ਤਿਉਹਾਰ ਦੌਰਾਨ ਲੱਖਾਂ ਦੀ ਗਿਣਤੀ 'ਚ ਸੰਗਤ ਗੁਰਦੁਆਰਾ ਸਹਿਬਾਨ ਵਿਖੇ ਮੱਥਾ ਟੇਕਣ ਪੁੱਜੀ ਪਰ ਪਿਛਲੇ ਸਾਲ ਦੇ ਮੁਕਾਬਲੇ ਗਿਣਤੀ ਘੱਟ ਰਹੀ।

ਹੋਲੇ ਮਹੱਲੇ ਦੇ ਅੰਤਿਮ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜਥੇਦਾਰ ਗਿਆਨੀ ਮੱਲ ਸਿੰਘ ਨੇ ਸਿੱਖ ਪੰਥ ਦੇ ਨਾਂ ਦਿੱਤੇ ਸੰਦੇਸ਼ ਵਿਚ ਸੰਸਾਰ ਵਿਚ ਵਸਦੇ ਗੁਰੂ ਨਾਨਕ ਨਾਮ ਲੇਵਾ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਵੱਲ ਉਚੇਚਾ ਧਿਆਨ ਦੇ ਕੇ ਪਤਿਤਪੁਣੇ ਤੇ ਨਸ਼ਿਆਂ ਤੋਂ ਦੂਰ ਰੱਖ ਕੇ ਉਨ੍ਹਾਂ ਨੂੰ ਸਿੱਖ ਕੌਮ ਦੇ ਅਮੀਰ ਵਿਰਸੇ ਨਾਲ ਜੋੜਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਵਾਤਾਵਰਣ ਸ਼ੁੱਧ ਕਰਨ ਲਈ ਰੁੱਖ ਲਗਾਉਣ ਤੇ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਆਪਣੀ ਮਾਂ ਬੋਲੀ ਤੇ ਪੰਜਾਬ ਦੇ ਇਤਿਹਾਸ ਨੂੰ ਵਿਸਾਰਿਆ ਜਾ ਰਿਹਾ ਹੈ ਤਾਂ ਕਿ ਸਿੱਖ ਕੌਮ ਦੇ ਜੁਝਾਰੂ ਇਤਿਹਾਸ ਤੋਂ ਲੋਕਾਂ ਨੂੰ ਵਾਂਝਿਆ ਰੱਖਿਆ ਜਾ ਸਕੇ। ਉਨ੍ਹਾਂ ਨੇ ਨਾਨਕ ਨਾਮ ਲੇਵਾ ਨੂੰ ਪੰਜਾਬੀ ਪੜ੍ਹਨ ਤੇ ਪੰਜਾਬੀ ਬੋਲਣ ਦੀ ਵੀ ਤਾਕੀਦ ਕੀਤੀ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਦੁਪਹਿਰ ਸਮੇਂ ਜੈਕਾਰਿਆਂ ਦੀ ਗੂੰਜ, ਬੈਂਡ ਵਾਜਿਆਂ 'ਤੇ ਗੁਰਬਾਣੀ ਦੀਆਂ ਧੁੰਨਾਂ ਤੇ ਨਰਸਿੰਘਿਆਂ ਦੀ ਆਵਾਜ਼ ਵਿਚ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸ਼ੁਰੂ ਹੋਇਆ। ਇਹ ਨਗਰ ਕੀਰਤਨ ਨਿਹੰਗ ਸਿੰਘਾਂ ਦੇ ਸਾਰੇ ਦਲ ਬੁੱਢਾ ਦਲ ਦੇ ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਅਗਲੇ ਪੜਾਅ ਲਈ ਚੱਲੇ। ਇਸ ਦੇ ਅੱਗੇ ਵੱਖ-ਵੱਖ ਦਲਾਂ ਦੇ ਨਿਹੰਗ ਸਿੰਘ ਗੱਤਕਾ ਖੇਡਦੇ ਹੋਏ ਚੱਲ ਰਹੇ ਸਨ। ਚਹੁੰ ਮਾਰਗੀ ਸੜਕ ਦੇ ਸਾਰੇ ਪਾਸੇ ਜਿਥੇ ਰੰਗ ਗੁਲਾਲ ਸੁੱਟਿਆ ਦਿਖਾਈ ਦੇ ਰਿਹਾ ਸੀ ਉਥੇ ਸਾਰਾ ਵਾਤਾਵਰਣ ਨੀਲੇ ਤੇ ਕੇਸਰੀ ਰੰਗ ਵਿਚ ਰੰਗਿਆ ਹੋਇਆ ਸੀ। ਮਹੱਲੇ ਦੇ ਸਾਰੇ ਰਸਤੇ ਦੀ ਨਿਗਰਾਨੀ ਸਿਵਲ ਤੇ ਪੁਲਿਸ ਅਧਿਕਾਰੀ ਕਰ ਰਹੇ ਸਨ। ਚਰਨ ਗੰਗਾ ਸਟੇਡੀਅਮ ਵਿਖੇ ਨਿਹੰਗ ਸਿੰਘਾਂ ਨੇ ਆਪਣੇ ਜੰਗਜੂ ਕਰਤੱਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਸਟੇਡੀਅਮ ਕਾਫੀ ਭੀੜਾ ਹੋਣ ਕਾਰਨ ਜਿਥੇ ਸੰਗਤਾਂ ਨੂੰ ਕਾਫੀ ਪ੍ਰੇਸ਼ਾਨੀ ਆਈ ਉਥੇ ਘੋੜਿਆਂ ਦਾ ਪ੍ਰਦਰਸ਼ਨ ਕਰਦੇ ਸਮੇਂ ਘੋੜੇ ਦਰਸ਼ਕਾਂ 'ਤੇ ਚੜ ਗਏ ਜਿਸ ਨਾਲ ਕੁਝ ਸ਼ਰਧਾਲੂ ਜ਼ਖਮੀ ਹੋ ਗਏ।

### ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਵਿਖਾਏ ਗੱਤਕੇ ਦੇ ਜੌਹਰ



### ਜਥੇਦਾਰ ਵਲੋਂ ਸਮਾਜ ਸੇਵਾ ਲਈ ਅੱਗੇ ਆਉਣ ਦਾ ਸੱਦਾ



**ਸ੍ਰੀ ਅਨੰਦਪੁਰ ਸਾਹਿਬ:** ਹੋਲਾ ਮਹੱਲਾ ਦੀ ਸੰਪੂਰਨਤਾ ਮੌਕੇ ਸੰਗਤਾਂ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦਸਮ ਪਾਤਸ਼ਾਹ ਨੇ ਹੋਲੀ ਦੇ ਤਿਉਹਾਰ ਨੂੰ ਨਵਾਂ ਰੂਪ ਦਿੰਦਿਆਂ ਵਿਦੇਸ਼ੀ ਹਮਲਾਵਰਾਂ ਦੇ ਜੁਲਮ ਤੇ ਜਬਰ ਦਾ ਸ਼ਿਕਾਰ ਹੋ ਚੁੱਕੀ ਭਾਰਤੀ ਖਲਕਤ ਵਿਚ ਨਵਾਂ ਜੋਸ਼ ਪੈਦਾ ਕਰਨ ਹਿੱਤ ਹੋਲੇ ਮਹੱਲੇ ਦੀ ਪਰੰਪਰਾ ਅਰੰਭ ਕਰਵਾਈ ਸੀ ਜੋ ਨਿਰੰਤਰ ਹੁਣ ਵੀ ਜਾਰੀ ਹੈ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹਰ ਸਿੱਖ ਨੂੰ ਇਕ ਅਨੁਸ਼ਾਸ਼ਿਤ ਨਿਤਨੇਮੀ ਮਿਸ਼ਨਰੀ ਵਾਂਗ ਪ੍ਰਚਾਰਕ ਦੇ ਨਾਲ-ਨਾਲ ਸਮਾਜ ਸੇਵਕ ਵੀ ਬਣਨਾ ਚਾਹੀਦਾ ਹੈ। ਹਰ ਸਿੱਖ ਨੂੰ ਆਪਣੇ ਬੱਚਿਆਂ ਨੂੰ ਨਿਤਨੇਮੀ ਬਣਾਉਣ ਲਈ ਛੋਟੀ ਉਮਰ ਵਿਚ ਹੀ ਗੁਰਬਾਣੀ ਨਾਲ ਜੋੜਨਾ ਤੇ ਅੰਮ੍ਰਿਤਧਾਰੀ ਬਣਾਉਣਾ ਚਾਹੀਦਾ ਹੈ। ਜਥੇਦਾਰ ਨੇ ਸੰਸਾਰ ਭਰ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਿੱਖ ਅਤਿਵਾਦੀ ਨਹੀਂ ਬਲਕਿ ਸਮਾਜ ਸੇਵੀ ਤੇ ਲੋਕਾਂ ਦੇ ਦੁੱਖ-ਸੁੱਖ ਨਾਲ ਖੜਨ ਵਾਲੀ ਕੌਮ ਹੈ। ਭਰੂਣ ਹੱਤਿਆਵਾਂ, ਨਸ਼ਿਆਂ ਤੇ ਦਾਜ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਨੌਜਵਾਨ ਆਪ ਵੀ ਬਾਣੀ ਤੇ ਬਾਣੇ ਦੇ ਧਾਰਨੀ ਬਣਨ।

## ਅਕਾਲੀਆਂ ਵਲੋਂ ਕਾਨਫਰੰਸ ਵਿਚ ਮੋਦੀ ਦੇ ਸੋਹਲੇ

**ਸ੍ਰੀ ਅਨੰਦਪੁਰ ਸਾਹਿਬ:** ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਕਰਵਾਈ ਅਕਾਲੀ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਲੀਡਰਸ਼ਿਪ ਨੇ ਪਹਿਲੀ ਵਾਰ ਖੁੱਲ੍ਹ ਕੇ ਮੋਦੀ ਸਰਕਾਰ ਦੇ ਸੋਹਲੇ ਗਾਏ। ਪਹਿਲੀ ਕੇਂਦਰ ਦੀ ਕਾਂਗਰਸ ਸਰਕਾਰ ਉਪਰ ਪੰਜਾਬ ਨਾਲ ਵਿਤਕਰੇ ਦਾ ਦੋਸ਼ ਲਾਉਂਦਿਆਂ ਕਿਹਾ ਕਿ ਹੁਣ ਕੇਂਦਰ ਵਿਚ ਆਪਣੀ ਭਾਈਵਾਲੀ ਸਰਕਾਰ ਬਣ ਗਈ ਹੈ ਤੇ ਪੰਜਾਬ ਆਉਂਦੇ ਦਿਨਾਂ ਵਿਚ ਤਰੱਕੀ ਦੇ ਰਾਹ ਉਪਰ ਚੱਲੇਗਾ। ਗਿਣਤੀ ਪੱਖੋਂ ਕਾਫ਼ੀ ਸੀਮਤ ਰਹੀ ਕਾਨਫ਼ਰੰਸ ਵਿਚ ਅਕਾਲੀ ਲੀਡਰਸ਼ਿਪ ਨੇ ਕਿਸਾਨਾਂ ਦੀ ਜ਼ਮੀਨ ਪ੍ਰਾਪਤੀ ਬਿੱਲ, ਪੰਜਾਬ ਨੂੰ ਕਰਜ਼ਾ ਸੰਕਟ ਵਿਚੋਂ ਕੱਢਣ ਲਈ ਆਰਥਿਕ ਪੈਕੇਜ ਦੀ ਮੰਗ ਰੱਦ ਕਰਨ ਤੇ ਕਣਕ ਤੇ ਝੋਨੇ ਦੀ ਖਰੀਦ ਤੋਂ ਹੱਥ ਪਿੱਛੇ ਖਿੱਚਣ ਤੇ ਮੱਕੀ ਦੀ ਫ਼ਸਲ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣ ਤੋਂ ਨਾਂਹ ਕਰਨ ਦੀਆਂ ਗੱਲਾਂ ਤੋਂ ਪੂਰੀ ਤਰ੍ਹਾਂ ਅੱਖਾਂ ਮੀਚਦਿਆਂ ਮੋਦੀ ਸਰਕਾਰ ਨੂੰ ਆਪਣੀ ਤੇ ਪੰਜਾਬ ਵਿਚ ਵਿਕਾਸ ਦੀ ਨਵੀਂ ਲੀਹ ਤੋਰਨ ਲਈ ਫੰਡਾਂ ਦੀ ਵਰਖਾ ਕਰਨ ਦੀ ਹੁੱਬ ਕੇ ਪ੍ਰਸੰਸਾ ਕੀਤੀ।

ਸ. ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰਾਂ ਨੇ 50-60 ਸਾਲਾਂ ਵਿਚ ਪੰਜਾਬ ਲਈ ਉਹ ਕੁਝ ਨਹੀਂ ਕੀਤਾ ਜੋ ਕੁਝ ਮਹੀਨਿਆਂ ਵਿਚ ਮੋਦੀ ਸਰਕਾਰ ਨੇ ਕਰ ਵਿਖਾਇਆ ਹੈ। ਅੰਮ੍ਰਿਤਸਰ ਨੂੰ ਵਿਰਾਸਤ ਸ਼ਹਿਰ ਦਾ ਦਰਜਾ ਦੇਣ ਦਾ ਅਰਥ ਹੈ ਕਿ ਅਰਬਾਂ ਦੇ ਬਜਟ ਸ਼ਹਿਰ ਦੇ ਵਿਕਾਸ ਲਈ ਆਉਣਗੇ। ਜਲ੍ਹਿਆਂਵਾਲਾ ਬਾਗ ਦੀ ਮਹੱਤਤਾ ਨੂੰ ਵੀ ਪਹਿਲੀ ਵਾਰ ਪਛਾਣਿਆ ਗਿਆ ਹੈ ਤੇ ਇਸ ਨੂੰ ਵਿਰਾਸਤੀ ਯਾਦਗਾਰ ਵਜੋਂ ਸੰਭਾਲਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵਿਚ ਕੋਈ ਵੱਡਾ ਹਸਪਤਾਲ ਨਹੀਂ ਸੀ, ਹੁਣ ਏਮਜ਼ ਦੀ ਤਰਜ਼ ਉਪਰ ਕੇਂਦਰ ਸਰਕਾਰ ਪੰਜਾਬ ਵਿਚ ਇਹ ਸੰਸਥਾ ਬਣਾਏਗੀ। ਖੇਤੀ ਯੂਨੀਵਰਸਿਟੀ ਵਰਗੀ ਬਾਗਵਾਨੀ ਦੀ ਸੰਸਥਾ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਯੋਜਨਾ ਕਮਿਸ਼ਨ ਦੀ ਥਾਂ ਨਵੇਂ ਨੀਤੀ ਆਯੋਗ ਵਿਚ ਸੂਬਿਆਂ ਦੇ ਮੁੱਖ ਮੰਤਰੀ ਵੀ ਮੈਂਬਰ ਲਏ ਹਨ ਤੇ ਫੰਡਾਂ ਵਿਚ ਹਿੱਸੇਦਾਰੀ ਵੀ 32 ਫੀਸਦੀ ਤੋਂ ਵਧਾ ਕੇ 42 ਫੀਸਦੀ ਕਰ ਦਿੱਤੀ ਗਈ ਹੈ। ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਵੀ ਪੰਜਾਬ ਸਰਕਾਰ ਅਹਿਮ ਕਾਰਜ ਨਿਭਾ ਰਹੀ ਹੈ। ਆਉਣ ਵਾਲੇ ਬਜਟ ਵਿਚ ਪਿੰਡਾਂ ਦੇ ਪਾਣੀ ਦੇ ਨਿਕਾਸ, ਸੜਕਾਂ ਦੀ ਮੁਰੰਮਤ, ਸਕੂਲਾਂ ਦੀਆਂ ਇਮਾਰਤਾਂ, ਕਿੱਤਾ ਮੁੱਖੀ ਸਿੱਖਿਆ ਸਮੇਤ ਹੋਰ ਵਿਕਾਸ ਕਾਰਜਾਂ ਨੂੰ ਅਹਿਮ ਸਥਾਨ ਦਿੱਤਾ ਜਾਵੇਗਾ। ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਹਜ਼ੂਰ ਸਾਹਿਬ ਤੱਕ ਚਾਰ ਮਾਰਗੀ ਸੜਕ ਬਣਾਉਣ ਦੀ ਲੋੜ ਉਪਰ ਜ਼ੋਰ ਦਿੱਤਾ। ਸ. ਬਾਦਲ ਨੇ ਐਲਾਨ ਕੀਤਾ ਕਿ ਸ੍ਰੀ ਅਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਸਰਕਾਰੀ ਪੱਧਰ 'ਤੇ ਮਨਾਇਆ ਜਾਵੇਗਾ ਤੇ ਇਸ ਬਾਰੇ 17 ਤੋਂ 19 ਜੂਨ 2015 ਤੱਕ ਸਮਾਗਮ ਕਰਵਾਏ ਜਾਣਗੇ।

### ਕਾਨਫਰੰਸ ਤੋਂ ਦੂਰ ਹੀ ਰਹੇ ਭਾਜਪਾਈ

ਅਕਾਲੀ ਕਾਨਫ਼ਰੰਸ ਵਿਚ ਭਾਜਪਾ ਦੇ ਕਿਸੇ ਵੀ ਨੁਮਾਇੰਦੇ ਦੇ ਨਾ ਹਾਜ਼ਰ ਹੋਣ ਦੀ ਗੱਲ ਸਭਨਾਂ ਨੂੰ ਰੜਕਦੀ ਰਹੀ। ਸੱਤਾਧਾਰੀ ਧਿਰ ਵਲੋਂ ਕੀਤੀ ਗਈ ਕਾਨਫਰੰਸ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਹਾਜ਼ਰੀ ਅੰਤਲੇ ਪਲਾਂ ਵਿਚ ਹੀ ਲੱਗੀ। ਜਿਸ ਵੇਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣਾ ਭਾਸ਼ਣ ਖ਼ਤਮ ਕਰ ਰਹੇ ਸਨ ਤਾਂ ਭਾਜਪਾ ਆਗੂ ਮਦਨ ਮੋਹਨ ਮਿੱਤਲ ਕਾਨਫਰੰਸ ਵਿਚ ਪਹੁੰਚੇ। ਇਸ ਉਤੇ ਮੁੱਖ ਮੰਤਰੀ ਨੇ ਹੱਸਦੇ ਹੋਏ ਉਨ੍ਹਾਂ ਨੂੰ ਮਿਹਣਾ ਮਾਰਿਆ, 'ਹਲਕਾ ਤਾਂ ਮਿੱਤਲ ਸਾਹਬ ਦਾ ਹੈ ਚਲੋ ਮੈਂ ਉਨ੍ਹਾਂ ਨੂੰ ਜੀ ਆਇਆਂ ਆਖ ਦਿੰਦਾ ਹਾਂ।'

## ਕਾਂਗਰਸ ਨੇ ਨਹੀਂ ਕੀਤੀ ਕਾਨਫਰੰਸ

**ਸ੍ਰੀ ਅਨੰਦਪੁਰ ਸਾਹਿਬ:** ਹੋਲਾ ਮਹੱਲਾ ਮੌਕੇ ਕਾਂਗਰਸ ਪਾਰਟੀ ਵਲੋਂ ਕੋਈ ਵੀ ਰਾਜਸੀ ਕਾਨਫੰਰਸ ਨਹੀਂ ਕੀਤੀ ਗਈ ਹਾਲਾਂਕਿ ਇਸ ਤੋਂ ਪਹਿਲਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਭਾਗ ਸਿੰਘ ਦੇਸੂਮਾਜਰਾ ਵਲੋਂ ਕਾਨਫਰੰਸ ਕੀਤੇ ਜਾਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਸਨ ਪਰ ਨਗਰ ਕੌਂਸਲ ਚੋਣਾਂ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਨੂੰ ਲੈ ਕੇ ਉਨ੍ਹਾਂ ਨੇ ਵੀ ਅਸਤੀਫਾ ਦੇ ਦਿੱਤਾ ਸੀ ਤੇ ਕਾਂਗਰਸ ਦੀ ਹੀ ਰਵਾਇਤੀ ਥਾਂ ਪਾਵਰ ਕਲੋਨੀ ਲਾਗੇ ਆਮ ਆਦਮੀ ਪਾਰਟੀ ਵਲੋਂ ਰਾਜਸੀ ਕਾਨਫਰੰਸ ਕੀਤੀ ਗਈ। ਦੱਸਣਯੋਗ ਹੈ ਕਿ ਦੇਸ਼ ਦੀ ਸਾਰਿਆਂ ਤੋਂ ਪੁਰਾਣੀ ਕਾਂਗਰਸ ਪਾਰਟੀ ਵਲੋਂ ਹਰੇਕ ਸਾਲ ਹੋਲਾ ਮਹੱਲਾ ਮੌਕੇ ਰਾਜਸੀ ਕਾਨਫਰੰਸ ਕੀਤੀ ਜਾਂਦੀ ਹੈ ਤੇ ਤਿੰਨ ਸਮੇਂ ਅਜਿਹੇ ਵੀ ਸਨ ਜਿਨ੍ਹਾਂ ਵਿਚ ਵਿਧਾਨ ਸਭਾ ਚੋਣਾ ਵਿਚ ਕਾਂਗਰਸ ਦੀ ਹਾਰ, ਚੋਣ ਕਮਿਸ਼ਨ ਦਾ ਡੰਡਾ ਤੇ ਹੁਣ ਧੜੇਬੰਦੀ ਕਰਕੇ ਰਾਜਸੀ ਕਾਨਫਰੰਸ ਨਹੀਂ ਹੋ ਰਹੀ।

## 'ਆਪ' ਰੈਲੀ ਵਿਚ 3 ਐਮ.ਪੀ. ਨਾ ਪੁੱਜੇ

**ਸ੍ਰੀ ਅਨੰਦਪੁਰ ਸਾਹਿਬ:** ਆਮ ਆਦਮੀ ਪਾਰਟੀ (ਆਪ) ਨੇ ਹੋਲੇ ਮਹੱਲੇ ਮੌਕੇ ਪਲੇਠੀ ਕਾਨਫਰੰਸ ਕਰਕੇ ਵਿਧਾਨ ਸਭਾ ਚੋਣਾਂ 2017 ਦਾ ਬਿਗੁਲ ਵਜਾ ਦਿੱਤਾ ਹੈ। ਆਗੂਆਂ ਨੇ ਸਮੂਹ ਵਰਕਰਾਂ ਨੂੰ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਸੰਗਤ ਦੇ ਰੂਪ ਵਿਚ ਪਹੁੰਚੇ ਆਮ ਆਦਮੀਆਂ ਤੇ ਮੀਡੀਆ ਜਗਤ ਵਿਚ ਇਸ ਕਾਨਫਰੰਸ ਲਈ ਬਹੁਤ ਚਾਅ ਸੀ ਪਰ ਪੰਜਾਬ ਦੀ ਲੋਕ ਸਭਾ ਵਿਚ ਨੁਮਾਇੰਦਗੀ ਕਰਨ ਵਾਲੇ ਚਾਰ ਵਿਚੋਂ ਤਿੰਨ ਮੈਂਬਰ ਗ਼ੈਰਹਾਜ਼ਰ ਰਹੇ। ਚੌਥੇ ਸੰਸਦ ਮੈਂਬਰ ਦੀ ਅਖੀਰਲੇ ਪਲਾਂ ਵਿਚ ਲੱਗੀ ਹਾਜ਼ਰੀ ਨੇ ਲੋਕਾਂ ਦਾ ਉਤਸ਼ਾਹ ਜ਼ਰੂਰ ਮੱਠਾ ਕੀਤਾ। ਕਾਂਗਰਸ ਦੀ ਸਿਆਸੀ ਕਾਨਫਰੰਸ ਪਾਰਟੀ ਅੰਦਰਲੀ ਗੁੱਟਬਾਜ਼ੀ ਦੀ ਭੇਟ ਚੜ੍ਹ ਗਈ ਪਰ ਆਮ ਆਦਮੀ ਪਾਰਟੀ ਨੇ ਕਾਨਫਰੰਸ ਕਰਕੇ ਹਾਕਮ ਗੱਠਜੋੜ ਨੂੰ ਟੱਕਰ ਦੇਣ ਦਾ ਸੰਕੇਤ ਦੇ ਦਿੱਤਾ। ਸੂਬੇ ਭਰ ਤੋਂ ਆਏ ਲੋਕਾਂ ਤਕ 'ਆਪ' ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਸ ਮੌਕੇ ਬੇਸ਼ੱਕ ਪਾਰਟੀ ਦਾ ਕੋਈ ਵੀ ਕੇਂਦਰੀ ਆਗੂ ਕਾਨਫਰੰਸ ਵਿਚ ਨਹੀਂ ਪਹੁੰਚਿਆ ਪਰ ਸੂਬੇ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੇ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਦੇ ਭਾਸ਼ਣਾਂ ਨੇ ਲੋਕਾਂ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ।

# ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਹੁਣ ਦਸੰਬਰ ਤੱਕ ਲਟਕਾਇਆ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਹੱਲ ਕਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਕਮੇਟੀ ਇਸ ਵਰ੍ਹੇ ਦੇ ਅੰਤ ਤੱਕ ਆਪਣੀ ਰਿਪੋਰਟ ਦੇਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਕੈਲੰਡਰ ਬਾਰੇ ਅਗਲਾ ਫੈਸਲਾ ਹੋਵੇਗਾ। ਫਿਲਹਾਲ ਨਾਨਕਸ਼ਾਹੀ ਸੰਮਤ 547 ਨਵੇਂ ਵਰ੍ਹੇ ਵਾਸਤੇ ਕਿਹੜਾ ਕੈਲੰਡਰ ਹੋਵੇਗਾ, ਬਾਰੇ ਭੰਬਲਭੂਸਾ ਬਰਕਰਾਰ ਹੈ।

ਇਸ ਦੌਰਾਨ ਸਿੰਘ ਸਾਹਿਬਾਨ ਵਲੋਂ ਕੁਦਰਤੀ ਆਫਤਾਂ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਤੋਂ 'ਸ਼੍ਰੋਮਣੀ ਸੇਵਕ' ਦੀ ਪਦਵੀ ਦੇਣ ਦਾ ਐਲਾਨ ਕੀਤਾ ਹੈ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸ਼ਾਮਲ ਹੋਏ।

ਨਵੇਂ ਬਣੇ ਸਕੱਤਰੇਤ ਵਿਚ ਇਕੱਤਰਤਾ ਉਪਰੰਤ ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਬਣੀ ਦੁਬਿਧਾ ਨੂੰ ਪੂਰੀ ਤਰ੍ਹਾਂ ਖਤਮ ਕਰਨ ਤੇ ਸਮੁੱਚੀ ਪੰਥਕ ਏਕਤਾ ਵਾਸਤੇ ਇਸ ਮਾਮਲੇ ਨੂੰ ਵਿਚਾਰਨ ਲਈ ਇਕ ਕਮੇਟੀ ਦਾ ਗਠਿਨ ਕੀਤਾ ਜਾਵੇਗਾ। ਇਹ ਕਮੇਟੀ ਕੈਲੰਡਰ ਬਾਰੇ ਗੁਰਬਾਣੀ ਤੇ ਇਤਿਹਾਸਕ ਸਰੋਤਾਂ ਅਨੁਸਾਰ ਵਿਚਾਰ-ਵਟਾਂਦਰਾ ਕਰੇਗੀ ਤੇ ਇਸ ਵਰ੍ਹੇ ਦੇ ਦਸੰਬਰ ਮਹੀਨੇ (ਇਕ ਪੋਹ ਸੰਮਤ 547) ਤੱਕ ਆਪਣੀ ਰਿਪੋਰਟ ਦੇਵੇਗੀ, ਜਿਸ ਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਵਲੋਂ ਇਹ ਮਾਮਲਾ ਮੁੜ ਵਿਚਾਰਿਆ ਜਾਵੇਗਾ ਤੇ ਅਗਲਾ ਫੈਸਲਾ ਲਿਆ ਜਾਵੇਗਾ।

ਇਸ ਕਮੇਟੀ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਇਕ ਨੁਮਾਇੰਦਾ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਕ ਨੁਮਾਇੰਦਾ, ਸ਼੍ਰੋਮਣੀ ਕਮੇਟੀ ਵਲੋਂ ਦੋ ਨੁਮਾਇੰਦੇ, ਦਿੱਲੀ ਕਮੇਟੀ ਵਲੋਂ ਇਕ ਨੁਮਾਇੰਦਾ ਸ਼ਾਮਲ ਹੋਵੇਗਾ ਜਦਕਿ ਵਿਦਵਾਨਾਂ ਵਿਚੋਂ ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ, ਡਾ. ਗੁਰਚਰਨ ਸਿੰਘ ਲਾਂਬਾ ਯੂ.ਐਸ.ਏ, ਡਾ. ਅਨੁਰਾਗ ਸਿੰਘ ਲੁਧਿਆਣਾ, ਕਰਨਲ ਸੁਰਜੀਤ ਸਿੰਘ ਨਿਸ਼ਾਨ ਸ਼ਾਮਲ ਹਨ। ਇਸੇ ਤਰ੍ਹਾਂ ਸੰਤ ਸਮਾਜ ਦੇ ਦੋ ਨੁਮਾਇੰਦੇ, ਨਿਹੰਗ ਸਿੰਘ ਜਥੇਬੰਦੀਆਂ ਵਲੋਂ ਇਕ ਨੁਮਾਇੰਦਾ, ਨਿਰਮਲ ਭੇਖ ਵਲੋਂ ਇਕ ਨੁਮਾਇੰਦਾ ਸ਼ਾਮਲ ਹੋਵੇਗਾ। ਵਿਦੇਸ਼ਾਂ ਵਿਚੋਂ ਅਮਰੀਕਾ, ਕੈਨੇਡਾ, ਅਸਟਰੇਲੀਆ, ਇੰਗਲੈਂਡ ਤੇ ਯੂਰਪ ਤੋਂ ਸਿੱਖ ਸੰਗਤ 1-1 ਨੁਮਾਇੰਦੇ ਦਾ ਨਾਂ ਭੇਜੇਗੀ।

### ਕਾਇਮ ਕੀਤੀ ਕਮੇਟੀ ਵਰ੍ਹੇ ਦੇ ਅਖੀਰ ਤੱਕ ਦੇਵੇਗੀ ਰਿਪੋਰਟ



### ਵਿਵਾਦ ਹੱਲ ਹੋਣ ਤੱਕ ਕੈਲੰਡਰ ਲਾਗੂ ਹੋਣ ਬਾਰੇ ਭੰਬਲਭੂਸਾ ਬਰਕਰਾਰ

ਨਾਨਕਸ਼ਾਹੀ ਕੈਲੰਡਰ ਵਿਵਾਦ ਮਾਮਲੇ ਨੂੰ ਹੱਲ ਕਰਨ ਲਈ ਭਾਵੇਂ ਕਮੇਟੀ ਕਾਇਮ ਕਰ ਦਿੱਤੀ ਗਈ ਹੈ ਪਰ ਕੈਲੰਡਰ ਵਿਵਾਦ ਹੱਲ ਹੋਣ ਤੱਕ ਕਿਹੜਾ ਕੈਲੰਡਰ ਲਾਗੂ ਹੋਵੇਗਾ, ਨੂੰ ਲੈ ਕੇ ਫਿਲਹਾਲ ਭੰਬਲਭੂਸੇ ਵਾਲੀ ਸਥਿੱਤੀ ਹੈ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਨਾਨਕਸ਼ਾਹੀ ਸੰਮਤ 547 ਦਾ ਕੈਲੰਡਰ ਗੁਰਬਾਣੀ ਤੇ ਇਤਿਹਾਸਕ ਸਰੋਤਾਂ ਅਨੁਸਾਰ ਛਪਵਾ ਕੇ ਸੰਗਤਾਂ ਤੱਕ ਪਹੁਚਾਇਆ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਇਸ ਕੈਲੰਡਰ ਬਾਰੇ ਪੁੱਛਿਆ ਤਾਂ ਉਨ੍ਹਾਂ ਵੀ ਅਗਿਆਨਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਉਹ ਇਸ ਬਾਰੇ ਸਿੰਘ ਸਾਹਿਬਾਨ ਕੋਲੋਂ ਸਪਸ਼ਟ ਕਰਨ ਮਗਰੋਂ ਹੀ ਸਹੀ ਜਾਣਕਾਰੀ ਦੇ ਸਕਣਗੇ। ਇਥੇ ਦੱਸਣਯੋਗ ਹੈ ਕਿ ਨਾਨਕਸ਼ਾਹੀ ਸੰਮਤ 547 ਮੁਤਾਬਕ ਨਵਾਂ ਵਰ੍ਹਾ 14 ਮਾਰਚ ਤੋਂ ਅਰੰਭ ਹੋ ਰਿਹਾ ਹੈ ਤੇ ਸ਼੍ਰੋਮਣੀ ਕਮੇਟੀ ਕੋਲ ਨਵਾਂ ਕੈਲੰਡਰ ਪ੍ਰਕਾਸ਼ਤ ਕਰਨ ਲਈ ਸਿਰਫ ਚਾਰ ਦਿਨ ਬਾਕੀ ਹਨ।

# ਪੰਜਾਬ ਸਰਕਾਰ ਆਰਥਿਕ ਸੰਕਟ ਅੱਗੇ ਹੋਈ ਲਾਚਾਰ

**ਚੰਡੀਗੜ੍ਹ (ਬਿਊਰੋ):** ਆਰਥਿਕ ਸੰਕਟ ਦਾ ਸ਼ਿਕਾਰ ਹੋਈ ਪੰਜਾਬ ਸਰਕਾਰ ਨੂੰ ਕਿਸੇ ਪਾਸਿਓਂ ਵੀ ਰਾਹਤ ਦੀ ਉਮੀਦ ਨਜ਼ਰ ਨਹੀਂ ਆ ਰਹੀ। ਪੰਜਾਬ ਸਰਕਾਰ ਨੂੰ ਲੰਘੇ ਵਿੱਤੀ ਵਰ੍ਹੇ ਦੌਰਾਨ ਸਾਰੇ ਵਿੱਤੀ ਸਾਧਨਾਂ ਤੋਂ 45,889 ਕਰੋੜ 31 ਲੱਖ ਰੁਪਏ ਦੀ ਆਮਦਨ ਹੋਈ ਪਰ ਖ਼ਰਚਾ 47,221 ਕਰੋੜ 82 ਲੱਖ ਹੋਇਆ। ਇਸ ਵਿਚੋਂ 17,766 ਕਰੋੜ 53 ਲੱਖ ਰੁਪਏ ਤਨਖਾਹਾਂ ਤੇ 6581 ਕਰੋੜ 40 ਲੱਖ ਰੁਪਏ ਪੈਨਸ਼ਨਾਂ ਉਤੇ ਖਰਚ ਹੋਏ ਹਨ।

ਵਿੱਤ ਵਿਭਾਗ ਪੰਜਾਬ ਦੇ ਸੂਚਨਾ ਅਫ਼ਸਰ ਅਨੁਸਾਰ ਪਿਛਲੇ ਵਿੱਤੀ ਵਰ੍ਹੇ ਦੌਰਾਨ ਪਹਿਲਾ, ਦੂਜਾ, ਤੀਜਾ ਤੇ ਚੌਥਾ ਦਰਜਾ ਕਰਮਚਾਰੀਆਂ ਸਮੇਤ ਠੇਕੇ ਤੇ ਐਡਹਾਕ ਮੁਲਾਜ਼ਮਾਂ ਦੀ ਗਿਣਤੀ 3,16,629 ਤੇ ਨੀਮ ਸਰਕਾਰੀ ਅਦਾਰਿਆਂ, ਜਿਨ੍ਹਾਂ ਵਿਚ ਬੋਰਡਾਂ, ਨਗਰ ਨਿਗਮਾਂ, ਨਗਰ ਕੌਂਸਲਾਂ, ਇੰਪਰੂਵਮੈਂਟ ਟਰੱਸਟਾਂ, ਮਾਰਕੀਟ ਕਮੇਟੀਆਂ, ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਆਦਿ ਕਰਮਚਾਰੀਆਂ ਦੀ ਕੁੱਲ ਗਿਣਤੀ 4,19,909 ਹੈ। ਸਰਕਾਰ ਸਿਰ ਕਰਜ਼ੇ ਦੇ ਰੂਪ ਵਿਚ ਦੇਣਦਾਰੀ 1,02,234.47 ਕਰੋੜ ਰੁਪਏ ਖੜ੍ਹੀ ਹੈ। ਸਰਕਾਰ ਨੇ ਅਜੇ ਤੱਕ ਸਿਰਫ਼ 7820.20 ਕਰੋੜ ਰੁਪਏ ਦੇ ਕਰਜ਼ੇ ਮੋੜੇ ਹਨ। ਸਰਕਾਰ ਦੇ ਵਜ਼ੀਰਾਂ ਤੇ ਵਿਧਾਇਕਾਂ 'ਤੇ 31.27 ਕਰੋੜ ਰੁਪਏ ਖ਼ਰਚ ਹੋਏ ਹਨ। ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋਂ-ਦਿਨ ਭਾਰੀ ਹੋ ਰਹੀ ਹੈ।

ਪਿਛਲੇ ਅੱਠ ਵਰ੍ਹਿਆਂ (2007-08 ਤੋਂ 2014-15) ਦੌਰਾਨ ਸਾਬਕਾ ਵਿਧਾਇਕਾਂ ਦੇ ਇਲਾਜ ਦਾ ਖਰਚਾ ਤਕਰੀਬਨ ਦਸ ਗੁਣਾ ਵਧ ਗਿਆ ਹੈ। ਸਾਬਕਾ ਵਿਧਾਇਕਾਂ ਦਾ ਇਲਾਜ ਖਜ਼ਾਨੇ ਨੂੰ ਤਕਰੀਬਨ ਪੌਣੇ ਛੇ ਕਰੋੜ ਵਿਚ ਪਿਆ ਹੈ। ਵਿਧਾਨ ਸਭਾ ਸਕੱਤਰੇਤ ਨੂੰ ਸਾਬਕਾ ਵਿਧਾਇਕਾਂ ਲਈ ਹੁਣ ਵਾਧੂ ਬਜਟ ਲੈਣਾ ਪੈਂਦਾ ਹੈ। ਵਿੱਤ ਵਿਭਾਗ ਦੇ ਵਹੀ ਖਾਤੇ ਬਿਆਨ ਕਰਦੇ ਹਨ ਕਿ ਪਿਛਲੇ ਵਰ੍ਹੇ ਪਹਿਲੀ ਅਪਰੈਲ ਤੋਂ 30 ਨਵੰਬਰ ਤੱਕ ਦੇ ਸਮੇਂ ਦੌਰਾਨ ਪ੍ਰਾਪਤ ਹੋਏ ਮਾਲੀਏ ਵਿਚ ਮਹਿਜ਼ 7.33 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਸਰਕਾਰ ਨੂੰ 12 ਫੀਸਦੀ ਦਾ ਵਾਧਾ ਹੋਣ ਦਾ ਅਨੁਮਾਨ ਸੀ।

ਸੂਤਰਾਂ ਮੁਤਾਬਕ ਮਾਲੀ ਸਾਲ ਦੇ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਤਕਰੀਬਨ 19 ਹਜ਼ਾਰ ਕਰੋੜ ਰੁਪਏ ਦੇ ਮਾਲੀ ਸਰੋਤਾਂ ਦੀ ਜ਼ਰੂਰਤ ਸੀ ਜਦਕਿ ਵੱਖ-ਵੱਖ ਖੇਤਰਾਂ ਤੋਂ ਮਾਲੀਆ ਸਿਰਫ 16 ਹਜ਼ਾਰ ਕਰੋੜ ਹੀ ਆਇਆ ਹੈ। ਸਰਕਾਰ ਲਈ ਤਿੰਨ ਹਜ਼ਾਰ ਕਰੋੜ ਦਾ ਘਾਟਾ ਵੱਡੀ ਸੱਟ ਹੈ। ਇਸ ਦੇ ਉਲਟ ਸਰਕਾਰ ਦੇ ਖਰਚਿਆਂ ਵਿਚ 10 ਫੀਸਦੀ ਤੋਂ ਜ਼ਿਆਦਾ ਵਾਧਾ ਦੱਸਿਆ ਗਿਆ ਹੈ। ਸਰਕਾਰ ਦੀ ਵਿੱਤੀ ਹਾਲਤ ਦੇ ਅੰਕੜੇ ਸਾਬਤ ਕਰਦੇ ਹਨ ਕਿ ਆਉਣ ਵਾਲੇ ਸਮੇਂ ਦੌਰਾਨ ਮਾਲੀ



ਸੰਕਟ ਹੋਰ ਡੂੰਘਾ ਹੋ ਸਕਦਾ ਹੈ।

ਮਾਲੀਆ ਘਟਣ ਕਾਰਨ ਸਰਕਾਰ ਦੀ ਹਾਲਤ ਇਹ ਹੋ ਗਈ ਹੈ ਕਿ ਬਿਜਲੀ ਨਿਗਮ ਨੂੰ ਨਕਦ ਸਬਸਿਡੀ ਦੇਣ ਦੀ ਥਾਂ ਖਾਤਿਆਂ ਵਿਚ ਹੀ ਐਡਜਸਟ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੂੰ ਜ਼ਮੀਨਾਂ ਦੀਆਂ ਰਜਿਸਟਰੀਆਂ ਤੋਂ ਇਕੱਠੇ ਹੋਣ ਵਾਲੇ ਮਾਲੀਆ ਵਿਚ ਗਿਰਾਵਟ ਆਉਣ ਨਾਲ ਪਿਛਲੇ ਸਾਲ ਦੇ ਮੁਕਾਬਲੇ 2.37 ਫੀਸਦੀ ਦਾ ਘਾਟਾ ਪਿਆ ਹੈ। ਪਿਛਲੇ ਸਾਲ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਜੇਕਰ 1673 ਕਰੋੜ ਰੁਪਏ ਪ੍ਰਾਪਤ ਹੋਏ ਸਨ ਤਾਂ ਇਸ ਵਾਰੀ ਆਮਦਨ ਵਧਣ ਦੀ ਥਾਂ ਘਟ ਕੇ 1634 ਕਰੋੜ ਰੁਪਏ ਰਹਿ ਗਈ ਜਦਕਿ ਸਰਕਾਰ ਨੂੰ 1840 ਕਰੋੜ ਰੁਪਏ ਹਾਸਲ ਹੋਣ ਦੀ ਉਮੀਦ ਸੀ।

ਵਿੱਤ ਵਿਭਾਗ ਦਾ ਦਾਅਵਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਵਿੱਤੀ ਬੋਝ ਜ਼ਿਆਦਾ ਹੋਣ ਕਾਰਨ ਵੀ ਸੂਬੇ ਦਾ ਮਾਲੀ ਸੰਕਟ ਵਧਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਰਕਾਰ ਵਲੋਂ ਸਾਲ 2008 ਵਿਚ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਨਵੇਂ ਤਨਖਾਹ ਸਕੇਲ ਦੇਣ ਤੋਂ ਬਾਅਦ ਸਾਲ 2011 ਵਿਚ ਸਰਕਾਰ ਨੇ ਕਈ ਵਰਗਾਂ ਨੂੰ ਖੁਸ਼ ਕਰਨ ਲਈ ਤਨਖਾਹਾਂ ਦੇ ਖੁੱਲ੍ਹੇ ਗੱਫੇ ਦਿੱਤੇ। ਵਿੱਤ ਵਿਭਾਗ ਵਲੋਂ ਇਸ ਮਾਮਲੇ 'ਤੇ ਵਿਚਾਰ ਹੋਣ ਲੱਗ ਪਿਆ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਦਾ ਵਿੱਤੀ ਬੋਝ ਜ਼ਿਆਦਾ ਹੋਣ ਕਾਰਨ ਮੁਲਾਜ਼ਮਾਂ ਤੇ ਅਫਸਰਾਂ ਦੀ ਸੇਵਾਮੁਕਤੀ ਦੀ ਮਿਆਦ ਵੀ ਦੋ ਸਾਲ ਦੇ ਸਮੇਂ ਲਈ ਵਧਾ ਦਿੱਤੀ ਸੀ। ਪੈਟਰੋਲ ਤੇ ਡੀਜ਼ਲ ਤੇਲ ਦੇ ਭਾਅ ਘਟਣ ਨਾਲ ਵੀ ਸਰਕਾਰ ਦੀ ਆਮਦਨ ਨੂੰ ਵੱਡੀ ਸੱਟ ਵੱਜੀ ਹੈ। ਸਰਕਾਰ ਨੇ ਡੀਜ਼ਲ 'ਤੇ ਵੈਟ ਵਧਾ ਕੇ ਆਮਦਨ ਘਟਣ ਵਾਲਾ ਖੱਪਾ ਪੂਰਨ ਦਾ ਯਤਨ ਤਾਂ ਕੀਤਾ ਹੈ ਪਰ ਘਾਟਾ ਪੂਰਿਆ ਨਹੀਂ ਜਾ ਸਕਿਆ। ਵਿੱਤ ਵਿਭਾਗ ਨੇ ਮਾਲੀਏ ਵਿਚ ਆ ਰਹੀ ਗਿਰਾਵਟ ਦੇ ਚਿੰਤਾਜਨਕ ਰੁਝਾਨਾਂ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਜਾਣੂ ਕਰਾਇਆ ਗਿਆ ਹੈ। ਸਰਕਾਰ ਪਹਿਲਾਂ ਹੀ ਗੰਭੀਰ ਮਾਲੀ ਸੰਕਟ ਵਿਚੋਂ ਲੰਘ ਰਹੀ ਹੈ। ਸਰਕਾਰ ਵਲੋਂ ਤਨਖਾਹਾਂ ਤੇ ਹੋਰਨਾਂ ਬੱਝਵੇਂ ਖਰਚਿਆਂ ਦਾ ਬੰਦੋਬਸਤ ਹੀ ਮੁਸ਼ਕਲ ਨਾਲ ਕੀਤਾ ਜਾ ਰਿਹਾ ਹੈ। ਕੇਂਦਰੀ ਯੋਜਨਾਵਾਂ ਵਿਚ ਸੂਬਾ ਸਰਕਾਰ ਦੇ ਹਿੱਸੇ ਦੀ ਪੂੰਜੀ ਤਾਂ ਕੀ ਕੇਂਦਰੀ ਗਰਾਂਟਾਂ ਵੀ ਜਾਰੀ ਨਹੀਂ ਕੀਤੀਆਂ ਜਾ ਰਹੀਆਂ। ਮਾਲੀ ਸੰਕਟ ਕਾਰਨ ਸਰਕਾਰ ਨੇ ਨਿਗਮਾਂ ਤੇ ਬੋਰਡਾਂ ਦੇ ਪੈਸੇ ਨੂੰ ਹੁਣ ਵਾਢਾ ਲਾ ਲਿਆ ਹੈ।

## ਕੇਂਦਰ ਨੇ ਢੀਂਡਸਾ ਦਾ ਬਜਟ ਉਲਝਾਇਆ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵਲੋਂ 2015-16 ਲਈ ਪੇਸ਼ ਕੀਤਾ ਜਾਣ ਵਾਲਾ ਬਜਟ ਕਾਫੀ ਕਸੂਤੀ ਸਥਿਤੀ ਵਿਚ ਫਸਿਆ ਹੋਇਆ ਹੈ। ਕੇਂਦਰ ਸਰਕਾਰ ਵਲੋਂ ਸਕੀਮਾਂ ਦੀ ਜਲਦਬਾਜ਼ੀ ਵਿਚ ਕੀਤੀ ਗਈ ਅਦਲਾ-ਬਦਲੀ ਕਾਰਨ ਵਿੱਤ ਵਿਭਾਗ ਕੇਂਦਰੀ ਮੰਤਰਾਲਿਆਂ ਤੋਂ ਹਰ ਸਕੀਮ ਵਿਚ ਆਪਣੇ ਹਿੱਸੇ ਵਿਚ ਆਉਣ ਵਾਲੀ ਰਾਸ਼ੀ ਲਈ ਮੱਥਾ-ਪੱਚੀ ਕਰ ਰਿਹਾ ਹੈ ਪਰ ਅਜੇ ਤੱਕ ਕੋਈ ਸਪਸ਼ਟ ਜਵਾਬ ਨਹੀਂ ਮਿਲ ਰਿਹਾ।

ਮੋਦੀ ਸਰਕਾਰ ਵਲੋਂ 14ਵੇਂ ਵਿੱਤ ਕਮਿਸ਼ਨ ਦੀ ਟੈਕਸਾਂ ਦੀ ਮੁੜ ਹਿੱਸੇਦਾਰੀ ਦੀ ਕੀਤੀ ਸਿਫਾਰਸ਼ ਨੂੰ ਮੰਨ ਕੇ ਕੇਂਦਰੀ ਟੈਕਸਾਂ ਵਿਚ ਸੂਬੇ ਦਾ ਹਿੱਸਾ 32 ਫੀਸਦੀ ਤੋਂ ਵਧਾ ਕੇ 42 ਫੀਸਦੀ ਕਰ ਦਿੱਤਾ ਸੀ। ਵਿੱਤ ਮੰਤਰੀ ਅਰੁਣ ਜੇਤਲੀ ਵਲੋਂ ਪੇਸ਼ ਕੀਤੇ ਬਜਟ ਅਨੁਸਾਰ 66 ਸਕੀਮਾਂ ਵਿਚੋਂ ਸਿਰਫ 31 ਹੀ ਨਿਰੋਲ ਕੇਂਦਰੀ ਸਕੀਮਾਂ ਰਹਿ ਗਈਆਂ ਹਨ। ਸੂਬੇ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ 20 ਮਾਰਚ ਨੂੰ ਬਜਟ ਪੇਸ਼ ਕਰਨਾ ਹੈ। ਉਨ੍ਹਾਂ ਵਿੱਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕੋਈ ਨਾ ਕੋਈ ਹੱਲ ਕੱਢ ਕੇ ਬਜਟ ਤਜਵੀਜ਼ਾਂ ਤਿਆਰ ਕਰਨ ਦੇ ਹੁਕਮ ਦਿੱਤੇ ਹਨ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Gurbans Gill
Office 209-835-4545
Direct 209-815-1869
Fax: 209-836-0706
www.gotracy.com
1486 W 11th Street, Tracy, CA 95376

# ਪੰਜਾਬ ਲਈ ਕੁੜੀ-ਮਾਰ ਦਾ ਦਾਗ ਧੋਣਾ ਅਜੇ ਦੂਰ ਦੀ ਕੌਡੀ

**ਬਠਿੰਡਾ:** ਪੰਜਾਬ ਦੇ ਹਰ ਕੋਨੇ ਵਿਚ ਕੌਮਾਂਤਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ ਪਰ ਸੂਬੇ ਦੀ ਹਕੀਕਤ ਕੁਝ ਹੋਰ ਬਿਆਨਦੀ ਹੈ। ਪੰਜਾਬ ਕੁੱਖ ਵਿਚ ਧੀਆਂ ਮਾਰਨ ਦੇ ਮਾਮਲੇ ਵਿਚ ਦੇਸ਼ ਵਿਚੋਂ ਚੌਥੇ ਨੰਬਰ ਉਤੇ ਹੈ। ਜਦੋਂ ਤੋਂ ਪੰਜਾਬ ਵਿਚ ਭਰੂਣ ਹੱਤਿਆ ਦੇ ਮਾਮਲੇ ਵਿਚ ਸਖ਼ਤੀ ਵਧੀ ਹੈ, ਉਦੋਂ ਤੋਂ ਸੂਬੇ ਦੇ ਲੋਕ ਰਾਜਸਥਾਨ ਜਾਣ ਲੱਗੇ ਹਨ। ਕੇਂਦਰ ਸਰਕਾਰ ਨੇ ਹਾਲਾਤ ਨੂੰ ਦੇਖਦੇ ਹੋਏ ਹੁਣ ਪੰਜਾਬ ਨੂੰ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ ਸਭ ਤੋਂ ਵੱਧ ਪੈਸਾ ਜਾਰੀ ਕੀਤਾ ਹੈ।

ਕੇਂਦਰੀ ਸਿਹਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਦਸੰਬਰ 2014 ਤੱਕ ਪੀ.ਐਨ.ਡੀ.ਟੀ. ਐਕਟ ਤਹਿਤ 127 ਕੇਸ ਦਰਜ ਹੋਏ ਹਨ। ਪੀ.ਐਨ.ਡੀ.ਟੀ. ਐਕਟ ਲਾਗੂ ਹੋਣ ਤੋਂ ਦਸੰਬਰ 2014 ਤੱਕ ਸਿਰਫ 28 ਕੇਸਾਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ। ਲੰਘੇ ਛੇ ਵਰ੍ਹਿਆਂ ਵਿਚ ਤਾਂ ਸਿਰਫ ਦੋ ਕੇਸਾਂ ਵਿਚ ਹੀ ਸਜ਼ਾ ਹੋਈ ਹੈ। ਵੇਰਵਿਆਂ ਅਨੁਸਾਰ ਦੇਸ਼ ਵਿਚੋਂ ਪਹਿਲੇ ਨੰਬਰ 'ਤੇ ਰਾਜਸਥਾਨ ਹੈ ਜਿਥੇ ਹੁਣ ਤੱਕ ਭਰੂਣ ਹੱਤਿਆ ਦੇ 595 ਕੇਸ ਦਰਜ ਹੋਏ ਹਨ ਤੇ ਰਾਜਸਥਾਨ ਵਿਚ 37 ਕੇਸਾਂ ਵਿਚ ਹੀ ਸਜ਼ਾ ਹੋਈ ਹੈ। ਪੰਜਾਬ ਦੇ ਬਹੁਤੇ ਲੋਕ ਭਰੂਣ ਹੱਤਿਆ ਵਾਸਤੇ ਰਾਜਸਥਾਨ ਜਾਂਦੇ ਹਨ। ਦੇਸ਼ ਵਿਚੋਂ ਦੂਸਰਾ ਨੰਬਰ ਮਹਾਂਰਾਸ਼ਟਰ ਦਾ ਹੈ, ਜਿਥੇ ਹੁਣ ਤੱਕ 496 ਕੇਸ ਦਰਜ ਹੋਏ ਹਨ ਜਦਕਿ ਤੀਸਰੇ ਨੰਬਰ ਉਤੇ ਯੂ.ਪੀ. ਹੈ, ਜਿਥੇ 137 ਕੇਸ ਦਰਜ ਹੋਏ ਹਨ। ਕੇਸਾਂ ਮੁਤਾਬਕ ਪੰਜਾਬ ਇਸ ਵੇਲੇ ਚੌਥੇ ਨੰਬਰ ਉਤੇ ਹੈ।

### ਵੱਧ ਭਰੂਣ ਹੱਤਿਆ ਵਾਲੇ 4 ਰਾਜਾਂ ਵਿਚ ਪੰਜਾਬ ਸ਼ਾਮਲ




ਪੰਜਾਬ ਵਿਚ ਧੀਆਂ ਨੂੰ ਕੁੱਖ ਵਿਚ ਮਾਰਨ ਦੇ ਸਾਲ 2011 ਵਿਚ 15, ਸਾਲ 2012 ਵਿਚ 25 ਤੇ ਸਾਲ 2013 ਵਿਚ 13 ਕੇਸ ਦਰਜ ਹੋਏ ਹਨ ਜਦਕਿ ਕੁੜੀ ਨੂੰ ਜਨਮ ਮਗਰੋਂ ਮਾਰਨ ਦੇ ਇਨ੍ਹਾਂ ਤਿੰਨ ਵਰ੍ਹਿਆਂ ਵਿਚ 13 ਕੇਸ ਵੱਖਰੇ ਦਰਜ ਹੋਏ ਹਨ। ਐਕਟ ਦੇ ਲਾਗੂ ਹੋਣ ਤੋਂ ਦਸੰਬਰ 2014 ਤੱਕ ਭਰੂਣ ਹੱਤਿਆ ਵਿਚ ਸ਼ਾਮਲ ਡਾਕਟਰਾਂ ਵਿਚੋਂ ਸਿਰਫ ਚਾਰ ਡਾਕਟਰਾਂ ਦੇ ਹੀ ਲਾਇਸੈਂਸ ਰੱਦ ਹੋਏ ਹਨ। ਸੂਤਰਾਂ ਮੁਤਾਬਕ ਪੁਲਿਸ ਕੇਸ ਤਾਂ ਦਰਜ ਕਰ ਲੈਂਦੀ ਹੈ ਪਰ ਅਦਾਲਤਾਂ ਵਿਚ ਬਹੁਤੀ ਸਫ਼ਲਤਾ ਹੱਥ ਨਹੀਂ ਲੱਗਦੀ। ਬੇਟੀ ਬਚਾਓ ਮੰਚ ਦੇ ਕਨਵੀਨਰ ਐਡਵੋਕੇਟ ਰਜਨੀਸ਼ ਰਾਣਾ ਨੇ ਕਿਹਾ ਕਿ ਅਸਲ ਵਿਚ ਪੀ.ਐਨ.ਡੀ.ਟੀ. ਕੇਸਾਂ ਵਿਚ ਮਾਪੇ ਤੇ ਡਾਕਟਰਾਂ ਦੀ ਸ਼ਮੂਲੀਅਤ ਹੁੰਦੀ ਹੈ, ਜਿਸ ਕਰ ਕੇ ਮੁਢਲੇ ਸਬੂਤਾਂ ਦੀ ਕਮੀ ਰਹਿ ਜਾਂਦੀ ਹੈ। ਉਨ੍ਹਾਂ ਆਖਿਆ ਕਿ ਜਿੰਨਾ ਸਮਾਂ ਧੀਆਂ ਲਈ ਕੇਂਦਰ ਸਰਕਾਰ ਵਲੋਂ ਸਮਾਜਕ ਸੁਰੱਖਿਆ ਯਕੀਨੀ ਨਹੀਂ ਬਣਾਈ ਜਾਂਦੀ, ਉਨਾ ਸਮਾਂ ਬਹੁਤਾ ਕੁਝ ਸੰਭਵ ਨਹੀਂ ਹੈ। ਪੰਜਾਬ ਵਿਚ ਹੁਣ ਨੰਨ੍ਹੀ ਛਾਂ ਪ੍ਰਾਜੈਕਟ ਵੀ ਮੱਠਾ ਪੈ ਗਿਆ ਹੈ।

ਇਸ ਪ੍ਰਾਜੈਕਟ ਤਹਿਤ ਧੀ ਤੇ ਰੁੱਖ ਬਚਾਉਣ ਦਾ ਸੱਦਾ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵਲੋਂ ਵੀ ਇਸ ਮੁਹਿੰਮ ਵਿਚ ਯੋਗਦਾਨ ਪਾਇਆ ਗਿਆ ਸੀ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਦਾ ਕਹਿਣਾ ਹੈ ਕਿ ਭਰੂਣ ਹੱਤਿਆ ਦੇ ਮਾਮਲੇ ਵਿਚ ਪੰਜਾਬ ਦੀ ਸਥਿਤੀ ਕਾਫੀ ਸੁਧਰੀ ਹੈ ਕਿਉਂਕਿ ਪੰਜਾਬ ਪਹਿਲਾਂ ਦੇਸ਼ ਵਿਚੋਂ ਪਹਿਲੇ ਨੰਬਰ ਉਤੇ ਸੀ। ਪੰਜਾਬ ਵਿਚ ਸਜ਼ਾ ਦਰ ਵੀ ਪਹਿਲਾਂ ਸਭ ਤੋਂ ਉਚੀ ਸੀ ਪਰ ਹੁਣ ਮਹਾਂਰਾਸ਼ਟਰ ਪਹਿਲੇ ਨੰਬਰ ਉਤੇ ਹੈ। ਉਨ੍ਹਾਂ ਆਖਿਆ ਕਿ ਸਮਾਜਕ ਚੇਤਨਾ ਬਿਨਾਂ ਇਹ ਜੁਰਮ ਰੋਕਣਾ ਮੁਸ਼ਕਲ ਹੈ।

## ਭਾਰਤ ਵਿਚ ਨਾਰੀ ਅਜੇ ਵੀ ਹੈ ਵਿਚਾਰੀ

**ਨਵੀਂ ਦਿੱਲੀ:** ਭਾਵੇਂ ਭਾਰਤ ਦੇ ਸੰਵਿਧਾਨ ਵਿਚ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਦੇਸ਼ ਵਿਚ ਔਰਤਾਂ ਰੋਜ਼ਾਨਾ ਵੱਖ-ਵੱਖ ਤਰ੍ਹਾਂ ਦੀ ਹਿੰਸਾ ਨੂੰ ਝੱਲ ਰਹੀਆਂ ਹਨ। ਕੌਮੀ ਰਿਕਾਰਡ ਅਪਰਾਧ ਬਿਊਰੋ ਮੁਤਾਬਕ ਸਾਲ 2013 ਵਿਚ ਦੇਸ਼ ਅੰਦਰ ਔਰਤਾਂ ਖਿਲਾਫ 309546 ਅਪਰਾਧ ਦਰਜ ਹੋਏ। ਇਨ੍ਹਾਂ ਵਿਚ 33707 ਜਬਰ ਜਨਾਹ ਤੇ 5188 ਅਗਵਾ ਦੇ ਕੇਸ ਹਨ।

ਇਕ ਗੈਰ-ਸਰਕਾਰੀ ਸੰਸਥਾ ਦੀ ਸੀ.ਈ.ਓ. ਸ਼ੋਨਾਲੀ ਖਾਨ ਨੇ ਕਿਹਾ ਕਿ ਦੇਸ਼ ਵਿਚ ਲੜਕੀਆਂ ਦੀ ਜਨਮ ਦਰ ਡਿੱਗ ਰਹੀ ਹੈ ਤੇ ਔਰਤਾਂ ਤੇ ਲੜਕੀਆਂ ਖਿਲਾਫ ਜਬਰ ਜਨਾਹ ਤੇ ਘਰੇਲੂ ਹਿੰਸਾ ਦੇ ਕੇਸ ਵਧ ਰਹੇ ਹਨ। ਦੁਨੀਆਂ ਬਦਲ ਰਹੀ ਹੈ ਪਰ ਔਰਤਾਂ ਪ੍ਰਤੀ ਮਾਨਸਿਕਤਾ ਨਹੀਂ ਬਦਲ ਰਹੀ। ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਇਕ ਹਜ਼ਾਰ ਪੁਰਸ਼ਾਂ ਪਿੱਛੇ 918 ਔਰਤਾਂ ਹਨ ਤੇ ਸਾਲ 2001 ਵਿਚ ਇਹ ਅਨੁਪਾਤ 1000:927 ਦਾ ਸੀ। ਕੌਮਾਂਤਰੀ ਕਿਰਤ ਸੰਗਠਨ ਮੁਤਾਬਕ ਭਾਰਤ ਵਿਚ 58 ਫੀਸਦੀ ਬੱਚੀਆਂ ਨੂੰ ਕੋਈ ਡਾਕਟਰੀ ਸਹਾਇਤਾ ਨਹੀਂ ਦਿੱਤੀ ਜਾਂਦੀ।

## ਪੇਪਰ ਦੇ ਕੇ ਪਰਤ ਰਹੀ ਲੜਕੀ 'ਤੇ ਤੇਜ਼ਾਬ ਸੁੱਟਿਆ

**ਕਾਹਨੂੰਵਾਨ:** ਸੂਬਾ ਪੱਧਰ ਦੀ ਨੈਟ ਬਾਲ ਖਿਡਾਰਨ ਰਾਜਵਿੰਦਰ ਕੌਰ 'ਤੇ ਕੁਝ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ ਜਿਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਹ ਬਾਰ੍ਹਵੀਂ ਦਾ ਇਮਤਿਹਾਨ ਦੇ ਕੇ ਘਰ ਪਰਤ ਰਹੀ ਸੀ ਜਦੋਂ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਤੇਜ਼ਾਬ ਨਾਲ ਭਰਿਆ ਡੱਬਾ ਉਸ ਦੇ ਚਿਹਰੇ ਅਤੇ ਸਰੀਰ 'ਤੇ ਸੁੱਟ ਦਿੱਤਾ।

ਲੜਕੀ ਮੁਤਾਬਕ ਹਮਲਾਵਰਾਂ ਨੇ ਕੱਪੜੇ ਨਾਲ ਮੂੰਹ ਢਕੇ ਹੋਏ ਸਨ। ਰਾਜਵਿੰਦਰ ਨੇ ਦੱਸਿਆ ਕਿ ਮੂੰਹ ਢਕੇ ਹੋਣ ਕਰਕੇ ਉਹ ਲੜਕਿਆਂ ਨੂੰ ਪਛਾਣ ਨਹੀਂ ਸਕੀ। ਉਸ ਦੀ ਮਾਂ ਕਮਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਹੈ ਪਰ ਉਨ੍ਹਾਂ ਦੀ ਧੀ ਦੀ ਜ਼ਿੰਦਗੀ ਖਰਾਬ ਕਰ ਦਿੱਤੀ ਹੈ।

ਪੁਲਿਸ ਨੇ ਇਸ ਮਾਮਲੇ ਵਿਚ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਉਧਰ ਪੰਜਾਬ ਸਰਕਾਰ ਨੇ ਪੀੜਤ ਲੜਕੀ ਦੇ ਇਲਾਜ ਦਾ ਸਾਰਾ ਖਰਚਾ ਚੁੱਕਣ ਦਾ ਐਲਾਨ ਕੀਤਾ ਹੈ।

## ਐਨ.ਆਰ.ਆਈ. ਸਭਾ ਦੇ ਪ੍ਰਧਾਨ ਦੀ ਛੁੱਟੀ

**ਜਲੰਧਰ:** ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਮਿਆਦ ਪੁਗ ਜਾਣ ਕਾਰਨ ਪੰਜਾਬ ਸਰਕਾਰ ਨੇ ਜਸਬੀਰ ਸਿੰਘ ਗਿੱਲ ਨੂੰ ਅਹੁਦੇ ਤੋਂ ਫਾਰਗ ਕਰਕੇ ਸਭਾ ਦਾ ਕੰਮ ਚਲਾਉਣ ਦੀ ਜ਼ਿੰਮੇਵਾਰੀ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਆਰ. ਵੈਂਕਟਰਤਨਮ ਨੂੰ ਸੌਂਪ ਦਿੱਤੀ ਹੈ।

ਮੁੱਖ ਮੰਤਰੀ ਵਲੋਂ ਪੰਜ ਮਾਰਚ ਨੂੰ ਇਸ ਬਾਰੇ ਫਾਈਲ ਉਪਰ ਦਸਤਖਤ ਕਰਨ ਤੋਂ ਤੁਰੰਤ ਬਾਅਦ ਸ਼ਾਮ ਨੂੰ ਕਮਿਸ਼ਨਰ ਨੇ ਸਭਾ ਦਾ ਚਾਰਜ ਸੰਭਾਲ ਲਿਆ। ਵਰਣਨਯੋਗ ਹੈ ਕਿ ਪਿਛਲੇ ਪ੍ਰਧਾਨ ਜਸਬੀਰ ਸਿੰਘ ਗਿੱਲ ਦੀ ਪ੍ਰਧਾਨਗੀ ਦਾ ਸਮਾਂ 27 ਫਰਵਰੀ ਨੂੰ ਖਤਮ ਹੋ ਗਿਆ ਸੀ, ਪਰ ਸਰਕਾਰ ਵਲੋਂ ਕੋਈ ਫੈਸਲਾ ਨਾ ਲਏ ਜਾਣ ਕਾਰਨ ਸ. ਗਿੱਲ ਹੀ ਅਹੁਦੇ ਉਪਰ ਚਲੇ ਆ ਰਹੇ ਸਨ। ਹਾਲਾਂਕਿ ਐਨ.ਆਰ.ਆਈ. ਸਭਾ ਦੇ ਸੰਵਿਧਾਨ ਮੁਤਾਬਕ ਮਿਆਦ ਪੁਗਣ ਬਾਅਦ ਪ੍ਰਧਾਨ ਦੇ ਅਹੁਦੇ ਉਪਰ ਰਹਿਣ ਦੀ ਕੋਈ ਵਿਵਸਥਾ ਨਹੀਂ।

ਇਸ ਮਸਲੇ ਬਾਬਤ ਡਵੀਜ਼ਨਲ ਕਮਿਸ਼ਨਰ ਆਰ. ਵੈਂਕਟਰਤਨਮ ਨੇ ਦੱਸਿਆ ਕਿ ਉਨ੍ਹਾਂ ਅਹੁਦਾ ਸੰਭਾਲ ਲਿਆ ਹੈ ਤੇ ਸਭਾ ਦੀ ਚੋਣ ਜਲਦੀ ਕਰਵਾਏ ਜਾਣ ਬਾਰੇ ਉਹ ਸਾਰੇ ਹਾਲਾਤ ਦਾ ਜਾਇਜ਼ਾ ਲੈਣਗੇ ਤੇ ਉਸ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਭਾ ਦੀ ਚੋਣ ਵਿਚ ਦੇਰੀ ਨਹੀਂ ਕੀਤੀ ਜਾਵੇਗੀ।

# ਬਿਹਾਰ 'ਚ ਛਪਣਗੇ ਭਗਤ ਸਿੰਘ ਦੇ ਫਾਂਸੀ ਦਸਤਾਵੇਜ਼

**ਪਟਨਾ:** ਬਿਹਾਰ ਦੇ ਪੁਰਾਤਤਵ ਵਿਭਾਗ ਵਲੋਂ ਬਰਤਾਨਵੀ ਰਾਜ ਸਮੇਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ 'ਤੇ ਲਟਕਾਏ ਜਾਣ ਦੀਆਂ ਬਾਰੀਕ ਜਾਣਕਾਰੀਆਂ ਸਮੇਤ ਕਈ ਦੁਰਲੱਭ ਦਸਤਾਵੇਜ਼ ਤੇ ਤਸਵੀਰਾਂ ਜਿਨ੍ਹਾਂ 'ਤੇ ਉਸ ਸਮੇਂ ਪਾਬੰਦੀ ਲਾਈ ਗਈ ਸੀ, ਨੂੰ ਛੇਤੀ ਹੀ ਤਿੰਨ ਵੱਡੇ ਹਿੱਸਿਆਂ ਵਿਚ ਛਾਪਿਆ ਜਾ ਰਿਹਾ ਹੈ। 'ਤਿੰਨ ਸ਼ਹੀਦ' ਦੇ ਸਿਰਲੇਖ ਵਾਲੀ ਲਿਥੋਗ੍ਰਾਫ਼ੀ ਵਿਧੀ ਨਾਲ ਉਕੇਰੀਆਂ ਗਈਆਂ ਤਸਵੀਰਾਂ ਨੂੰ ਅੰਗਰੇਜ਼ਾਂ ਸਮੇਂ ਕਲਕੱਤਾ (ਹੁਣ ਕੋਲਕਾਤਾ) ਵਿਚ ਪ੍ਰਦਰਸ਼ਤ ਕੀਤਾ ਗਿਆ ਸੀ। ਇਕ ਤਸਵੀਰ ਵਿਚ ਪਿਛਲੇ ਪਾਸੇ ਕ੍ਰਾਂਤੀਕਾਰੀਆਂ ਨਾਲ ਭਰੀ ਜੇਲ੍ਹ ਨੂੰ ਵੀ ਵਿਖਾਇਆ ਗਿਆ ਹੈ। ਸੱਜੇ ਪਾਸੇ ਇਕ ਜਹਾਜ਼ ਵਿਚ ਲੋਕਾਂ ਦਾ ਇਕੱਠ ਦਿੱਸ ਰਿਹਾ ਹੈ ਜਿਨ੍ਹਾਂ ਨੂੰ ਕਾਲਾ ਪਾਣੀ (ਅੰਡੇਮਾਨ ਦੀਪ ਦੇ ਕੈਦਖਾਨੇ ਵਿਚ) ਦੀ ਸਜ਼ਾ ਲਈ ਲਿਜਾਇਆ ਜਾ ਰਿਹਾ ਹੈ। ਲਾਹੌਰ ਵਿਚ 1931 ਵਿਚ ਤਿੰਨਾਂ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਬਰਤਾਨਵੀ ਸਰਕਾਰ ਨੇ ਇਸ ਨੂੰ ਪਾਬੰਦੀਸ਼ੁਦਾ ਕਰਾਰ ਦੇ ਕੇ ਜ਼ਬਤ ਕਰ ਲਿਆ ਸੀ।



ਤਿੰਨਾਂ ਨੂੰ ਫਾਂਸੀ ਦਿੱਤੇ ਜਾਣ ਦੀ ਇਸ ਤਸਵੀਰ ਹੇਠਾਂ ਮਸ਼ਹੂਰ ਕਵਿਤਾ ਦੀ ਸਤਰ 'ਰੰਗ ਦੇ ਬਸੰਤੀ ਚੋਲਾ...' ਲਿਖਿਆ ਹੈ ਜੋ ਬਿਹਾਰ ਰਾਜ ਪੁਰਾਲੇਖ (ਬੀ.ਐਸ.ਏ.) ਵਿਚ ਮੌਜੂਦ ਹੈ ਤੇ ਇਸ ਨਾਲ ਗ਼ੁਲਾਮੀ ਦੇ ਸਮੇਂ ਦੌਰਾਨ ਸਮੁੱਚੇ ਦੇਸ਼ ਵਿਚ ਪਾਬੰਦੀ ਲੱਗੇ ਕਈ ਦੁਰਲੱਭ ਦਸਤਾਵੇਜ਼ ਵੀ ਹਨ। ਸਾਲ 1930 ਵਿਚ ਨਾਮਿਲਵਰਤਣ ਅੰਦੋਲਨ ਨੇ ਲੋਕਾਂ ਵਿਚ ਕੌਮੀ ਚੇਤਨਾ ਜਗਾਈ ਤੇ ਤਿੰਨਾਂ ਦੀ ਫਾਂਸੀ ਤੋਂ ਬਾਅਦ ਬਰਤਾਨਵੀ ਸਰਕਾਰ ਨੇ ਅੰਦੋਲਨ ਦੇ ਡਰ ਨਾਲ ਸਰਕਾਰ ਵਿਰੋਧੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਸਾਹਿਤ ਨੂੰ ਜ਼ਬਤ ਕਰ ਲਿਆ ਸੀ। ਬੀ.ਐਸ.ਏ. ਦੇ ਡਾਇਰੈਕਟਰ ਵਿਜੈ ਕੁਮਾਰ ਨੇ ਕਿਹਾ ਕਿ ਇਸ ਲਈ ਬੀਤੇ ਤਿੰਨ ਸਾਲਾਂ ਦੌਰਾਨ ਅਸੀਂ ਸੂਬਾ ਪੁਰਾਲੇਖ ਦੇ ਸਾਰੇ ਰਿਕਾਰਡ ਨੂੰ ਘੋਖਿਆ ਤੇ ਉਸ ਨੂੰ ਇਕੱਠਾ ਕੀਤਾ ਤੇ ਬਰਤਾਨਵੀ ਰਾਜ ਦੌਰਾਨ ਪਾਬੰਦੀਸ਼ੁਦਾ ਦਸਤਾਵੇਜ਼ਾਂ ਤੇ ਸਾਹਿਤਾਂ ਨੂੰ ਇਕੱਠਾ ਕਰਨ ਦਾ ਕੰਮ ਕੀਤਾ। ਇਨ੍ਹਾਂ ਰਿਕਾਰਡਾਂ ਵਿਚੋਂ 80 ਤੋਂ 90 ਫੀਸਦੀ ਬਿਹਾਰ ਨਾਲ ਸਬੰਧਤ ਹਨ। ਅਜਿਹੇ ਵੀ ਰਿਕਾਰਡ ਹਨ ਜੋ ਪੰਜਾਬ, ਦਿੱਲੀ, ਉਤਰ ਪ੍ਰਦੇਸ਼, ਬੰਗਾਲ ਤੇ ਤਾਮਿਲਨਾਡੂ ਨਾਲ ਜੁੜੇ ਹਨ।

ਉਨ੍ਹਾਂ ਕਿਹਾ ਕਿ 1915 ਤੋਂ 1947 ਦੇ ਸਮੇਂ 'ਤੇ ਕੇਂਦਰਤ 'ਬਿਹਾਰ ਰਾਜ ਪੁਰਾਲੇਖ ਵਿਚ ਪਾਬੰਦੀਸ਼ੁਦਾ ਦਸਤਾਵੇਜ਼ਾਂ ਦੇ ਰਿਕਾਰਡ -ਭਾਗ ਇਕ, ਦੋ ਤੇ ਤਿੰਨ' ਸਿਰਲੇਖ ਵਾਲੀਆਂ ਇਹ ਜਿਲਦਾਂ ਫ਼ਿਲਹਾਲ ਛਪਾਈ ਅਧੀਨ ਹਨ ਤੇ ਇਸ ਨੂੰ ਮਾਰਚ ਦੇ ਅਖ਼ੀਰ ਤੱਕ ਪ੍ਰਦਰਸ਼ਿਤ ਕੀਤਾ ਜਾਵੇਗਾ। ਹੋਰ ਰਿਕਾਰਡਾਂ ਵਿਚ ਬਿਹਾਰ ਕਾਂਗਰਸ ਦੇ ਆਗੂ ਸ੍ਰੀਕ੍ਰਿਸ਼ਨ ਸਿੰਘ ਦੇ ਉਨ੍ਹਾਂ ਦੇ ਜੱਦੀ ਸ਼ਹਿਰ ਮੁੰਗੇਰ ਵਿਚ ਹਵੇਲੀ ਖੜਗਪੁਰ ਨਾਲ ਸਬੰਧਤ ਰਿਕਾਰਡ ਵੀ ਹਨ।

1923 ਵਿਚ 'ਭਾਰਤ ਦੁਰਦਸ਼ਾ' ਨਾਟਕ ਲਿਖ ਕੇ ਨਾਟਕ ਤੇ ਅਦਾਕਾਰੀ ਲਈ ਉਨ੍ਹਾਂ ਉਤੇ ਬਗ਼ਾਵਤ ਦਾ ਦੋਸ਼ ਲੱਗਾ ਸੀ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਇਸ ਨਾਟਕ ਵਿਚ ਦੇਸ਼ ਅੰਦਰ ਮੌਜੂਦ ਆਰਥਕ ਸੋਸ਼ਣ ਨੂੰ ਦਿਖਾਇਆ ਗਿਆ ਸੀ। ਉਹ ਬਾਅਦ ਵਿਚ ਆਜ਼ਾਦ ਭਾਰਤ ਵਿਚ ਬਿਹਾਰ ਦੇ ਪਹਿਲੇ ਮੁੱਖ ਮੰਤਰੀ ਬਣੇ। ਬੀ.ਐਸ.ਏ. ਦੀ ਮੁਲਾਜ਼ਮ ਭਾਰਤੀ ਸ਼ਰਮਾ ਨੇ ਕਿਹਾ ਕਿ ਭਗਤ ਸਿੰਘ ਦੀ ਫਾਂਸੀ ਨਾਲ ਸਬੰਧਤ ਤਸਵੀਰ ਰਿਕਾਰਡਾਂ ਵਿਚ ਮੌਜੂਦ ਇਕ ਫਾਈਲ ਵਿਚ ਪਈ ਮਿਲੀ ਸੀ ਹਾਲਾਂਕਿ ਸਾਨੂੰ ਅਜੇ ਤੱਕ ਉਹ ਅਸਲ ਪ੍ਰਕਾਸ਼ਨ ਨਹੀਂ ਮਿਲ ਸਕਿਆ ਜਿਸ ਦਾ ਇਹ ਹਿੱਸਾ ਸੀ।

## ਪੰਜਾਬ ਦੇ 110 ਬਲਾਕਾਂ 'ਚ ਪਾਣੀ ਦਾ ਗੰਭੀਰ ਸੰਕਟ

**ਚੰਡੀਗੜ੍ਹ:** ਪੰਜਾਬ ਦੇ 19 ਜ਼ਿਲ੍ਹਿਆਂ ਵਿਚਲੇ 110 ਬਲਾਕਾਂ ਵਿਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੀ ਸਥਿਤੀ ਗੰਭੀਰ ਕਰਾਰ ਦਿੰਦਿਆਂ ਕੇਂਦਰੀ ਜਲ ਬੋਰਡ ਨਵੀਂ ਦਿੱਲੀ ਨੇ ਕੇਂਦਰੀ ਗਰੀਨ ਟ੍ਰਿਬਿਊਨਲ ਅੱਗੇ ਰਿਪੋਰਟ ਪੇਸ਼ ਕੀਤੀ ਹੈ। ਪੰਜਾਬ ਸਰਕਾਰ ਨੂੰ ਸਥਿਤੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕੇਂਦਰੀ ਜਲ ਬੋਰਡ ਨੇ ਗਰੀਨ ਟ੍ਰਿਬਿਊਨਲ ਅੱਗੇ ਹਲਫਨਾਮਾ ਦਾਇਰ ਕਰਦਿਆਂ ਕਿਹਾ ਹੈ ਕਿ ਇਸ ਸੂਬੇ ਦੇ 19 ਜ਼ਿਲ੍ਹਿਆਂ ਵਿਚਲੇ 110 ਬਲਾਕ ਅਜਿਹੇ ਹਨ, ਜਿਥੇ ਜ਼ਮੀਨ ਹੇਠਲੇ ਪਾਣੀ ਦੀ ਬੇਹਤਾਸ਼ਾ ਦੁਰਵਰਤੋਂ ਹੋਈ।

ਬੋਰਡ ਨੇ ਇਨ੍ਹਾਂ 110 ਬਲਾਕਾਂ ਨੂੰ 'ਓਵਰ ਐਕਸਪਲਾਇਟ' ਵਰਗ ਵਿਚ ਸ਼ਾਮਲ ਕੀਤਾ ਹੈ, ਜਦਕਿ 6 ਬਲਾਕਾਂ ਵਿਚ ਜ਼ਮੀਨਦੋਜ਼ ਪਾਣੀ ਦੇ ਪੱਧਰ ਦੀ ਸਥਿਤੀ ਨਾਜ਼ੁਕ ਕਰਾਰ ਦਿੱਤੀ ਹੈ। ਬੋਰਡ ਨੇ ਇਸ ਸਥਿਤੀ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਤੇ ਸੂਬੇ ਵਿਚ ਮੁਫ਼ਤ ਬਿਜਲੀ, ਬਿਜਲੀ ਸਬਸਿਡੀ ਦੀ ਦੁਰਵਰਤੋਂ ਨੂੰ ਇਸ ਸਥਿਤੀ ਦਾ ਕਾਰਨ ਦੱਸਿਆ ਹੈ। ਬੋਰਡ ਵਲੋਂ ਪੇਸ਼ ਕੀਤੀ ਗਈ ਇਸ ਰਿਪੋਰਟ ਨੇ ਗਰੀਨ ਟ੍ਰਿਬਿਊਨਲ ਵਿਚ ਪੰਜਾਬ ਵਿਚ ਨਵੇਂ ਟਿਊਬਵੈਲ ਕੁਨੈਕਸ਼ਨ ਜਾਰੀ ਕਰਨ 'ਤੇ ਲੱਗੀ ਰੋਕ ਬਾਰੇ ਚੱਲ ਰਹੇ ਕੇਸ ਨੂੰ ਗੰਭੀਰ ਤੇ ਫੈਸਲਾਕੁੰਨ ਮੋੜ 'ਤੇ ਲਿਆਂਦਾ ਹੈ।

# ਪਾਕਿਸਤਾਨ ਨੇ 'ਗਰੀਨ ਗੁਰਧਾਮ' ਪ੍ਰਾਜੈਕਟ ਲਈ ਭਰੀ ਹਾਮੀ

**ਲਾਹੌਰ:** ਪਾਕਿਸਤਾਨ ਨੇ ਦੇਸ਼ ਵਿਚਲੇ ਪਵਿੱਤਰ ਸਿੱਖ ਅਸਥਾਨਾਂ ਕਰਤਾਰਪੁਰ ਤੇ ਨਨਕਾਣਾ ਸਾਹਿਬ ਵਿਚ ਹਰਿਆਲੀ ਵਧਾਉਣ ਤੇ ਵਾਤਾਵਰਨ ਦੀ ਹਿਫਾਜ਼ਤ ਕਰਨ ਵਾਲੇ ਪ੍ਰਾਜੈਕਟਾਂ ਦੀ ਤਾਈਦ ਕੀਤੀ ਹੈ। ਇਹ ਪ੍ਰਾਜੈਕਟ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਦੇ ਹਿੱਸੇ ਵਜੋਂ ਲਿਆਂਦੇ ਜਾ ਰਹੇ ਹਨ। ਅਮਰੀਕਾ ਦੇ ਇਕ ਸਮੂਹ ਈਕੋ-ਸਿੱਖ ਨੇ ਇਹ ਜਾਣਕਾਰੀ ਦਿੱਤੀ ਹੈ। ਇਸ ਗਰੁਪ ਦੇ ਪ੍ਰਧਾਨ ਰਾਜਵੰਤ ਸਿੰਘ ਨੂੰ ਹਾਲ ਹੀ ਵਿਚ ਪਾਕਿਸਤਾਨ ਵਿਚਲੇ ਪੰਜਾਬ ਦੀ ਅਸੰਬਲੀ ਦੇ ਪਹਿਲੇ ਸਿੱਖ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨ ਸੱਦਿਆ ਸੀ। ਸਰਕਾਰੀ ਅਧਿਕਾਰੀਆਂ ਨਾਲ ਆਪਣੀਆਂ ਮੀਟਿੰਗਾਂ ਦੌਰਾਨ ਰਾਜਵੰਤ ਸਿੰਘ ਨੇ ਉਪਰੋਕਤ ਤਜਵੀਜ਼ ਰੱਖੀ ਸੀ।

ਡਾ. ਰਾਜਵੰਤ ਸਿੰਘ ਨੇ ਦੱਸਿਆ ਕਿ ਫੈਡਰਲ ਮੰਤਰੀ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ ਤੇ ਯੋਜਨਾ ਨੂੰ ਅਮਲ ਵਿਚ ਲਿਆਉਣ ਵਾਸਤੇ ਇਕ ਕਮੇਟੀ ਵੀ ਬਣਾਉਣ ਦਾ ਭਰੋਸਾ ਦਿੱਤਾ। ਦੋਵਾਂ ਸਥਾਨਾਂ ਨੇੜੇ 25 ਤੋਂ 30 ਏਕੜ ਜ਼ਮੀਨ ਵਿਚ ਜੰਗਲ ਲਾਉਣ ਦੀ ਯੋਜਨਾ ਹੈ, ਜਿਸ ਨਾਲ ਵਾਤਾਵਰਨ



ਸ਼ੁੱਧ ਹੋਵੇਗਾ। ਇਸ ਤੋਂ ਇਲਾਵਾ ਯੋਜਨਾ ਵਿਚ ਲੰਗਰ ਘਰ ਵਾਸਤੇ ਕੁਦਰਤੀ ਖੇਤੀ ਦਾ ਪ੍ਰਬੰਧ, ਸੂਰਜੀ ਊਰਜਾ ਵਾਸਤੇ ਸੋਲਰ ਪੈਨਲ ਲਾਉਣਾ, ਵਾਤਾਵਰਨ ਦੀ ਸਾਂਭ ਲਈ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨਾ ਸ਼ਾਮਲ ਹੈ।

ਇਸ ਬਾਰੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਨਾਲ ਵੀ ਵਿਚਾਰ-ਵਟਾਂਦਰਾ ਹੋਇਆ ਹੈ। ਵਾਤਾਵਰਨ ਮੰਤਰਾਲੇ ਨੂੰ ਵੀ ਇਕ ਮੁਕੰਮਲ ਯੋਜਨਾ ਬਣਾਉਣ ਲਈ ਆਖਿਆ ਹੈ। ਉਨ੍ਹਾਂ ਦੱਸਿਆ ਕਿ ਸਾਰੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਇਸ ਇਲਾਕੇ ਦੀ ਯੋਜਨਾ ਬਣਾਉਣ ਸਮੇਂ ਵਾਤਾਵਰਨ ਸਾਂਭ-ਸੰਭਾਲ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

ਔਕਾਫ ਬੋਰਡ ਦੇ ਸਕੱਤਰ ਖਾਲਿਦ ਅਲੀ ਨੇ ਆਖਿਆ ਕਿ ਇਥੇ ਵਿਕਾਸ ਗਰੀਨ ਮਾਸਟਰ ਪਲਾਨ ਦੇ ਤਹਿਤ ਹੀ ਹੋਵੇਗਾ। ਇਸੇ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਵਿਚ ਸੂਰਜੀ ਬਿਜਲੀ ਦੀ ਪੈਦਾਵਾਰ ਬਾਰੇ ਵੀ ਗੱਲਬਾਤ ਹੋਈ ਹੈ। ਉਥੇ ਹਜ਼ਾਰਾਂ ਏਕੜ ਜ਼ਮੀਨ ਟਰੱਸਟ ਕੋਲ ਹੈ। ਇਸ ਬਾਰੇ ਅਧਿਕਾਰੀਆਂ ਨੇ ਈਕੋ ਸਿੱਖ ਸੰਸਥਾ ਨੂੰ ਆਪਣੀ ਯੋਜਨਾ ਭੇਜਣ ਬਾਰੇ ਆਖਿਆ ਹੈ, ਜਿਸ ਦੇ ਆਧਾਰ 'ਤੇ ਉਹ ਆਪਣਾ ਮਾਸਟਰ ਪਲਾਨ ਤਿਆਰ ਕਰਨਗੇ। ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੇ ਆਖਿਆ ਕਿ ਇਸ ਯੋਜਨਾ ਦਾ ਮੁੱਖ ਮੰਤਵ ਸ਼ਤਾਬਦੀ ਸਮਾਗਮਾਂ ਸਮੇ ਚੰਗੇ ਕਾਰਜਾਂ ਨੂੰ ਕਰਨਾ ਹੈ, ਜੋ ਭਵਿੱਖ ਵਿਚ ਲੋਕ ਭਲਾਈ ਲਈ ਲਾਹੇਵੰਦ ਹੋਣ। ਜ਼ਿਕਰਯੋਗ ਹੈ ਕਿ ਅਮਰੀਕਾ ਆਧਾਰਿਤ ਇਸ ਸਿੱਖ ਸੰਸਥਾ ਵਲੋਂ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਨੂੰ ਵੀ ਹਰਾ-ਭਰਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ।

# ਬੁਢਾਪਾ ਪੈਨਸ਼ਨਰਾਂ ਨੂੰ ਮਹਿੰਗਾ ਪਿਆ ਸਰਕਾਰ ਦਾ ਨਵਾਂ ਤਜਰਬਾ

**ਬਠਿੰਡਾ:** ਪੰਜਾਬ ਸਰਕਾਰ ਵਲੋਂ ਤਜਰਬੇ ਦੇ ਤੌਰ ‘ਤੇ ਕੁਝ ਜ਼ਿਲ੍ਹਿਆਂ ਵਿਚ ਬੁਢਾਪਾ ਪੈਨਸ਼ਨਾਂ ਦੀ ਵੰਡ ਇਲੈਕਟ੍ਰਾਨਿਕ ਬੈਲੇਂਸ ਟਰਾਂਸਫਰ ਸਿਸਟਮ ਰਾਹੀਂ ਕਰਨ ਦਾ ਐਲਾਨ ਬਜ਼ੁਰਗ ਲਾਭਪਾਤਰੀਆਂ ਨੂੰ ਕਾਫੀ ਮਹਿੰਗਾ ਪੈ ਰਿਹਾ ਹੈ। ਇਸ ਨਵੀਂ ਪ੍ਰਣਾਲੀ ਨੇ ਬਜ਼ੁਰਗਾਂ ਦੀ ਖੱਜਲ ਖੁਆਰੀ ਵਧਾ ਦਿੱਤੀ ਹੈ। ਪ੍ਰਾਈਵੇਟ ਬੈਂਕ ਨੂੰ ਮੌਜ ਲੱਗ ਗਈ ਹੈ। ਪੰਜਾਬ ਸਰਕਾਰ ਨੇ ਸਤੰਬਰ ਮਹੀਨੇ ਤੱਕ ਦੋ ਮਹੀਨੇ ਦੀ ਪੈਨਸ਼ਨ ਬੈਂਕ ਨੂੰ ਅਕਤੂਬਰ ਮਹੀਨੇ ਵਿਚ ਹੀ ਟਰਾਂਸਫਰ ਕਰ ਦਿੱਤੀ ਸੀ ਪਰ ਬਜ਼ੁਰਗਾਂ ਨੂੰ ਇਹ ਪੈਨਸ਼ਨ ਹਾਲੇ ਤੱਕ ਨਹੀਂ ਮਿਲੀ। ਬੈਂਕ ਨੇ ਤਕਰੀਬਨ ਤਿੰਨ ਮਹੀਨੇ ਮਗਰੋਂ ਫਰਵਰੀ ਦੇ ਪਹਿਲੇ ਹਫਤੇ ਇਸ ਪੈਨਸ਼ਨ ਦੀ ਵੰਡ ਸ਼ੁਰੂ ਕੀਤੀ।




ਬਠਿੰਡਾ ਜ਼ਿਲ੍ਹੇ ਵਿਚ ਆਈ. ਸੀ. ਆਈ. ਸੀ. ਆਈ. ਬੈਂਕ ਵਲੋਂ ਬੁਢਾਪਾ ਪੈਨਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਜ਼ਿਲ੍ਹੇ ਦੇ ਤਕਰੀਬਨ 60 ਹਜ਼ਾਰ ਲਾਭਪਾਤਰੀਆਂ ਦੇ ਇਸ ਬੈਂਕ ਵਿਚ ਖਾਤੇ ਖੋਲ੍ਹ ਦਿੱਤੇ ਗਏ ਹਨ। ਪ੍ਰਾਈਵੇਟ ਬੈਂਕ ਵਲੋਂ ਹਰ ਲਾਭਪਾਤਰੀ ਦਾ ਸਮਾਰਟ ਕਾਰਡ ਬਣਾ ਕੇ ਦਿੱਤਾ ਗਿਆ ਹੈ। ਬੈਂਕ ਨੇ ਇਕ ਪ੍ਰਾਈਵੇਟ ਫੀਨੋ ਕੰਪਨੀ ਨਾਲ ਸਮਝੌਤਾ ਕੀਤਾ ਹੈ ਜਿਸ ਦੇ ਮੁਲਾਜ਼ਮ ਪਿੰਡ-ਪਿੰਡ ਜਾ ਕੇ ਬਜ਼ੁਰਗਾਂ ਨੂੰ ਇਲੈਕਟ੍ਰਾਨਿਕ ਵਿਧੀ ਨਾਲ ਬੁਢਾਪਾ ਪੈਨਸ਼ਨ ਦੀ ਵੰਡ ਕਰਦੇ ਹਨ। ਪਿੰਡ ਢੇਲਵਾਂ ਦੇ ਸਰਪੰਚ ਗੁਰਲਾਭ ਸਿੰਘ ਨੇ ਨਵੀਂ ਪ੍ਰਣਾਲੀ ਦੀ ਸਮੱਸਿਆ ਦੱਸੀ ਕਿ ਉਨ੍ਹਾਂ ਦੇ ਪਿੰਡ ਵਿਚ ਤਕਰੀਬਨ 75 ਲਾਭਪਾਤਰੀਆਂ ਨੂੰ ਹਾਲੇ ਤੱਕ ਬੈਂਕ ਨੇ ਸਮਾਰਟ ਕਾਰਡ ਹੀ ਨਹੀਂ ਦਿੱਤੇ।

ਸਰਕਾਰ ਨੇ ਅਕਤੂਬਰ ਮਹੀਨੇ ਵਿਚ ਪੈਨਸ਼ਨ ਭੇਜ ਦਿੱਤੀ ਸੀ ਪਰ ਉਨ੍ਹਾਂ ਨੂੰ ਹਾਲੇ ਤੱਕ ਨਹੀਂ ਮਿਲੀ। ਬਿਰਧ ਸੁਖਦੇਵ ਕੌਰ, ਬਸੰਤ ਕੌਰ ਤੇ ਬਚਨ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਬੈਂਕ ਦੀ ਇਲੈਕਟ੍ਰਾਨਿਕ ਮਸ਼ੀਨ ਵਿਚ ਫਿੰਗਰ ਪ੍ਰਿੰਟ ਹੀ ਮੈਚ ਨਹੀਂ ਕੀਤੇ ਜਿਸ ਕਰਕੇ ਉਨ੍ਹਾਂ ਨੂੰ ਪੈਨਸ਼ਨ ਦਿੱਤੀ ਹੀ ਨਹੀਂ। ਪਿੰਡ ਅਬਲੂ ਦੇ ਸਰਪੰਚ ਸਰਬਜੀਤ ਸ਼ਰਮਾ ਦਾ ਪ੍ਰਤੀਕਰਮ ਸੀ ਕਿ ਉਨ੍ਹਾਂ ਦੇ ਪਿੰਡ ਵਿਚ ਕੁੱਲ 350 ਲਾਭਪਾਤਰੀ ਹਨ ਜਿਨ੍ਹਾਂ ਵਿਚੋਂ ਪੰਜਾਹ ਫੀਸਦ ਨੂੰ ਹਾਲੇ ਤੱਕ ਪੈਨਸ਼ਨ ਬੈਂਕ ਨੇ ਵੰਡੀ ਨਹੀਂ ਹੈ। ਇਵੇਂ ਹੀ ਕੋਠੇ ਇੰਦਰ ਸਿੰਘ ਵਾਲਾ ਦੇ ਸਰਪੰਚ ਅਮਰਜੀਤ ਸਿੰਘ ਦਾ ਕਹਿਣਾ ਹੈ ਕਿ ਪੰਜ ਮਹੀਨੇ ਮਗਰੋਂ ਉਨ੍ਹਾਂ ਦੇ ਪਿੰਡ ਦੇ 35 ਲਾਭਪਾਤਰੀਆਂ ਨੂੰ ਸਮਾਰਟ ਕਾਰਡ ਹੀ ਨਹੀਂ ਮਿਲੇ ਜਿਸ ਕਰਕੇ ਉਹ ਪੈਨਸ਼ਨ ਤੋਂ ਵੀ ਵਾਂਝੇ ਹਨ। ਪਿੰਡ ਗੰਗਾ ਅਬਲੂ ਕੀ ਦੇ ਸਰਪੰਚ ਜਗਸੀਰ ਸਿੰਘ ਨੇ ਵੀ ਇਹੋ ਆਖਿਆ ਕਿ ਉਨ੍ਹਾਂ ਨੇ ਪਿੰਡ ਦੇ ਤਕਰੀਬਨ 100 ਲਾਭਪਾਤਰੀਆਂ ਨੂੰ ਪੈਨਸ਼ਨ ਨਹੀਂ ਮਿਲੀ ਨਹੀਂ। ਉਨ੍ਹਾਂ ਦੱਸਿਆ ਕਿ ਬੈਂਕ ਦੇ ਮੁਲਾਜ਼ਮ ਪਿੰਡਾਂ ਵਿਚ ਅੱਧੀ ਪਚੱਧੀ ਪੈਨਸ਼ਨ ਵੰਡ ਕੇ ਚਲੇ ਗਏ ਹਨ। ਬਹੁਤੇ ਸਰਪੰਚਾਂ ਦਾ ਕਹਿਣਾ ਹੈ ਕਿ ਬਜ਼ੁਰਗ ਉਨ੍ਹਾਂ ਦੇ ਘਰਾਂ ਵਿਚ ਗੇੜੇ ਮਾਰ ਰਹੇ ਹਨ ਜਦਕਿ ਬੈਂਕ ਮੁਲਾਜ਼ਮਾਂ ਦੇ ਪਿੰਡ ਵਿਚ ਆਉਣ ਦਾ ਕੋਈ ਪਤਾ ਨਹੀਂ ਲੱਗਦਾ। ਜ਼ਿਲ੍ਹਾ ਮੁਕਤਸਰ ਵਿਚ ਤਕਰੀਬਨ ਤਿੰਨ ਵਰ੍ਹਿਆਂ ਤੋਂ ਬੈਂਕ ਦੀ ਇਸ ਪ੍ਰਣਾਲੀ ਨਾਲ ਪੈਨਸ਼ਨ ਵੰਡੀ ਜਾ ਰਹੀ ਹੈ। ਸਰਪੰਚ ਯੂਨੀਅਨ ਦੇ ਪ੍ਰਧਾਨ ਰਾਜਵਿੰਦਰ ਸਿੰਘ (ਕੋਠੇ ਨਾਥੀਆਣਾ) ਦਾ ਕਹਿਣਾ ਸੀ ਕਿ ਇਸ ਨਵੀਂ ਪ੍ਰਣਾਲੀ ਨੇ ਬਿਰਧਾਂ ਤੇ ਸਰਪੰਚਾਂ ਦੀ ਖੱਜਲ-ਖੁਆਰੀ ਵਧਾ ਦਿੱਤੀ ਹੈ।

ਸੂਤਰ ਦੱਸਦੇ ਹਨ ਕਿ ਬੈਂਕ ਮੁਲਾਜ਼ਮਾਂ ਵਲੋਂ ਲਾਭਪਾਤਰੀਆਂ ਨੂੰ ਸਮਾਰਟ ਕਾਰਡਾਂ ਦੇ ਕਵਰ ਵੀ ਆਪਣੇ ਪੱਧਰ ‘ਤੇ ਹੀ ਦੇਣੇ ਸ਼ੁਰੂ ਕਰ ਦਿੱਤੇ ਹਨ। ਸੰਗਤ ਇਲਾਕੇ ਵਿਚ ਇਹ ਕਾਰਡ ਕਈ ਪਿੰਡਾਂ ਵਿਚ ਤੀਹ-ਤੀਹ ਰੁਪਏ ਵਿਚ ਦਿੱਤੇ ਜਾਣ ਤੋਂ ਰੌਲਾ ਵੀ ਪਿਆ ਹੈ। ਸਰਕਾਰ ਦੀ ਸਕੀਮ ਵਿਚ ਕਵਰ ਦੇਣੇ ਸ਼ਾਮਲ ਨਹੀਂ ਹਨ। ਸਰਪੰਚ ਇਸ ਪ੍ਰਣਾਲੀ ਦਾ ਵਿਰੋਧ ਕਰ ਰਹੇ ਹਨ ਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਨੂੰ ਵੀ ਇਸ ਬਾਰੇ ਸ਼ਿਕਾਇਤ ਕੀਤੀ ਹੈ। ਸਰਪੰਚਾਂ ਦਾ ਸਾਫ ਕਹਿਣਾ ਹੈ ਕਿ ਸਰਕਾਰ ਸਕੀਮ ਨੂੰ ਠੀਕ ਤਰੀਕੇ ਨਾਲ ਲਾਗੂ ਕਰੇ ਜਾਂ ਫਿਰ ਪੁਰਾਣਾ ਤਰੀਕਾ ਅਖਤਿਆਰ ਕੀਤਾ ਜਾਵੇ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਬਠਿੰਡਾ ਜਸਪਾਲ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਕਤੂਬਰ ਵਿਚ ਹੀ ਦੋ ਮਹੀਨੇ ਦੀ ਬੁਢਾਪਾ ਪੈਨਸ਼ਨ ਭੇਜ ਦਿੱਤੀ ਸੀ। ਨਵੀਂ ਪ੍ਰਣਾਲੀ ਹੋਣ ਕਰਕੇ ਕੁਝ ਦਿੱਕਤਾਂ ਆ ਰਹੀਆਂ ਹਨ ਜਿਨ੍ਹਾਂ ਨੂੰ ਦੂਰ ਕਰ ਦਿੱਤਾ ਜਾਵੇਗਾ।

ਕੋਆਰਡੀਨੇਟਰ ਪ੍ਰਾਈਵੇਟ ਬੈਂਕ ਦੇ ਇਸ ਸਕੀਮ ਦੇ ਜ਼ਿਲ੍ਹਾ ਕੋਆਰਡੀਨੇਟਰ ਕਾਲਾ ਸਿੰਘ ਦਾ ਕਹਿਣਾ ਸੀ ਕਿ ਅਸਲ ਵਿਚ ਦੋ ਮਹੀਨੇ ਦੀ ਪੈਨਸ਼ਨ ਵਿਚੋਂ 19 ਲੱਖ ਰੁਪਏ ਬੈਂਕ ਨੂੰ ਖਜ਼ਾਨੇ ’ਚੋਂ ਟਰਾਂਸਫਰ ਨਹੀਂ ਹੋਏ ਸਨ ਜਿਸ ਕਰਕੇ ਉਨ੍ਹਾਂ ਪੂਰੀ ਰਾਸ਼ੀ ਟਰਾਂਸਫਰ ਹੋਣ ਦੀ ਉਡੀਕ ਵਿਚ ਹੀ ਪੈਨਸ਼ਨ ਫਰਵਰੀ ਮਹੀਨੇ ਤੋਂ ਵੰਡਣੀ ਸ਼ੁਰੂ ਕੀਤੀ। ਉਨ੍ਹਾਂ ਕਿਹਾ ਕਿ ਕਰੀਬ 4 ਹਜ਼ਾਰ ਲਾਭਪਾਤਰੀਆਂ ਦੀ ਰਾਸ਼ੀ ਸਰਕਾਰ ਨੇ ਖਾਤਿਆਂ ’ਚ ਨਹੀਂ ਪਾਈ ਹੈ ਜਿਸ ਕਾਰਨ ਅਜਿਹੇ ਲਾਭਪਾਤਰੀਆਂ ਨੂੰ ਸਮਾਰਟ ਕਾਰਡ ਨਹੀਂ ਵੰਡੇ ਗਏ।


**ਜ਼ਮੀਨ ਵਿਕਾਊ ਹੈ**

ਪੰਜਾਬ ਵਿਚ ਪਟਿਆਲਾ-ਅੰਬਾਲਾ ਸੜਕ ‘ਤੇ ਪਟਿਆਲੇ ਤੋਂ 7 ਕਿਲੋਮੀਟਰ ਦੀ ਦੂਰੀ ‘ਤੇ ਪਿੰਡ ਅਸਰਪੁਰ ਸਾਹਮਣੇ ਖੇਤੀਬਾੜੀ ਹੇਠਲੀ 6 ਏਕੜ ਉਪਜਾਊ ਜ਼ਮੀਨ ਵਿਕਾਊ ਹੈ।
*ਜ਼ਮੀਨ ਨੂੰ ਨਹਿਰੀ ਪਾਣੀ ਲੱਗਦਾ ਹੈ।*
ਖਰੀਦਣ ਲਈ ਸੰਪਰਕ ਕਰੋ:
ਫੋਨ: 408-634-2310

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**
Email: Homeomdicine@yahoo.com
Website: www.Homeopathyatoz.com
***Toll Free: 1-877-OK-HOMEO (1-877-654-6636)***


## ਫ਼ੌਜ ਦੇ ਤਾਲਮੇਲ ਦੀ ਘਾਟ ਕਾਰਨ ਬਚ ਨਿਕਲਿਆ ਸੀ ਬ਼ਗਦਾਦੀ

**ਲੰਡਨ:** ਇਰਾਕ ਦੀ ਖੁਫੀਆ ਏਜੰਸੀ ਨੇ ਪਿਛਲੇ ਸਾਲ ਇਸਲਾਮਿਕ ਸਟੇਟ ਮੁਖੀ ਤੇ ਦੁਨੀਆਂ ਦੇ ਖੂੰਖਾਰ ਅਤਿਵਾਦੀ ਅਬੂ ਬਕਰ ਅਲ ਬਗਦਾਦੀ ਨੂੰ ਖੋਜ ਲਿਆ ਸੀ ਪਰ ਇਰਾਕ ਦੀ ਹਵਾਈ ਸੈਨਾ ਵੱਲੋਂ ਸਮੇਂ ਸਿਰ ਕਾਰਵਾਈ ਨਾ ਕੀਤੇ ਜਾਣ ਕਾਰਨ ਉਹ ਸੁਰੱਖਿਅਤ ਬਚ ਨਿਕਲਿਆ।

ਇਰਾਕ ਦੀ ਖੁਫੀਆ ਏਜੰਸੀ ‘ਫਾਲਕਨਜ਼ ਸੈੱਲ’ ਨੇ ਬੀਤੇ ਸਾਲ ਨਵੰਬਰ ਮਹੀਨੇ ਵਿਚ ਇਸਲਾਮਿਕ ਸਟੇਟ ਦੇ ਮੁਖੀ ਅਬੂ ਬਕਰ ਅਲ ਬਗਦਾਦੀ ਦਾ ਪਤਾ ਲਾ ਲਿਆ ਸੀ ਤੇ ਏਜੰਸੀ ਦੇ ਬਗਦਾਦ ਵਿਚ ਸਥਿਤ ਮੁੱਖ ਦਫਤਰ ਤੋਂ ਇਸ ਆਸ ਦੇ ਨਾਲ ਇਰਾਕ ਦੀ ਹਵਾਈ ਸੈਨਾ ਨੂੰ ਹੁਕਮ ਜਾਰੀ ਕੀਤਾ ਕਿ ਇਸ ਹਮਲੇ ਵਿਚ ਬਗਦਾਦੀ ਮਾਰਿਆ ਜਾਵੇਗਾ ਤੇ ਲੜਾਈ ਦਾ ਰੁਖ ਬਦਲ ਜਾਵੇਗਾ ਪਰ ਹਵਾਈ ਫੌਜ ਦੇ ਅਧਿਕਾਰੀਆਂ ਨੇ ਫੈਸਲਾ ਲੈਂਦਿਆਂ-ਲੈਂਦਿਆਂ ਸਮਾਂ ਲਾ ਦਿੱਤਾ ਤੇ ਇਸ ਦੌਰਾਨ ਬਗਦਾਦੀ ਬਚ ਕੇ ਨਿਕਲ ਗਿਆ।

## ਮੰਗਲ ਗ੍ਰਹਿ ਉਤੇ ਵੀ ਹੈ ਸਮੁੰਦਰ

**ਵਾਸ਼ਿੰਗਟਨ:** ਇਕ ਨਵੀਂ ਖੋਜ ਵਿਚ ਪਤਾ ਲੱਗਾ ਹੈ ਕਿ ਮੰਗਲ ਗ੍ਰਹਿ ਉਪਰ ਉੱਤਰੀ ਧਰੁਵ ਮਹਾਂਸਾਗਰ ਤੋਂ ਵੀ ਵੱਧ ਪਾਣੀ ਹੈ ਪਰ ਮੰਗਲ ਗ੍ਰਹਿ 87 ਫੀਸਦੀ ਪਾਣੀ ਪੁਲਾੜ ਵਿਚ ਹੀ ਗਵਾ ਚੁੱਕਾ ਹੈ। ਖੋਜੀਆਂ ਅਨੁਸਾਰ ਜਿਵੇਂ ਧਰਤੀ ਉੱਤੇ ਉੱਤਰੀ ਧਰੁਵ ਮਹਾਸਾਗਰ ਫੈਲਿਆ ਹੋਇਆ ਹੈ, ਉਵੇਂ ਹੀ ਮੰਗਲ ਗ੍ਰਹਿ ਦੀ ਸਤ੍ਹਾ ਉੱਤੇ ਵੀ ਸਮੁੰਦਰ ਹੈ। ਇਹ ਜਾਣਕਾਰੀ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਦੀਆਂ ਖੋਜਾਂ ਤੋਂ ਸਾਹਮਣੇ ਆਈ ਹੈ।




ਪੰਜਾਬ ਟਾਈਮਜ਼

*ਸਨਿਚਰਵਾਰ, 14 ਮਾਰਚ 2015*

# ਪੰਜਾਬ ਦੀ ਸਲਾਮਤੀ

ਪੰਜਾਬ ਕਾਂਗਰਸ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਪੂਰੇ ਜ਼ੋਰ-ਸ਼ੋਰ ਨਾਲ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਉਨ੍ਹਾਂ ਦਾ ਕਿਸੇ ਨਸ਼ਾ ਤਸਕਰ ਨਾਲ ਸਬੰਧ ਹੈ। ਉਨ੍ਹਾਂ ਦਾ ਆਖਣਾ ਹੈ ਕਿ ਉਨ੍ਹਾਂ ਦੇ ਸਿਆਸੀ ਜੀਵਨ ਨੂੰ ਖਤਮ ਕਰਨ ਦੇ ਇਰਾਦੇ ਨਾਲ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਵਿਧਾਇਕਾ ਜਾਗੀਰ ਕੌਰ ਅਤੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੇ ਸਾਜ਼ਿਸ਼ ਰਚੀ ਹੈ ਅਤੇ ਉਸ (ਸੁਖਪਾਲ ਸਿੰਘ ਖਹਿਰਾ) ਨੂੰ ਨਸ਼ਾ ਤਸਕਰਾਂ ਨਾਲ ਸਬੰਧਾਂ ਦੇ ਦੋਸ਼ ਲਾ ਕੇ ਬਦਨਾਮ ਕੀਤਾ ਜਾ ਰਿਹਾ ਹੈ। ਯਾਦ ਰਹੇ, ਸੁਖਪਾਲ ਸਿੰਘ ਖਹਿਰਾ ਉਤੇ ਇਕ ਤਸਕਰ ਸਗਰਨੇ ਗੁਰਦੇਵ ਸਿੰਘ ਨੂੰ ਛੁਡਾਉਣ ਲਈ ਪੁਲਿਸ ਅਫਸਰਾਂ ਕੋਲ ਸ਼ਿਕਾਇਤ ਕੀਤੀ ਗਈ ਹੈ। ਸ. ਖਹਿਰਾ ਨੇ ਇਹ ਮੰਨ ਵੀ ਲਿਆ ਹੈ ਕਿ ਉਹਨੇ ਗੁਰਦੇਵ ਸਿੰਘ ਦੀ ਰਿਹਾਈ ਲਈ ਮਦਦ ਕਰਨ ਹਿਤ ਪੁਲਿਸ ਅਫਸਰਾਂ ਨਾਲ ਸੰਪਰਕ ਕੀਤਾ ਸੀ, ਪਰ ਜਦੋਂ ਪੁਲਿਸ ਅਫਸਰਾਂ ਨੇ ਗੁਰਦੇਵ ਸਿੰਘ ਦੀ ਅਸਲੀਅਤ ਦੱਸੀ ਤਾਂ ਉਨ੍ਹਾਂ ਆਪਣੀ ਸਿਫਾਰਿਸ਼ ਵਾਪਸ ਲੈ ਲਈ ਸੀ। ਹੁਣ ਜੇ ਇਸ ਕੇਸ ਦੀ ਸਹੀ ਅਤੇ ਨਿਰਪੱਖ ਜਾਂਚ ਕਰਵਾਈ ਜਾਂਦੀ ਹੈ ਤਾਂ ਸਪਸ਼ਟ ਹੋ ਹੀ ਜਾਵੇਗਾ ਕਿ ਇਸ ਕੇਸ ਵਿਚ ਦੋਸ਼ੀ ਕੌਣ ਹੈ ਅਤੇ ਉਂਗਲ ਕਿਸ ਵੱਲ ਉਠਦੀ ਹੈ, ਪਰ ਇਹ ਗੱਲ ਇਕ ਵਾਰ ਫਿਰ ਸਪਸ਼ਟ ਹੋ ਗਈ ਹੈ ਕਿ ਨਸ਼ਾ ਤਸਕਰਾਂ ਦਾ ਨੈਟਵਰਕ ਕਿੰਨਾ ਲੰਮਾ-ਚੌੜਾ ਹੈ ਅਤੇ ਇਨ੍ਹਾਂ ਦੀ ਪਹੁੰਚ ਕਿਥੇ-ਕਿਥੇ ਤੱਕ ਹੈ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਖਾਸ-ਮਖਾਸ ਬਿਕਰਮ ਸਿੰਘ ਮਜੀਠੀਆ ਦਾ ਨਾਂ 6000 ਕਰੋੜ ਰੁਪਏ ਦੇ ਡਰੱਗ ਕੇਸ ਵਿਚ ਬੋਲ ਚੁਕਿਆ ਹੈ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਇਸ ਕੇਸ ਦੀ ਜਾਂਚ ਕਰ ਰਹੀ ਹੈ। ਬਿਕਰਮ ਸਿੰਘ ਮਜੀਠੀਆ ਉਤੇ ਇਸ ਕੇਸ ਵਿਚ ਸ਼ਾਮਲ ਹੋਣ ਦੇ ਦੋਸ਼, ਸਾਲ ਪਹਿਲਾਂ ਸਾਬਕਾ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੇ ਲਾਏ ਸਨ, ਪਰ ਸੱਤਾਧਿਰ ਵਿਚ ਸ਼ਾਮਲ ਹੋਣ ਕਰ ਕੇ ਕਿਸੇ ਨੇ ਬਿਕਰਮ ਸਿੰਘ ਮਜੀਠੀਆ ਨੂੰ ਹੱਥ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਭੋਲਾ ਵਾਰ-ਵਾਰ ਇਸ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਲਈ ਆਖ ਰਿਹਾ ਹੈ, ਪਰ ਪੰਜਾਬ ਸਰਕਾਰ ਨੇ ਇਸ ਪਾਸੇ ਕੰਨ ਹੀ ਨਹੀਂ ਧਰਿਆ ਹੈ। ਹਾਂ, ਜਦੋਂ ਕੇਸ ਦੀ ਜਾਂਚ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਅਰੰਭ ਕੀਤੀ ਅਤੇ ਜਦੋਂ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਜਾਂਚ ਅਫਸਰ ਨਿਰੰਜਣ ਸਿੰਘ ਨੇ ਕੇਸ ਦੀਆਂ ਤਹਿਆਂ ਫਰੋਲਣੀਆਂ ਸ਼ੁਰੂ ਕੀਤੀਆਂ ਤਾਂ ਉਸ (ਨਿਰੰਜਣ ਸਿੰਘ) ਦੀ ਕੋਲਕਾਤੇ ਬਦਲੀ ਜ਼ਰੂਰ ਕਰਵਾ ਦਿੱਤੀ ਗਈ। ਜ਼ਾਹਿਰ ਹੈ ਕਿ ਸਿਆਸੀ ਆਗੂ ਨਹੀਂ ਚਾਹੁੰਦੇ ਕਿ ਇਸ ਕੇਸ ਦੀ ਗਹਿਰਾਈ ਤੱਕ ਜਾਂਚ ਹੋਵੇ। ਇਸ ਪਿਛੇ ਅਸਲ ਕਾਰਨ ਇਹੀ ਹੈ ਕਿ ਕਈ ਸਿਆਸੀ ਆਗੂ ਨਸ਼ਿਆਂ ਦੇ ਇਸ ਧੰਦੇ ਵਿਚ ਸ਼ਾਮਲ ਹਨ ਅਤੇ ਪੁਲਿਸ ਇਸ ਮਾਮਲੇ ਵਿਚ ਇਨ੍ਹਾਂ ਆਗੂਆਂ ਦੇ ਨਾਲ ਹੈ। ਹੁਣ ਭੋਲੇ ਵਾਲੇ ਕੇਸ ਨਾਲ ਸਬੰਧਤ ਇਕ ਹੋਰ ਮੁਲਜ਼ਮ ਨੇ ਵੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਿਆ ਹੈ, ਪਰ ਇਸ ਬਾਰੇ ਬਿਕਰਮ ਸਿੰਘ ਮਜੀਠੀਆਂ ਨੇ ਵੀ ਇਹੀ ਸਫਾਈ ਦਿੱਤੀ ਹੈ ਕਿ ਇਹ ਖਬਰਾਂ ਵਿਧਾਨ ਸਭਾ ਸੈਸ਼ਨ ਤੋਂ ਐਨ ਪਹਿਲਾਂ ਜਾਣ-ਬੁੱਝ ਕੇ ਨਸ਼ਰ ਕਰਵਾਈਆਂ ਗਈਆਂ ਹਨ।

ਇਹ ਗੱਲ ਇਕ ਵਾਰ ਨਹੀਂ, ਅਨੇਕ ਵਾਰ ਸਾਹਮਣੇ ਆਈ ਹੈ ਕਿ ਨਸ਼ਾ ਤਸਕਰਾਂ ਨੂੰ ਪੁਲਿਸ ਅਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਹਾਸਲ ਹੈ। ਮੀਡੀਆ ਨੇ ਵੀ ਅਜਿਹੀਆਂ ਖਬਰਾਂ ਪੂਰੇ ਸਬੂਤਾਂ ਸਮੇਤ ਛਾਪੀਆਂ, ਪਰ ਸਬੰਧਤ ਆਗੂ ਹਰ ਵਾਰ ਇਹੀ ਸਫਾਈ ਦਿੰਦਾ ਹੈ ਕਿ ਉਸ ਦਾ ਸਿਆਸੀ ਕਰੀਅਰ ਤਬਾਹ ਕਰਨ ਲਈ ਵਿਰੋਧੀ ਧਿਰ ਦੇ ਆਗੂ ਉਸ ਖਿਲਾਫ ਸਾਜ਼ਿਸ਼ਾਂ ਘੜ ਰਹੇ ਹਨ। ਸਿਆਸੀ ਪਿੜ ਵਿਚ ਇਹ ਗੱਲ ਸੰਭਵ ਹੋ ਸਕਦੀ ਹੈ, ਪਰ ਕਿਸੇ ਉਤੇ ਵੀ ਲੱਗੇ ਦੋਸ਼ਾਂ ਬਾਰੇ ਜਾਂਚ ਤਾਂ ਕਰਵਾਈ ਹੀ ਜਾ ਸਕਦੀ ਹੈ। ਫਿਰ ਆਪੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿੱਤਰ ਆਵੇਗਾ। ਉਂਜ ਅੱਜ ਤੱਕ ਅਜਿਹਾ ਇਕ ਵਾਰ ਵੀ ਨਹੀਂ ਹੋਇਆ ਹੈ। ਜੇ ਅਜਿਹਾ ਹੋਇਆ ਵੀ ਹੈ ਤਾਂ ਮਾੜੀ-ਮੋਟੀ ਜਾਂਚ ਕਰਵਾ ਕੇ ਮਾਮਲਾ ਰਫਾ-ਦਫਾ ਕਰ ਕੇ ਆਮ ਲੋਕਾਂ ਦੇ ਅੱਖੀਂ ਘੱਟਾ ਪਾ ਦਿੱਤਾ ਜਾਂਦਾ ਹੈ। ਦਰਅਸਲ, ਸਿਆਸੀ ਆਗੂਆਂ ਦੀ ਦਿਲਚਸਪੀ ਨਸ਼ਿਆਂ ਦੀ ਤਸਕਰੀ ਬੰਦ ਕਰਵਾਉਣ ਵਿਚ ਉਕਾ ਹੀ ਨਹੀਂ ਹੈ। ਕੁਝ ਮਹੀਨੇ ਪਹਿਲਾਂ ਜਦੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨਸ਼ਿਆਂ ਦੇ ਇਸ ਕੇਸ ਵਿਚ ਕਸੂਤਾ ਫਸ ਗਿਆ ਸੀ ਤਾਂ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਮੁਹਿੰਮ ਦੇ ਨਾਂ ਉਤੇ ਨਸ਼ਾ ਕਰਨ ਵਾਲੇ ਆਮ ਜਿਹੇ ਲੋਕਾਂ ਨੂੰ ਫੜ-ਫੜ ਕੇ ਜੇਲ੍ਹਾਂ ਭਰ ਦਿੱਤੀ ਸਨ ਅਤੇ ਦਾਅਵਾ ਕੀਤਾ ਸੀ ਕਿ ਸਰਕਾਰ ਨੇ ਹੁਣ ਨਸ਼ਾ ਤਸਕਰੀ ਦਾ ਲੱਕ ਤੋੜ ਦਿੱਤਾ ਹੈ, ਪਰ ਇਸ ਕੇਸ ਵਿਚ ਕਿਸੇ ਵੀ ਵੱਡੇ ਸਪਲਾਇਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਸਿੱਟਾ ਉਹੀ ਨਿਕਲਿਆ ਜੋ ਨਿਕਲਣਾ ਸੀ। ਕੁਝ ਸਮੇਂ ਬਾਅਦ ਉਹੀ ਸਿਆਸੀ ਆਗੂ ਅਤੇ ਸਪਲਾਇਰ ਫਿਰ ਸਰਗਰਮ ਹੋ ਗਏ। ਉਹੀ ਪੁਲਿਸ ਇਕ ਵਾਰ ਫਿਰ ਇਨ੍ਹਾਂ ਤਸਕਰਾਂ ਦੇ ਨਾਲ ਹੋ ਤੁਰੀ। ਇਹ ਤੱਥ ਹੁਣ ਚਿੱਟੇ ਦਿਨ ਵਾਂਗ ਸਾਫ ਹੈ ਕਿ ਸਿਆਸੀ ਆਗੂਆਂ ਨੇ ਨਸ਼ਿਆਂ ਦੇ ਇਸ ਕੋਹੜ ਨੂੰ ਖਤਮ ਕਰਨ ਲਈ ਕੁਝ ਨਹੀਂ ਕਰਨਾ ਕਿਉਂਕਿ ਅੱਜ ਕੱਲ੍ਹ ਜਿਸ ਤਰ੍ਹਾਂ ਦਾ ਸਿਆਸੀ ਢਾਂਚਾ ਬਣ ਗਿਆ ਹੈ, ਉਸ ਵਿਚ ਆਪੋ-ਆਪਣੀ ਪੈਂਠ ਬਣਾਈ ਰੱਖਣ ਲਈ ਇਨ੍ਹਾਂ ਸਿਆਸੀ ਆਗੂਆਂ ਨੂੰ ਅਜਿਹੇ ਤਸਕਰਾਂ ਅਤੇ ਲੱਠਮਾਰਾਂ ਦੀ ਲੋੜ ਪੈਂਦੀ ਹੈ। ਚੋਣਾਂ ਮੌਕੇ ਜਿੰਨਾ ਨਸ਼ਾ ਵੰਡਿਆ ਅਤੇ ਵਰਤਾਇਆ ਜਾਂਦਾ ਹੈ, ਉਹ ਕਿਸੇ ਤੋਂ ਹੁਣ ਲੁਕਿਆ ਹੋਇਆ ਨਹੀਂ ਹੈ। ਹੋਰ ਤਾਂ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਧਾਰਮਿਕ ਸੰਸਥਾ ਦੀਆਂ ਚੋਣਾਂ ਮੌਕੇ ਵੀ ਨਸ਼ੇ ਵੰਡੇ ਜਾਂਦੇ ਹਨ। ਇਸ ਤੋਂ ਵੱਡਾ ਨਿਘਾਰ ਹੋਰ ਭਲਾ ਕੀ ਹੋ ਸਕਦਾ ਹੈ! ਇਸ ਲਈ ਨਸ਼ਿਆਂ ਦੀ ਦਲ-ਦਲ ਵਿਚ ਫਸੇ ਪੰਜਾਬ ਨੂੰ ਬਾਹਰ ਕੱਢਣ ਲਈ ਹੁਣ ਇਨ੍ਹਾਂ ਸਿਆਸੀ ਆਗੂਆਂ (ਜੋ ਖੁਦ ਨਸ਼ੇ ਦੇ ਸੌਦਾਗਰ ਬਣੇ ਹੋਏ ਹਨ) ਅਤੇ ਸਰਕਾਰ ਉਤੇ ਟੇਕ ਨਹੀਂ ਰੱਖਣੀ ਚਾਹੀਦੀ। ਪੰਜਾਬ ਦੇ ਆਵਾਮ ਨੂੰ ਚਾਹੀਦਾ ਹੈ ਕਿ ਇਸ ਮਾਮਲੇ 'ਤੇ ਇਹ ਵੱਧ ਤੋਂ ਵੱਧ ਸੁਚੇਤ ਹੋਵੇ ਅਤੇ ਨਸ਼ਿਆਂ ਤੋਂ ਪੰਜਾਬੀਆਂ ਦੀ ਬੰਦਖਲਾਸੀ ਲਈ ਖੁਦ ਕੋਈ ਓਹੜ-ਪੁਹੜ ਕਰੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫਿਲਹਾਲ ਪੰਜਾਬ !*

ਪਾਟੋ-ਧਾੜ ਦਾ ਕੋਈ ਸ਼ਿਕਾਰ ਬਣਿਆ, ਕੋਈ ਫਿਰੇ ਹਾਲਾਤ ਦਾ ਮਾਰਿਆ ਜੀ।
ਹਾਲੇ ਤੱਕ ਨਮੋਸ਼ੀ 'ਚੋਂ ਨਿਕਲਿਆ ਨਾ, ਦਲ ਜਿਹੜਾ ਵੀ ਦਿੱਲੀ 'ਚੋਂ ਹਾਰਿਆ ਜੀ।
ਕਹਿੰਦੇ 'ਯੁੱਧ ਸਤਾਰਾਂ' ਦਾ ਜਿੱਤਣਾ ਏ, ਦੇ ਦੇ ਬਿਆਨ ਅਖਬਾਰਾਂ 'ਚ ਸਾਰਿਆ ਜੀ।
'ਦੁਸ਼ਮਣ' ਢਾਹੁਣ ਲਈ ਜੋਸ਼ ਨਾ ਦਿਸੇ ਕੋਈ, ਉਹਨੂੰ ਹਾਲੇ ਨਾ ਕਿਸੇ ਲਲਕਾਰਿਆ ਜੀ।
ਨਹੀਂਓਂ ਰੜਕਦਾ ਕੋਈ ਮੈਦਾਨ ਅੰਦਰ, ਕਾਟੋ ਫੁੱਲਾਂ 'ਤੇ ਨੱਚਦੀ ਫੜ੍ਹੇ ਜਿਹੜਾ।
ਛਾਤੀ ਤਾਣ ਕੇ ਮੁੱਛਾਂ ਨੂੰ ਵੱਟ ਦੇ ਕੇ, ਆ ਕੇ 'ਲੋਟੂਆਂ' ਸਾਹਮਣੇ ਖੜ੍ਹੇ ਜਿਹੜਾ!

# ਤਖ਼ਤ-ਤਾਜ ਉਛਾਲਣ ਦਾ ਖ਼ਵਾਬ ਕੀ ਅਧੂਰਾ ਹੀ ਰਹਿ ਜਾਵੇਗਾ?

*ਆਮ ਆਦਮੀ ਪਾਰਟੀ (ਆਪ) ਦੇ ਅੰਦਰੂਨੀ ਕਲੇਸ਼ ਨੇ ਹਮਦਰਦਾਂ ਦਾ ਦਿਲ ਦੁਖਾਇਆ ਹੈ। ਇਨ੍ਹਾਂ ਲੋਕਾਂ ਨੇ 'ਆਪ' ਦੇ ਰੂਪ ਵਿਚ ਭਾਰਤ ਦੀ ਸਿਆਸਤ ਵਿਚ ਕਿਸੇ ਵੱਡੀ ਤਬਦੀਲੀ ਦਾ ਸੁਪਨਾ ਆਪਣੀਆਂ ਅੱਖਾਂ ਵਿਚ ਸੰਜੋਇਆ ਸੀ। ਪਿਛਲੇ ਕੁਝ ਦਿਨਾਂ ਤੋਂ ਆ ਰਹੇ ਬਿਆਨ-ਦਰ-ਬਿਆਨ ਨੇ ਇਸ ਸੁਪਨੇ ਨੂੰ ਜੇ ਤੋੜਿਆ ਨਹੀਂ ਤਾਂ ਧੁੰਦਲਾ ਜ਼ਰੂਰ ਕੀਤਾ ਹੈ। ਪਾਰਟੀ ਦੇ ਇਸ ਅੰਦੂਰਨੀ ਉਥਲ-ਪੁਥਲ ਅਤੇ ਇਸ ਤੋਂ ਬਾਅਦ ਪੈਦਾ ਹੋਣ ਵਾਲੇ ਹਾਲਾਤ ਬਾਰੇ ਚਰਚਾ ਪੱਤਰਕਾਰ ਪੁਨਿਆ ਪ੍ਰਸੁੰਨ ਵਾਜਪਾਈ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਲੇਖ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਪੁਨਿਆ ਪ੍ਰਸੁੰਨ ਵਾਜਪਾਈ
ਅਨੁਵਾਦ: ਬੂਟਾ ਸਿੰਘ

ਆਮ ਆਦਮੀ ਪਾਰਟੀ (ਆਪ) ਵਿਚੋਂ ਕੋਈ ਵੱਡਾ ਬਣ ਕੇ ਨਹੀਂ ਨਿਕਲਿਆ। ਜੋ ਵੱਡੇ ਨਜ਼ਰ ਆ ਰਹੇ ਸਨ, ਉਹ ਸਭ ਆਪਣਾ ਅਤੇ ਆਪਣਿਆਂ ਦਾ ਰਸਤਾ ਬਣਾਉਣ ਦੇ ਚੱਕਰ ਵਿਚ ਕੁਝ ਅਜਿਹੇ ਫਸੇ ਕਿ ਹਰ ਕਿਸੇ ਦੀ ਹਥੇਲੀ ਖਾਲੀ ਨਜ਼ਰ ਆ ਰਹੀ ਹੈ; ਹਾਲਾਂਕਿ ਟਕਰਾਓ ਅਜਿਹਾ ਨਹੀਂ ਸੀ ਕਿ ਕੋਈ ਖ਼ੁਦ ਨੂੰ ਵੱਡੇ ਕੈਨਵਸ ਵਿਚ ਖੜ੍ਹਾ ਕਰ ਕੇ ਖਾਮੋਸ਼ ਬਣਿਆ ਰਹਿੰਦਾ, ਲੇਕਿਨ ਟਕਰਾਓ ਅਜਿਹਾ ਜ਼ਰੂਰ ਸੀ ਜੋ ਦਿੱਲੀ ਦੇ ਲੋਕ ਫਤਵੇ ਦੀ ਵਿਆਖਿਆ ਕਰਦਿਆਂ ਹਰ ਆਮ ਆਗੂ ਨੂੰ ਖ਼ਾਸ ਬਣਨ ਦੀ ਹੋੜ 'ਚ ਬੌਣਾ ਕਰ ਗਿਆ।

ਦਿੱਲੀ ਦੇ ਲੋਕ ਫਤਵੇ ਦੇ ਦਾਇਰੇ ਵਿਚ ਪਹਿਲੀ ਵਾਰ ਜਿੱਤਣ ਦੀ ਸਿਆਸਤ ਨਾਲੋਂ ਜ਼ਿਆਦਾ ਹਾਰੇ ਹੋਏ ਦੀ ਸਿਆਸਤ ਉਪਰ ਖੁੱਲ੍ਹੀ ਚਰਚਾ ਹੋਈ; ਭਾਵ 'ਆਪ' ਕੀ ਕਰ ਸਕਦੀ ਸੀ, ਇਸ ਤੋਂ ਵੱਧ ਮੋਦੀ ਦੀ ਅਗਵਾਈ ਵਿਚ ਭਾਜਪਾ ਦੇ ਵਧਦੇ ਕਦਮ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਸੀ, ਇਸ ਦੀ ਖੁੱਲ੍ਹੀ ਵਿਆਖਿਆ ਜਦੋਂ ਨਿਊਜ਼ ਚੈਨਲਾਂ ਦੇ ਪਰਦੇ ਉਪਰ ਸ਼ੁਰੂ ਹੋਈ ਤਾਂ ਜਿੱਤ ਦੀ ਵਾਗਡੋਰ ਫੜੀ 'ਆਪ' ਦਾ ਹਰ ਬੁਲਾਰਾ ਆਰਥਿਕ ਨੀਤੀ ਤੋਂ ਲੈ ਕੇ ਐਫ.ਡੀ.ਆਈ. ਅਤੇ ਹਿੰਦੂ ਰਾਸ਼ਟਰ ਦੀ ਕਲਪਨਾ ਤੋਂ ਲੈ ਕੇ ਸੰਘ ਦੇ ਏਜੰਡੇ ਨੂੰ ਰੋਕਣ ਦਾ ਪਾਠ ਪੜ੍ਹਾਉਣ ਤੋਂ ਨਹੀਂ ਖੁੰਝਿਆ। ਇਹੀ ਨਹੀਂ; ਬਿਹਾਰ, ਬੰਗਾਲ ਅਤੇ ਯੂ.ਪੀ. ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਸਿਆਸਤ ਨੂੰ ਰਾਜ-ਰੁਤਬੇ ਤੋਂ ਵੀ ਵੱਡਾ ਕਰ ਕੇ ਅੰਗਿਆ ਗਿਆ। ਕਿਸਾਨ-ਮਜ਼ਦੂਰ ਦਾ ਸਵਾਲ ਵੀ ਜਦੋਂ ਬਜਟ ਦੇ ਵਕਤ ਉਭਰਿਆ ਤਾਂ 'ਆਪ' ਦੇ ਬੁਲਾਰੇ ਖੁੱਲ੍ਹ ਕੇ ਨਿਊਜ਼ ਚੈਨਲਾਂ ਵਿਚ ਇਹ ਬਹਿਸ ਕਰਦੇ ਨਜ਼ਰ ਆਏ ਕਿ ਕਿਹੜਾ ਰਸਤਾ ਸਹੀ ਨਹੀਂ ਹੈ ਅਤੇ ਸਹੀ ਕਿਵੇਂ ਹੋ ਸਕਦਾ ਹੈ। ਜ਼ਾਹਿਰ ਹੈ ਕਿ ਲੋਕ ਸਭਾ ਚੋਣਾਂ ਵੇਲੇ 90% ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਅਤੇ ਦਿੱਲੀ ਚੋਣਾਂ ਵਿਚ 96% ਉਮੀਦਵਾਰਾਂ ਦੀ ਜਿੱਤ ਨੇ 'ਆਪ' ਦੇ ਅੰਦਰ ਇਸ ਸਵਾਲ ਨੂੰ ਆਮ ਤੋਂ ਵੱਡਾ ਬਣਾ ਦਿੱਤਾ ਕਿ ਜਿਹੜੀ ਸਿਆਸਤ ਉਹ ਕਰਨਾ ਚਾਹੁੰਦੇ ਹਨ, ਉਸ ਵਿਚ ਜਿੱਤ-ਹਾਰ ਤੋਂ ਅੱਗੇ ਕਿਸ ਤਰ੍ਹਾਂ ਦੀ ਸਿਆਸਤ ਮਾਇਨੇ ਰੱਖਦੀ ਹੈ; ਤੇ ਇਸੇ ਵੱਡੇ ਕੈਨਵਸ ਨੂੰ ਸਮਝਣ ਲਈ ਦਿੱਲੀ ਦੇ ਲੋਕ ਫਤਵੇ ਦਾ ਕੈਨਵਸ ਜਦੋਂ ਸਾਹਮਣੇ ਆਇਆ ਤਾਂ ਉਹ ਉਸ ਵੱਡੇ ਕੈਨਵਸ ਨੂੰ ਵੀ ਪਿੱਛੇ ਛੱਡ ਗਿਆ, ਜਿਸ ਨੂੰ ਪਾਰਟੀ ਦੇ ਅੰਦਰ ਸਿਆਸੀ ਤੌਰ 'ਤੇ ਹਰ ਕੋਈ ਜੀ ਰਿਹਾ ਸੀ। ਕਿਸਾਨਾਂ ਨੂੰ ਹੱਕ ਕਿਵੇਂ ਦਿਵਾਏ ਜਾ ਸਕਦੇ ਹਨ, ਜ਼ਮੀਨ ਹਾਸਲ ਕਰਨ ਦੇ ਨਵੇਂ ਤਰੀਕੇ ਕਿਵੇਂ ਈਜਾਦ ਕੀਤੇ ਜਾ ਸਕਦੇ ਹਨ, ਮੁਲਕ ਦੇ ਪਿੰਡਾਂ 'ਚੋਂ ਹੋ ਰਹੀ ਪਲਾਇਨ ਕਿਵੇਂ ਰੋਕੀ ਜਾ ਸਕਦੀ ਹੈ, ਵਿਕਾਸ ਦੀ ਨਾਬਰਾਬਰੀ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ, ਸਿਆਸਤ ਨਾਲ ਕਾਰਪੋਰੇਟ ਦੇ ਗੰਢ-ਚਿਤਰਾਵੇ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ, 'ਆਪ' ਦੀ ਸੱਤਾ ਵਿਚ ਹਿੱਸੇਦਾਰੀ ਕਿਵੇਂ ਹੋ ਸਕਦੀ ਹੈ ਅਤੇ ਪੁਲਿਸ ਸੁਧਾਰ, ਨਿਆਂ ਵਿਚ ਸੁਧਾਰ ਤੋਂ ਲੈ ਕੇ ਬਜਟ ਬਣਾਉਣ ਦਾ ਖ਼ਾਕਾ ਬਦਲਣ ਦੀ ਲੋੜ ਆਖਿਰ ਕਿਉਂ ਪਈ ਹੈ, ਵਗੈਰਾ ਵਗੈਰਾ...।

ਇਨ੍ਹਾਂ ਤਮਾਮ ਸਵਾਲਾਂ ਦੀ ਚਰਚਾ 'ਆਪ' ਬਣਨ ਦੇ ਦਿਨ ਤੋਂ ਹੁੰਦੀ ਆਈ ਹੈ। ਜ਼ਰਾ ਕਲਪਨਾ ਕਰੋ, ਦਿੱਲੀ ਵਿਚ ਹੀ ਨਹੀਂ, ਮੁਲਕ ਦੇ ਕਿਸੇ ਵੀ ਹਿੱਸੇ ਦੇ 'ਆਪ' ਦਫ਼ਤਰ ਵਿਚ ਜਾਣ 'ਤੇ ਚੋਣ ਸਿਆਸਤ ਤੋਂ ਹਟ ਕੇ ਮੁਲਕ ਦੇ ਹਾਲਾਤ ਉਪਰ ਹੀ ਚਰਚਾ ਹੁੰਦੀ ਸੀ। ਇੰਨਾ ਹੀ ਨਹੀਂ, ਚੋਣਾਂ ਲੜਨ ਵੇਲੇ ਵੀ ਚੋਣਾਂ ਦੀ ਸਿਆਸੀ ਮਿਹਨਤ ਉਪਰ ਚਰਚਾ ਹੋਣ ਤੋਂ ਵਧੇਰੇ ਚਰਚਾ ਖੇਤਰ ਦੇ ਹਾਲਾਤ ਅਤੇ ਉਨ੍ਹਾਂ ਹਾਲਾਤ ਨਾਲ ਲੋਕਾਂ ਨੂੰ ਲਾਮਬੰਦ ਕਰਦਿਆਂ ਹਾਲਾਤ ਤੋਂ ਜਾਣੂ ਕਰਾਉਣ ਦੇ ਢੰਗਾਂ ਉਪਰ ਕੇਂਦਰਤ ਹੁੰਦੀ ਸੀ। ਸਵੈਰਾਜ ਲਾਗੂ ਹੋਣ ਦੀਆਂ ਮੁਸ਼ਕਿਲਾਂ ਦੀ ਚਰਚਾ ਸੀ। ਰਾਜ ਸੱਤਾ ਉਪਰ ਕੁੰਡਲੀ ਮਾਰੇ ਬੈਠੀਆਂ ਸਿਆਸੀ ਪਾਰਟੀਆਂ ਨੂੰ ਹਰਾਉਣ ਦੀ ਗੱਲ ਨਾ ਕਰ ਕੇ 'ਆਪ' ਦੇ ਅੰਦਰ ਚਰਚਾ ਇਹ ਹੁੰਦੀ ਸੀ ਕਿ ਕਿਵੇਂ ਸੰਸਦੀ ਸਿਆਸਤ ਨੂੰ ਜਮਹੂਰੀਅਤ ਦਾ ਤਮਗਾ ਦੇ ਕੇ, ਤਮਾਮ ਦਾਗ਼ੀ ਤੇ ਮੁਜਰਿਮ, ਚੋਣਾਂ ਜਿੱਤ ਕੇ ਸਫ਼ੇਦਪੋਸ਼ ਹੋ ਜਾਂਦੇ ਹਨ! ਜਮਹੂਰੀਅਤ ਦੇ ਵਿਸ਼ੇਸ਼ ਅਧਿਕਾਰ ਹਾਸਲ ਕਰ ਲੈਂਦੇ ਹਨ। ਅਤੇ ਇਨ੍ਹਾਂ ਦੇ ਅੱਗੇ ਸੰਵਿਧਾਨਕ ਸਿਲਸਿਲਾ ਵੀ ਬੌਣਾ ਹੋ ਜਾਂਦਾ ਹੈ; ਤੇ ਇਸ ਸੱਚ ਨੂੰ ਕਿਸ ਸਿਆਸਤ ਜ਼ਰੀਏ ਪੇਸ਼ ਕੀਤਾ ਜਾਵੇ। ਇਹੀ ਨਹੀਂ, ਮੌਜੂਦਾ ਸਿਆਸੀ ਪ੍ਰਬੰਧ ਨੂੰ ਬਦਲਣ ਲਈ ਖੁਦ ਨੂੰ ਚੋਣ ਸਿਆਸਤ ਵਿਚ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਜਿਸ ਨਾਲ ਚੋਣਾਂ ਵਿਚ ਸਰਮਾਏ ਜਾਂ ਕਾਰਪੋਰੇਟ ਦਾ ਦਖਲ ਬੰਦ ਹੋਵੇ; ਤੇ ਨਿਜ਼ਾਮ ਚੋਣ ਜਿੱਤਣ ਦੇ ਹਿੱਸੇਦਾਰਾਂ ਨੂੰ ਹਿੱਸਾ ਦੇਣ ਵਿਚ ਹੀ ਪੰਜ ਸਾਲ ਨਾ ਲੰਘਾ ਦੇਵੇ; ਭਾਵ ਜਿਹੜੀ 'ਆਪ' ਆਪਣੇ ਜਨਮ ਕਾਲ ਤੋਂ ਜਿਨ੍ਹਾਂ ਸਵਾਲਾਂ ਉਪਰ ਸੋਚ ਰਹੀ ਸੀ ਅਤੇ ਲਗਾਤਾਰ ਸਮਾਜ ਵਿਚ ਨਾਬਰਾਬਰੀ ਪੈਦਾ ਕਰਨ ਵਾਲੀ ਸੱਤਾ ਦੇ ਤਖ਼ਤ ਅਤੇ ਤਾਜ ਨੂੰ ਉਛਾਲਣ ਦਾ ਸ਼ਰੇਆਮ ਐਲਾਨ ਕਰਨ ਤੋਂ ਨਹੀਂ ਖੁੰਝਦੀ ਸੀ, ਜੇ ਉਹੀ 'ਆਪ' ਦਿੱਲੀ ਵਾਲੇ ਲੋਕ ਫਤਵੇ ਦੇ ਸਰੂਰ 'ਚ ਗੁਆਚ ਜਾਵੇ ਤਾਂ ਕੀ ਹੋਵੇਗਾ! ਦਰਅਸਲ ਸਵਾਲ ਇਹ ਹੈ ਕਿ ਅਰਵਿੰਦ ਕੇਜਰੀਵਾਲ ਦਿੱਲੀ ਵਿਚ ਸਿਮਟ ਜਾਵੇਗਾ ਤਾਂ ਅਗਵਾਈ ਕੌਣ ਸਾਂਭੇਗਾ; ਭਾਵ ਜਿਸ ਪਾਰਟੀ ਵਿਚ ਅਗਵਾਈ ਦਾ ਸਵਾਲ 2012 ਤੋਂ 2014 ਤਕ ਕਦੇ ਨਹੀਂ ਉਭਰਿਆ, ਉਥੇ ਜੇ ਪਾਰਟੀ ਦੀ ਡੋਰ ਅਤੇ ਸੀਮਾ ਨਜ਼ਰ ਆਉਣ ਲੱਗੇ ਤਾਂ 'ਆਪ' ਵਿਚ ਟਕਰਾਓ ਦਾ ਰਸਤਾ ਆਵੇਗਾ ਹੀ, ਕਿਉਂਕਿ ਹਰ ਕੋਈ ਸ਼ੀਸ਼ੇ ਅੱਗੇ ਆਪਣੀ ਤਸਵੀਰ ਹੀ ਦੇਖੇਗਾ।

'ਆਪ' ਦੇ ਅੰਦਰੋਂ ਆਵਾਜ਼ ਆ ਰਹੀ ਹੈ ਕਿ ਕੇਜਰੀਵਾਲ ਦਿੱਲੀ ਦਾਇਰੇ ਵਿਚ ਹੀ ਰਹਿਣਾ ਚਾਹੁੰਦਾ ਹੈ। ਮਯੰਕ ਗਾਂਧੀ ਮੁੰਬਈ ਦੀ ਮਿਉਂਸਪਲ ਚੋਣ ਲੜਨਾ ਚਾਹੁੰਦਾ ਹੈ। ਅਸ਼ੀਸ਼ ਖੇਤਾਨ ਆਪਣਾ ਕੱਦ ਉਚਾ ਕਰਨਾ ਚਾਹੁੰਦਾ ਹੈ। ਯੋਗੇਂਦਰ ਯਾਦਵ ਹਰਿਆਣਾ ਦਾ ਮੁਖੀ ਬਣਨਾ ਚਾਹੁੰਦਾ ਹੈ। ਸੰਜੇ ਸਿੰਘ ਜਥੇਬੰਦੀ ਉਪਰ ਧਾਂਕ ਜਮਾਈ ਰੱਖਣਾ ਚਾਹੁੰਦਾ ਹੈ। ਸ਼ਾਲਿਨੀ ਭੂਸ਼ਨ ਜਥੇਬੰਦੀ ਦੇ ਸਕੱਤਰ ਦੀ ਸਲਾਹਕਾਰ ਬਣਨਾ ਚਾਹੁੰਦੀ ਹੈ। ਕੁਮਾਰ ਵਿਸ਼ਵਾਸ ਕਿਸੇ ਧੜੇ ਦਾ ਪੱਖ ਨਾ ਲੈ ਕੇ ਉਨ੍ਹਾਂ ਦਰਮਿਆਨ ਪੁਲ ਬਣ ਕੇ ਉਭਰਨਾ ਚਾਹੁੰਦਾ ਹੈ ਤਾਂ ਕਿ 'ਆਪ' ਉਸ ਨੂੰ ਨੰਬਰ ਦੋ ਆਗੂ ਸਵੀਕਾਰ ਕਰ ਲਵੇ; ਭਾਵ ਖ਼ੁਦ ਨੂੰ 'ਆਪ' ਵਿਚ ਕਿਥੇ ਫਿੱਟ ਕਰਨਾ ਹੈ, ਹਰ ਕੋਈ ਇਸੇ ਨਜ਼ਰੀਏ ਨਾਲ ਕੰਮ ਕਰ ਰਿਹਾ ਹੈ। ਫਿਰ ਵੱਡੇ ਖ਼ਵਾਬਾਂ ਨੂੰ ਪੂਰਾ ਕਰਨ ਦਾ ਖ਼ਵਾਬ ਕਿਸ ਦਿਲ ਵਿਚ ਹੋ ਸਕਦਾ ਹੈ, ਜੇ ਹਰ ਦਿਲ ਹੀ ਤੰਗ-ਦਿਲ ਹੈ ਤਾਂ? ਦਰਅਸਲ ਸਤਹੀਪਣ ਸਿਰਫ ਅਹੁਦੇ ਨੂੰ ਲੈ ਕੇ ਨਹੀਂ ਉਭਰਿਆ, ਸਗੋਂ ਵੱਡੇ ਬਣਾ ਕੇ ਪੇਸ਼ ਕੀਤੇ ਜਾ ਰਹੇ ਮੁੱਦੇ ਵੀ ਖਿੱਚ-ਧੂਹ ਤੋਂ ਅੱਗੇ ਨਹੀਂ ਜਾ ਰਹੇ। ਇਕ ਕਹਿੰਦਾ ਹੈ, ਪੰਜਾਹ-ਪੰਜਾਹ ਲੱਖ ਦੇ ਚਾਰ ਚੈਕਾਂ ਦੀ ਜਾਂਚ ਲੋਕਪਾਲ ਤੋਂ ਕਰਵਾਈ ਜਾਵੇ; ਦੂਜਾ ਕਹਿੰਦਾ ਹੈ, ਜਦੋਂ ਚੈਕ ਆਏ ਸੀ ਤਾਂ ਤੁਸੀਂ ਹੀ ਸਿਆਸੀ ਮਾਮਲਿਆਂ ਦੀ ਕਮੇਟੀ ਵਿਚ ਬੈਠ ਕੇ ਦਸ ਲੱਖ ਤੋਂ ਜ਼ਿਆਦਾ ਦੇ ਚੈਕਾਂ ਦੀ ਜਾਂਚ ਕਰਨ ਦਾ ਅਸੂਲ ਬਣਾਇਆ, ਤੇ ਖ਼ੁਦ ਹੀ ਪਾਸ ਕੀਤਾ ਸੀ। ਅਜਿਹੀ ਜਾਂਚ ਦਾ ਜ਼ਿਕਰ ਕਰਦੇ ਵਕਤ ਵੀ ਇਕ ਜਣਾ ਕਹਿੰਦਾ ਹੈ ਕਿ ਭਾਜਪਾ/ਕਾਂਗਰਸ ਨੂੰ ਛੱਡ ਕੇ ਆਏ ਆਗੂਆਂ ਨੂੰ 'ਆਪ' ਦੀ ਟਿਕਟ ਦੇ ਕੇ ਪਾਰਟੀ ਲਾਈਨ ਨੂੰ ਤਿਲਾਂਜਲੀ ਦਿੱਤੀ ਗਈ; ਫਿਰ ਦੂਜਾ ਕਹਿੰਦਾ ਹੈ ਕਿ 2013 ਵਿਚ ਤਾਂ ਤੁਸੀਂ ਸਵਾਲ ਨਹੀਂ ਉਠਾਇਆ, ਉਦੋਂ ਖ਼ੁਦ ਹੀ ਟਿਕਟ ਦਿੱਤੇ ਤੇ 2015 ਵਿਚ ਉਜ਼ਰ ਦਾ ਕੀ ਮਤਲਬ! 2013 ਵਿਚ 16 ਉਮੀਦਵਾਰ ਭਾਜਪਾ/ਕਾਂਗਰਸ ਨੂੰ ਛੱਡ ਕੇ 'ਆਪ' ਵਿਚ ਸ਼ਾਮਲ ਹੋ ਕੇ ਟਿਕਟਾਂ ਲੈਣ 'ਚ ਕਾਮਯਾਬ ਹੋ ਗਏ ਸਨ ਅਤੇ 2015 ਵਿਚ ਇਹ ਅੰਕੜਾ 13 ਉਮੀਦਵਾਰਾਂ ਦਾ ਹੈ। ਫਿਰ ਸਵਾਲ ਉਠਾਉਣ ਦਾ ਕੀ ਮਤਲਬ? ਦਰਅਸਲ ਉਨ੍ਹਾਂ ਵਿਚ ਟਕਰਾਓ ਦੀ ਵਜ੍ਹਾ ਰਹੇ ਸਵਾਲ ਅਹੁਦੇ, ਤਾਕਤ ਅਤੇ ਅਧਿਕਾਰ ਖੇਤਰ ਦੇ ਨਾਲ-ਨਾਲ ਆਪੋ-ਆਪਣੇ ਦਾਇਰਿਆਂ ਵਿਚ ਆਪਣੇ ਕੱਦ ਨੂੰ ਮਾਨਤਾ ਦਿਵਾਉਣ ਦੇ ਵੀ ਹਨ।

ਲਿਹਾਜ਼ਾ ਸਵਾਲ ਤਿੰਨ ਹਨ: ਪਹਿਲਾ, ਜਿਉਂ ਹੀ 'ਆਪ' ਕੇਜਰੀਵਾਲ ਕੇਂਦਰਤ ਹੋਈ, ਤਿਉਂ ਹੀ ਹਰ ਕੱਦਾਵਰ ਕਾਰਕੁਨ ਨੇ ਆਪਣੇ ਦਾਇਰੇ ਵਿਚ ਆਪਣਾ ਹੀ ਕੇਂਦਰ ਬਣਾ ਕੇ ਖ਼ੁਦ ਨੂੰ ਧੁਰਾ ਬਣਾਉਣ ਦਾ ਯਤਨ ਸ਼ੁਰੂ ਕਰ ਦਿੱਤਾ। ਦੂਜਾ, ਦਿੱਲੀ ਦੇ ਲੋਕ ਫਤਵੇ ਨੇ ਹਰ ਕੱਦਾਵਰ ਨੂੰ ਜਿੱਤ ਦੇ ਮਾਇਨੇ ਆਪਣੇ-ਆਪਣੇ ਤਰੀਕੇ ਨਾਲ ਸਮਝਾਏ, ਤੇ ਹਰ ਕਿਸੇ ਦੀ ਲਾਲਸਾ ਵਧ ਗਈ। ਤੀਜਾ, 'ਆਪ' ਨੂੰ ਕੇਜਰੀਵਾਲ ਦੀ ਛਾਂ ਤੋਂ ਮੁਕਤ ਕਿਵੇਂ ਕੀਤਾ ਜਾਵੇ, ਇਸ ਲਈ 'ਆਪ' ਦੇ ਅੰਦਰ ਹੀ 'ਆਪ' ਨੂੰ ਮਿਲਣ ਵਾਲੀ ਸਹਾਇਤਾ ਦੇ ਦਾਇਰੇ ਨੂੰ ਤੋੜਨ ਦੀ ਪਹਿਲ ਸ਼ੁਰੂ ਹੋ ਗਈ; ਭਾਵ ਟਕਰਾਓ ਸਿਰਫ ਅਹੁਦੇ-ਕੱਦ-ਤਾਕਤ ਦਾ ਹੀ ਨਹੀਂ ਰਿਹਾ ਸਗੋਂ 'ਆਪ' ਜਿਸ ਰਾਹ ਉਪਰ ਸਥਾਪਤ ਹੋਈ ਸੀ, ਉਹ ਰਸਤੇ ਬੰਦ ਕਰਨ ਦੀ ਕਵਾਇਦ ਸ਼ੁਰੂ ਹੋ ਗਈ; ਭਾਵ 'ਆਪ' ਵਿਚ ਸ਼ਾਮਲ ਤਮਾਮ ਲੋਕ ਆਪੋ-ਆਪਣੇ ਦਾਇਰੇ ਵਿਚ ਵੱਡੇ ਹੋਣ ਦੇ ਬਾਵਜੂਦ 'ਆਮ ਆਦਮੀ ਪਾਰਟੀ' ਨੂੰ ਸੰਭਾਲਣ ਜਾਂ ਖੁਦ ਝੁਕ ਕੇ 'ਆਪ' ਦਾ ਕੈਨਵਸ ਵਧਾਉਣ ਦੀ ਦਿਸ਼ਾ ਵਿਚ ਉਨ੍ਹਾਂ ਵਿਚੋਂ ਕੋਈ ਹੱਥ ਨਹੀਂ ਉਠਿਆ। ਦਿੱਲੀ ਦੇ ਲੋਕ ਫਤਵੇ ਨੇ ਜੇ ਕੇਜਰੀਵਾਲ ਨੂੰ ਆਪਣੇ ਬੋਝ ਹੇਠਾਂ ਦੱਬ ਲਿਆ, ਤਾਂ ਦਿੱਲੀ ਤੋਂ ਬਾਹਰ ਫੈਲਾਅ ਦੀ ਸੋਚ ਰੱਖਣ ਵਾਲਿਆਂ ਦੀ ਪਰਵਾਜ਼ 'ਆਪ' ਨੂੰ ਆਪਣੇ ਖੰਭਾਂ ਉਪਰ ਬਿਠਾ ਕੇ ਉਡਣ ਲਈ ਇਸ ਤਰ੍ਹਾਂ ਪਲਸੇਟੇ ਮਾਰਨ ਲੱਗੀ ਕਿ 'ਆਪ' ਦੀਆਂ ਉਮੀਦਾਂ ਨੂੰ ਹੀ ਬਰੇਕ ਲੱਗ ਗਏ; ਕਿਉਂਕਿ ਸੱਤਾ ਤਾਂ 'ਆਮ ਆਦਮੀ' ਦੀ ਹੋਣੀ ਸੀ, ਸੱਤਾ ਵਿਚ ਬੈਠੇ ਸੇਵਕ ਦਾ ਕੱਦ ਤਾਂ ਸੜਕਾਂ ਉਪਰ ਤੈਅ ਹੋਣਾ ਸੀ। ਸੰਘਰਸ਼ ਦੇ ਰਾਹ ਉਪਰ ਜੋ ਵੱਡਾ ਹੁੰਦਾ, ਉਹੀ ਵੱਡਾ ਬਣਦਾ। ਮੁੱਦਿਆਂ ਨੂੰ ਰਵਾਇਤੀ ਸਿਆਸਤ ਦੇ ਦਾਇਰੇ ਤੋਂ ਬਾਹਰ ਕੱਢ ਕੇ ਜ਼ਿੰਦਗੀ ਨਾਲ ਜੋੜ ਕੇ ਸਿਆਸੀ ਖਵਾਬਾਂ ਨੂੰ ਪਰਵਾਜ਼ ਦੇਣ ਲਈ ਹੀ ਤਾਂ ਕੇਜਰੀਵਾਲ ਅੱਗੇ ਆਇਆ ਸੀ। ਫਿਰ ਖ਼ੁਦ ਦੇ ਭਰੋਸੇ ਪਰਵਾਜ਼ ਦਾ ਖ਼ਵਾਬ ਆਗੂਆਂ ਨੇ ਕਿਵੇਂ ਪਾਲ ਲਿਆ ਅਤੇ ਇਹ ਭਰੋਸਾ ਕਿਵੇਂ ਤੋੜ ਦਿੱਤਾ ਕਿ ਸਿਆਸੀ ਕਾਮਯਾਬੀ ਮਹਿਜ਼ ਸੱਤਾ ਹਾਸਲ ਕਰ ਕੇ ਨਹੀਂ ਹੋਣ ਲੱਗੀ, ਸਗੋਂ ਸੱਤਾ ਹਾਸਲ ਕਰਨ ਦੇ ਤੌਰ-ਤਰੀਕਿਆਂ ਤੋਂ ਲੈ ਕੇ ਆਖ਼ਰੀ ਬੰਦੇ ਨਾਲ ਜੁੜਨ ਨਾਲ ਕਾਮਯਾਬੀ ਤੈਅ ਹੋਵੇਗੀ। ਹਰ ਜ਼ਿਹਨ ਵਿਚ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਹੁਣ 'ਆਪ' ਦਾ ਵਿਸਤਾਰ ਕਿਵੇਂ ਹੋਵੇਗਾ। ਜਦੋਂ ਕੇਜਰੀਵਾਲ 15 ਮਾਰਚ ਨੂੰ ਇਲਾਜ ਕਰਾ ਕੇ ਦਿੱਲੀ ਮੁੜੇਗਾ, ਤਾਂ ਉਹ ਕੀ ਕਹੇਗਾ ਤੇ ਕੀ ਕਰੇਗਾ? ਉਸ ਦੀ ਕਰਨੀ-ਕਹਿਣੀ ਉਪਰ 'ਆਪ' ਇਸ ਲਈ ਟਿਕੀ ਹੋਈ ਹੈ ਕਿਉਂਕਿ 'ਆਪ' ਦਾ ਮਤਲਬ ਹੁਣ ਨਾ ਤਾਂ ਯੋਗੇਂਦਰ ਯਾਦਵ ਦਾ ਬਹੁ-ਮੁਖੀ ਅਕਸ ਹੈ ਅਤੇ ਨਾ ਹੀ ਭੂਸ਼ਨ ਪਰਿਵਾਰ ਦਾ ਕੋਈ ਬਿਆਨ। ਯਾਦਵ ਵਾਪਸ ਸਮਾਜਵਾਦੀ ਜਨ-ਪ੍ਰੀਸ਼ਦ ਵਿਚ ਨਹੀਂ ਜਾਣ ਲੱਗਾ। ਯਾਦਵ ਨਾਲ ਜੋ ਲੋਕ ਸਿਆਸੀ ਬਦਲਾਓ ਦਾ ਖਵਾਬ ਸੰਜੋਈ ਉਸ ਦੀ ਛੱਤਰੀ ਤਹਿਤ 'ਆਪ' ਵਿਚ ਸ਼ਾਮਲ ਹੋਏ, ਉਹ ਆਪਣੇ ਬੁੱਤੇ ਪਾਰਟੀ ਬਣਾ ਕੇ ਚਲਾਉਣ ਦੀ ਤਾਕਤ ਨਹੀਂ ਰੱਖਦੇ। ਫਿਰ ਯਾਦਵ ਲਈ 'ਆਪ' ਤੋਂ ਬਾਹਰ ਚਲੇ ਜਾਣ ਦਾ ਰਸਤਾ ਵੀ ਹੁਣ ਨਹੀਂ ਬਚਿਆ। ਉਹ ਆਜ਼ਾਦਾਨਾ ਤੌਰ 'ਤੇ ਕਿਸਾਨਾਂ ਵਿਚ ਕੰਮ ਕਰੇਗਾ ਜਾਂ ਉਡੀਕ ਕਰੇਗਾ ਕਿ ਕੇਜਰੀਵਾਲ ਕੀ ਰਾਹ ਕੱਢਦਾ ਹੈ।

ਕੇਜਰੀਵਾਲ ਦੇ ਸਾਹਮਣੇ ਕਿਉਂਕਿ ਹੁਣ ਚੁਣੌਤੀ ਮਹਿਜ਼ ਦਿੱਲੀ ਦੀ ਨਹੀਂ ਹੈ, ਸਗੋਂ ਪਹਿਲੀ

*(ਬਾਕੀ ਅਗਲੇ ਸਫੇ 'ਤੇ)*

# 'ਇੰਡੀਆ'ਜ਼ ਡੌਟਰ' ਦਾ ਤਸ਼ੱਦਦ ਤੇ ਸਮਾਜਕ ਬੁੱਚੜਖਾਨਾ

***ਦਿੱਲੀ ਵਿਚ 16 ਦਸੰਬਰ 2012 ਨੂੰ ਹੋਏ ਜਬਰ-ਜਨਾਹ ਨਾਲ ਸਬੰਧਤ, ਫਿਲਮਸਾਜ਼ ਲੇਸਲੀ ਉਡਵਿਨ ਦੀ ਦਸਤਾਵੇਜ਼ੀ ਫਿਲਮ 'ਇੰਡੀਆ'ਜ਼ ਡੌਟਰ' ਅੱਜ ਕੱਲ੍ਹ ਚਰਚਾ ਦੇ ਕੇਂਦਰ ਵਿਚ ਹੈ। ਇਹ ਫਿਲਮ ਭਾਰਤ ਵਿਚ 8 ਮਾਰਚ ਨੂੰ ਦਿਖਾਈ ਜਾਣੀ ਸੀ ਪਰ ਭਾਰਤ ਦੀ ਮੋਦੀ ਸਰਕਾਰ ਨੇ ਇਸ ਫਿਲਮ ਦੇ ਪ੍ਰਸਾਰਨ ਉਤੇ ਰੋਕ ਲਗਾ ਦਿੱਤੀ। ਇਸੇ ਦੌਰਾਨ ਇਹ ਫਿਲਮ ਬੀ.ਬੀ.ਸੀ. ਉਤੇ ਨਸ਼ਰ ਕਰ ਦਿੱਤੀ ਗਈ ਅਤੇ ਫਿਰ ਅਮਰੀਕਾ ਵਿਚ ਵੀ ਇਹ ਦਿਖਾਈ ਗਈ। ਸੰਸਾਰ ਭਰ ਵਿਚ ਇਸ ਫਿਲਮ ਬਾਰੇ ਵੱਖ-ਵੱਖ ਕੋਣ ਤੋਂ ਚਰਚਾ ਹੋਈ। ਇਸ ਫਿਲਮ ਬਾਰੇ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਹ ਉਚੇਚਾ ਲੇਖ ਲਿਖਿਆ ਹੈ ਅਤੇ ਕੁਝ ਸਰੋਕਾਰ ਸਾਂਝੇ ਕੀਤੇ ਹਨ। ਦਲਜੀਤ ਅਮੀ ਖੁਦ ਦਸਤਾਵੇਜ਼ੀ ਫਿਲਮਸਾਜ਼ ਹੈ ਅਤੇ ਉਹਨੇ ਕਈ ਅਹਿਮ ਫਿਲਮਾਂ ਤੋਂ ਇਲਾਵਾ ਕਿਰਨਜੀਤ ਕਤਲ ਤੇ ਜਬਰ-ਜਨਾਹ ਕੇਸ (ਮਹਿਲ ਕਲਾਂ) ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਚੱਲੇ ਲੰਮੇ ਸੰਘਰਸ਼ ਬਾਰੇ ਦਸਤਾਵੇਜ਼ੀ ਫਿਲਮ 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਬਣਾਈ ਸੀ। -ਸੰਪਾਦਕ***

ਲੇਸਲੀ ਉਡਵਿਨ ਦੀ ਦਸਤਾਵੇਜ਼ੀ ਫਿਲਮ 'ਇੰਡੀਆ'ਜ਼ ਡੌਟਰ' ਦਿਖਾਏ ਜਾਣ ਤੋਂ ਪਹਿਲਾਂ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਦੇਖਣ ਵਾਲੇ ਇਸ ਉਤੇ ਬਹਿਸ ਕਰ ਰਹੇ ਹਨ। ਸੰਸਦ ਵਿਚ ਇਸ ਨੂੰ ਦਿਖਾਉਣ ਤੋਂ ਰੋਕਣ ਲਈ ਬਹਿਸ ਹੋਈ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਫਿਲਮ ਦੇ ਖਿਲਾਫ ਬਿਆਨ ਦੇ ਦਿੱਤਾ। ਅੰਤ ਵਿਚ ਫਿਲਮ ਦੇ ਭਾਰਤ ਵਿਚ ਪ੍ਰਸਾਰਨ ਉਤੇ ਪਾਬੰਦੀ ਲਗਾ ਦਿੱਤੀ ਗਈ। ਕਈ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਫਿਲਮ ਉਤੇ ਪਾਬੰਦੀ ਦੀ ਮੰਗ ਕੀਤੀ। 'ਟਾਈਮਜ਼ ਨਾਓ' ਦੇ ਮੁੱਖ ਸੰਪਾਦਕ ਅਰਨਬ ਗੋਸੁਆਮੀ ਨੇ ਇਸ ਫਿਲਮ ਨੂੰ ਨਸ਼ਰ ਕਰਨ ਦੀ ਤਜਵੀਜ਼ ਬਣਾਉਣ ਵਾਲੇ ਬੀ.ਬੀ.ਸੀ. ਦੇ ਭਾਰਤੀ ਭਾਈਵਾਲ ਚੈਨਲ ਐਨ.ਡੀ.ਟੀ.ਵੀ. ਖਿਲਾਫ ਪੁਲਿਸ ਕਾਰਵਾਈ ਦੀ ਮੰਗ ਤੱਕ ਕਰ ਦਿੱਤੀ। ਕੌਮਾਂਤਰੀ ਔਰਤ ਦਿਵਸ ਮੌਕੇ ਬੀ.ਬੀ.ਸੀ. ਨੇ ਇਸ ਫਿਲਮ ਦਾ ਕਈ ਮੁਲਕਾਂ ਵਿਚ ਪ੍ਰਸਾਰਨ ਕੀਤਾ। ਤਕਨਾਲੋਜੀ ਦੇ ਮੌਜੂਦਾ ਦੌਰ ਵਿਚ ਇਸ ਤਰ੍ਹਾਂ ਦੀ ਪਾਬੰਦੀ ਨਾਲ ਫਿਲਮ ਦੀ ਪਹੁੰਚ ਘਟਾਈ ਤਾਂ ਜਾ ਸਕਦੀ ਹੈ ਪਰ ਖ਼ਤਮ ਨਹੀਂ ਕੀਤੀ ਜਾ ਸਕਦੀ। ਫਿਲਮ, ਵਿਸ਼ੇ ਜਾਂ ਬਹਿਸ ਵਿਚ ਦਿਲਚਸਪੀ ਰੱਖਣ ਵਾਲੇ ਭਾਰਤੀ ਦਰਸ਼ਕਾਂ ਵਿਚ ਇਹ ਦਸਤਾਵੇਜ਼ੀ ਵੰਡੀ ਜਾ ਰਹੀ ਹੈ। ਦੇਰ-ਸਵੇਰ ਇਹ



**ਦਲਜੀਤ ਅਮੀ**
ਫੋਨ: 91-97811-21873

ਜਗਿਆਸੂਆਂ ਤੱਕ ਪਹੁੰਚ ਹੀ ਜਾਣੀ ਹੈ।

ਫਿਲਮ ਬਾਰੇ ਤਿੰਨ ਤਰ੍ਹਾਂ ਦੇ ਸੁਆਲ ਹਨ। ਤਿੰਨਾਂ ਦਾ ਕੇਂਦਰ ਫਿਲਮ ਵਿਚ 2012 ਦੀ ਦਿੱਲੀ ਬਲਾਤਕਾਰ ਕਾਂਡ ਦੇ ਇੱਕ ਦੋਸ਼ੀ ਮੁਕੇਸ਼ ਸਿੰਘ ਨਾਲ ਮੁਲਾਕਾਤ ਹੈ। ਪਹਿਲਾ ਸੁਆਲ ਤਾਂ ਇਸ ਮੁਲਾਕਾਤ ਲਈ ਲੋੜੀਂਦੀ ਕਾਨੂੰਨੀ ਪ੍ਰਵਾਨਗੀ ਨਾਲ ਜੁੜਿਆ ਹੋਇਆ ਹੈ। ਦੂਜਾ ਸੁਆਲ ਅਜਿਹੀ ਮੁਲਾਕਾਤ ਨੂੰ ਨਸ਼ਰ ਕਰਨ ਦੇ ਸਿਧਾਂਤਕ ਪੱਖ ਨਾਲ ਬਾਵਸਤਾ ਹੈ। ਤੀਜਾ ਸੁਆਲ ਅਜਿਹੀ ਫਿਲਮ ਨਾਲ ਵਿਦੇਸ਼ਾਂ ਵਿਚ ਪੇਸ਼ ਕੀਤੇ ਜਾਂਦੇ ਭਾਰਤ ਦੇ ਅਕਸ ਬਾਬਤ ਹੈ। ਇਸ ਲੇਖ ਲਈ ਪਹਿਲਾ ਸੁਆਲ ਬੇਮਾਅਨਾ ਹੈ। ਫਿਲਮਸਾਜ਼ ਕੋਲ ਕਾਨੂੰਨੀ ਇਜਾਜ਼ਤ ਹੋਵੇ ਜਾਂ ਨਾ, ਹੁਣ ਤਾਂ ਸੁਆਲ ਇਹ ਬਣਦੇ ਹਨ ਕਿ ਮੁਕੇਸ਼ ਸਿੰਘ ਦੀ ਆਵਾਜ਼ ਨੂੰ ਸੁਣਨ ਦੇ ਕੀ ਮਾਅਨੇ ਹਨ? ਕੀ ਮੁਕੇਸ਼ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਹੈ? ਕੀ ਮੁਕੇਸ਼ ਨੂੰ ਸਮਝਣਾ ਜ਼ਰੂਰੀ ਹੈ?

ਮੁਕੇਸ਼ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਫਿਲਮ ਬਾਰੇ ਕੁਝ ਗੱਲ ਕਰਨੀ ਜ਼ਰੂਰੀ ਹੈ। ਇਹ ਮੁਲਾਕਾਤ ਇਸ ਫਿਲਮ ਨੂੰ ਨਿਆਰੀ ਬਣਾ ਦਿੰਦੀ ਹੈ। ਦਸੰਬਰ 2012 ਦੇ ਬਲਾਤਕਾਰ ਅਤੇ ਕਤਲ ਮਾਮਲੇ ਦੇ ਬਹੁਤ ਸਾਰੇ ਪੱਖਾਂ ਉਤੇ ਫਿਲਮਾਂ ਬਣ ਸਕਦੀਆਂ ਹਨ। ਵੱਡੇ ਚੈਨਲਾਂ ਦਾ ਸੁਆਲ ਤਾਂ ਇੱਕੋ ਹੁੰਦਾ ਹੈ ਕਿ ਹੁਣ ਉਸ ਮੁੱਦੇ ਉਤੇ ਦੱਸਣ-ਦਿਖਾਉਣ ਨੂੰ ਨਵਾਂ ਕੀ ਹੈ? ਮੁਕੇਸ਼ ਦੀ ਆਵਾਜ਼ ਇਸ ਫਿਲਮ ਨੂੰ ਨਿਆਰੀ ਥਾਂ ਦਿੰਦੀ ਹੈ ਜਿੱਥੇ ਕਿਸੇ ਕੌਮਾਂਤਰੀ ਚੈਨਲ ਦੀ ਇਸ ਵਿਚ ਦਿਲਚਸਪੀ ਬਣਦੀ ਹੈ। ਬਿਨਾਂ ਸ਼ੱਕ ਇਸੇ ਮੁਲਾਕਾਤ ਨਾਲ ਬੀ.ਬੀ.ਸੀ. ਵਰਗੇ ਕੌਮਾਂਤਰੀ ਚੈਨਲ ਦੀ ਦਿਲਚਸਪੀ ਬਣਦੀ ਹੈ ਕਿ ਉਹ ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਉਡੀਕ ਰਹੇ ਦੋਸ਼ੀ ਦੀ ਆਵਾਜ਼ ਆਪਣੇ ਆਲਮੀ ਦਰਸ਼ਕ ਤੱਕ ਲੈ ਕੇ ਜਾਵੇ। ਇਸ ਮੁਲਾਕਾਤ ਵਿਚ 16 ਦਸੰਬਰ ਦੀ ਵਾਰਦਾਤ ਦੀ ਤਫਸੀਲ ਵਿਵਾਦ ਦਾ ਵਿਸ਼ਾ ਬਣੀ ਹੈ। ਇਸ ਤਫਸੀਲ ਨੂੰ ਪੇਸ਼ ਕਰਨ ਦੀ ਲੋੜ ਅਤੇ ਤਰੀਕੇ ਬਾਰੇ ਵੱਖਰੀ ਚਰਚਾ ਹੋ ਸਕਦੀ ਹੈ, ਪਰ ਇਹ ਮੁਲਾਕਾਤ ਵਾਰਦਾਤ ਦੀ ਤਫਸੀਲ ਤੱਕ ਮਹਿਦੂਦ ਨਹੀਂ ਹੈ। ਇਹ ਮੁਲਾਕਾਤ ਲੰਮੀ ਹੈ ਅਤੇ ਵਾਰਦਾਤ ਦੀ ਤਫਸੀਲ ਤੋਂ ਮੁਕੇਸ਼ ਦੇ ਬਲਾਤਕਾਰ, ਔਰਤ, ਸਜ਼ਾ, ਇਨਸਾਫ, ਸਮਾਜ ਅਤੇ ਸਿਆਸਤ ਬਾਰੇ ਨਜ਼ਰੀਏ ਤੱਕ ਫੈਲ ਜਾਂਦੀ ਹੈ। ਮੁਕੇਸ਼ ਦੀ ਇਹ ਮੁਲਾਕਾਤ (ਦਰਅਸਲ ਮੁਲਾਕਾਤਾਂ) ਉਸ ਵਾਰਦਾਤ ਦੇ ਪਿਛੋਕੜ, ਬਾਅਦ ਵਿਚ ਉਭਰੀ ਰੋਹ ਦੀ ਲਹਿਰ, ਰੋਹ ਵਿਚ ਸ਼ਾਮਿਲ ਲੋਕਾਂ ਦੇ ਤਜਰਬੇ, ਸਰਕਾਰ ਵਲੋਂ ਕੀਤੀਆਂ ਪਹਿਲਕਦਮੀਆਂ, ਬਲਾਤਕਾਰ-ਕਤਲ ਦਾ ਸ਼ਿਕਾਰ ਹੋਈ ਕੁੜੀ ਦੇ ਮਾਪਿਆਂ, ਕਰੀਬੀ ਦੋਸਤ ਦੇ ਨਾਲ-ਨਾਲ ਦੋਸ਼ੀਆਂ ਦੇ ਪਰਿਵਾਰਾਂ ਦੇ ਜੀਆਂ ਦੀਆਂ ਆਵਾਜ਼ਾਂ ਵਿਚਲੀ ਇੱਕ ਤੰਦ ਹੈ। ਇਹ ਪੂਰੀ ਲੜੀ ਉਸ ਵਾਰਦਾਤ ਦਾ ਸਮਾਜ ਵਿਗਿਆਨ ਸਮਝਣ ਦਾ ਤਰੱਦਦ ਜਾਪਦੀ ਹੈ। ਆਮ ਤੌਰ ਉਤੇ ਅਜਿਹੇ ਵਿਸ਼ੇ ਉਤੇ ਬਣੀ ਫਿਲਮ ਵਿਚ ਖਾਮੋਸ਼ੀ ਅਤੇ ਇਸ਼ਾਰਿਆਂ ਦੀ ਆਪਣੀ ਥਾਂ ਹੁੰਦੀ ਹੈ, ਪਰ 'ਇੰਡੀਆ'ਜ਼ ਡੌਟਰ' ਕੁਝ ਅਣਕਿਹਾ ਨਹੀਂ ਛੱਡਦੀ। ਇਸ ਨੁਕਤੇ ਰਾਹੀਂ ਫਿਲਮ ਦੇ ਮਿਆਰੀ ਪੱਖ ਉਤੇ ਟਿੱਪਣੀ ਹੋ ਸਕਦੀ ਹੈ ਪਰ ਇਸ ਲੇਖ ਦੀ ਤਰਜੀਹ 'ਇੰਡੀਆ'ਜ਼ ਡੌਟਰ' ਵਿਚ ਪੇਸ਼ ਹੁੰਦਾ ਸਮਾਜ ਵਿਗਿਆਨ ਹੈ।

ਜਦੋਂ ਵਾਰਦਾਤ ਤੋਂ ਤਕਰੀਬਨ ਦੋ ਸਾਲ ਬਾਅਦ ਦਸਤਾਵੇਜ਼ੀ ਫਿਲਮ ਬਣ ਕੇ ਸਾਹਮਣੇ ਆਉਂਦੀ ਹੈ ਤਾਂ ਨਿਆਰੇ ਹੋਣ ਦੇ ਨਾਲ-ਨਾਲ ਪੇਚੀਦਗੀ ਦੀਆਂ ਰਮਜ਼ਾਂ ਫਰੋਲਣ ਦੀ ਆਸ ਵੀ ਕੀਤੀ ਜਾਂਦੀ ਹੈ। ਉਸ ਵਾਰਦਾਤ ਤੋਂ ਬਾਅਦ ਬਲਾਤਕਾਰ, ਔਰਤ ਦਾ ਰੁਤਬਾ, ਔਰਤ ਦੇ ਖਿਲਾਫ ਹੁੰਦੀ ਘਰੇਲੂ ਹਿੰਸਾ, ਸਮਾਜ ਦਾ ਮਰਦਾਵਾਂ ਖਾਸਾ, ਮੌਤ ਦੀ ਸਜ਼ਾ, ਨਾਬਾਲਗ਼ ਦੀ ਉਮਰ ਅਤੇ ਬੀਬੀਆਂ ਦੀ ਸੁਰੱਖਿਆ ਵਰਗੇ ਮਸਲੇ ਵਿਚਾਰੇ ਗਏ ਸਨ। ਬਲਾਤਕਾਰ ਦੇ ਮਾਮਲੇ ਵਿਚ ਕਸ਼ਮੀਰ ਦੀ ਨੀਲੋਫਰ ਤੋਂ ਲੈ ਕੇ ਝਾਰਖੰਡ ਦੀ ਸੋਨੀ ਸੋਰੀ ਅਤੇ ਨਾਗਾਲੈਂਡ ਦੀ ਮਨੋਰਮਾ ਤੱਕ ਦਾ ਪੰਨਾ ਖੁੱਲ੍ਹ ਗਿਆ ਸੀ। ਬਲਾਤਕਾਰੀ ਦੀ ਮਾਨਸਿਕਤਾ ਨੂੰ ਸਮਝਣ ਦੀ ਅਹਿਮੀਅਤ ਅਤੇ ਮਾਹੌਲ ਵਿਚ ਬਲਾਤਕਾਰ ਦੇ ਖ਼ਦਸ਼ੇ ਨੂੰ ਮੁਖ਼ਾਤਬ ਹੋਣ ਦੀ ਲੋੜ ਅਹਿਮ ਮੰਨੀ ਗਈ ਸੀ। ਇਸ ਦੇ ਨਾਲ ਹੀ ਬਲਾਤਕਾਰ ਦੀ ਧਾਰਨਾ ਨੂੰ ਮੋਕਲਾ ਕੀਤਾ ਗਿਆ ਸੀ ਤਾਂ ਜੋ ਜ਼ੋਰ-ਜ਼ਬਰੀ ਵਾਲੀ ਬਿਰਤੀ ਨੂੰ ਨੱਥ ਪਾਈ ਜਾ ਸਕੇ। ਪੇਚੀਦਗੀ ਦਾ ਆਲਮ ਇਹ ਸੀ ਕਿ ਇਹ ਸਾਰੇ ਮਾਮਲਿਆਂ ਉਤੇ ਸਾਰੀਆਂ ਸੰਜੀਦਾ ਧਿਰਾਂ ਇੱਕ ਸੁਰ ਨਹੀਂ ਸਨ। ਇਹ ਧਾਰਨਾਵਾਂ ਉਭਰ ਕੇ ਸਾਹਮਣੇ ਆਈਆਂ ਸਨ ਕਿ ਮੌਤ ਦੀ ਸਜ਼ਾ ਕੋਈ ਹੱਲ ਨਹੀਂ ਹੋ ਸਕਦੀ ਅਤੇ ਸਮਾਜ ਨੂੰ ਤੈਅ ਕਰਨਾ ਪਵੇਗਾ ਕਿ ਬੱਚਿਆਂ ਨੂੰ ਚੰਗਾ ਮਨੁੱਖੀ ਮਾਹੌਲ ਦੇਣਾ ਹੈ ਜਾਂ ਬਾਲ-ਅਪਰਾਧੀਆਂ ਨਾਲ ਜੇਲ੍ਹਾਂ ਭਰਨੀਆਂ ਹਨ। ਘਰੇਲੂ ਹਿੰਸਾ ਦੇ ਹਵਾਲੇ ਨਾਲ ਇਹ ਨਿਚੋੜ ਕੱਢਿਆ ਗਿਆ ਕਿ ਜ਼ਿਆਦਾਤਰ ਬਲਾਤਕਾਰੀ ਆਪਣੇ ਸ਼ਿਕਾਰ ਨੂੰ ਪਹਿਲਾਂ ਤੋਂ ਜਾਣਦੇ ਸਨ। ਇਸ ਲਈ ਬਲਾਤਕਾਰੀ ਦੀ ਸੋਚ ਨੂੰ ਸਮਝੇ ਬਿਨਾਂ ਬਲਾਤਕਾਰ ਦੇ ਖ਼ਦਸ਼ੇ ਨੂੰ ਫ਼ਿਜ਼ਾ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ।

ਉਸ ਵਾਰਦਾਤ ਤੋਂ ਬਾਅਦ ਮੁਲਜ਼ਮਾਂ ਨੂੰ ਕੋਈ ਵੀ ਗ਼ੈਰ-ਮਨੁੱਖੀ ਵਿਸ਼ੇਸ਼ਣ ਦੇਣਾ ਜਾਂ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕਰਨਾ ਰੋਹ ਦੀ ਨੁਮਾਇੰਦਗੀ ਕਰਦਾ ਸੀ। ਇਹ ਇਨਸਾਫ਼ ਦੇ ਅਹਿਮ ਅਤੇ ਫ਼ੌਰੀ ਪੱਖ ਬਣਦਾ ਹਨ। ਇਨਸਾਫ਼ ਦਾ ਚਿਰਕਾਲੀ ਪੱਖ ਬਲਾਤਕਾਰ ਦੇ ਖ਼ਦਸ਼ਿਆਂ ਵਾਲੇ ਮਾਹੌਲ ਨੂੰ ਮੁਖ਼ਾਤਬ ਹੋਣਾ ਹੈ। ਔਰਤ ਦਾ ਸਮਾਜਕ ਪੱਧਰ 'ਤੇ ਮਨੁੱਖੀ ਰੁਤਬਾ ਬਹਾਲ ਕਰਨਾ ਅਤੇ ਮਰਦਾਵੀਂ ਸੋਚ ਨੂੰ ਮਨੁੱਖੀ ਸੋਚ ਵਿਚ ਤਬਦੀਲ ਕਰਨਾ ਵੱਡੇ ਸੁਆਲ ਸਨ। ਇਨ੍ਹਾਂ ਸੁਆਲਾਂ ਨੂੰ ਉਸ ਵੇਲੇ ਦੇ ਮਾਹੌਲ ਵਿਚ 'ਵਿਦਵਾਨੀ ਜੁਗਾਲੀ' ਕਹਿ ਕੇ ਖਾਰਜ ਵੀ ਕੀਤਾ ਗਿਆ ਪਰ ਨਾਲੋ-ਨਾਲ ਸੰਜੀਦਾ ਚਾਰਾਜੋਈ ਦੀ ਮੰਗ ਵੀ ਕਾਇਮ ਰਹੀ।

'ਇੰਡੀਆ'ਜ਼ ਡੌਟਰ' ਇਨ੍ਹਾਂ ਸੁਆਲਾਂ ਨੂੰ ਮੁਕੇਸ਼ ਕੁਮਾਰ ਰਾਹੀਂ ਮੁਖਾਤਬ ਹੁੰਦੀ ਹੈ। ਉਹ ਪੂਰੀ ਵਾਰਦਾਤ ਤੋਂ ਪਹਿਲਾਂ ਦੇ ਮਾਹੌਲ ਅਤੇ ਮੌਕੇ ਦੀ ਤਫਸੀਲ, ਬਹੁਤ ਸਹਿਜਤਾ ਨਾਲ ਦਿੰਦਾ ਹੈ। ਉਹ ਆਪਣੀ ਸੋਚ ਦੀਆਂ ਸਮਾਜਕ ਜੜ੍ਹਾਂ ਦੀ ਵਕਾਲਤ ਕਰਦਾ ਹੋਇਆ ਵਾਰਦਾਤ ਨੂੰ ਜਾਇਜ਼ ਕਰਾਰ ਦਿੰਦਾ ਹੈ। ਇਸ ਤੋਂ ਅੱਗੇ ਜਾ ਕੇ ਉਹ ਸਪਸ਼ਟ ਕਰਦਾ ਹੈ ਕਿ ਉਨ੍ਹਾਂ ਦੀ ਮੌਤ ਦੀ ਸਜ਼ਾ ਨਾਲ ਬਲਾਤਕਾਰ ਘੱਟ ਨਹੀਂ ਜਾਣਗੇ ਸਗੋਂ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਬੀਬੀਆਂ ਦੀ ਜਾਨ ਹੋਰ ਖ਼ਤਰੇ ਵਿਚ ਪੈ ਜਾਵੇਗੀ। ਇਸ ਫਿਲਮ ਵਿਚ ਬਚਾਅ ਪੱਖ ਦੇ ਵਕੀਲ, ਮੁਕੇਸ਼ ਦੀ ਸੋਚ ਦਾ ਮੱਧਵਰਗੀ ਮੁਹਾਵਰਾ ਪੇਸ਼ ਕਰਦੇ ਹਨ। ਉਹ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀ ਕੁੜੀ ਨੂੰ ਵਾਰਦਾਤ ਵਾਲੀ ਥਾਂ, ਸਮੇਂ ਅਤੇ ਸਾਥ ਨਾਲ ਜੋੜ ਕੇ ਕਸੂਰਵਾਰ ਕਰਾਰ ਦਿੰਦੇ ਹਨ। ਇਨ੍ਹਾਂ ਵਕੀਲਾਂ ਦੀ ਦਲੀਲ ਅਦਾਲਤੀ ਕਾਰਵਾਈ ਦੀ ਥਾਂ ਸਮਾਜਕ ਕਦਰਾਂ-ਕੀਮਤਾਂ ਨਾਲ ਜੁੜੀ ਹੋਈ ਹੈ। ਬਲਾਤਕਾਰ ਦੇ ਮਾਮਲੇ ਵਿਚ ਅਦਾਲਤੀ ਕਾਰਵਾਈ ਦਾ ਸਿਆਸੀ ਅਤੇ ਜਮਾਤੀ ਖਾਸਾ ਸੰਸਦ ਵਿਚ ਬੈਠਣ ਵਾਲੇ ਮੁਲਜ਼ਮਾਂ ਦੀ ਗਿਣਤੀ ਨਾਲ ਪੇਸ਼ ਹੁੰਦਾ ਹੈ। ਮੁਕੇਸ਼ ਦਾ ਇਹ ਸੁਆਲ ਮਾਅਨੇ ਰੱਖਦਾ ਹੈ ਕਿ ਸੰਸਦ ਵਿਚ ਬੈਠੇ ਬਲਾਤਕਾਰ ਦੇ ਮੁਲਜ਼ਮਾਂ ਦਾ ਕੀ ਹੋਵੇਗਾ? ਉਸ ਦਾ ਵਕੀਲ ਸੁਆਲ ਪੁੱਛਦਾ ਹੈ ਕਿ ਅਮੀਰਾਂ ਦੇ ਮਾਮਲੇ ਇਸ ਰਫਤਾਰ ਨਾਲ ਕਿਉਂ ਨਹੀਂ ਨਿਬੇੜੇ ਜਾਂਦੇ?

ਮੁਕੇਸ਼ ਦੀ ਬੇਬਾਕੀ ਦਹਿਲਾ ਦੇਣ ਵਾਲੀ ਹੈ। ਅਜਿਹੇ ਕਰੂਰ ਰੁਝਾਨ ਕਾਰਨ ਸਮਾਜ ਦੇ ਹਰ ਸੰਜੀਦਾ ਜੀਅ ਨੂੰ ਹਰ ਰੋਜ਼ ਦਹਿਲਣਾ ਹੀ ਚਾਹੀਦਾ ਹੈ। ਹੁਣ ਸੁਆਲ ਇਹ ਹੈ ਕਿ ਕੀ ਇਸ ਆਵਾਜ਼ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ ਜਾਂ ਸੁਣਿਆ




*ਦਸਤਾਵੇਜ਼ੀ ਫਿਲਮ 'ਇੰਡੀਆ'ਜ਼ ਡੌਟਰ' ਦੀ ਡਾਇਰੈਕਟਰ ਲੇਸਲੀ ਉਡਵਿਨ ਅਤੇ (ਸੱਜੇ) ਫਿਲਮ ਦਾ ਟਾਈਟਲ।*

ਜਾਣਾ ਚਾਹੀਦਾ ਹੈ? ਮੁਕੇਸ਼ ਦੀ ਪਛਾਣ ਸਾਡੇ ਸਮਾਜ ਦੇ ਜ਼ਿਆਦਾਤਰ ਮਰਦਾਂ ਵਿਚ ਮਿਲਦੀ ਹੈ। ਜੇ ਉਸ ਦੀ ਸਜ਼ਾ ਵਾਲਾ ਪਾਸਾ ਵੱਖ ਕਰ ਦਿੱਤਾ ਜਾਵੇ ਤਾਂ ਉਹ ਸਮਾਜ ਵਿਚ ਨਿਆਰਾ ਨਹੀਂ ਹੋਵੇਗਾ। ਉਹ ਸਮਾਜਕ ਸਲੀਕੇ ਵਿਚੋਂ ਬੇਪ੍ਰਵਾਹ ਮਰਦ ਹੈ ਜੋ ਮੌਤ ਦੀ ਸਜ਼ਾ ਨੂੰ ਲਾਗੂ ਕੀਤੇ ਜਾਣ ਦੀ ਉਡੀਕ ਕਰ ਰਿਹਾ ਹੈ। ਸਮਾਜਕ ਸਲੀਕੇ ਤਹਿਤ ਇਹ ਆਵਾਜ਼ 'ਸਰਵ-ਮਰਦ ਮਹਿਫਿਲਾਂ' ਜਾਂ 'ਨਸ਼ੇ ਦੀ ਲੋਰ ਵਿਚ ਕੀਤੇ ਇਕਬਾਲ ਜਾਂ ਮਰਦਾਨਾ ਦਾਅਵਿਆਂ' ਤੱਕ ਮਹਿਦੂਦ ਹੋ ਜਾਂਦੀ ਹੈ। ਮੁਕੇਸ਼ ਦੀ ਆਵਾਜ਼ ਨਾਲ ਇਸ ਸੋਚ ਦੀਆਂ ਤੰਦਾਂ ਗ਼ੁਰਬਤ ਮਾਰੇ ਪੇਂਡੂ ਇਲਾਕਿਆਂ ਤੋਂ ਸ਼ਹਿਰੀ ਬਸਤੀਆਂ ਅਤੇ ਵਕੀਲਾਂ ਰਾਹੀਂ ਸੰਸਦ ਤੱਕ ਜੁੜ ਜਾਂਦੀਆਂ ਹਨ ਅਤੇ ਮਰਦਾਵੀਂ ਦਲੀਲ ਅਤੇ ਔਰਤ ਦਾ ਸਮਾਜਕ ਰੁਤਬਾ ਸਪਸ਼ਟ ਉਘੜ ਆਉਂਦਾ ਹੈ। ਔਰਤ ਮਹਿਜ ਭੋਗੇ ਜਾਣ ਵਾਲੀ, ਸਾਹ ਲੈਂਦੀ ਸੀਲ ਵਸਤ ਤੱਕ ਮਹਿਦੂਦ ਹੋ ਜਾਂਦੀ ਹੈ। ਸਾਹ ਲੈਂਦੇ ਰਹਿਣ ਲਈ 'ਸ਼ਰਮ ਵਜੋਂ ਚੁੱਪ' ਖਤਰਨਾਕ ਸ਼ਰਤ ਬਣ ਕੇ ਪੇਸ਼ ਹੁੰਦੀ ਹੈ। ਮੁਕੇਸ਼ ਇੱਕ ਧਿਰ ਦਾ ਬੁਲਾਰਾ ਬਣ ਕੇ ਸਾਹਮਣੇ ਆਉਂਦਾ ਹੈ ਜੋ ਸੋਚ ਪੱਖੋਂ ਕੋਈ ਝੋਲ ਨਹੀਂ ਖਾਂਦਾ। ਇਸ ਫਿਲਮ ਦੀ ਨੁਕਤਾਚੀਨੀ ਦਾ ਇੱਕ ਸਬੱਬ ਮੁਕੇਸ਼ ਦੀ ਬੇਬਾਕੀ ਹੈ ਜਿਸ ਨੂੰ ਬੇਸ਼ਰਮੀ ਕਰਾਰ ਦਿੱਤਾ ਜਾ ਰਿਹਾ ਹੈ। ਫਿਲਮ ਦੇਖਣ ਵਾਲੇ ਪੜਚੋਲੀਏ ਮੁਕੇਸ਼ ਤੋਂ ਸ਼ਰਮਸ਼ਾਰ ਹੋਣ ਦੀ ਤਵੱਕੋ ਕਰਦੇ ਹਨ, ਉਸ ਤੋਂ ਪਛਤਾਵੇ ਦੀ ਆਸ ਕੀਤੀ ਜਾਂਦੀ ਹੈ। ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਮਾਜ ਨੂੰ ਅਜਿਹੀਆਂ ਕਰਤੂਤਾਂ ਤੋਂ ਬਚਣ ਦੀ ਸਲਾਹ ਦੇਵੇ। ਜਦੋਂ ਮੁਕੇਸ਼ ਇਨ੍ਹਾਂ ਉਮੀਦਾਂ ਉਤੇ ਖ਼ਰਾ ਨਹੀਂ ਉਤਰਦਾ ਤਾਂ ਉਹ ਆਪਣੀ ਧਿਰ ਦਾ ਬੇਖ਼ੌਫ਼ ਨੁਮਾਇੰਦਾ ਬਣਦਾ ਹੈ। ਕਿਤੇ ਇਹ ਬੇਬਾਕੀ ਸਮਾਜਕ ਦੋਗ਼ਲੇਪਣ ਨੂੰ ਹੀ ਤਾਂ ਔਖਾ ਨਹੀਂ ਕਰ ਰਹੀ?

'ਇੰਡੀਆ'ਜ਼ ਡੌਟਰ' ਵਿਚ ਬਲਾਤਕਾਰ ਦਾ ਸ਼ਿਕਾਰ ਹੋਈ ਕੁੜੀ ਅਤੇ ਬਲਾਤਕਾਰ ਕਰਨ ਵਾਲਿਆਂ ਦੇ ਮਾਪਿਆਂ ਦੀ ਸੁਰ ਸਾਂਝੀ ਹੈ। ਉਹ ਵੱਖਰੀਆਂ-ਵੱਖਰੀਆਂ ਧਿਰਾਂ ਵਿਚ ਹੋਣ ਦੇ ਬਾਵਜੂਦ ਇੱਕੋ ਸੋਚ ਹੇਠ ਦਰੜੇ ਗਏ ਹਨ। ਵਾਰਦਾਤ ਤੋਂ ਬਾਅਦ ਉਭਰੇ ਲੋਕ ਰੋਹ ਵਿਚ ਸ਼ਾਮਿਲ ਕਾਰਕੁਨ, ਤਫ਼ਤੀਸ਼ੀ ਅਫ਼ਸਰ, ਇਲਾਜ ਕਰਨ ਵਾਲੀ ਡਾਕਟਰ, ਮਨੋਵਿਗਿਆਨੀ, ਸੁਪਰੀਮ ਕੋਰਟ ਦੀ ਜੱਜ ਅਤੇ ਆਕਸਫੋਰਡ ਯੂਨੀਵਰਸਿਟੀ ਦੀ ਇਤਿਹਾਸਕਾਰ ਮਾਰੀਆ ਮਿਸਰਾ ਉਸ ਮਾਹੌਲ ਨੂੰ ਸਮਝਣ ਵਾਲੀਆਂ ਟਿੱਪਣੀਆਂ ਕਰਦੀਆਂ ਹਨ ਜੋ ਬਲਾਤਕਾਰੀ ਦੀ ਸੋਚ ਰਾਹੀਂ ਸਾਡੇ ਸਾਹਮਣੇ ਮਰਦਾਵੇਂ ਦਾਬੇ ਵਜੋਂ ਦਰਜ ਹੁੰਦਾ ਹੈ।

ਇਨ੍ਹਾਂ ਹਾਲਾਤ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਬਿਆਨ ਆਉਂਦਾ ਹੈ ਕਿ "ਸਰਕਾਰ ਕਿਸੇ ਬੰਦੇ ਜਾਂ ਅਦਾਰੇ ਨੂੰ ਉਸ ਮੰਦਭਾਗੀ ਵਾਰਦਾਤ ਦਾ ਵਿੱਤੀ ਲਾਹਾ ਲੈਣ ਦੀ ਇਜਾਜ਼ਤ ਨਹੀਂ ਦੇ ਸਕਦੀ।" ਇਸੇ ਦੀ ਅਗਲੀ ਕੜੀ ਟੈਲੀਵਿਜ਼ਨ ਚੈਨਲ ਉਤੇ ਪਾਬੰਦੀ ਦੀ ਮੰਗ ਹੈ। ਜੇ ਇਨ੍ਹਾਂ ਦੋਵਾਂ ਨਾਲ ਵਿਦੇਸ਼ ਵਿਚ ਪੇਸ਼ ਕੀਤੇ ਜਾਂਦੇ ਮਾੜੇ ਅਕਸ ਵਾਲੀ ਦਲੀਲ ਜੋੜ ਲਈ ਜਾਵੇ ਤਾਂ ਇਸ ਫਿਲਮ ਦੇ ਖਿਲਾਫ ਖੜ੍ਹੀ ਧਿਰ ਦਾ ਕਾਨੂੰਨੀ, ਸਰਕਾਰੀ ਅਤੇ ਦੇਸ਼ ਭਗਤੀ ਵਾਲਾ ਖਾਸਾ ਉਘੜ ਆਉਂਦਾ ਹੈ। ਇਹ ਦਲੀਲਾਂ ਹਰ ਵਾਰ ਦਿੱਤੀਆਂ ਜਾਂਦੀਆਂ ਹਨ ਜਦੋਂ ਕੋਈ ਵਿਦੇਸ਼ੀ ਪੈਸੇ ਜਾਂ ਅਦਾਰੇ ਦੀ ਇਮਦਾਦ ਨਾਲ ਸਾਡੇ ਮੁਲਕ ਦਾ ਮਾੜਾ ਪੱਖ ਉਭਾਰਦਾ ਹੈ। ਵਿਦੇਸ਼ਾਂ ਤੋਂ ਨਿਵੇਸ਼ ਲਿਆਉਣ ਲਈ ਕਾਹਲੀ ਸਰਕਾਰ ਦੇ ਮੰਤਰੀ ਅਤੇ ਸਲਾਹਕਾਰ ਉਨ੍ਹਾਂ ਹੀ ਸਰਕਾਰਾਂ ਜਾਂ ਮੁਲਕਾਂ ਦੇ ਪੂੰਜੀਪਤੀਆਂ ਦੀ ਖ਼ੁਸ਼ਾਮਦ ਕਰਦੇ ਹਨ ਪਰ ਇਸ ਪੱਖ ਤੋਂ ਡਰਦੇ ਹਨ। ਇਸ ਦਲੀਲ ਦਾ ਇਤਿਹਾਸਕ ਪਿਛੋਕੜ ਹੈ। ਵਿਦੇਸ਼ ਨੀਤੀਆਂ ਅਤੇ ਆਪਣੀਆਂ 'ਸੱਭਿਅਤਾ ਮੁਹਿੰਮਾਂ' ਤਹਿਤ ਸਰਕਾਰਾਂ ਅਤੇ ਮੀਡੀਆ ਅਦਾਰੇ ਅੱਧ-ਸੱਚ ਜਾਂ ਮਨਘੜਤ ਸੱਚ ਪੇਸ਼ ਕਰਦੇ ਹਨ। ਮੌਜੂਦਾ ਮਾਮਲੇ ਵਿਚ ਇਹ ਦਲੀਲ ਲਾਗੂ ਨਹੀਂ ਹੁੰਦੀ ਕਿਉਂਕਿ ਫਿਲਮ ਉਤੇ ਕੋਈ ਤੱਥਮੂਲਕ ਸੁਆਲ ਨਹੀਂ ਹੈ। ਕਾਨੂੰਨੀ ਨੁਕਤਾ ਕਿਸੇ ਵੀ ਤਰ੍ਹਾਂ ਦੇਸ਼ ਧ੍ਰੋਹ ਜਾਂ ਕੂੜ-ਪ੍ਰਚਾਰ ਨਹੀਂ ਬਣ ਜਾਂਦਾ। ਮੁਕੇਸ਼ ਕਿਸੇ ਵਿਦੇਸ਼ੀ ਤਾਕਤ ਦਾ ਦਲਾਲ ਤਾਂ ਨਹੀਂ ਲੱਗਦਾ ਅਤੇ ਨਾ ਹੀ ਬਲਾਤਕਾਰੀਆਂ ਦਾ ਪੱਖ ਪੂਰਨ ਵਾਲੇ ਵਕੀਲ ਅਜਿਹੇ ਲੱਗਦੇ ਹਨ। ਇਹ ਸੁਆਲ ਕਾਨੂੰਨ ਨੂੰ ਤੋੜਨ ਨਾਲੋਂ ਸਮਾਜਕ ਫ਼ਿਜ਼ਾ ਵਿਚ ਉਸਰੇ ਸਮਾਜਕ ਬੁੱਚੜਖ਼ਾਨੇ ਦੀ ਨਿਸ਼ਾਨਦੇਹੀ ਕਰਨ ਦਾ ਜ਼ਿਆਦਾ ਹੈ। ਜੇ ਇਸ ਲਈ ਕਾਨੂੰਨ ਤੋੜ ਵੀ ਦਿੱਤਾ ਗਿਆ ਤਾਂ ਸਾਡੀ ਮੁਲਕ ਦੀ ਸੁਰੱਖਿਆ ਨੂੰ ਕੋਈ ਸੰਨ੍ਹ ਨਹੀਂ ਲੱਗ ਗਈ।

ਇਸ ਲਈ ਵੱਡਾ ਸੁਆਲ ਇਹ ਹੈ ਕਿ ਅਸੀਂ ਮੁਕੇਸ਼ ਨੂੰ ਸੁਣਨਾ ਚਾਹੁੰਦੇ ਹਾਂ ਜਾਂ ਨਹੀਂ? ਜੇ ਅਸੀਂ ਸੁਣਨਾ ਚਾਹੁੰਦੇ ਹਾਂ ਤਾਂ ਕੀ ਅਸੀਂ ਆਪਣੇ-ਆਪ ਨੂੰ ਮੁਖਾਤਬ ਹੋ ਕੇ ਸਮਾਜ ਵਿਚ ਪਸਰੇ ਬਲਾਤਕਾਰ ਦੇ ਖ਼ਦਸ਼ੇ ਨੂੰ ਮੁਖਾਤਬ ਹੋ ਸਕਦੇ ਹਾਂ? ਉਸ ਨੂੰ ਸੁਣੇ ਬਿਨਾਂ ਬਲਾਤਕਾਰ ਤੋਂ ਨਿਜਾਤ ਪਾਉਣ ਦੀ ਗੱਲ ਬੇਮਾਅਨੀ ਹੈ। ਮੁਕੇਸ਼ ਨੂੰ ਮੁਖਾਤਬ ਹੋਣਾ ਔਖਾ ਹੈ ਕਿਉਂਕਿ ਉਸ ਨੂੰ ਸਮਾਜਕ ਹਕੀਕਤ ਵਜੋਂ ਪ੍ਰਵਾਨ ਕਰਨਾ ਪੈਂਦਾ ਹੈ। ਉਸ ਦੀ ਜ਼ੋਰ-ਜ਼ਬਰੀ ਨੂੰ ਪ੍ਰਵਾਨ ਕਰਨਾ ਔਖਾ ਹੈ। ਦੇਖਣਾ-ਸੁਣਨਾ ਹੋਰ ਵੀ ਔਖਾ ਹੈ। ਉਂਜ ਖਬਰਾਂ ਵਿਚ ਦਰਜ ਘਟਨਾਵਾਂ ਵਿਚ ਮੁਕੇਸ਼ ਦੀ ਜ਼ੋਰ-ਜਬਰੀ ਰੋਜ਼ ਪੜ੍ਹੀ-ਸੁਣੀ-ਦੇਖੀ ਜਾਂਦੀ ਹੈ। ਫਿਲਮ ਵਿਚ ਤਾਂ ਉਹ ਅੱਖਾਂ ਵਿਚ ਅੱਖਾਂ ਪਾ ਕੇ ਬੋਲਦਾ ਹੈ। ਮੁਕੇਸ਼ ਨਾਲ 'ਇੰਡੀਆ'ਜ਼ ਡੌਟਰ' ਨੇ ਕੋਈ ਕਮਾਲ ਫਿਲਮ ਨਹੀਂ ਬਣ ਜਾਣਾ, ਪਰ ਇਸ ਰਾਹੀਂ ਸਮਾਜ ਕੋਲ ਆਪਣੇ ਸੱਚ ਨੂੰ ਮੁਖਾਤਬ ਹੋਣ ਦਾ ਮੌਕਾ ਮਿਲਿਆ ਹੈ। ਮੁਕੇਸ਼ ਨੂੰ ਨਜ਼ਰਅੰਦਾਜ਼ ਕਰ ਕੇ ਰੋਜ਼ ਹੁੰਦੇ ਬਲਾਤਕਾਰਾਂ ਦੀ ਚਰਚਾ ਵੱਖ-ਵੱਖ ਵਾਰਦਾਤਾਂ ਵਜੋਂ ਕੀਤੀ ਜਾ ਸਕਦੀ ਹੈ। ਜੇ ਸਮਾਜ ਨੂੰ ਬਲਾਤਕਾਰ ਦਾ ਸ਼ਿਕਾਰ ਹੋਣ ਜਾਂ ਬਲਾਤਕਾਰੀ ਹੋਣ ਤੋਂ ਬਚਾਉਣਾ ਹੈ ਤਾਂ ਮੁਕੇਸ਼ ਹੀ ਆਪਣੀ ਧਿਰ ਦਾ ਢੁਕਵਾਂ ਨੁਮਾਇੰਦਾ ਹੈ। ਉਹ ਡਰਾਉਂਦਾ ਹੈ, ਬੇਖ਼ੌਫ਼ ਹੈ, ਉਸ ਦੀ ਸ਼ਰਮ ਦੀ ਆਪਣੀ ਧਾਰਨਾ ਹੈ ਪਰ ਉਹ ਸੱਚ ਬੋਲ ਰਿਹਾ ਹੈ। ਉਸ ਦੇ ਸੱਚ ਤੋਂ ਮੁਨਕਰ ਹੋਣ ਲਈ ਕੋਈ ਪੱਤਰਕਾਰੀ ਛੱਡ ਕੇ ਪੁਲਿਸ ਕਿਉਂ ਹੋ ਜਾਣਾ ਚਾਹੁੰਦਾ ਹੈ? ਉਸ ਤੋਂ ਕੰਨੀ ਕਤਰਾ ਕੇ ਕੋਈ ਫਿਲਮਸਾਜ਼ ਦੀ 'ਔਰਤਵਾਦੀ ਮੁਹਿੰਮ' ਬਾਬਤ ਸਮਝ ਉਤੇ ਸੁਆਲ ਕਿਉਂ ਕਰਦਾ ਹੈ? ਇਹ ਸੁਆਲ ਮੁਕੇਸ਼ ਰਾਹੀਂ ਵੀ ਪੁੱਛੇ ਜਾ ਸਕਦੇ ਹਨ। ਇਹ ਫਿਲਮ ਕਿਸੇ ਕਲਾਕਾਰੀ ਜਾਂ ਮਿਆਰੀ ਫਿਲਮਸਾਜ਼ੀ ਕਾਰਨ ਭਾਵੇਂ ਨਾ ਜਾਣੀ ਜਾਵੇ ਪਰ ਬਲਾਤਕਾਰ ਦੇ ਸਮਾਜਕ ਖ਼ੌਫ਼ ਦੇ ਬੇਬਾਕ ਸਬੂਤ ਅਤੇ ਗਵਾਹੀ ਵਜੋਂ ਤਾਂ ਜਾਣੀ ਜਾਏਗੀ। ਇਹ ਇੱਕ ਘੰਟੇ ਦਾ ਤਸ਼ੱਦਦ ਹੈ ਜੋ ਸ਼ੱਰੇਬਾਜ਼ਾਰ ਚੱਲਦੇ ਮਰਦਾਵੇਂ ਬੁੱਚੜਖ਼ਾਨੇ ਨੂੰ ਬੰਦ ਕਰਨ ਦੀ ਸੇਧ ਵੀ ਬਣ ਸਕਦਾ ਹੈ।

## ਤਖ਼ਤ-ਤਾਜ ਉਛਾਲਣ ਦਾ ਖ਼ਵਾਬ...


*(ਪਿਛਲੇ ਸਫੇ ਦੀ ਬਾਕੀ)*

ਵਾਰ ਕੇਜਰੀਵਾਲ ਨੂੰ 2012 ਦੀ ਉਸੇ ਭੂਮਿਕਾ ਵਿਚ ਫਿਰ ਪਰਤਣਾ ਪੈਣਾ ਹੈ ਜਿਸ ਤਹਿਤ ਉਸ ਨੇ ਸਵੈਰਾਜ ਤੋਂ ਲੈ ਕੇ ਪੂਰੇ ਮੁਲਕ ਵਿਚ ਸਿਆਸੀ ਪ੍ਰਬੰਧ ਦੇ ਬਦਲਾਅ ਦਾ ਖਵਾਬ ਪਾਲਿਆ ਸੀ। ਦਿੱਲੀ ਵਿਚ ਭ੍ਰਿਸ਼ਟਾਚਾਰ ਨੂੰ ਨਕੇਲ, ਔਰਤ ਸੁਰੱਖਿਆ ਲਈ ਤਕਨੀਕੀ ਐਲਾਨ ਅਤੇ ਕਰੋਨੀ ਪੂੰਜੀਵਾਦ ਦੀ ਨਬਜ਼ ਟੋਹਣ ਦਾ ਕੰਮ ਤਾਂ ਕੇਜਰੀਵਾਲ ਦਿੱਲੀ ਸੱਤਾ 'ਚ ਬੈਠੇ ਵੀ ਕਰ ਸਕਦਾ ਹੈ ਪਰ ਸਿਰਫ ਦਿੱਲੀ ਜ਼ਰੀਏ ਕੌਮੀ ਸੰਵਾਦ ਸੰਭਵ ਨਹੀਂ ਹੈ ਅਤੇ ਇਸ ਤੋਂ ਬਗ਼ੈਰ ਉਹੀ ਕਾਰਪੋਰੇਟ ਤੇ ਉਹੀ ਮੀਡੀਆ ਸਿਆਸਤ ਦੇ ਚੁੰਗਲ ਵਿਚ 'ਆਪ' ਨੂੰ ਮਸਲ ਦੇਣ ਲਈ ਭੋਰਾ ਦੇਰ ਨਹੀਂ ਲਗਾਏਗਾ; ਭਾਵ ਸਮਾਜੀ-ਆਰਥਿਕ ਨਾਬਰਾਬਰੀ ਤੋਂ ਮੁਨਾਫ਼ੇ ਬਟੋਰਦੇ ਸਰਮਾਏਦਾਰਾਂ ਅਤੇ ਉਨ੍ਹਾਂ ਨਾਲ ਖੜ੍ਹੀਆਂ ਸਿਆਸੀ ਪਾਰਟੀਆਂ ਵੱਲ ਸਿੱਧਾ ਨਿਸ਼ਾਨਾ ਸੇਧ ਕੇ ਨਵੇਂ ਸੰਘਰਸ਼ ਦੀ ਦਿਸ਼ਾ ਅਖ਼ਤਿਆਰ ਕਰ ਕੇ ਹੀ ਲੋਕ ਅੰਦੋਲਨਾਂ ਨਾਲ ਜੁੜੇ ਤਮਾਮ ਸਮਾਜ ਸੇਵਕਾਂ ਤੇ ਕਾਰਕੁਨਾਂ ਦੇ ਸਮੂਹ ਨੂੰ ਸੰਘਰਸ਼ ਲਈ ਤਿਆਰ ਕੀਤਾ ਜਾ ਸਕਦਾ ਹੈ।

ਇਸ ਵਕਤ ਕੋਈ ਸਿਆਸੀ ਪਾਰਟੀ ਐਸੀ ਨਹੀਂ ਜੋ ਸਰਮਾਏ ਦੇ ਮੁਨਾਫ਼ੇ ਹੇਠ ਰਾਜ ਦਾ ਵਿਕਾਸ ਨਾ ਦੇਖਦੀ ਹੋਵੇ ਤੇ ਇਸ ਤੋਂ ਹਟਵੀਂ ਕੋਈ ਨਵੀਂ ਸੋਚ ਰੱਖਦੀ ਹੋਵੇ। ਦਿੱਲੀ ਵਾਲਾ ਤਜਰਬਾ ਹੋਰ ਸੂਬਿਆਂ ਵਿਚ ਹੂ-ਬ-ਹੂ ਨਹੀਂ ਚੱਲ ਸਕਦਾ; ਚਾਹੇ ਆਉਣ ਵਾਲੇ ਵਕਤ ਵਿਚ 'ਆਪ'' ਦੇ ਨਿਸ਼ਾਨੇ 'ਤੇ ਬਿਹਾਰ ਹੋਵੇ ਜਾਂ ਪੰਜਾਬ। ਸਵੈਰਾਜ ਜਾਂ ਆਮ ਆਦਮੀ ਦੀ ਸੱਤਾ ਤੋਂ ਹਟ ਕੇ ਜਿਥੇ ਵੀ ਦੇਖਣ ਦੀ ਕੋਸ਼ਿਸ਼ ਹੋਵੇਗੀ, ਉਥੇ ਇਸ ਦਾ ਟਕਰਾਓ ਖ਼ੁਦ ਨਾਲ ਹੀ ਹੋਵੇਗਾ ਕਿਉਂਕਿ ਤਖ਼ਤ ਅਤੇ ਤਾਜ ਉਛਾਲਣ ਦਾ ਮਿਜ਼ਾਜ ਸੱਤਾ ਹਾਸਲ ਕਰਨ ਤੋਂ ਬਾਅਦ ਬਦਲਾਓ ਨੂੰ ਤਖ਼ਤ ਉਪਰ ਬਿਠਾ ਕੇ ਜਾਂ ਤਾਜ ਪਹਿਨਾ ਕੇ ਨਹੀਂ ਕੀਤਾ ਜਾ ਸਕਦਾ। ਖ਼ੁਦ ਦੇ ਬਦਲਾਓ ਦੇ ਤੌਰ-ਤਰੀਕੇ ਹੀ ਹੁਣ ਇਸ ਪਾਰਟੀ ਅੰਦਰਲੀ ਝਗੜੇ ਨੂੰ ਮੁਕਾ ਸਕਦੇ ਹਨ। ਯੋਗੇਂਦਰ-ਪ੍ਰਸ਼ਾਂਤ ਜੇ ਇਹ ਨਾ ਸਮਝ ਸਕੇ ਕਿ ਕੇਜਰੀਵਾਲ ਚਾਹੇ ਦਿੱਲੀ ਵਿਚ ਕੇਂਦਰਤ ਹੋ ਕੇ ਕੰਮ ਕਰਨਾ ਚਾਹੁੰਦਾ ਹੈ, ਪਰ ਉਹ ਉਨ੍ਹਾਂ ਦੀ ਕਠਪੁਤਲੀ ਨਹੀਂ ਹੋ ਸਕਦਾ; ਫਿਰ ਕੇਜਰੀਵਾਲ ਨੂੰ ਇਹ ਸਮਝਣਾ ਹੋਵੇਗਾ ਕਿ ਦਿੱਲੀ ਵਿਚ 'ਆਪ' ਨੂੰ ਸੀਮਤ ਕਰਨ ਨਾਲ ਇਹ ਉਥੇ ਜੋਗੀ ਹੀ ਰਹਿ ਜਾਵੇਗੀ; ਜਦਕਿ ਸਿਆਸੀ ਪ੍ਰਬੰਧ ਬਦਲਣ ਲਈ ਤਖ਼ਤ-ਤਾਜ ਨੂੰ ਉਛਾਲਣ ਦੀ ਨਵੀਂ ਮੁਨਾਦੀ ਹੀ ਹੈ ਜੋ 'ਆਪ' ਨੂੰ ਜ਼ਿੰਦਾ ਰੱਖ ਸਕੇਗੀ ਅਤੇ ਵਿਸਤਾਰ ਦੇ ਨਾਲ-ਨਾਲ ਸੱਤਾ ਵੀ ਦਿਵਾਏਗੀ। ਉਦੋਂ ਸੱਤਾ ਯੋਗੇਂਦਰ ਜਾਂ ਪ੍ਰਸ਼ਾਂਤ ਜਾਂ ਕੇਜਰੀਵਾਲ ਦੀ ਨਹੀਂ ਹੋਵੇਗੀ, ਇਹ ਆਮ ਆਦਮੀ ਦੀ ਉਮੀਦ ਦੀ ਹੋਵੇਗੀ।

# ਕਹਿਬੇ ਕਉ ਸੋਭਾ ਨਹੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਆਲੇ-ਦੁਆਲੇ ਦੂਰ-ਦੂਰ ਤੱਕ ਹਰਿਆਲੀ ਤੋਂ ਹੀਣੇ ਦਿਸਦੇ ਚੌਗਿਰਦੇ ਵਿਚ ਬਣੇ ਹੋਏ ਅਬੂ-ਧਾਬੀ ਦੇ ਏਅਰਪੋਰਟ 'ਤੇ ਸੈਨ ਫਰਾਂਸਿਸਕੋ ਜਾਣ ਵਾਸਤੇ ਪੰਦਰਾਂ-ਸੋਲਾਂ ਘੰਟੇ ਦੀ ਲੰਮੀ ਉਡਾਣ ਭਰਨ ਲਈ ਤਿਆਰ ਖੜ੍ਹੇ ਇਤਿਹਾਦ ਏਅਰਲਾਈਨਜ਼ ਦੇ ਜਹਾਜ਼ ਵਿਚ ਦਾਖ਼ਲ ਹੋ ਕੇ ਮੈਂ ਆਪਣੀ ਸੀਟ ਭਾਲ ਰਿਹਾ ਸਾਂ। ਇਧਰ-ਉਧਰ ਨਜ਼ਰ ਮਾਰਦਿਆਂ ਹੀ ਮੈਨੂੰ ਹਥਲਾ ਲੇਖ ਲਿਖਣ ਦਾ ਫੁਰਨਾ ਫੁਰਿਆ। ਆਪਣੀ ਸੀਟ 'ਤੇ ਟਿਕ ਕੇ ਬਹਿੰਦਿਆਂ ਸਾਰ, ਫੁਰੇ ਹੋਏ ਫੁਰਨੇ ਵਿਚ ਰੰਗ ਭਰਨ ਲਈ ਮਨ-ਚਿਤ ਵਿਚ ਖਿਲਰੀਆਂ-ਪੁਲਰੀਆਂ ਪਈਆਂ ਯਾਦਾਂ ਦੀਆਂ ਕੰਨੀਆਂ ਜੋੜਨ ਦੀ ਕੋਸ਼ਿਸ਼ ਕਰਨ ਲੱਗਾ। ਸੁੱਕੇ ਬਾਲਣ ਨੂੰ ਲੱਗੀ ਅੱਗ 'ਤੇ ਪਾਣੀ ਦੀ ਬਾਲਟੀ ਪੈ ਜਾਣ ਵਾਂਗ, ਅਚਾਨਕ ਉਭਰੇ ਇਕ ਹੋਰ ਖਿਆਲ ਨੇ, ਮੇਰੇ ਫੁਰਨੇ 'ਤੇ ਪਾਣੀ ਫੇਰ ਦਿੱਤਾ। 'ਛੱਡੋ ਪਰ੍ਹਾਂ, ਇਸ ਵਿਸ਼ੇ 'ਤੇ ਲਿਖਿਆ ਲੇਖ ਸਾਡੇ ਸੰਪਾਦਕ ਨੂੰ ਪਸੰਦ ਨਹੀਂ ਜੇ ਆਉਣਾ...! ਨਾ ਪਸੰਦ ਹੋਇਆ ਤਾਂ ਛਪਣਾ ਵੀ ਕਿਥੋਂ?'

ਕੁਝ ਦੇਰ ਭਾਵੇਂ ਇਸੇ ਉਧੇੜ-ਬੁਣ ਵਿਚ ਪਿਆ ਰਿਹਾ, ਪਰ ਅਬੂ-ਧਾਬੀ ਏਅਰਪੋਰਟ ਵਾਲੇ ਜਹਾਜ਼ ਵਿਚ ਬੈਠੀ ਇਕ ਸਵਾਰੀ ਵੱਲ ਸਹਿਵਨ ਝਾਕਿਆ ਹੋਇਆ, ਬੱਸ ਕੰਡੇ ਵਾਂਗ ਚੁਭੀ ਗਿਆ। ਫੁਰਸਤ ਦੇ ਪਲ ਮਿਲਦਿਆਂ ਹੀ ਕੁਝ ਲਿਖਣ ਲਈ ਬੈਠਣ ਵੇਲੇ ਮੈਂ ਪੱਕੀ ਧਾਰ ਲਈ ਕਿ ਲੇਖ ਛਪੇ ਭਾਵੇਂ ਨਾ ਛਪੇ, ਪਰ ਅਖ਼ਬਾਰ ਲਈ ਵੱਡੇ ਗੌਰਵ ਵਾਲੀ ਗੱਲ ਨੂੰ ਮੈਂ ਆਪਣੇ ਚੇਤਿਆਂ ਵਿਚ ਦਫ਼ਨ ਨਹੀਂ ਹੋਣ ਦੇਣਾ। ਹੁਣ ਪਹਿਲੋਂ ਹੀ ਇਸ ਗੱਲ ਦਾ ਜ਼ਿਕਰ ਹੋ ਜਾਏ ਜਿਸ ਨੇ ਮੇਰੇ ਫੁਰਨੇ ਨੂੰ ਚਾਰੇ ਖਾਨੇ ਚਿੱਤ ਕਰ ਸੁੱਟਿਆ ਸੀ।

ਪਿਛਲੇ ਸਾਲ ਦੀ ਗੱਲ ਹੈ, ਮੇਰਾ ਇਕ ਮਿੱਤਰ ਕੁਝ ਹਫ਼ਤਿਆਂ ਲਈ ਪੰਜਾਬ ਗਿਆ। ਸੁਭਾਅ ਪੱਖੋਂ ਉਹ ਪੰਜਾਬ ਨਾਲ ਸਬੰਧਤ ਹਰ ਸਰਗਰਮੀ ਉਤੇ ਕਰੜੀ ਨਿਗ੍ਹਾ ਰੱਖਦਾ ਹੈ। ਚਾਹੇ ਕੋਈ ਸਿਆਸੀ ਹੋਵੇ, ਧਾਰਮਿਕ ਹੋਵੇ ਜਾਂ ਸਮਾਜੀ; ਉਸ ਦੀ ਫਿਤਰਤ ਹੈ ਕਿ ਉਹ ਹਰ ਸਰਗਰਮੀ ਦੀ ਡੂੰਘੀ ਛਾਣ-ਬੀਣ ਕਰਦਾ ਹੈ। ਹਰ ਹਫ਼ਤੇ ਦੀਆਂ ਅਖ਼ਬਾਰਾਂ ਦਾ ਤਬਸਰਾ ਕਰ ਕੇ, ਮੇਰੇ ਨਾਲ ਫੋਨ 'ਤੇ ਵਿਚਾਰ-ਵਟਾਂਦਰਾ ਕਰਨੋਂ ਵੀ ਉਹ ਕਦੇ ਨਹੀਂ ਉੱਕਦਾ।

ਪੰਜਾਬ ਵਿਚ ਕੁਝ ਹਫ਼ਤੇ ਬਿਤਾਉਣ ਬਾਅਦ ਜਦੋਂ ਉਹ ਵਾਪਸ ਆਪਣੇ ਕੰਮ 'ਤੇ ਲੱਗਿਆ, ਤਾਂ ਇਕ ਸ਼ਾਮ ਉਸ ਨੇ 'ਪੰਜਾਬ ਟਾਈਮਜ਼' ਦੀਆਂ ਉਨ੍ਹਾਂ ਸਾਰੀਆਂ ਕਾਪੀਆਂ ਦੇ ਲੇਖ ਤੇ ਕਹਾਣੀਆਂ ਮੇਰੇ ਨਾਲ ਦਰਜਾ-ਬ-ਦਰਜਾ ਸਾਂਝੇ ਕੀਤੇ ਜੋ ਉਸ ਦੀ ਗੈਰ-ਹਾਜ਼ਰੀ ਦੇ ਹਫ਼ਤਿਆਂ ਵਿਚ ਛਪੇ ਸਨ। ਸੁਭਾਵਕ ਹੈ ਕਿ ਮੈਂ ਹੈਰਾਨ ਹੋਣਾ ਹੀ ਸੀ ਕਿ ਇਹ ਭਲਾਮਾਨਸ ਪੁਰਾਣੀਆਂ ਅਖ਼ਬਾਰਾਂ ਕਿਥੋਂ ਕੱਢ ਲਿਆਇਆ! ਮੇਰੇ ਪੁੱਛਣ 'ਤੇ ਜਨਾਬ ਨੇ ਉੱਤਰ ਦਿੱਤਾ, "ਭਾਅ ਜੀ, ਇੰਡੀਆ ਜਾਣ ਲੱਗਿਆਂ ਮੈਂ ਆਪਣੀ ਘਰਵਾਲੀ ਨੂੰ ਤਾਕੀਦ ਕਰ ਗਿਆ ਸੀ ਕਿ ਸਟੋਰ ਜਾਂ ਗੁਰਦੁਆਰਿਓਂ ਹਰ ਹਫ਼ਤੇ 'ਪੰਜਾਬ ਟਾਈਮਜ਼' ਲਿਆਉਣਾ ਨਾ ਭੁੱਲੀਂ!... ਸੋ, ਉਸ ਨੇ ਬੀਤੇ ਹਫ਼ਤਿਆਂ ਦੀਆਂ ਸਾਰੀਆਂ ਕਾਪੀਆਂ ਸਾਂਭ ਕੇ ਰੱਖੀਆਂ ਹੋਈਆਂ ਸਨ।"



ਅਖ਼ਬਾਰੀ ਛਾਣ-ਬੀਣ ਕਰਦਿਆਂ ਕਿਉਂਕਿ ਉਸ ਨੇ ਮੇਰੇ ਕਾਲਮ ਦਾ ਉਚੇਚਾ ਜ਼ਿਕਰ ਕੀਤਾ ਸੀ, ਇਸ ਲਈ ਮੈਂ ਉਹਦੇ ਨਾਲ ਗੱਲਬਾਤ ਮੁਕਾ ਕੇ ਝੱਟ ਦੇਣੀ ਇਹ ਹੌਸਲਾ-ਅਫ਼ਜ਼ਾਈ ਵਰਗੀ ਸੂਚਨਾ ਆਪਣੇ ਸੰਪਾਦਕ ਜੀ ਨਾਲ ਸਾਂਝੀ ਕਰਨ ਲਈ ਫੋਨ ਮਿਲਾਇਆ। ਮੈਂ ਇਹ ਸੋਚ ਕੇ ਫੋਨ ਕਰਿਆ ਸੀ ਕਿ ਆਪਣੀ ਅਖ਼ਬਾਰ ਦੀ ਲੋਕਪ੍ਰਿਯਤਾ ਸੁਣ ਕੇ ਸੰਪਾਦਕ ਸਾਹਿਬ ਮੇਰੇ ਵਾਂਗ ਹੁੱਬ-ਹੁੱਬ ਕੇ ਸਾਰੀ ਗੱਲ ਸੁਣਨਗੇ, ਪਰ ਉਨ੍ਹਾਂ ਨੇ ਅੱਗਿਓਂ ਗੱਲ ਕਰ ਕੇ ਮੇਰਾ ਸਾਰਾ ਈ ਚਾਅ ਮਾਰ'ਤਾ!...

"ਓ ਭਰਾ ਜੀ, ਆਪਣੇ ਮੋਢੇ ਆਪੇ ਹੀ ਨਹੀਂ ਥਾਪੜੀਦੇ ਹੁੰਦੇ...! ਠੀਕ ਆ ਉਸ ਸੱਜਣ ਦਾ ਧੰਨਵਾਦ ਕਰ ਦਿਓ ਮੇਰੇ ਵਲੋਂ ਵੀ, ਕਿ ਉਹ 'ਪੰਜਾਬ ਟਾਈਮਜ਼' ਨੂੰ ਇੰਨੀ ਸ਼ਿੱਦਤ ਨਾਲ ਪਿਆਰ ਕਰਦਾ ਹੈ।"

ਇਸ ਪਾਠਕ ਵੀਰ ਦੇ 'ਪੰਜਾਬ ਟਾਈਮਜ਼' ਨਾਲ ਮੋਹ-ਪਿਆਰ ਨੂੰ ਲਿਖਤ ਵਿਚ ਲਿਆਉਣ ਤੋਂ ਮੈਨੂੰ ਮਨ੍ਹਾਂ ਕਰਦਿਆਂ ਸੰਪਾਦਕ ਜੀ ਨੇ ਹੋਰ 'ਸੁਝਾਅ' ਦਿੰਦਿਆਂ ਫਰਮਾਇਆ, "ਭਾਈ ਸਾਹਿਬ ਜੀ, ਇਹੋ ਜਿਹੀਆਂ 'ਪਿੱਠ ਥਾਪੜਨੀਆਂ' ਸੁਣਨ ਜਾਂ ਮਾਣਨ ਦੀ ਥਾਂ ਆਪਣੀ ਅਖ਼ਬਾਰ ਵਿਚ ਰਹਿੰਦੀਆਂ ਤਰੁੱਟੀਆਂ, ਕਮੀਆਂ-ਪੇਸ਼ੀਆਂ ਵੱਲ ਤਵੱਜੋ ਦਿਆ ਕਰੋ ਤਾਂ ਕਿ ਅਖ਼ਬਾਰ ਤੇ ਪਾਠਕਾਂ ਦਾ ਸਨੇਹ ਭਰਿਆ ਰਿਸ਼ਤਾ ਹੋਰ ਮਜ਼ਬੂਤ ਹੋਵੇ।"

ਸੱਚ ਜਾਣਿਓਂ, ਸੰਪਾਦਕ ਦੇ ਇਹ ਸੁਝਾਅ ਮੈਨੂੰ ਉਸ ਵਕਤ ਖਰ੍ਹਵੇਂ ਜਿਹੇ ਜਾਪੇ, ਪਰ ਮੈਨੂੰ ਅਚਨਚੇਤੀ ਉਨ੍ਹਾਂ ਦੇ 'ਖਰ੍ਹਵੇਂਪਣ' ਦੀ ਇਕ ਮਿਸਾਲ ਹੋਰ ਯਾਦ ਆ ਗਈ ਜੋ 'ਪੰਜਾਬ ਟਾਈਮਜ਼' ਦੇ ਸ਼ੁਭਚਿੰਤਕਾਂ ਵਲੋਂ ਬੇਹੱਦ ਸਤਿਕਾਰੀ ਗਈ ਸੀ। ਹੋਇਆ ਇੰਜ ਸੀ ਕਿ ਇਸੇ ਅਖ਼ਬਾਰ ਵਿਚ ਛਪਦੇ ਇਕ ਲੇਖਕ ਨੇ ਮਨੋਰੰਜਕ ਪ੍ਰੋਗਰਾਮ ਕੀਤਾ। ਉਸ ਸਮਾਗਮ ਦੀ ਰਿਪੋਰਟਿੰਗ ਕਰਨ ਲਈ ਮੈਂ ਵੀ ਦਰਸ਼ਕਾਂ ਵਿਚ ਸ਼ਾਮਲ ਹੋਇਆ। ਪ੍ਰੋਗਰਾਮ ਦੇ ਕੁਝ ਹਿੱਸੇ ਮੈਨੂੰ ਇਤਰਾਜ਼ਯੋਗ ਲੱਗੇ। ਘਰੇ ਆ ਕੇ ਖ਼ਬਰ ਬਣਾਉਂਦਿਆਂ ਮੈਂ ਸੰਪਾਦਕ ਜੀ ਨੂੰ ਫੋਨ ਕਰ ਕੇ ਪੁੱਛਿਆ, "ਕਿੰਨੀ ਕੁ ਲਿਹਾਜ਼ ਪਾਲਣੀ ਐ?"

ਜਵਾਬ ਮਿਲਿਆ, "ਭੋਰਾ ਵੀ ਨਹੀਂ! ਖ਼ਬਰ ਦੀ ਇਬਾਰਤ ਲਿਖਦਿਆਂ ਚੰਗੇ ਨੂੰ ਮਾੜਾ ਨਹੀਂ ਕਹਿਣਾ, ਤੇ ਮਾੜੇ ਨੂੰ ਚੰਗਾ ਨਹੀਂ ਬਣਾਉਣਾ। ਜੋ ਤੁਸੀਂ ਨਿਰਪੱਖਤਾ ਨਾਲ ਮਹਿਸੂਸ ਕੀਤਾ ਹੈ, ਬੱਸ ਉਹੀ ਲਿਖਿਓ!"

ਮੇਰੀ ਰਿਪੋਰਟਿੰਗ ਤੋਂ ਮੈਨੂੰ ਨਿੱਜੀ ਰੂਪ ਵਿਚ ਵੀ ਪਾਠਕਾਂ ਵਲੋਂ ਸ਼ਲਾਘਾ ਮਿਲੀ ਅਤੇ 'ਪੰਜਾਬ ਟਾਈਮਜ਼' ਦਾ ਨਿਰਪੱਖਤਾ ਤੇ ਬੇਬਾਕੀ ਵਾਲਾ ਦਾਅਵਾ ਵੀ ਹੋਰ ਪਕੇਰਾ ਹੋਇਆ।

ਲਓ ਜੀ ਅਬੂ-ਧਾਬੀ ਦੇ ਹਵਾਈ ਅੱਡੇ ਉਤੇ ਖੜ੍ਹੇ ਜਹਾਜ਼ ਵਿਚ ਕੁਝ ਲਿਖਣ ਲਈ ਜਾਗੇ ਉਤਸ਼ਾਹ ਨੂੰ ਬ੍ਰੇਕਾਂ ਲਾਉਣ ਵਾਲੀਆਂ ਉਪਰੋਕਤ ਮਿਸਾਲਾਂ ਤੋਂ ਬਾਅਦ ਹੁਣ ਇਹ ਵੀ ਜਾਣ ਲਓ ਕਿ ਉਥੇ ਹੋਇਆ ਕੀ? ਜਹਾਜ਼ ਵਿਚ ਵੜ ਕੇ ਮੈਂ ਆਪਣਾ ਹੈਂਡ ਬੈਗ ਰੇੜ੍ਹਦਾ ਆਪਣੀ ਸੀਟ ਕੋਲ ਜਾ ਖੜ੍ਹਾ ਹੋਇਆ। ਉਪਰ ਬਣੇ ਖਾਨੇ ਵਿਚ ਹੈਂਡ ਬੈਗ ਰੱਖ ਕੇ ਮੈਂ ਵਿੰਡੋ-ਸੀਟ 'ਤੇ ਬਹਿਣ ਹੀ ਲੱਗਾ ਸੀ ਕਿ ਮੇਰੀ ਨਜ਼ਰ ਮੈਥੋਂ ਮੋਹਰਲੀ ਸੀਟ ਉਪਰ ਬੈਠੇ ਯਾਤਰੀ ਉਤੇ ਪਈ ਜੋ 'ਪੰਜਾਬ ਟਾਈਮਜ਼' ਅਖ਼ਬਾਰ ਦੇ ਸਫ਼ੇ ਸਵਾਰ ਰਿਹਾ ਸੀ।

ਇਕ ਤਾਂ ਮੈਨੂੰ ਇਸ ਅਖ਼ਬਾਰ ਤੋਂ ਦੋ ਮਹੀਨੇ ਦੂਰ ਰਹਿਣ ਤੋਂ ਬਾਅਦ ਚਾਣਚੱਕ ਦਿਖ ਪੈਣ 'ਤੇ ਅਚੰਭਾ ਜਿਹਾ ਹੋਇਆ, ਦੂਜੇ ਇਹ ਹੈਰਾਨੀ ਵੀ ਹੋਈ ਕਿ ਕਿਥੇ ਅਮਰੀਕਾ, ਤੇ ਕਿਥੇ ਅਬੂ-ਧਾਬੀ! ਇੰਨੀ ਦੂਰ ਇਹ ਕਿਹੜਾ 'ਪੰਜਾਬ ਟਾਈਮਜ਼ ਪ੍ਰੇਮੀ' ਹੋਵੇਗਾ ਜੋ ਇਹਨੂੰ ਨਾਲ ਹੀ ਚੁੱਕੀ ਫਿਰਦਾ ਹੈ! ਖ਼ੁਸ਼ੀ ਅਤੇ ਉਤਸੁਕਤਾ ਦੇ ਰਲੇ-ਮਿਲੇ ਚਾਅ ਨਾਲ ਮੈਂ ਇਜਾਜ਼ਤ ਲੈ ਕੇ ਉਸ ਬੰਦੇ ਦੀ ਫ਼ੋਟੋ ਉਤਾਰ ਲਈ। ਇਹ ਯਾਤਰੂ ਸੀ, ਯੂਬਾ ਸਿਟੀ ਨਿਵਾਸੀ ਕੁਲਦੀਪ ਸਿੰਘ ਜੋ ਮੇਰੇ ਵਾਂਗ ਦਿੱਲੀ-ਵਾਇਆ-ਅਬੂ ਧਾਬੀ, ਅਮਰੀਕਾ ਆ ਰਿਹਾ ਸੀ।

ਜਦੋਂ ਕੁਲਦੀਪ ਸਿੰਘ ਨੇ ਰਤਾ ਕੁ ਉਤਾਂਹ ਨੂੰ ਸਵਾਰ ਕੇ ਦੇਖਿਆ, ਤਦ ਉਸ ਨੇ ਮੈਨੂੰ ਪਛਾਣ ਲਿਆ। ਹੱਥ ਮਿਲਾਉਣ ਬਾਅਦ ਉਸ ਨੇ 'ਪੰਜਾਬ ਟਾਈਮਜ਼' ਦੇ ਮਿਆਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਮੈਂ ਇਸ ਅਖ਼ਬਾਰ ਨੂੰ ਰੀਝ ਨਾਲ ਪੜ੍ਹਦਾ ਹਾਂ। ਇਸ ਵਿਚ ਛਪਦੇ ਲੇਖ/ਕਹਾਣੀਆਂ ਨੂੰ ਵਾਰ-ਵਾਰ ਪੜ੍ਹਿਆ ਜਾ ਸਕਦਾ ਹੈ। ਇਸੇ ਕਰ ਕੇ ਇਹ ਅੰਕ ਮੈਂ ਆਪਣੇ ਨਾਲ ਹੀ ਲੈ ਆਇਆ ਸਾਂ, ਤਾਂ ਕਿ ਹਵਾਈ ਸਫ਼ਰ ਦੌਰਾਨ ਵਿਹਲ ਮੌਕੇ ਇਸ ਦਾ ਹੋਰ ਅਨੰਦ ਮਾਣਿਆ ਜਾ ਸਕੇ।" ਪੈਂਦੀ ਸੱਟੇ ਹੀ ਉਨ੍ਹਾਂ ਮੇਰੇ ਕਈ ਲੇਖਾਂ ਦੀ ਦਾਦ ਦਿੰਦਿਆਂ ਉਨ੍ਹਾਂ ਦੇ ਚੋਣਵੇਂ ਅੰਸ਼ ਦੁਹਰਾਏ ਅਤੇ ਲਿਖਤਾਂ ਵਿਚੋਂ ਮੇਰੀਆਂ ਹੱਡਬੀਤੀਆਂ ਦੇ ਕਈ ਵੇਰਵੇ ਸੁਣਾਏ।

ਭਗਤ ਕਬੀਰ ਜੀ ਦੇ ਇਕ ਸਲੋਕ ਦਾ ਭਾਵ-ਅਰਥ ਹੈ ਕਿ ਸੁਣੀਆਂ-ਸੁਣਾਈਆਂ ਗੱਲਾਂ ਨਾਲੋਂ ਅੱਖਾਂ ਨਾਲ ਦੇਖੇ ਉਤੇ ਹੀ ਵਿਸ਼ਵਾਸ ਕੀਤਾ ਜਾ ਸਕਦਾ ਹੈ। ਸਲੋਕ ਦੀ ਪੰਕਤੀ ਹੈ-

ਕਹਿਬੇ ਕਉ ਸੋਭਾ ਨਹੀ
ਦੇਖਾ ਹੀ ਪਰਵਾਨੁ॥

## ਸੰਪਾਦਕ ਦੀ ਡਾਕ

# 'ਆਪ' ਦੀ ਹਨੇਰੀ ਅਤੇ ਪੰਜਾਬ

ਪੰਜਾਬ ਟਾਈਮਜ਼ ਦੇ 28 ਫਰਵਰੀ ਦੇ ਅੰਕ ਵਿਚ ਗੁਰਦਿਆਲ ਸਿੰਘ ਬੱਲ ਦਾ ਪੰਜਾਬ ਦੇ ਭਵਿੱਖ ਵਿਚ ਆਮ ਆਦਮੀ ਪਾਰਟੀ (ਆਪ) ਦੇ ਰੋਲ ਬਾਰੇ ਦਿਲਚਸਪ ਲੇਖ ਪੜ੍ਹਿਆ। ਲੇਖਕ ਨੇ ਜਾਤੀ ਅਨੁਭਵਾਂ ਦੀ ਛੋਹ ਨਾਲ ਪਾਰਟੀ ਨੂੰ ਇਕ ਜੱਥੇਬੰਦਕ ਢਾਂਚਾ ਉਸਾਰਨ, ਸੱਚੇ ਸੁੱਚੇ ਅਕਸ ਵਾਲੇ ਨੇਤਾਵਾਂ ਦੀ ਭਾਲ ਕਰਨ ਤੇ ਪ੍ਰੌੜ ਕਾਰਜਵਿਧੀ ਅਪਨਾਉਣ ਦੀ ਲੋੜ 'ਤੇ ਜ਼ੋਰ ਦਿਤਾ ਹੈ। ਮੇਰੇ ਖਿਆਲ ਵਿਚ ਗੁਰਦਿਆਲ ਬੱਲ ਨੇ ਬੁਨਿਆਦੀ ਨੁਕਤਿਆਂ 'ਤੇ ਉਂਗਲੀ ਰੱਖੀ ਹੈ। ਪਿਛਲੀਆਂ ਚੋਣਾਂ ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਪੱਖ ਵਿਚ ਉਬਾਲ ਤਾਂ ਸੀ ਪਰ ਉਪਰੋਕਤ ਕਮੀਆਂ ਕਾਰਨ ਇਹ ਉਬਾਲ ਬਹੁਤਾ 'ਆਪ' ਪੱਖੀ ਨਤੀਜਿਆਂ ਵਿਚ ਤਬਦੀਲ ਨਹੀਂ ਸੀ ਹੋ ਸਕਿਆ। ਦਿੱਲੀ ਵਿਚ ਭਰਵੀਂ ਜਿੱਤ ਤੋਂ ਬਾਅਦ ਹੁਣ ਇਸ ਸੂਬੇ ਵਿਚ ਹੇਠਲੇ ਪੱਧਰ ਦੀਆਂ ਚੋਣਾਂ ਨਾ ਲੜ ਕੇ ਆਪਣਾ ਸਮਰਥਨ ਆਧਾਰ ਮਜਬੂਤ ਕਰਨ ਵੱਲ ਧਿਆਨ ਦੇ ਕੇ 'ਆਪ' ਪਾਰਟੀ ਇਹ ਭੁੱਲ ਠੀਕ ਕਰ ਰਹੀ ਹੈ।

ਸਮੁੱਚੇ ਭਾਰਤ ਵਾਂਗ ਪੰਜਾਬ ਦੀ ਰਾਜਨੀਤੀ ਵੀ ਆਪਣੇ ਪਤਨ 'ਤੇ ਪਹੁੰਚੀ ਹੋਈ ਹੈ। ਕੁਰਸੀ ਦੇ ਦੀਵਾਨੇ ਲੀਡਰ ਹਰ ਹੀਲੇ ਸੱਤਾ ਨਾਲ ਚਿੰਬੜੇ ਰਹਿਣਾ ਚਾਹੁੰਦੇ ਹਨ। ਚੋਣਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਕਰਦੇ ਹਨ ਪਰ ਸੱਤਾ ਮਿਲਦੇ ਹੀ ਭੁੱਲ ਜਾਂਦੇ ਹਨ। ਕੁਨਬਾਪ੍ਰਸਤੀ ਤੇ ਰਿਸ਼ਵਤਖੋਰੀ ਦਾ ਚਾਰੇ ਪਾਸੇ ਬੋਲ ਬਾਲਾ ਹੈ। ਏਜੰਟਾਂ ਰਾਹੀਂ ਪੈਸੇ ਨਾਲ ਅੰਦਰਖਾਤੇ ਸਭ ਕੰਮ ਆਸਾਨੀ ਨਾਲ ਹੁੰਦੇ ਹਨ ਪਰ ਆਮ ਆਦਮੀ ਦੇ ਕੰਮਾਂ ਲਈ ਦਫਤਰਾਂ 'ਚੋਂ ਮੰਤਰੀ ਤੇ ਬਾਬੂ ਗਾਇਬ ਹੁੰਦੇ ਹਨ। ਇਨ੍ਹਾਂ ਹਾਲਤਾਂ 'ਚ ਮੁਲਕ ਦਾ ਨਵਾਂ ਵਿਕਾਸ ਤਾਂ ਕੀ ਹੋਣਾ ਸੀ ਪਹਿਲਾਂ ਹੋਇਆ ਵੀ ਪੁੱਠਾ ਮੁੜੀ ਜਾਂਦਾ ਹੈ। ਸਿੱਖਿਆ, ਸਿਹਤ, ਆਵਾਜਾਈ, ਸਮਾਜ ਭਲਾਈ, ਬਿਜਲੀ, ਪਾਣੀ ਆਦਿ ਦੀਆਂ ਸਹੂਲਤਾਂ ਬੰਦ ਹੋਣ ਕਿਨਾਰੇ ਹਨ। ਸਰਕਾਰੀ ਖਜ਼ਾਨਾ ਖਾਲੀ ਹੋ ਚੁੱਕਾ ਹੈ। ਕਾਮਿਆਂ ਨੂੰ ਤਨਖਾਹਾਂ ਤੇ ਪੈਨਸ਼ਨਾਂ ਨਹੀਂ ਮਿਲਦੀਆਂ। ਵਿਧਾਇਕ ਤੇ ਮੰਤਰੀ ਹਰ ਸ਼ੈਸ਼ਨ ਵਿਚ ਆਪੇ ਹੀ ਆਪਣੇ ਪਰਕ-ਭੱਤੇ ਵਧਾ ਕੇ ਮਾਲਾ-ਮਾਲ ਹੋਈ ਜਾਂਦੇ ਹਨ। ਲੋਹੜੇ ਦੀ ਗੱਲ ਤਾਂ ਇਹ ਹੈ ਕਿ ਹੁਕਮਰਾਨ ਕਿਸੇ ਵੀ ਕੁਤਾਹੀ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈਂਦੇ ਸਗੋਂ ਜਵਾਬਦੇਹੀ ਤੋਂ ਪਹਿਲਾਂ ਹੀ ਕਸੂਰਵਾਰ ਕਿਸੇ ਹੋਰ ਨੂੰ, ਖਾਸ ਕਰਕੇ ਕੇਂਦਰ ਸਰਕਾਰ ਨੂੰ ਠਹਿਰਾ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਈ ਜਾਂਦੇ ਹਨ। ਗੱਲ ਕੀ, ਪੂਰੇ ਪੰਜ ਸਾਲ ਲੋਕਾਂ ਤੇ ਸਰਕਾਰ ਦੋਹਾਂ ਨੂੰ ਦੋਹੀਂ ਹੱਥੀਂ ਲੁੱਟਦੇ ਹਨ ਤੇ ਗਿਰਗਿਟ ਵਾਂਗ ਰੰਗ ਬਦਲ ਕੇ ਅਗਲੀਆਂ ਚੋਣਾਂ ਵਿਚ ਫਿਰ ਆ ਖੜ੍ਹਦੇ ਹਨ। ਚੋਣਾਂ ਵਿਚ ਨਾਜਾਇਜ਼ ਪੈਸਾ ਝੋਕ ਕੇ ਇਨ੍ਹਾਂ ਨੇ ਚੋਣ ਪ੍ਰਕ੍ਰਿਆ ਨੂੰ ਹੀ ਇੰਨਾ ਮਹਿੰਗਾ ਬਣਾ ਦਿਤਾ ਹੈ ਕਿ ਕੋਈ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲਾ ਵਿਅਕਤੀ ਇਸ ਪਿੜ ਵਿਚ ਪੈਰ ਧਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ। ਆਮ ਲੋਕ ਖਾਸ ਕਰ ਨਵੀਂ ਪੀੜ੍ਹੀ ਦੇ ਨੌਜਵਾਨ ਤਾਂ ਇਸ ਭ੍ਰਿਸ਼ਟ ਖੇਡ ਨੂੰ ਹੀ ਰਾਜਨੀਤੀ ਦਾ ਅਸਲੀ ਤੇ ਕੁਦਰਤੀ ਰੂਪ ਸਮਝ ਬੈਠੇ ਹਨ ਤੇ ਇਸੇ ਵਿਚ ਹੀ ਵਿਚਰਨ ਨੂੰ ਆਪਣੇ ਹੋਣੀ ਮੰਨ ਬੈਠੇ ਹਨ।

ਇਸ ਪਿੱਠਭੂਮੀ ਵਿਚ 'ਆਪ' ਅੰਦੋਲਨ ਇਕ ਕ੍ਰਾਂਤੀ ਤੋਂ ਘੱਟ ਨਹੀਂ ਹੈ ਅਤੇ ਰਾਜਸੀ ਤੌਰ 'ਤੇ ਲਤਾੜਿਆ ਹੋਇਆ ਹਰ ਪੰਜਾਬੀ ਇਸ ਨੂੰ ਜੀ ਆਇਆਂ ਆਖੇਗਾ। ਪਰ ਡਰ ਇਹ ਹੈ ਕਿ ਕਿਤੇ ਭ੍ਰਿਸ਼ਟ ਰਾਜਨੀਤੀ ਦੀ ਦਲਦਲ ਵਿਚ ਵਿਚ ਆ ਕੇ ਇਹ ਅੰਦੋਲਨ ਨੁਸ ਨਾ ਹੋ ਜਾਵੇ। ਜਿਨ੍ਹਾਂ ਕੁਰਸੀਖੋਰਾਂ ਨੂੰ ਸੱਤਾ ਦੀ ਲਤ ਲੱਗੀ ਹੋਈ ਹੈ, ਉਹ ਆਪਣੀਆਂ ਪਾਰਟੀਆਂ ਛੱਡ ਕੇ ਇਸ ਵਿਚ ਦਾਖਲ ਹੋ ਸਕਦੇ ਹਨ ਤੇ ਇਸ ਨੂੰ ਵੀ ਛੋਟੇ ਜਾਤੀ ਹਿੱਤਾਂ ਦੀ ਲੜਾਈ ਤੇ ਭ੍ਰਿਸ਼ਟਾਚਾਰ ਦਾ ਅਖਾੜਾ ਬਣਾਉਣਗੇ। ਇਸ ਪਾਰਟੀ ਲਈ ਚੰਗਾ ਅਕਸ ਹੀ ਨਹੀਂ, ਆਮ ਆਦਮੀ ਦਾ ਪਿਛੋਕੜ ਤੇ ਲੋਕ-ਹਿੱਤ ਲਈ ਪ੍ਰਬਲ ਪ੍ਰੇਰਨਾ ਵੀ ਜ਼ਰੂਰੀ ਹੈ।

ਇਸ ਲਈ ਆਮ ਆਦਮੀ ਪਾਰਟੀ ਨੂੰ ਮੈਂਬਰਸ਼ਿਪ ਬਾਰੇ ਠੋਸ ਦਿਸ਼ਾ-ਨਿਰਦੇਸ਼ ਨਿਰਧਾਰਤ ਕਰਨੇ ਚਾਹੀਦੇ ਹਨ ਤਾਂ ਜੋ ਗਲਤ ਆਦਮੀ ਇਸ ਦੇ ਢਾਂਚੇ ਵਿਚ ਪ੍ਰਵੇਸ਼ ਹੀ ਨਾ ਕਰ ਸਕੇ। ਪਾਰਟੀ ਦੇ ਸੰਵਿਧਾਨ ਵਿਚ ਭ੍ਰਿਸ਼ਟਾਚਾਰ ਪ੍ਰਤਿ "ਜ਼ੀਰੋ ਟਾਲਰੈਂਸ" ਦਾ ਅਸੂਲ ਖੁਲ੍ਹ ਕੇ ਦਰਜ ਕਰਨਾ ਚਾਹੀਦਾ ਹੈ। ਨਾਲ ਹੀ ਲਾਲ-ਬੱਤੀ ਕਲਚਰ ਤੇ ਹੋਰ ਪ੍ਰਚਲਿਤ ਢੰਗਾਂ ਰਾਹੀਂ ਤਾਕਤ ਦਾ ਨੰਗਾ ਨਾਚ ਖਤਮ ਕਰਨ ਤੇ ਉਚ-ਵਰਗੀ ਸਰਕਾਰੀ ਮੁਹਾਂਦਰਾ ਬਦਲਣ ਬਾਰੇ ਵਚਨਬੱਧਤਾ ਸਪਸ਼ਟ ਸ਼ਬਦਾਂ ਵਿਚ ਦਰਸਾਈ ਜਾਣੀ ਚਾਹੀਦੀ ਹੈ। ਸੰਖੇਪ ਵਿਚ ਆਮ ਆਦਮੀ ਪਾਰਟੀ ਦ੍ਰਿੜਤਾ ਨਾਲ ਇਹ ਹਾਮੀ ਭਰੇ ਕਿ ਇਸ ਦੇ ਰਾਜ ਵਿਚ ਵਿਅਕਤੀ ਦਾ ਨਹੀਂ ਸਗੋਂ ਕਾਨੂੰਨ ਦਾ ਰਾਜ ਹੋਵੇਗਾ। ਮੰਤਰੀ ਤੇ ਸੰਤਰੀ ਨਾਲ ਬਰਾਬਰ ਦਾ ਵਿਹਾਰ ਹੋਵੇਗਾ ਤੇ ਕਿਸੇ ਨੂੰ ਵੀ ਕਾਨੂੰਨ ਨਾਲ ਖਿਆਨਤ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਅਜਿਹਾ ਕਰਨ ਨਾਲ ਇਸ ਪਾਰਟੀ ਦਾ ਆਧਾਰ ਮਜ਼ਬੂਤ ਹੋਵੇਗਾ ਤੇ ਭ੍ਰਿਸ਼ਟ ਲੋਕ ਇਸ ਤੋਂ ਦੂਰ ਰਹਿਣਗੇ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

# 'ਆਪ' ਅਤੇ ਪਰਵਾਸੀ ਪੰਜਾਬੀਆਂ ਦੀ ਚਿੰਤਾ

ਪੰਜਾਬ ਟਾਈਮਜ਼ ਦੇ 28 ਫਰਵਰੀ ਦੇ ਅੰਕ ਵਿਚ ਛਪੇ ਗੁਰਦਿਆਲ ਬੱਲ ਦੇ ਲੇਖ 'ਦਿੱਲੀ ਚੋਣ ਸੁਨਾਮੀ ਦੀਆਂ ਪੰਜਾਬ ਲਈ ਸੰਭਾਵਨਾਵਾਂ' ਵਿਚ ਬਹੁਤ ਹੀ ਡੂੰਘਾ ਤੇ ਪ੍ਰਭਾਵਸ਼ਾਲੀ ਮੰਥਨ ਕਰਦਿਆਂ ਉਨ੍ਹਾਂ ਨੇ ਪੰਜਾਬ ਵਿਚ ਵੱਖ ਵੱਖ ਥਾਂਵਾਂ ਤੇ ਦੇਸ਼ ਕੌਮ ਨੂੰ ਸਮਰਪਿਤ ਲੋਕਾਂ ਦੀ ਲੰਬੀ ਲਿਸਟ ਸਾਡੇ ਸਾਹਮਣੇ ਲਿਆਂਦੀ ਹੈ, ਜਿਸ ਨਾਲ ਆਮ ਆਦਮੀ ਪਾਰਟੀ ਦੇ ਬੂਟੇ ਦੀ ਪੰਜਾਬ ਸ਼ਾਖ ਦੇ ਮੌਲਣ ਦੇ ਚੰਗੇ ਆਸਾਰ ਹਨ ਪਰ ਜੇ ਪਾਰਟੀ ਲੀਡਰ ਵੀ ਇਹ ਲੇਖ ਪੜ੍ਹ ਕੇ ਇਸ ਦੀ ਨਬਜ਼ ਪਛਾਣਨ।

ਆਮ ਆਦਮੀ ਪਾਰਟੀ (ਆਪ) ਦੀ ਹੂੰਝਾ ਫੇਰੂ ਜਿੱਤ ਨੇ ਸਭ ਰਾਜਸੀ ਧਿਰਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿਤਾ ਹੈ ਕਿ ਲੋਕ ਰਾਏ ਹੀ ਹੈ ਜੋ ਵੱਡੇ ਤੋਂ ਵੱਡਾ ਇਨਕਲਾਬ ਲਿਆ ਸਕਦੀ ਹੈ। ਸ਼ਾਇਦ ਅੱਜ ਹਥਿਆਰਬੰਦ ਇਨਕਲਾਬ ਦੀ ਲੋੜ ਨਹੀਂ। ਭਾਰਤੀ ਰਾਜਨੀਤੀ ਸੈਕੂਲਰਇਜ਼ਮ ਤੋਂ ਦੂਰ ਜਾ ਕੇ ਲੋਕਾਂ ਨੂੰ ਫਿਰਕਿਆਂ, ਧਰਮਾਂ, ਜਾਤਾਂ ਤੇ ਡੇਰਿਆਂ ਦੀ ਤਾਕਤ 'ਚ ਵੰਡ ਕੇ ਆਪਣਾ ਉਲੂ ਸਿੱਧਾ ਕਰਕੇ 5 ਤੋਂ 50 ਸਾਲ ਰਾਜ ਕਰਨ ਦੇ ਸੁਪਨੇ ਅਤੇ ਲੋਕਾਂ ਨੂੰ ਲਾਰਿਆਂ ਨਾਲ ਬੁਧੂ ਬਣਾ ਕੇ ਲੁੱਟਣ ਦੇ ਸਾਰੇ ਰਾਹ 'ਆਪ' ਨੇ ਬੰਦ ਕਰ ਦਿੱਤੇ ਹਨ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਸ਼ਾਇਦ ਭਾਰਤੀ ਲੋਕ 'ਜੋੜੋ ਤੇ ਰਾਜ ਕਰੋ' 'ਚ ਬਦਲ ਦੇਣਗੇ। 'ਆਪ' ਦੀ ਜਿੱਤ ਸਿਰਫ ਇਸ ਗੱਲ ਨਾਲ ਹੋਈ ਹੈ ਕਿ ਇੱਥੇ ਕਿਸੇ ਵੀ ਧਰਮ, ਜਾਤ ਜਾਂ ਫਿਰਕੇ ਦੇ ਉਮੀਦਵਾਰ ਨੂੰ ਜਿਤਾਉਣ ਲਈ ਲੋਕਾਂ ਨੇ ਵੋਟ ਨਹੀਂ ਪਾਈ ਸਗੋਂ ਇਨਸਾਨੀ ਰਿਸ਼ਤੇ ਨੂੰ ਸਾਹਮਣੇ ਰੱਖਿਆ ਗਿਆ ਹੈ।

ਇੱਥੇ ਆਮ ਆਦਮੀ ਪਾਰਟੀ ਲਈ ਵੀ ਇਹ ਸਮਝਣਾ ਜ਼ਰੂਰੀ ਹੋਵੇਗਾ ਕਿ ਮੌਕਾਪ੍ਰਸਤੀ ਦੀ ਰਾਜਨੀਤੀ ਉਪਰ ਵੀ ਕਰੜੀ ਨਜ਼ਰ ਰੱਖੀ ਜਾਵੇ ਕਿਉਂਕਿ ਪਹਿਲੀਆਂ ਪਾਰਟੀਆਂ ਨੂੰ ਬਹੁਤ ਸਾਰੇ ਮੌਕਾਪ੍ਰਸਤ ਅਤੇ ਸੁਆਰਥੀ ਲੋਕਾਂ ਦੇ ਘੇਰੇ ਨੇ ਦੂਰ-ਅੰਦੇਸ਼ੀ ਨਾਲ ਦੇਖਣ-ਸੁਣਨ ਹੀ ਨਹੀਂ ਦਿੱਤਾ। ਆਪਣੀਆਂ ਚਾਲਾਂ ਵਿਚ ਫਸਾ ਕੇ ਉਨ੍ਹਾਂ ਦਾ ਅੰਤ ਕਰ ਦਿੱਤਾ, ਆਪਣਾ ਸੁਆਰਥ ਸਿੱਧ ਕਰ ਲਿਆ। ਇਸ ਤੱਥ ਦੀ ਪੁਸ਼ਟੀ ਬੱਲ ਨੇ ਆਪਣੇ ਲੇਖ ਵਿਚ ਕੀਤੀ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ 1975 ਦੀ ਐਮਰਜੈਂਸੀ ਤੋਂ ਬਾਅਦ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ। ਉਥੇ ਯੁੱਗ ਪੁਰਸ਼ ਜੈ ਪ੍ਰਕਾਸ਼ ਨਰਾਇਣ ਦੇ ਪੈਰੋਕਾਰਾਂ ਦੀਆਂ ਗਲਤੀਆਂ ਨੇ ਛੇਤੀ ਹੀ ਸਰਕਾਰ ਦਾ ਭੋਗ ਪਾ/ਪੁਆ ਦਿੱਤਾ ਸੀ। ਜੇ ਕੋਈ ਪਾਰਟੀ ਦੇਸ਼ ਕੌਮ ਦੀ ਸੇਵਾ ਇਮਾਨਦਾਰੀ ਨਾਲ ਕਰਨ ਦੀਆਂ ਨੀਤੀਆਂ ਨੂੰ ਅਪਨਾਵੇਗੀ, ਲੋਕ ਸਾਥ ਦੇਣਗੇ।


ਹੁਣ ਪੰਜਾਬ ਦਰਦੀਆਂ ਦੀਆਂ ਅੱਖਾਂ ਪੰਜਾਬ ਅਤੇ ਬਾਕੀ ਸੂਬਿਆਂ 'ਤੇ ਲੱਗੀਆਂ ਹੋਈਆਂ ਹਨ। ਪੰਜਾਬ ਨੇ ਲੰਮਾ ਸਮਾਂ ਸੰਤਾਪ ਭੋਗਿਆ ਹੈ। ਲੋਕਾਂ ਨੂੰ ਅਕਾਲੀ-ਕਾਂਗਰਸ ਤੋਂ ਬਿਨਾਂ ਕੋਈ ਤੀਜਾ ਬਦਲ ਨਜ਼ਰ ਨਹੀਂ ਸੀ ਆ ਰਿਹਾ। ਪੰਜਾਬ ਨੂੰ ਕੰਗਾਲ ਕਰਨ ਦੀ ਸਰਕਾਰਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਪੰਜਾਬ ਜੋ ਕਦੇ ਨੰਬਰ ਇੱਕ ਸੂਬਾ ਹੋਇਆ ਕਰਦਾ ਸੀ, ਦੀ ਆਰਥਿਕਤਾ, ਜੁਆਨੀ, ਸੱਭਿਆਚਾਰ- ਸਭ ਕੁਝ ਲੁਟਿਆ ਪੁਟਿਆ ਗਿਆ ਹੈ। ਅੱਜ ਪੰਜਾਬ ਦਾ ਕੋਈ ਵਾਲੀ-ਵਾਰਸ ਨਜ਼ਰ ਨਹੀਂ ਆ ਰਿਹਾ, ਇਹ ਪੂਰੀ ਤਰ੍ਹਾਂ ਯਤੀਮ ਹੋ ਚੁੱਕਾ ਹੈ। ਹੁਣ 'ਆਪ' ਦੇ ਸੁਹਿਰਦ ਲੀਡਰਾਂ ਤੇ ਪੰਜਾਬ ਦੇ ਲੋਕਾਂ ਨੂੰ ਸੋਚ-ਸਮਝ ਤੋਂ ਕੰਮ ਲੈ ਕੇ ਦੇਸ਼ ਨੂੰ ਬਾਕੀ ਦੁਨੀਆਂ ਦੇ ਹਾਣ ਦਾ ਬਣਾਉਣ ਲਈ ਮਿਹਨਤ ਕਰਨ ਦੀ ਲੋੜ ਹੈ। ਪੰਜਾਬ ਵਿਚ ਬਹੁਤ ਹੀ ਯੋਗ, ਤੇ ਕੌਮੀ ਦਰਦ ਰੱਖਣ ਵਾਲੇ ਲੋਕ ਮੌਜੂਦ ਹਨ, ਉਨ੍ਹਾਂ ਦੀ ਯੋਗਤਾ ਦਾ ਲਾਭ ਲੈਣ ਲਈ ਪਾਰਟੀ ਨੂੰ "ਪਾਣੀ ਪੁਣ ਪੁਣ ਪੀਣ" ਦੀ ਲੋੜ ਹੈ। ਪਾਰਟੀ ਨੂੰ ਇੱਕਮੁੱਠ ਰੱਖ ਕੇ ਪਿਛਲੇ ਇਤਿਹਾਸ ਤੋਂ ਸਬਕ ਲੈਂਦਿਆਂ ਨਵਾਂ ਇਤਿਹਾਸ ਸਿਰਜਣ ਦੀ ਲੋੜ ਹੈ।

ਆਸ ਹੈ ਕਿ ਲੋਕਤੰਤਰ ਵਿਚ ਲੋਕ ਰਾਏ ਦੀ ਤਾਕਤ ਦਾ ਜੋ ਕ੍ਰਿਸ਼ਮਾ ਦਿੱਲੀ ਵਿਧਾਨ ਸਭਾ ਦੀ ਚੋਣ ਵਿਚ ਹੋਇਆ ਹੈ, ਇਹ ਹਵਾ ਹੁਣ ਪੰਜਾਬ ਵਿਚ ਅਤੇ ਪੰਜਾਬ ਦੇ ਆਲੇ-ਦੁਆਲੇ ਵੀ ਵਗੇਗੀ। ਪੰਜਾਬ ਆਪਣਾ ਖੁਸਿਆ ਵੱਕਾਰ ਵਾਪਸ ਹਾਸਲ ਕਰ ਸਕੇਗਾ। ਸ਼ਰਤ ਇਹ ਹੈ ਕਿ ਆਮ ਆਦਮੀ ਪਾਰਟੀ ਆਪਸੀ ਫੁੱਟ ਤੋਂ ਖ਼ਬਰਦਾਰ ਹੋਵੇ, ਤਾਂ ਹੀ ਇਹ ਸੁਪਨੇ ਸੱਚ ਵਿਚ ਬਦਲ ਸਕਦੇ ਹਨ। ਉਮੀਦ ਹੈ ਕਿ ਇਨ੍ਹਾਂ ਕੌੜੀਆਂ ਸੱਚਾਈਆਂ ਨੂੰ 'ਆਪ' ਦੇ ਕਾਰਕੁਨ ਉਨੀ ਹੀ ਗੰਭੀਰਤਾ ਨਾਲ ਲੈਣਗੇ, ਜਿੰਨੀ ਗੰਭੀਰਤਾ ਨਾਲ ਪਰਵਾਸੀ ਪੰਜਾਬੀ ਲੈ ਰਹੇ ਹਨ।

*-ਸਤਨਾਮ ਸਿੰਘ ਢਾਅ*
*ਕੈਲਗਰੀ, ਅਲਬਰਟਾ, ਕੈਨੇਡਾ।*

# ਲੀਡਰੀ ਕਿਸੇ ਪਾਰਟੀ ਦੀ ਤੇ ਵਫਾ ਕਿਸੇ ਹੋਰ ਨਾਲ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਬੀਤੇ ਹਫਤੇ ਛਾਈਆਂ ਰਹੀਆਂ ਰਾਜਸੀ ਖਬਰਾਂ ਵਿਚ ਸਭ ਤੋਂ ਵੱਧ ਧਿਆਨ ਖਿੱਚਣ ਵਾਲੀ ਇਹ ਸੀ ਕਿ ਦਿੱਲੀ ਵਿਚ ਨਵੀਂ-ਨਵੀਂ ਹੂੰਝਾ ਫੇਰ ਜਿੱਤ ਨਾਲ ਅੱਗੇ ਆਈ ਆਮ ਆਦਮੀ ਪਾਰਟੀ ਦਾ ਕੀ ਬਣੇਗਾ? ਕੁਝ ਮੀਡੀਆ ਘਰਾਣੇ ਇਸ ਗੱਲ ਵਾਸਤੇ ਪੂਰੇ ਸਰਗਰਮ ਸਨ ਕਿ ਇਹ ਪਾਰਟੀ ਕਿਤੇ ਬਚ ਨਾ ਜਾਂਦੀ ਹੋਵੇ। ਜਿਹੜੇ ਦੋ ਮੀਡੀਆ ਘਰਾਣਿਆਂ ਦੀ ਆਪੋ ਵਿਚ ਜੰਗ ਚੱਲ ਰਹੀ ਹੈ, ਦੋਵੇਂ ਇੱਕ ਦੂਸਰੇ ਦੇ ਖਿਲਾਫ ਚੁਣ-ਚੁਣ ਕੇ ਖਬਰਾਂ ਪੇਸ਼ ਕਰਦੇ ਹਨ ਅਤੇ ਦੋਵਾਂ ਵਿਚ ਇਹ ਖਿੱਚੋਤਾਣ ਵੀ ਹੈ ਕਿ ਨਰਿੰਦਰ ਮੋਦੀ ਸਰਕਾਰ ਦੇ ਵੱਧ ਨੇੜੇ ਕੌਣ ਚਲਾ ਜਾਂਦਾ ਹੈ, ਉਹ ਇਸ ਮਾਮਲੇ ਵਿਚ ਜ਼ਿਦ ਵਿਚ ਪੈ ਗਏ ਜਾਪਦੇ ਸਨ ਕਿ ਆਮ ਆਦਮੀ ਪਾਰਟੀ ਨੂੰ ਤੋੜਨ ਦਾ ਸਿਹਰਾ ਕੌਣ ਲੈ ਜਾਂਦਾ ਹੈ? ਇਸ ਦੇ ਪਿੱਛੇ ਕੁਝ ਤਾਕਤਾਂ ਕੰਮ ਕਰਦੀਆਂ ਜਾਪਦੀਆਂ ਸਨ। ਆਮ ਆਦਮੀ ਪਾਰਟੀ ਕੋਈ ਇਨਕਲਾਬੀ ਧਿਰ ਤਾਂ ਨਹੀਂ, ਫਿਰ ਵੀ ਇਸ ਨੂੰ ਮਾਰਨ ਲਈ ਪੁਰਾਣੀਆਂ ਦੋ ਮੁੱਖ ਰਾਜਸੀ ਤਾਕਤਾਂ ਓਸੇ ਤਰ੍ਹਾਂ ਇੱਕ ਦੂਸਰੀ ਦਾ ਸਹਿਯੋਗ ਕਰ ਰਹੀਆਂ ਹਨ, ਜਿਵੇਂ ਪੰਜਾਹ ਸਾਲ ਪਹਿਲਾਂ ਕਮਿਊਨਿਸਟ ਪਾਰਟੀ ਨੂੰ ਮਾਰਨ ਲਈ ਕਰਦੀਆਂ ਸਨ। ਇਹ ਪਾਰਟੀ ਦੂਸਰੀ ਵਾਰ ਮਾਰ ਤੋਂ ਬਚ ਗਈ ਹੈ। ਪਹਿਲੀ ਮਾਰ ਦੀ ਕਹਾਣੀ ਜਿੰਨੀ ਦਿਲਚਸਪ ਹੈ, ਓਨੀ ਹੀ ਭੇਦ ਭਰੀ ਵੀ। ਉਸ ਨਾਲ ਇੱਕ ਵਾਰ ਫਿਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਾਜਨੀਤੀ ਦੀ ਸ਼ਤਰੰਜ ਜਿੰਨੀ ਸਾਡੇ ਸਾਹਮਣੇ ਵਿਛੀ ਲੱਗਦੀ ਹੈ, ਉਸ ਤੋਂ ਵੱਧ ਸ਼ਤਰੰਜੀ ਚਾਲ ਭਾਰਤ ਦੀ ਰਾਜਨੀਤੀ ਪਰਦੇ ਦੇ ਪਿੱਛੇ ਰਹਿ ਕੇ ਚੱਲੀ ਜਾਂਦੀ ਹੈ।

ਭਾਰਤ ਦਾ ਰਾਜ ਸੰਭਾਲਦੀ ਤੇ ਸੰਭਾਲਣ ਲਈ ਯਤਨਸ਼ੀਲ ਦੋਵੇਂ ਮੁੱਖ ਪਾਰਟੀਆਂ ਉਹ ਚਾਲਾਂ ਚੱਲਦੀਆਂ ਹਨ, ਜਿਨ੍ਹਾਂ ਨੂੰ ਸਾਜ਼ਿਸ਼ ਕਿਹਾ ਜਾ ਸਕਦਾ ਹੈ। ਰਾਮਦੇਵ ਨੂੰ ਇੱਕ ਧਿਰ ਲਿਆਈ ਸੀ ਤੇ ਉਸ ਨੂੰ ਰਾਮ ਲੀਲ੍ਹਾ ਮੈਦਾਨ ਵਿਚ ਅੰਨਾ ਹਜ਼ਾਰੇ ਦੀ ਮੁਹਿੰਮ ਦਾ ਭੱਠਾ ਬਿਠਾਉਣ ਲਈ ਆਪ ਬਿਠਾਇਆ ਸੀ। ਜਦੋਂ ਅਗਲੇ ਦਿਨ ਉਹ ਉਠਣ ਤੋਂ ਨਾਂਹ ਕਰ ਗਿਆ, ਉਦੋਂ ਉਸ ਰਾਜਸੀ ਧਿਰ ਨੇ ਇੱਕ ਚਿੱਠੀ ਪੇਸ਼ ਕਰ ਦਿੱਤੀ, ਜਿਸ ਵਿਚ ਰਾਮਦੇਵ ਨੇ ਇਹ ਲਿਖ ਕੇ ਦਿੱਤਾ ਹੋਇਆ ਸੀ ਕਿ ਫਲਾਣੇ ਵਕਤ ਬੈਠ ਕੇ ਫਲਾਣੇ ਵਕਤ ਉਠ ਜਾਵਾਂਗਾ। ਇਨਕਾਰ ਉਸ ਨੇ ਖੁਦ ਨਹੀਂ ਸੀ ਕੀਤਾ, ਉਦੋਂ ਤੱਕ ਉਸ ਵਕਤ ਦੌਰਾਨ ਉਸ ਦੁਆਲੇ ਨਾਗ-ਵਲ਼ ਪਾ ਚੁੱਕੀ ਦੂਸਰੀ ਰਾਜਸੀ ਧਿਰ ਨੇ ਕਰਵਾਇਆ ਸੀ। ਇਕੱਲੀ ਇਸੇ ਗੱਲ ਤੋਂ ਇਹ ਸਮਝ ਲੱਗ ਸਕਦੀ ਹੈ ਕਿ ਦੋਵੇਂ ਧਿਰਾਂ ਸਾਜ਼ਿਸ਼ਾਂ ਵਿਚ ਇਸ ਹੱਦ ਤੱਕ ਜਾ ਸਕਦੀਆਂ ਹਨ ਕਿ ਕੋਈ ਬੰਦਾ ਧਰਨੇ ਉਤੇ ਖੁਦ ਹੀ ਬਿਠਾ ਕੇ ਫਿਰ ਉਸ ਨੂੰ ਮੋਹਰੇ ਵਾਂਗ ਵਰਤਣ ਲਈ ਲੜਨ ਲੱਗ ਪੈਣ।

ਪਿਛਲੇ ਸਾਲ ਨਵੰਬਰ ਵਿਚ ਜਦੋਂ ਦਿੱਲੀ ਵਿਚ ਚੋਣਾਂ ਕਰਵਾਉਣ ਦੀ ਚਰਚਾ ਹੋ ਰਹੀ ਸੀ, ਉਦੋਂ ਇੱਕ ਖਬਰ ਦਿੱਲੀ ਦੇ ਇੱਕ ਪੱਤਰਕਾਰ ਨੇ ਕਿਸੇ ਪਾਸਿਓਂ ਕੱਢੀ ਤੇ ਛਾਪੀ ਸੀ। ਉਸ ਖਬਰ ਦੀ ਚਰਚਾ ਹੁੰਦੀ ਤਾਂ ਲੋਕਾਂ ਨੂੰ ਸਮਝ ਲੱਗਣੀ ਸੀ ਕਿ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਕੋਈ ਰਾਜਸੀ ਸਾਜ਼ਿਸ਼ ਹੋਈ ਸੀ ਤੇ ਉਸ ਵਿਚ ਅੰਨਾ ਹਜ਼ਾਰੇ ਨੂੰ ਵੀ ਰਾਜਨੀਤੀ ਦਾ ਪਿਆਦਾ ਬਣਾ ਕੇ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਦੇ ਦੋ ਸਿੱਟੇ ਨਿਕਲ ਸਕਦੇ ਸਨ। ਇੱਕ ਇਹ ਕਿ ਇਸ ਚਰਚਾ ਨਾਲ ਅੰਨਾ ਦੇ ਭਵਿੱਖ ਦੇ ਅੰਦੋਲਨਾਂ ਦਾ ਭੱਠਾ ਬੈਠ ਜਾਂਦਾ ਅਤੇ ਦੂਸਰਾ ਆਮ ਆਦਮੀ ਪਾਰਟੀ ਦਾ ਸਾਹ ਘੁੱਟ ਦਿੱਤਾ ਜਾਂਦਾ। ਹੈਰਾਨੀ ਦੀ ਗੱਲ ਇਹ ਹੈ ਕਿ ਕਈ ਧਿਰਾਂ ਤੋਂ ਸਪੱਸ਼ਟੀਕਰਨ ਮੰਗ ਸਕਦੀ ਉਹ ਖਬਰ ਇੱਕ-ਦਮ ਅਣਗੌਲੀ ਹੋ ਗਈ, ਕਿਉਂਕਿ ਉਸ ਖਬਰ ਨਾਲ ਸਬੰਧਤ ਧਿਰਾਂ ਇਹੋ ਚਾਹੁੰਦੀਆਂ ਸਨ। ਸਾਜ਼ਿਸ਼ ਦਾ ਹਿੱਸਾ ਬਣਨ ਦਾ ਮਾਹਰ ਭਾਰਤ ਦਾ ਮੀਡੀਆ ਵੀ ਆਪਣੇ ਗੌਂਅ ਖਾਤਰ ਇਸ ਖਬਰ ਬਾਰੇ ਚੁੱਪ ਵੱਟ ਗਿਆ।

ਖਬਰ ਆਖਦੀ ਸੀ ਕਿ ਡੇਢ ਕੁ ਸਾਲ ਪਹਿਲਾਂ ਮਨਮੋਹਨ ਸਿੰਘ ਦੀ ਸਰਕਾਰ ਦਾ ਇੱਕ ਮੰਤਰੀ ਮਹਾਰਾਸ਼ਟਰ ਜਾ ਕੇ ਚੁੱਪ-ਚੁਪੀਤਾ ਅੰਨਾ ਹਜ਼ਾਰੇ ਨੂੰ ਮਿਲਿਆ ਸੀ। ਦੋਵਾਂ ਦੀ ਮੀਟਿੰਗ ਬਾਰੇ ਕਿਸੇ ਨੂੰ ਸੂਹ ਨਾ ਲੱਗੇ, ਇਸ ਕਰ ਕੇ ਦੋਵੇਂ ਜਣੇ ਸਕਿਉਰਿਟੀ ਤੋਂ ਬਿਨਾਂ ਕਿਸੇ ਲੁਕਵੀਂ ਥਾਂ ਪਹੁੰਚੇ ਸਨ। ਉਨ੍ਹਾਂ ਦੀ ਸਹਿਮਤੀ ਹੋ ਗਈ ਕਿ ਪਾਰਲੀਮੈਂਟ ਚੋਣਾਂ ਵਿਚ ਕਾਂਗਰਸ ਦੀ ਮਦਦ ਲਈ ਅੰਨਾ ਹਜ਼ਾਰੇ ਕੁਝ ਖਾਸ ਮੁੱਦਿਆਂ ਨੂੰ ਲੈ ਕੇ ਚੋਣ ਪ੍ਰਚਾਰ ਕਰੇਗਾ। ਜਦੋਂ ਮੰਤਰੀ ਦਿੱਲੀ ਮੁੜਿਆ ਤਾਂ ਪ੍ਰਧਾਨ ਮੰਤਰੀ ਦਫਤਰ ਨੇ ਅੰਨਾ ਨੂੰ ਧੰਨਵਾਦ ਦੀ ਚਿੱਠੀ ਪਾ ਦਿੱਤੀ, ਪਰ ਗਲਤੀ ਨਾਲ ਇਹ ਚਿੱਠੀ ਅੰਨਾ ਹਜ਼ਾਰੇ ਨੂੰ ਮਹਾਰਾਸ਼ਟਰ ਦੇ ਪਿੰਡ ਰਾਲੇਗਣ ਵਿਚ ਸਿੱਧੀ ਭੇਜਣ ਦੀ ਥਾਂ ਉਸ ਦੇ ਦਿੱਲੀ ਦਫਤਰ ਨੂੰ ਭੇਜ ਦਿੱਤੀ, ਜਿੱਥੇ ਇਹ ਅਰਵਿੰਦ ਕੇਜਰੀਵਾਲ ਨੂੰ ਮਿਲ ਗਈ। ਕੇਜਰੀਵਾਲ ਨੇ ਜਦੋਂ ਇਸ ਬਾਰੇ ਅੰਨਾ ਨਾਲ ਗੱਲ ਕੀਤੀ ਤਾਂ ਉਸ ਪਿੱਛੋਂ ਦੋਵੇਂ ਇੱਕ ਦੂਸਰੇ ਤੋਂ ਫਾਸਲਾ ਪਾ ਗਏ ਤੇ ਇੱਕ-ਦੂਸਰੇ ਨੂੰ ਮਿਲਣ ਜੋਗੇ ਵੀ ਨਾ ਰਹੇ।

ਉਸ ਮੰਤਰੀ ਨਾਲ ਅੰਨਾ ਦੀ ਏਦਾਂ ਦੀ ਮੀਟਿੰਗ ਦਾ ਸਾਨੂੰ ਨਾ ਉਦੋਂ ਯਕੀਨ ਆਉਂਦਾ ਸੀ ਤੇ ਨਾ ਅੱਜ ਆ ਰਿਹਾ ਹੈ। ਕਿਸੇ ਕੇਂਦਰੀ ਮੰਤਰੀ ਤੇ ਅੰਨਾ ਹਜ਼ਾਰੇ ਦੀ ਮੀਟਿੰਗ ਤੋਂ ਵੱਧ ਮੀਟਿੰਗ ਦੀ ਖਬਰ ਤੋਂ ਕਿੰਤੂ ਉਠਦੇ ਸਨ। ਪਹਿਲਾ ਇਹ ਕਿ ਕੀ ਅੰਨਾ ਤੇ ਮੰਤਰੀ ਦੇ ਮਿਲਣ ਪਿੱਛੋਂ ਗੱਲ ਇਸ ਲਈ ਸਿਰੇ ਨਾ ਚੜ੍ਹੀ ਕਿ ਪ੍ਰਧਾਨ ਮੰਤਰੀ ਦਫਤਰ ਨੇ ਚਿੱਠੀ ਅੰਨਾ ਦੇ ਪਿੰਡ ਭੇਜਣ ਦੀ ਥਾਂ ਦਿੱਲੀ ਦਫਤਰ ਨੂੰ ਭੇਜਣ ਦੀ ਗਲਤੀ ਕੀਤੀ ਤੇ ਕੇਜਰੀਵਾਲ ਦੇ ਹੱਥ ਚਿੱਠੀ ਆ ਗਈ ਸੀ? ਦੂਸਰਾ ਇਹ ਕਿ ਇਹ ਚਿੱਠੀ ਪ੍ਰਧਾਨ ਮੰਤਰੀ ਦਫਤਰ ਵਿਚੋਂ ਕਿਸੇ ਭਾਜਪਾ ਏਜੰਟ ਨੇ ਕਾਂਗਰਸ ਦੀ ਖੇਡ ਖਰਾਬ ਕਰਨ ਲਈ ਜਾਣ-ਬੁੱਝ ਕੇ ਦਿੱਲੀ ਦਫਤਰ ਭੇਜੀ ਸੀ, ਤਾਂ ਕਿ ਕੇਜਰੀਵਾਲ ਨੂੰ ਮਿਲ ਜਾਵੇ? ਤੀਸਰਾ ਇਹ ਕਿ ਅੰਨਾ ਦੇ ਨਾ ਮੰਨਣ ਕਰ ਕੇ ਕਾਂਗਰਸ ਲੀਡਰਾਂ ਨੇ ਅੰਨਾ ਨੂੰ ਉਸ ਦੇ ਸਾਥੀਆਂ ਦੀ ਨਜ਼ਰ ਵਿਚ ਡੇਗਣ ਲਈ ਉਹੋ ਦਾਅ ਤਾਂ ਨਹੀਂ ਖੇਡਿਆ, ਜਿਹੜਾ ਰਾਮਦੇਵ ਦੇ ਧਰਨੇ ਵੇਲੇ ਉਸ ਦਾ ਲਿਖ ਕੇ ਦਿੱਤਾ ਵਰਤ ਛੱਡਣ ਦਾ ਵਾਅਦਾ ਵਿਖਾ ਕੇ ਖੇਡਿਆ ਸੀ? ਚੌਥਾ ਇਹ ਵੀ ਹੋ ਸਕਦਾ ਹੈ ਕਿ ਅੰਨਾ ਤੇ ਮੰਤਰੀ ਦੀ ਕੋਈ ਮੀਟਿੰਗ ਹੋਈ ਹੀ ਨਾ ਹੋਵੇ ਤੇ ਕਾਂਗਰਸ ਨੇ ਅੰਨਾ ਟੀਮ ਵਿਚ ਫੁੱਟ ਪਾਉਣ ਲਈ ਇਹ ਚਿੱਠੀ ਬਿਨਾ ਕਿਸੇ ਗੱਲ ਤੋਂ ਐਵੇਂ ਭੇਜ ਦਿੱਤੀ ਹੋਵੇ। ਇੱਕ ਕਹਾਣੀ ਹੋਰ ਵੀ ਹੋ ਸਕਦੀ ਹੈ ਕਿ ਨਾ ਅੰਨਾ ਅਤੇ ਕੇਂਦਰੀ ਮੰਤਰੀ ਆਪੋ ਵਿਚ ਮਿਲੇ ਹੋਣ, ਨਾ ਪ੍ਰਧਾਨ ਮੰਤਰੀ ਦੇ ਦਫਤਰ ਨੇ ਕੋਈ ਚਿੱਠੀ ਲਿਖੀ ਹੋਵੇ, ਪਰ ਦਿੱਲੀ ਚੋਣਾਂ ਸਿਰ ਉਤੇ ਹੋਣ ਕਾਰਨ ਕੇਜਰੀਵਾਲ ਤੇ ਕਾਂਗਰਸ ਦੋਵਾਂ ਦੇ ਵਿਰੋਧ ਦੀ ਤੀਸਰੀ ਧਿਰ ਨੇ ਕਿਸੇ ਪੱਤਰਕਾਰ ਦੀ ਸੇਵਾ ਲੈ ਕੇ ਚਿੱਠੀ ਦੀ ਚਰਚਾ ਬਿਨਾਂ ਵਜ੍ਹਾ ਕਰਵਾਈ ਹੋਵੇ, ਜਿਸ ਨਾਲ ਇਹ ਪ੍ਰਚਾਰਿਆ ਜਾ ਸਕੇ ਕਿ ਕੇਜਰੀਵਾਲ ਤਾਂ ਅੰਨਾ ਦੀ ਡਾਕ ਵੀ ਸੈਂਸਰ ਕਰਦਾ ਹੁੰਦਾ ਸੀ। ਆਖਰੀ ਗੱਲ ਇਸ ਖਬਰ ਨਾਲ ਜੋੜ ਕੇ ਦਿੱਲੀ ਵਿਚ ਕੁਝ ਲੋਕਾਂ ਨੇ ਕਹੀ ਵੀ, ਪਰ ਉਸ ਦੇ ਬਾਅਦ ਖਬਰ ਹੀ ਮਰ ਗਈ।



ਅੰਨਾ ਹਜ਼ਾਰੇ



ਵੀ ਕੇ ਸਿੰਘ

***ਜਦੋਂ ਕੇਜਰੀਵਾਲ ਰਾਜਨੀਤੀ ਵਿਚ ਆ ਗਿਆ ਤੇ ਅੰਨਾ ਨੇ ਕਹਿ ਦਿੱਤਾ ਕਿ ਉਹ ਹੁਣ ਮੇਰੇ ਮੰਚ ਤੋਂ ਨਹੀਂ ਬੋਲ ਸਕਦਾ, ਉਦੋਂ ਕਿਰਨ ਬੇਦੀ ਅਤੇ ਭਾਰਤੀ ਫੌਜ ਦਾ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ ਉਸ ਦੇ ਮੰਚ ਤੋਂ ਪਾਣੀ ਪੀ-ਪੀ ਕੇ ਕੇਜਰੀਵਾਲ ਦੇ ਖਿਲਾਫ ਬੋਲੇ ਸਨ। ਅੰਨਾ ਦੇ ਪੱਕੇ ਭਗਤਾਂ ਨੂੰ ਲੱਗਦਾ ਸੀ ਕਿ ਕੇਜਰੀਵਾਲ ਦੇ ਰਾਜਨੀਤੀ ਵਿਚ ਜਾਣ ਪਿੱਛੋਂ ਅੰਨਾ ਨੂੰ ਉਸ ਦੀ ਥਾਂ ਲੈਣ ਵਾਲੇ ਦੋ ਲੀਡਰ ਲੱਭ ਗਏ ਹਨ। ਦਿੱਲੀ ਚੋਣਾਂ ਵਿਚ ਜਦੋਂ ਭਾਜਪਾ ਨੇ ਕਿਰਨ ਬੇਦੀ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾ ਲਿਆ, ਬੀਬੀ ਨੇ ਖੁਦ ਕਹਿਣ ਤੋਂ ਝਿਜਕ ਨਹੀਂ ਸੀ ਵਿਖਾਈ ਕਿ ਅੰਨਾ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵੇਲੇ ਵੀ ਅੰਦਰੋਂ ਮੈਂ ਭਾਜਪਾ ਨਾਲ ਸੰਪਰਕ ਰੱਖਦੀ ਰਹੀ ਸਾਂ।***

ਮਾਮਲਾ ਇਹ ਗੰਭੀਰ ਸੀ। ਬਾਕੀ ਮੀਡੀਏ ਨੂੰ ਇਸ ਖਬਰ ਦੀ ਖੋਜ ਕਰਨੀ ਚਾਹੀਦੀ ਸੀ, ਪਰ ਕਿਸੇ ਚੈਨਲ ਜਾਂ ਕਿਸੇ ਅਖਬਾਰ ਨੇ ਇਸ ਦੀ ਕੋਈ ਚਰਚਾ ਉਸ ਦਿਨ ਪਿੱਛੋਂ ਨਹੀਂ ਕੀਤੀ। ਸਾਰੇ ਚੁੱਪ ਵੱਟ ਗਏ। ਨਾ ਨਵੰਬਰ ਦੀ ਇਸ ਖਬਰ ਦਾ ਖੰਡਨ ਅੰਨਾ ਦੀ ਉਸ ਟੀਮ ਵੱਲੋਂ ਕੀਤਾ ਗਿਆ, ਜਿਸ ਵਿਚ ਕਿਰਨ ਬੇਦੀ ਵੀ ਜਨਵਰੀ ਤੱਕ ਸ਼ਾਮਲ ਹੁੰਦੀ ਸੀ, ਨਾ ਮਨਮੋਹਨ ਸਿੰਘ ਜਾਂ ਉਸ ਦੇ ਦਫਤਰ ਵਿਚਲੇ ਲੋਕਾਂ ਨੇ ਕੀਤਾ, ਨਾ ਇਸ ਖਬਰ ਮੁਤਾਬਕ ਅੰਨਾ ਨੂੰ ਮਿਲਣ ਗਏ ਯੂ ਪੀ ਦੀ ਰਾਜਨੀਤੀ ਨਾਲ ਜੁੜੇ ਹੋਏ ਉਸ ਸਾਬਕਾ ਮੰਤਰੀ ਨੇ ਅਤੇ ਨਾ ਹੀ ਉਸ ਕੇਜਰੀਵਾਲ ਨੇ ਖੰਡਨ ਕੀਤਾ, ਜਿਸ ਨੂੰ ਪ੍ਰਧਾਨ ਮੰਤਰੀ ਦਫਤਰ ਦੀ ਅੰਨਾ ਨੂੰ ਲਿਖੀ ਚਿੱਠੀ ਮਿਲਣ ਦੀ ਖਬਰ ਛਾਪੀ ਗਈ ਸੀ। ਕੋਈ ਹੋਰ ਨਾ ਸਹੀ, ਕੇਜਰੀਵਾਲ ਹੀ ਕਹਿ ਸਕਦਾ ਸੀ ਕਿ ਇਹ ਸਿਰਫ ਅਫਵਾਹ ਹੈ, ਪਰ ਉਹ ਵੀ ਨਹੀਂ ਬੋਲਿਆ। ਉਸ ਦੇ ਇੱਕ ਨੇੜੂ ਨੇ ਸਾਡੇ ਪੁੱਛਣ ਉੱਤੇ ਕਿਹਾ ਕਿ ਸਾਡੇ ਸਿਆਸੀ ਵਿਰੋਧੀ ਇਹ ਗੱਲਾਂ ਉਛਾਲ ਕੇ ਸਾਨੂੰ ਉਲਝਾਉਣਾ ਚਾਹੁੰਦੇ ਹਨ, ਪਰ ਕੇਜਰੀਵਾਲ ਨੇ ਇਸ ਬਾਰੇ ਕੁਝ ਨਹੀਂ ਕਹਿਣਾ। ਇਸ਼ਾਰਾ ਉਸ ਨੇ ਇੱਕ ਤਰ੍ਹਾਂ ਭਾਜਪਾ ਅੰਦਰ ਬੈਠੀ ਇੱਕ ਇਹੋ ਜਿਹੀ ਟੋਲੀ ਵੱਲ ਕੀਤਾ, ਜਿਸ ਵਿਚ ਅਫਸਰੀਆਂ ਕਰ ਚੁੱਕੇ ਕੁਝ ਲੋਕ ਸ਼ਾਮਲ ਸਨ। ਜੜ੍ਹਾਂ ਤੋਂ ਆਰ ਐਸ ਐਸ ਨਾਲ ਜੁੜੇ ਹੋਏ ਇਹੋ ਜਿਹੇ ਲੋਕਾਂ ਨੂੰ ਭਾਜਪਾ ਕਈ ਤਰ੍ਹਾਂ ਦੇ ਸਿਧਾਂਤਕ ਸੈਲ ਬਣਾ ਕੇ ਵਰਤਣ ਦੀ ਮਾਹਰ ਸੀ ਅਤੇ ਇਹ ਕਿਸ ਤਰ੍ਹਾਂ ਵਰਤੇ ਜਾਂਦੇ ਹਨ, ਉਸ ਦੀਆਂ ਸਾਡੇ ਕੋਲ ਦੋ ਵੱਡੀਆਂ ਮਿਸਾਲਾਂ ਹਨ।

ਪਹਿਲੀ ਇਹ ਕਿ ਜਦੋਂ ਕੇਜਰੀਵਾਲ ਰਾਜਨੀਤੀ ਵਿਚ ਆ ਗਿਆ ਤੇ ਅੰਨਾ ਨੇ ਕਹਿ ਦਿੱਤਾ ਕਿ ਉਹ ਹੁਣ ਮੇਰੇ ਮੰਚ ਤੋਂ ਨਹੀਂ ਬੋਲ ਸਕਦਾ, ਉਦੋਂ ਕਿਰਨ ਬੇਦੀ ਅਤੇ ਭਾਰਤੀ ਫੌਜ ਦਾ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ ਉਸ ਦੇ ਮੰਚ ਤੋਂ ਪਾਣੀ ਪੀ-ਪੀ ਕੇ ਕੇਜਰੀਵਾਲ ਦੇ ਖਿਲਾਫ ਬੋਲੇ ਸਨ। ਅੰਨਾ ਦੇ ਪੱਕੇ ਭਗਤਾਂ ਨੂੰ ਲੱਗਦਾ ਸੀ ਕਿ ਕੇਜਰੀਵਾਲ ਦੇ ਰਾਜਨੀਤੀ ਵਿਚ ਜਾਣ ਪਿੱਛੋਂ ਅੰਨਾ ਨੂੰ ਉਸ ਦੀ ਥਾਂ ਲੈਣ ਵਾਲੇ ਦੋ ਲੀਡਰ ਲੱਭ ਗਏ ਹਨ। ਦਿੱਲੀ ਚੋਣਾਂ ਵਿਚ ਜਦੋਂ ਭਾਜਪਾ ਨੇ ਕਿਰਨ ਬੇਦੀ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾ ਲਿਆ, ਬੀਬੀ ਨੇ ਖੁਦ ਕਹਿਣ ਤੋਂ ਝਿਜਕ ਨਹੀਂ ਸੀ ਵਿਖਾਈ ਕਿ ਅੰਨਾ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵੇਲੇ ਵੀ ਅੰਦਰੋਂ ਮੈਂ ਭਾਜਪਾ ਨਾਲ ਸੰਪਰਕ ਰੱਖਦੀ ਰਹੀ ਸਾਂ। ਕਿਰਨ ਦਾ ਇਹ ਕਹਿਣਾ ਉਸ ਅੰਦੋਲਨ ਅੰਦਰ ਭਾਜਪਾ ਦੀ ਏਜੰਟ ਹੋਣ ਦਾ ਸਿੱਧਾ ਇਕਬਾਲ ਸੀ, ਜਿਸ ਦੀ ਚੋਣਾਂ ਵਿਚ ਚਰਚਾ ਵੀ ਹੁੰਦੀ ਰਹੀ ਅਤੇ ਬੀਬੀ ਇਸ ਨੂੰ ਭੱਦੀਆਂ ਟਿੱਪਣੀਆਂ ਕਹਿ ਕੇ ਖਹਿੜਾ ਛੁਡਾਉਂਦੀ ਰਹੀ।

ਦੂਸਰਾ ਬੰਦਾ ਜਨਰਲ ਵੀ ਕੇ ਸਿੰਘ ਸੀ, ਜਿਸ ਦੀ ਅਸਲੀਅਤ ਨੂੰ ਬਹੁਤਾ ਸਮਾਂ ਲੋਕ ਨਹੀਂ ਸਨ ਜਾਣ ਸਕੇ। ਕਈ ਸਾਲ ਪਹਿਲਾਂ ਪਾਲਮਪੁਰ ਵਿਚ ਫੌਜ ਦੇ ਮੀਡੀਆ ਨਾਲ ਸਬੰਧਾਂ ਬਾਰੇ ਕਰਵਾਏ ਸੈਮੀਨਾਰ ਵਿਚ ਫੌਜ ਦੇ ਸਾਬਕਾ ਮੁਖੀ ਦੇ ਡਿਨਰ ਦੌਰਾਨ ਕੁਝ ਫੌਜੀ ਅਫਸਰਾਂ ਨੇ ਆਪਣੇ ਕੁਝ ਅਫਸਰਾਂ ਦੀ ਚਰਚਾ ਛੇੜ ਲਈ। ਬ੍ਰਿਗੇਡੀਅਰ ਰੈਂਕ ਦੇ ਇੱਕ ਅਫਸਰ ਦੇ ਮੂੰਹੋਂ ਨਿਕਲ ਗਿਆ, ਉਹੋ ਜਨਰਲ ਵੀ ਕੇ ਸਿੰਘ ਫੌਜ ਦਾ ਮੁਖੀ ਬਣ ਕੇ ਆਪਣੀ ਵਿਵਾਦ ਭਰਪੂਰ ਸੇਵਾ-ਮੁਕਤੀ ਪਿੱਛੋਂ ਇੱਕ ਵਾਰ ਅੰਨਾ ਦੇ ਮੰਚ ਉਤੋਂ ਕੇਜਰੀਵਾਲ ਦੇ ਖਿਲਾਫ ਰੌਲਾ ਪਾਉਂਦਾ ਸੀ ਕਿ ਉਸ ਨੇ ਰਾਜਨੀਤੀ ਵਿਚ ਜਾ ਕੇ ਅੰਨਾ ਦੀ ਪਿੱਠ ਵਿਚ ਛੁਰਾ ਮਾਰ ਦਿੱਤਾ ਹੈ। ਉਨ੍ਹੀਂ ਦਿਨੀਂ ਅੰਮ੍ਰਿਤਸਰ ਦਾ ਦੌਰਾ ਕਰਨ ਮੌਕੇ ਜਨਰਲ ਵੀ ਕੇ ਸਿੰਘ ਸਾਡੇ ਇੱਕ ਬੜੇ ਪੁਰਾਣੇ ਮਿੱਤਰ ਦੇ ਘਰ ਰੁਕਿਆ। ਮਿੱਤਰ ਕਿਸੇ ਵੇਲੇ ਖੱਬੇ-ਪੱਖੀ ਵਿਦਿਆਰਥੀ ਜਥੇਬੰਦੀ ਏ ਆਈ ਐਸ ਐਫ ਵਿਚ ਪੰਜਾਬ ਪੱਧਰ ਦਾ ਲੀਡਰ ਰਹਿ ਚੁੱਕਾ ਸੀ। ਉਹ ਵੀ ਕੇ ਸਿੰਘ ਦੀਆਂ ਸਿਫਤਾਂ ਕਰੀ ਜਾਵੇ। ਅਸੀਂ ਵੀ ਕੇ ਸਿੰਘ ਦੀ ਭਾਜਪਾ ਨਾਲ ਸਾਂਝ ਬਾਰੇ ਕੁਝ ਕਿਹਾ ਤਾਂ ਅੰਨਾ ਟੀਮ ਨਾਲ ਜੁੜੇ ਹੋਏ ਸਾਡੇ ਮਿੱਤਰ ਨੂੰ ਇਹ ਗੱਲ ਏਨੀ ਚੁਭੀ ਕਿ 'ਅੰਨਾ ਟੀਮ ਦੇ ਮੈਂਬਰ ਜਨਰਲ ਵੀ ਕੇ ਸਿੰਘ ਬਾਰੇ ਏਦਾਂ ਦੀ ਗੱਲ' ਨੂੰ ਬੇਵਕੂਫੀ ਕਹਿਣ ਤੱਕ ਵੀ ਚਲਾ ਗਿਆ। ਕੁਝ ਸਮੇਂ ਪਿੱਛੋਂ ਜਦੋਂ ਵੀ ਕੇ ਸਿੰਘ ਭਾਜਪਾ ਵਿਚ ਜਾ ਵੜਿਆ, ਉਦੋਂ ਉਸ ਮਿੱਤਰ ਨੂੰ ਸਮਝ ਪਈ ਕਿ ਰਾਜਨੀਤੀ ਸਿਰਫ ਉਥੋਂ ਤੱਕ ਨਹੀਂ ਹੁੰਦੀ, ਜਿੱਥੋਂ ਤੱਕ ਅਸੀਂ ਵੇਖ ਸਕਦੇ ਹਾਂ, ਕਈ ਵਾਰ ਉਸ ਨਾਲੋਂ ਵੱਧ ਰਾਜਨੀਤੀ ਪਰਦੇ ਪਿੱਛੋਂ ਸ਼ਤਰੰਜ ਵਾਂਗ ਚਲਾਈ ਜਾਂਦੀ ਹੈ, ਜਿਸ ਵਿਚ ਆਗੂ ਕਿਸੇ ਪਾਰਟੀ ਦਾ ਹੁੰਦਾ ਹੈ, ਪਰ ਕੰਮ ਕਿਸੇ ਹੋਰ ਦਾ ਕਰਦਾ ਹੈ। ਆਮ ਆਦਮੀ ਪਾਰਟੀ ਦੇ ਮੌਜੂਦਾ ਸੰਕਟ ਵਿਚ ਕੁਝ ਲੀਡਰਾਂ ਬਾਰੇ ਇਹੋ ਸੁਣਿਆ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਜਿਵੇਂ ਅੰਨਾ ਹਜ਼ਾਰੇ ਨਾਲ ਖੜੇ ਕਿਰਨ ਬੇਦੀ ਅਤੇ ਜਨਰਲ ਵੀ ਕੇ ਸਿੰਘ ਅੰਦਰੋਂ ਭਾਜਪਾ ਦੀ ਤਾਰ ਨਾਲ ਜੁੜੇ ਹੋਏ ਸਨ, ਕੇਜਰੀਵਾਲ ਦੀ ਪਾਰਟੀ ਵਿਚ ਵੀ ਇਸ ਵੇਲੇ ਕੁਝ ਆਗੂ ਇਹੋ ਕੁਝ ਕਰਦੇ ਜਾਪਦੇ ਹਨ। ਰਾਜਨੀਤੀ ਦੀ ਇਹੋ ਖੇਡ ਖਤਰਨਾਕ ਹੈ ਕਿ ਕੁਝ ਆਗੂ ਖੁਦ ਕਿਸੇ ਹੋਰ ਪਾਰਟੀ ਨਾਲ ਹੁੰਦੇ ਹਨ, ਵਫਾ ਕਿਸੇ ਹੋਰ ਨਾਲ ਹੁੰਦੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ

**ਸੈਕਰਾਮੈਂਟੋ (ਬਿਊਰੋ):** ਸ੍ਰੀ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਾਏ ਗਏ 15ਵੇਂ ਸਾਲਾਨਾ ਨਗਰ ਕੀਰਤਨ ਵਿਚ ਸੰਗਤਾਂ ਨੇ ਭਰਵੀਂ ਹਾਜ਼ਰੀ ਲਵਾਈ। ਇਹ ਨਗਰ ਕੀਰਤਨ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਦੀ ਪ੍ਰਬੰਧਕ ਕਮੇਟੀ ਦੇ ਉਦਮ ਨਾਲ ਸੰਗਤਾਂ ਦੇ ਸਹਿਯੋਗ ਨਾਲ ਸਜਾਇਆ ਗਿਆ ਸੀ।



ਅਖੰਡ ਪਾਠ ਦੇ ਭੋਗ ਉਪਰੰਤ ਕਰੀਬ 12 ਵਜੇ ਨਗਰ ਕੀਰਤਨ ਅਰੰਭ ਹੋਇਆ ਅਤੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਕਰੀਬ ਸਾਢੇ ਚਾਰ ਵਜੇ ਗੁਰੂ ਘਰ ਪਹੁੰਚਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਵਿਚ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ। ਪਾਲਕੀ 'ਤੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਭਾਈ ਜਸਵੀਰ ਸਿੰਘ ਖਾਲਸਾ, ਭਾਈ ਸਤਨਾਮ ਸਿੰਘ ਕੁਹਾੜਕਾ, ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦਾ ਗਾਇਨ ਕਰ ਰਹੇ ਸਨ। ਸੰਗਤਾਂ ਗੁਰਬਾਣੀ ਦਾ ਅਨੰਦ ਮਾਣਦੀਆਂ ਅਤੇ ਵਾਹਿਗੁਰੂ ਦਾ ਜਾਪ ਕਰਦੀਆਂ ਨਗਰ ਕੀਰਤਨ ਦੀ ਰੌਣਕ ਵਧਾ ਰਹੀਆਂ ਸਨ।

ਨਗਰ ਕੀਰਤਨ ਤੋਂ ਪਹਿਲਾਂ ਸਮਾਗਮਾਂ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਿਆ। ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਐਤਵਾਰ ਨੂੰ ਆਸਾ ਦੀ ਵਾਰ ਦਾ ਕੀਰਤਨ ਵੀ ਹੋਇਆ। ਇਸ ਤੋਂ ਪਹਿਲਾਂ ਸਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਕੀਤੀ ਗਈ ਅਤੇ ਰੈਣ ਸਬਾਈ ਕੀਰਤਨ ਵਿਚ ਵੀ ਸੰਗਤਾਂ ਹੁੰਮ-ਹੁਮਾ ਕੇ ਪਹੁੰਚੀਆਂ।

ਨਗਰ ਕੀਰਤਨ ਵਿਚ ਕਈ ਸੰਸਥਾਵਾਂ ਅਤੇ ਗੁਰੂ ਘਰਾਂ ਦੇ ਫਲੋਟ ਉਚੇਚਾ ਸ਼ਾਮਲ ਹੋਏ। ਸੇਵਾਦਾਰਾਂ ਨੇ ਸੰਗਤ ਦੀ ਭਾਂਤ-ਸੁਭਾਂਤੇ ਲੰਗਰਾਂ ਨਾਲ ਸੇਵਾ ਕੀਤੀ। ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ ਜਿਸ ਦੀ ਸੇਵਾ ਹਰਦਿਆਲ ਬੰਗਾ ਦੇ ਪਰਿਵਾਰ ਵਲੋਂ ਕੀਤੀ ਗਈ ਜਦਕਿ ਪਾਲਕੀ ਸਜਾਉਣ ਦੀ ਸੇਵਾ ਮੋਹਣ ਸੈਂਪਲਾ ਪਰਿਵਾਰ ਨੇ ਕੀਤੀ। ਭਗਤ ਪੂਰਨ ਸਿੰਘ ਸੰਸਥਾ ਵਲੋਂ ਦੋ ਰੋਜ਼ਾ ਮੈਡੀਕਲ ਕੈਂਪ ਲਾਇਆ ਗਿਆ।





ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲਖਾਨੇ ਤੋਂ ਦੇਬਬਰਾਟਾ ਚਟੋਪਾਧਿਆਏ ਬਤੌਰ ਮੁੱਖ ਮਹਿਮਾਨ ਪਹੁੰਚੇ ਜਦਕਿ ਐਲਬਰਟਾ ਕਮਿਊਨਿਟੀ ਪਲਾਨਿੰਗ ਕੌਂਸਲ ਸ਼ੈਰਲੀ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਸੰਗਤ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਜੀਵਨ ਰੱਤੂ ਨੇ ਸੰਗਤਾਂ ਨੂੰ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਭਜਨ ਸਿੰਘ ਭਿੰਡਰ, ਦਿਲਬਾਗ ਸਿੰਘ ਬੈਂਸ, ਜੱਸੀ ਬੰਗਾ, ਜਸਵੰਤ ਸ਼ੀਮਾਰ, ਹੰਸ ਰਾਜ ਕਾਜਲਾ, ਮਨਜੀਤ ਉਪਲ, ਮਹਿੰਦਰ ਧਾਮੀ, ਜੋਗਿੰਦਰ ਚੁੰਬਰ, ਸੁਖਰਾਜ ਚੋਪੜਾ, ਰੋਸ਼ਨੀ ਚੋਪੜਾ, ਜਗਦੇਵ ਪਾਲ, ਨਿਰਮਲ ਸਿੰਘ ਨਿਊ ਯਾਰਕ, ਮਨੋਹਰ ਕਲੇਰ, ਪ੍ਰੇਮ ਕੁਮਾਰ ਚੁੰਬਰ ਅਤੇ ਗੀਤਕਾਰ ਮੱਖਣ ਲੁਹਾਰ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਇਸ ਮੌਕੇ ਹਰਮੇਸ਼ ਹੱਪੋਵਾਲੀਆ ਤੇ ਸੋਨੂੰ ਅੰਬੇਦਕਰ ਦੇ ਯਤਨਾਂ ਨਾਲ ਗੁਰੂ ਰਵਿਦਾਸ ਜੀ ਦੀ ਬਾਣੀ ਦੀਆਂ ਦੋ ਸੀਡੀਆਂ ਵੀ ਰਿਲੀਜ਼ ਕੀਤੀਆਂ ਗਈਆਂ। ਗੁਰੂ ਘਰ ਦਾ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ। ਪ੍ਰਬੰਧਕ ਕਮੇਟੀ ਨੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਸਿਰਪਾਓ ਨਾਲ ਸਨਮਾਨ ਕੀਤਾ।

ਗੁਰੂ ਰਵਿਦਾਸ ਸਭਾ-ਪਿਟਸਬਰਗ, ਬੇਅ ਏਰੀਆ, ਸੈਲਮਾ, ਫਰਿਜ਼ਨੋ, ਯੂਬਾ ਸਿਟੀ, ਬਾਲਮੀਕ ਸਭਾ-ਯੂਬਾ ਸਿਟੀ, ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਸਿੱਖ ਟੈਂਪਲ ਬਰਾਡਸ਼ਾਅ, ਰੋਜ਼ਵਿਲ, ਵੈਸਟ ਸੈਕਰਾਮੈਂਟੋ, ਐਲਸੀ ਗੁਰਦੁਆਰਾ, ਦਸ਼ਮੇਸ਼ ਦਰਬਾਰ, ਕੈਪੀਟਲ ਸਿੱਖ ਸੈਂਟਰ ਅਤੇ ਸਿੱਖ ਟੈਂਪਲ ਸਟਾਕਟਨ ਦਾ ਨਗਰ ਕੀਰਤਨ ਲਈ ਸਹਿਯੋਗ ਦੇਣ ਲਈ ਉਚੇਚਾ ਧੰਨਵਾਦ ਕੀਤਾ ਗਿਆ।

ਗਲੋਬਲ ਪੰਜਾਬ ਟੀ.ਵੀ. 'ਤੇ ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ। ਲੇਖਕ ਐਸ. ਅਸ਼ੋਕ ਭੌਰਾ ਸੰਗਤ ਨੂੰ ਜੀ ਆਇਆਂ ਆਖ ਰਹੇ ਸਨ। ਸੋਨੂੰ ਚੱਠਾ, ਪ੍ਰਦੀਪ ਚੱਠਾ ਅਤੇ ਦੀਪਕ ਨੇ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਸੇਵਾ ਨਿਭਾਈ।

ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜੱਸੀ ਬੰਗਾ, ਮੀਤ ਚੇਅਰਮੈਨ ਦਰਸ਼ਨ ਵਿਰਕ, ਪ੍ਰਧਾਨ ਜੋਗਿੰਦਰ ਚੁੰਬਰ, ਮੀਤ ਪ੍ਰਧਾਨ ਸਤਨਾਮ ਮੰਢਾਲੀ ਤੇ ਬਲਵਿੰਦਰ ਰੱਲ੍ਹ, ਸਕੱਤਰ ਜੀਵਨ ਰੱਤੂ ਤੇ ਰਾਜ ਕੁਮਾਰ ਸੂਦ, ਪੀ ਆਰ ਓ ਜਸਵੰਤ ਸ਼ੀਮਾਰ, ਕਿਚਨ ਮੈਨੇਜਰ ਮਹਿੰਦਰ ਸਿੰਘ ਧਾਮੀ, ਦਫਤਰੀ ਸਕੱਤਰ ਰਾਜ ਕੁਮਾਰ ਬੱਧਣ, ਕੈਸ਼ੀਅਰ ਸੁਰਿੰਦਰ ਮੱਲ੍ਹ, ਇੰਦਰਜੀਤ ਪਡਵੱਗਾ, ਮਨਜੀਤ ਭਾਰਦਵਾਜ, ਮਨਜੀਤ ਪਾਲ, ਕਰਨੈਲ ਸਿੰਘ ਅਤੇ ਚਮਨ ਲਾਲ ਨੇ ਨਗਰ ਕੀਰਤਨ ਸਬੰਧੀ ਸਮਾਗਮਾਂ ਨੂੰ ਸਫਲ ਬਣਾਉਣ ਲਈ ਸੰਗਤ ਦਾ ਧੰਨਵਾਦ ਕੀਤਾ।

## ਝੋਲਾ-ਛਾਪ ਡਾਕਟਰਾਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮਹਿਕਮੇ ਨੇ ਸੂਬੇ ਵਿਚ ਬਿਨਾ ਕਿਸੇ ਡਿਗਰੀ ਤੋਂ ਦੇਸੀ ਦਵਾਈਆਂ ਤਿਆਰ ਕਰਕੇ ਵੇਚਣ ਤੇ ਲੋਕਾਂ ਨੂੰ ਝੂਠੇ ਭਰੋਸੇ ਦੇ ਕੇ ਠੱਗਣ ਵਾਲੇ ਝੋਲਾ-ਛਾਪ ਡਾਕਟਰਾਂ ਖਿਲਾਫ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਮਹਿਕਮੇ ਨੇ ਪੰਜਾਬ ਦੇ 35 ਪ੍ਰਾਈਵੇਟ ਆਯੁਰਵੈਦਿਕ ਡਾਕਟਰਾਂ ਨੂੰ ਨੋਟਿਸ ਜਾਰੀ ਕਰਦਿਆਂ ਉਨ੍ਹਾਂ ਖਿਲਾਫ 'ਦਵਾਈ ਤੇ ਜਾਦੂਈ ਇਲਾਜ ਐਕਟ 1954' ਤਹਿਤ ਕਾਰਵਾਈ ਅਰੰਭਣ ਦਾ ਦਾਅਵਾ ਕੀਤਾ ਹੈ ਤੇ ਜ਼ਿਲ੍ਹਿਆਂ ਦੇ ਸਿਹਤ ਤੇ ਪੁਲਿਸ ਮੁਖੀਆਂ ਨੂੰ ਅਜਿਹੇ ਡਾਕਟਰਾਂ ਦੀਆਂ ਗੁੰਮਰਾਹਕੁਨ ਇਸ਼ਤਿਹਾਰੀ ਗਤੀਵਿਧੀਆਂ ਰੋਕਣ ਦੇ ਨਿਰਦੇਸ਼ ਦਿੱਤੇ ਹਨ।

ਅਜਿਹੇ ਡਾਕਟਰਾਂ ਦੀਆਂ ਗਤੀਵਿਧੀਆਂ ਨੂੰ ਨੱਥ ਪਾਉਣ ਬਾਰੇ ਰੂਪ-ਰੇਖਾ ਉਲੀਕਣ ਵਾਸਤੇ ਪੰਜਾਬ ਦੇ ਸਕੱਤਰ ਸਿਹਤ ਤੇ ਡਰੱਗ ਕਮਿਸ਼ਨਰ ਹੁਸਨ ਲਾਲ ਵਲੋਂ ਸਮੂਹ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਧਿਕਾਰੀਆਂ ਕਮ ਡਰੱਗ ਇੰਸਪੈਕਟਰਾਂ ਦੀ ਸੱਦੀ ਮੀਟਿੰਗ ਵਿਚ ਸਿਹਤ ਸਕੱਤਰ ਨੇ ਦੱਸਿਆ ਕਿ ਪੰਜਾਬ ਵਿਚ ਪ੍ਰਾਈਵੇਟ ਆਯੁਰਵੈਦਿਕ ਡਾਕਟਰਾਂ ਤੇ ਦੇਸੀ ਦਵਾਈਆਂ ਤਿਆਰ ਕਰਨ ਵਾਲੀਆਂ ਫਰਮਾਂ ਵਲੋਂ 'ਮਰਦਾਨਾ ਕਮਜ਼ੋਰੀ, ਕੱਦ ਲੰਬਾ ਕਰਨ ਤੇ ਬ੍ਰੈਸਟ ਵਧਾਉਣ' ਦੇ ਸ਼ਰਤੀਆ ਇਲਾਜ ਬਾਰੇ ਘਟੀਆ ਤੇ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਕਰਕੇ ਸਬੰਧਤ ਐਕਟ ਦੇ ਨੇਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜੋ ਕਿ ਸਜ਼ਾਯੋਗ ਅਪਰਾਧ ਹੈ। ਅਜਿਹੇ ਗੁੰਮਰਾਹਕੁਨ ਇਸ਼ਤਿਹਾਰ ਦੇਣ ਵਾਲੇ ਅਨਸਰਾਂ ਖਿਲਾਫ ਕਾਰਵਾਈ ਲਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪੱਤਰ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਵਿਚ ਇਤਰਾਜ਼ਯੋਗ ਦਵਾਈਆਂ ਦੇ 25 ਸੈਂਪਲ ਭਰ ਕੇ ਜਾਂਚ ਲਈ ਡਰੱਗ ਜਾਂਚ ਪ੍ਰਯੋਗਸ਼ਾਲਾ ਪਟਿਆਲਾ ਵਿਖੇ ਭੇਜ ਦਿੱਤੇ ਗਏ ਹਨ ਤੇ ਇਕ ਪ੍ਰਾਈਵੇਟ ਆਯੁਵੈਦਿਕ ਫਾਰਮੇਸੀ ਦਾ ਲਾਇਸੈਂਸ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ 35 ਪ੍ਰਾਈਵੇਟ ਆਯੁਰਵੈਦਿਕ ਡਾਕਟਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਡਾਇਰੈਕਟਰ ਆਯੁਰਵੈਦ ਡਾ. ਰਾਕੇਸ਼ ਗੁਪਤਾ ਨੇ ਦੱਸਿਆ ਕਿ ਪੰਜਾਬ ਵਿਚ ਪਿਛਲੇ ਛੇ ਸਾਲਾਂ ਵਿਚ 100 ਫਰਮਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ। ਉਨ੍ਹਾਂ ਮੰਨਿਆ ਕਿ ਬੀਤੇ ਸਮੇਂ ਦੌਰਾਨ ਅਜਿਹੇ ਡਾਕਟਰਾਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕੀਤੀ ਸੀ।

## ਅੰਨਾ ਹਜ਼ਾਰੇ ਨੂੰ ਮਾਰਨ ਦੀ ਧਮਕੀ

**ਠਾਣੇ:** ਭ੍ਰਿਸ਼ਟਾਚਾਰ ਵਿਰੁਧ ਆਵਾਜ਼ ਬੁਲੰਦ ਕਰਨ ਵਾਲੇ ਸਮਾਜ ਸੇਵਕ ਅੰਨਾ ਹਜ਼ਾਰੇ ਨੂੰ ਫੇਸਬੁੱਕ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ।

ਭੌਂ ਗ੍ਰਹਿਣ ਬਿੱਲ ਖ਼ਿਲਾਫ਼ ਪੈਦਲ ਮਾਰਚ ਕੱਢਣ ਜਾ ਰਹੇ ਸ੍ਰੀ ਹਜ਼ਾਰੇ ਨੂੰ ਤਿੰਨ ਹਫ਼ਤਿਆਂ ਤੋਂ ਇਹ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪੁਲਿਸ ਮੁਤਾਬਕ ਅੰਨਾ ਹਜ਼ਾਰੇ ਦੇ ਅੰਦੋਲਨ ਨਾਲ ਜੁੜੇ ਕਲਿਆਣ ਵਸਨੀਕ ਅਸ਼ੋਕ ਗੌਤਮ (57) ਨੇ ਫੇਸਬੁੱਕ 'ਤੇ ਇਹ ਧਮਕੀਆਂ ਦੇਖੀਆਂ ਤਾਂ ਉਸ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ।

## ਮਹਿਲਾ ਦਿਵਸ ਮੌਕੇ ਭਰੂਣ ਹੱਤਿਆ ਖਿਲਾਫ ਲਾਮਬੰਦੀ ਦਾ ਅਹਿਦ

**ਫਰਿਜ਼ਨੋ (ਬਿਊਰੋ):** ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਇਸਤਰੀ ਵਿੰਗ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਂਦਿਆਂ ਇਸ ਸਬੰਧੀ ਇਕ ਵਿਸ਼ੇਸ਼ ਮੀਟਿੰਗ ਕੀਤੀ।

ਇਸ ਮੌਕੇ ਨਾਰੀ ਚੇਤਨਾ ਸਬੰਧੀ ਵਿਚਾਰਾਂ ਕੀਤੀਆਂ ਗਈਆਂ ਅਤੇ ਮਹਿਲਾ ਦਿਵਸ ਬਾਰੇ ਵਿਸਥਾਰ ਵਿਚ ਜਾਣਕਾਰੀ ਦਿਤੀ। ਵੱਖ ਵੱਖ ਮਹਿਲਾ ਆਗੂਆਂ ਨੇ ਭਰੂਣ ਹੱਤਿਆ ਦਾ ਵਿਸ਼ਾ ਵੀ ਛੋਹਿਆ ਅਤੇ ਇਸ ਦੇ ਖਿਲਾਫ ਲਾਮਬੰਦ ਹੋਣ ਲਈ ਆਪੋ-ਆਪਣੇ ਵਿਚਾਰ ਵੀ ਪੇਸ਼ ਕੀਤੇ ਗਏ।




ਮੀਟਿੰਗ ਵਿਚ ਸ਼ਾਮਲ ਬੀਬੀਆਂ

## ਜਗਦੀਸ਼ ਭੋਲਾ ਦੀ ਜ਼ਮਾਨਤ ਅਰਜ਼ੀ ਖਾਰਜ

**ਪਟਿਆਲਾ:** ਇਥੋਂ ਦੀ ਇਕ ਅਦਾਲਤ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਕੇਸ ਵਿਚੋਂ ਕੌਮਾਂਤਰੀ ਪਹਿਲਵਾਨ ਅਤੇ ਸਾਬਕਾ ਡੀ.ਐਸ.ਪੀ. ਜਗਦੀਸ਼ ਭੋਲਾ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਇਸ ਕੇਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਭੋਲਾ ਖਿਲਾਫ ਨਸ਼ਾ ਤਸਕਰੀ ਜ਼ਰੀਏ ਵਧੇਰੇ ਜਾਇਦਾਦ ਬਣਾਉਣ ਦੇ ਦੋਸ਼ ਲਾਏ ਗਏ ਹਨ।

ਇਸ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੀ ਕਾਰਵਾਈ ਕੁਝ ਮਹੀਨਿਆਂ ਤੋਂ ਇਥੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਵਿਸ਼ੇਸ਼ ਜੱਜ ਐਚ.ਐਸ. ਮਦਾਨ ਦੀ ਅਦਾਲਤ ਵਿਚ ਚੱਲ ਰਹੀ ਸੀ।



ਸੁਣਵਾਈ ਦੌਰਾਨ ਈ.ਡੀ. ਦੇ ਸਹਾਇਕ ਡਾਇਰੈਕਟਰ ਨਿਰੰਜਣ ਸਿੰਘ ਜੋ ਇਸ ਸਾਰੇ ਮਾਮਲੇ ਦੇ ਜਾਂਚ ਅਧਿਕਾਰੀ ਹਨ, ਅਦਾਲਤ ਵਿਚ ਪੁੱਜੇ ਪਰ ਭੋਲਾ ਨੂੰ ਇਥੇ ਨਹੀਂ ਲਿਆਂਦਾ ਗਿਆ, ਉਸ ਦੀ ਤਰਫ਼ੋਂ ਸਿਰਫ਼ ਉਸ ਦੇ ਵਕੀਲ ਸਤੀਸ਼ ਕਰਕਰਾ ਹਾਜ਼ਰ ਸਨ।

ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਭੋਲਾ ਦੇ ਵਕੀਲ ਦਾ ਕਹਿਣਾ ਸੀ ਕਿ ਈ.ਡੀ. ਨੇ ਚਾਰਜਸ਼ੀਟ ਤੋਂ ਇਕ ਸਾਲ ਬਾਅਦ ਵੀ ਕੋਈ ਗਵਾਹ ਪੇਸ਼ ਨਹੀਂ ਕੀਤਾ ਤੇ ਨਾ ਚਾਰਜਸ਼ੀਟ ਵਿਚ ਭੋਲਾ ਖਿਲਾਫ ਠੋਸ ਸਬੂਤ ਹੈ। ਦੂਜੇ ਬੰਨੇ ਈ.ਡੀ. ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਜੇਲ੍ਹੋਂ ਬਾਹਰ ਆ ਕੇ ਭੋਲਾ ਸਬੂਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਉਤੇ ਅਦਾਲਤ ਨੇ ਭੋਲਾ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ।

# YUBA BROTHER FIELD HOCKEY CLUB
# &
# GADRI BABBE SPORTS CLUB
## HOSTING
# FIELD HOCKEY & BASKETBAL TOURNAMENT
# 2015







ਇਸ ਖੇਡ ਮੇਲੇ ਦੌਰਾਨ
ਗੁਰੂ ਕਾ ਲੰਗਰ ਅਟੁੱਟ ਵਰਤੇਗਾ

Water Based Astro Turf Field

## APR. 3RD-5TH
University of Pacific
3601 Pacific Ave. Stockton, Ca.



*S. Amolak Singh Ghakhal*

## International/Local Club Teams

**1st Prize $5100** **2nd Prize $3100**

**For More Info., Call:** Jeetu Dhaliwal 209-914-3616, Dev Atwal 209-456-2554
Surjit Nijjar 530-682-9596, TJ Uppal 530-701-5541

**Sponsors:** A&I Trucking, Bhandal Brother Trucking, Davinder Babbar, Dhanna Khalsa, Harnans Trucking, AD Services (Sodi Gill), Tajinder Singh, Vanco Truck & Auto Plaza, Shop-N-Go 2 (Mahjan), Manjit Uppal, Bachittar Singh (Jahant) Sarabjit (Wells Farg) Ranjit Dhaliwal, American Freight (Rimple), White Hawk (Rimple Nijjar), ALR Business Services (Amar Sandhu), Jumbo Logistics, C&A Trans (Sekhon Manteca), Mahal Trucking (Sarabjit Mahal), Ranjit Lathrop (Gurbinder S. Mangat), Bullet Express, Commander Transport, Power Truck Lines, HSD Trucking, Sukh Dhaliwal, Lakha Mahil (L&R), Sukh Bains, Gurnam Singh (Manteca), Sigma Freight, Ekam Trans, Kashmir Thandi & Balhar Ranu, Sac Truck Lines, PS Carrier, Baljinder Singh (Sacto) Jhihaz, Sukhwinder Mahal, Global Allianz (Kapoor), Lakhbir Singh Lakha, Papa Murphys (Charn Kang), Raman Dhaliwal, Major Singh (Livingston), King Sports Club, Lasher Brothers, Baljit Sahota, Sony Singh, Gurpreet Johal, Papu Sangha, Balhar Bajwa, Liquor King, Gill Transports Inc., Amanjit Singh Dulai, Harbinder Janda, Avtar Sahota, Tirath Gakhal, Balwinder S. Mithu, Karnail Sandhu, Sukhdev Singh, Bajinder S. Klair, Sarup Singh Sarai, Mohinder Singh Khinda, Gurmit Singh Sandhu, Sumel Singh Sandhu, Sodi Singh Sidhu, Gurmit Singh Basra, Gurmej Singh Gill, Dr. Jasvir Singh Gill, Amanmeet Singh Sandhu, Lakhbir Singh Lakha, Kashmir Singh Bhola, Jasbir Singh Sodhi, Jatinder S. Pamma, Amarjit S. Tung, Iqbal Singh Gill, Gurlal Pannu, Sandeep Saini, Daljit Singh, Ravdeep Rex Dhatt.

## ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼

## 15ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## ਸਨਿਚਰਵਾਰ, 28 ਮਾਰਚ 2015 ਸਮਾਂ: ਸ਼ਾਮੀ 6:30 ਵਜੇ

**The Cotillion**

360 South Creek Side, Palatine, IL 60074
(Route 14 & 1/2 Block West of 53)

Minimum Contribution $50
Limited Seats, Reserve Your Seat.

ਵੀਡੀਓ ਅਤੇ ਫੋਟੋਗ੍ਰਾਫੀ:ਸਿਆਨ ਵੀਡੀਓ (ਫੋਨ: 734-261-0936)


ਲਖਵਿੰਦਰ ਮਾਵੀ


ਸੁਖਪਾਲ ਗਿੱਲ


ਗਾਇਕ ਜੀਤਾ ਗਿੱਲ

### ਗਰੈਂਡ ਸਪਾਂਸਰ


ਰਘਬੀਰ ਸਿੰਘ ਘੁੰਨ | ਅਮਰਜੀਤ ਸਿੰਘ ਢੀਂਡਸਾ | ਹਰਜਿੰਦਰ ਸਿੰਘ ਸੰਧੂ | ਗੁਲਜ਼ਾਰ ਸਿੰਘ ਮੁਲਤਾਨੀ | ਹਰਿੰਦਰ ਵਾਲੀਆ | ਮੇਜਰ ਗੁਰਚਰਨ ਸਿੰਘ ਝੱਜ | ਨਿੱਕ ਗਾਖਲ

**ਸਪਾਂਸਰ: ਸ਼ਿਕਾਗੋ:** ਸਵਰਨ ਸਿੰਘ ਸੇਖੋਂ, ਅੰਮ੍ਰਿਤਪਾਲ ਸਿੰਘ ਸੰਘਾ, ਸਰਵਣ ਸਿੰਘ ਸਿੱਧੂ, ਪਰਸਨ ਸਿੰਘ ਮਾਨ, ਸਤਿੰਦਰ ਸਿੰਘ ਸੁਸਾਣਾ, ਜਗਜੀਤ ਸਿੰਘ ਢੀਂਡਸਾ, ਜਗਵਿੰਦਰ ਸਿੰਘ ਭੱਠਲ, ਮਨਜੀਤ ਸਿੰਘ ਧਨੋਆ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਸੰਨੀ ਕੁਲਾਰ, ਲਖਵੰਤ ਸਿੰਘ ਕੋਮਲ, ਤਰਲੋਚਨ ਸਿੰਘ ਮੁਲਤਾਨੀ, ਸੰਤੋਖ ਸਿੰਘ, ਸਤਵੰਤ ਸਿੰਘ ਅਟੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਪਰਮਿੰਦਰ ਸਿੰਘ ਵਾਲੀਆ, ਗੁਰਬਚਨ ਸਿੰਘ, ਗੁਰਮੀਤ ਸਿੰਘ ਬੈਂਸ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਹਰਵਿੰਦਰ ਸਿੰਘ ਕੰਗ, ਹਰਦੀਪ ਗਿੱਲ, ਰਘਵਿੰਦਰ ਸਿੰਘ ਮਾਹਲ, ਗੁਰ ਸਿੰਘ ਸਰਕਾਰੀਆ, ਅਮੋਲਕ ਸਿੰਘ ਗਿੱਧਾ, ਜੱਸੀ ਪਰਮਾਰ; ਪਰਵਿੰਦਰ ਸਿੰਘ ਗਿੱਲ (ਹਿਊਸਟਨ), ਹਰਮੇਲ ਸਿੰਘ ਖਿਆੜਾ (ਕੈਨਸਸ); **ਇੰਡੀਆਨਾ:** ਕਮਲਜੀਤ ਵਿਰਕ, ਰਾਣਾ ਵਿਰਕ, ਤੀਰਥ ਅਟਵਾਲ, ਪ੍ਰਿਥਪਾਲ ਸਿੰਘ ਘੋਤੜਾ, ਕਿਰਨਜੀਤ ਸਿੰਘ ਬਾਵਾ, ਪਾਲ ਖਲੀਲ, ਮਨਜਿੰਦਰ ਸਿੰਘ ਸੰਧੂ; **ਮਿਸ਼ੀਗਨ:** ਸੁਖੀ ਨਰਵਾਲ, ਦਵਿੰਦਰ ਗਰੇਵਾਲ, ਮੋਹਨ ਸਿੰਘ ਜੰਡ, ਬਲਬੀਰ ਗਰੇਵਾਲ, ਰਾਜ ਸ਼ੇਰਗਿੱਲ, ਬਾਬ ਖਹਿਰਾ, ਸੁਰਿੰਦਰ ਸਿੰਘ ਕੰਗ, ਮੁਖਤਿਆਰ ਸਿੰਘ ਖਹਿਰਾ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ; **ਮਿਲਵਾਕੀ:** ਬੇਅੰਤ ਸਿੰਘ ਬੋਪਾਰਾਏ; ਬਰੈਟੀ ਗਿੱਲ, ਸੁਖਦੇਵ ਸਿੰਘ ਖਾਲਸਾ; **ਓਹਾਇਓ:** ਰਛਪਾਲ ਸਿੰਘ ਸਹੋਤਾ, ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ; **ਨਿਊ ਯਾਰਕ:** ਸੁਰਿੰਦਰ ਸੋਹਲ, ਰਵਿੰਦਰ ਸਹਿਰਾਅ, ਬਿੰਦਰ ਬਿਸਮਿਲ, ਹਰਭਜਨ ਸਿੰਘ, ਭੁਪਿੰਦਰ ਸਿੰਘ ਅਟਵਾਲ; **ਕੈਲੀਫੋਰਨੀਆ:** ਕਸ਼ਮੀਰ ਸਿੰਘ ਧੁੱਗਾ, ਕੁਲਦੀਪ ਸਿੰਘ ਯੂਨੀਅਨ ਸਿਟੀ, ਦਲਵੀਰ ਸਿੰਘ ਪੰਨੂੰ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਸਰਬਜੋਤ ਸਿੰਘ ਸਵੱਦੀ, ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ, ਨੀਟਾ ਮਾਛੀ ਕੇ, ਕੁਲਵੰਤ ਧਾਲੀਆਂ, ਸੁਰਿੰਦਰ ਸਿੰਘ ਮੰਡਾਲੀ, ਸੋਹਨਪ੍ਰੀਤ (ਸੈਮ ਚਾਹਲ), ਦਲਬੀਰ ਸਿੰਘ ਗਿੱਲ, ਹਰਵਿੰਦਰ ਸਿੰਘ ਬਿੱਲਾ।

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ


**Punjab Times**

Ph: 847-359-0746

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਸਿੰਘ ਥਿਆੜਾ | ਅਯੁਧਿਆ ਸਲਵਾਨ

#### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ

### ਮੁੱਖ ਸਪਾਂਸਰ


ਗੁਰਮੇਲ ਸਿੰਘ ਕੰਗ | ਮਿੱਕੀ ਕਾਹਲੋਂ | ਜਗਮੀਤ ਸਿੰਘ (ਰੀਮੈਕਸ) | ਸੁਰਜੀਤ ਸਿੰਘ ਮਾਵੀ | ਅਵਤਾਰ ਸਿੰਘ ਸਪਰਿੰਗਫੀਲਡ | ਗੁਰਦੇਵ ਸਿੰਘ ਜੌੜਾ | ਅਮਰਜੀਤ ਸਿੰਘ ਸੰਧਰ | ਕਰਨ ਗਿੱਲ | ਡਾ. ਸਰਬਜੀਤ ਸਿੰਘ ਭੰਡਾਲ | ਬਲਕਾਰ ਸਿੰਘ ਢਿੱਲੋਂ | ਜਸਵਿੰਦਰ ਸਿੰਘ ਸੰਧੂ | ਕਿਰਪਾਲ ਸਿੰਘ ਰੰਧਾਵਾ | ਭੁਪਿੰਦਰ ਸਿੰਘ ਹੁੰਦਲ


ਅਮਰੀਕ ਸਿੰਘ ਅਮਰ ਕਾਰਪੈਟਸ | ਬਲਵਿੰਦਰ ਸਿੰਘ ਗਿਰਨ | ਦਵਿੰਦਰ ਸਿੰਘ ਰੰਗੀ | ਜਸਵੀਰ ਕੌਰ ਮਾਨ | ਠਾਕਰ ਸਿੰਘ ਬਸਾਤੀ | ਬਲਜੀਤ ਸਿੰਘ ਸਿੱਧੂ | ਅਮਰਦੇਵ ਸਿੰਘ ਬੰਦੇਸਾ | ਜਸਵਿੰਦਰ ਸਿੰਘ ਜੱਸੀ | ਡਾ. ਰਛਪਾਲ ਸਿੰਘ ਬਾਜਵਾ | ਮਤ ਸਿੰਘ ਢਿਲੋਂ | ਵਿਕ ਸਿੰਘ | ਹਰਪ੍ਰੀਤ ਸੰਧੂ ਕੈਲੀਫੋਰਨੀਆ ਫਰੇਟ


ਹਰਪਾਲ ਚੀਮਾ | ਗਿਆਨਇੰਦਰ ਗਿੰਨੀ HK Transport Inc., Indiana | ਦਲਬਾਰਾ ਸਿੰਘ ਮਾਂਗਟ | ਲਾਲੀ ਧਾਲੀਵਾਲ | ਕੁਲਵਿੰਦਰ ਸਿੰਘ ਗਿੱਲ | ਹਰਪ੍ਰੀਤ ਸਿੰਘ ਵਰਲਡ ਵਾਈਡ | ਰਾਜਬੀਰ ਸਿੰਘ ਬੋਪਾਰਾਏ | ਰਾਜ ਸਿਆਨ | ਗੁਰਬਖਸ਼ ਰਾਹੀ | ਬਿਕਰਮਜੀਤ ਸਿੰਘ ਸੇਖੋਂ | ਲਾਲੀ ਸਿੱਧੂ | ਮਨਜੀਤ ਸਿੰਘ ਨਾਗਰਾ


ਬਹਾਦੁਰ ਸਿੰਘ ਸੇਲਮ | ਸਤਵੰਤ ਸਿੰਘ ਨਿੱਜਰ | ਇਕਬਾਲ ਸਿੰਘ ਗਾਖਲ | ਪਲਵਿੰਦਰ ਸਿੰਘ ਗਾਖਲ | ਮੱਖਣ ਸਿੰਘ ਬੈਂਸ | ਨੀਲਮ ਸੈਣੀ | ਬਲਜੀਤ ਜੰਮੂ | ਪ੍ਰੀਤਮ ਸਿੰਘ ਗਰੇਵਾਲ | ਗੁਰਦਾਵਰ ਸਿੰਘ ਮਹੇੜੂ | ਗੁਰਚਰਨ ਸਿੰਘ ਮਾਨ | ਰਛਪਾਲ ਸਿੰਘ ਫਰਵਾਲਾ | ਚਰਨ ਸਿੰਘ ਜੱਜ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਮਿਡਵੈਸਟ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ।

**ਕਲਾ ਪਰਿਕਰਮਾ**

# ਰੱਬੀ ਦਾ ਰਾਹ

## ਸੂਫੀ ਸੰਗੀਤ ਦੀ ਸੰਗਤ






**ਰੱਬੀ ਸ਼ੇਰਗਿੱਲ ਦਾ ਸੰਗੀਤ-ਰੰਗ ਹੋਰ ਗਵੱਈਆਂ ਤੋਂ ਵੱਖਰਾ ਹੈ, ਉਹਦੇ ਸਰੋਕਾਰ ਵੀ ਵੱਖਰੇ ਹਨ। ਉਹ ਸੰਗੀਤ ਤੋਂ ਅੱਗੇ ਸਿਆਸਤ ਵੱਲ ਵੀ ਉਡਾਣ ਭਰਦਾ ਹੈ। 2013 ਵਿਚ ਜਦੋਂ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਨੇ ਸਿਆਸਤ ਦੀ ਦੁਨੀਆਂ ਵਿਚ ਨਵਾਂ ਪਿੜ ਬੰਨ੍ਹਣਾ ਚਾਹਿਆ ਤਾਂ ਰੱਬੀ ਨੇ ਆਪਣੇ ਸੰਗੀਤ ਰਾਹੀਂ ਇਸ ਪਿੜ ਵਿਚ ਪਿੜ ਬੰਨ੍ਹਿਆ। ਉਹਦੇ ਸੰਗੀਤ ਵਿਚ ਸ਼ਾਇਰੀ ਦਾ ਬੜਾ ਉਚਾ ਮੁਕਾਮ ਹੈ, ਇਸੇ ਕਰ ਕੇ ਹੀ ਉਹ ਹੋਰਾਂ ਤੋਂ ਦੋ ਕਦਮ ਅਗਾਂਹ ਤੁਰਦਾ ਦਿਸਦਾ ਹੈ। -ਸੰਪਾਦਕ**


ਰੱਬੀ ਸ਼ੇਰਗਿੱਲ ਪਿਛਲੇ ਸਮੇਂ ਦੌਰਾਨ ਉਭਰਿਆ ਅਜਿਹਾ ਪੰਜਾਬੀ ਸੰਗੀਤਕਾਰ ਅਤੇ ਗਾਇਕ ਹੈ ਜੋ ਆਪਣੇ ਆਲੇ-ਦੁਆਲੇ ਸੰਗੀਤ ਦੀ ਪੂਰੀ ਦੁਨੀਆਂ ਲੈ ਕੇ ਤੁਰਦਾ ਹੈ। ਉਸ ਦਾ ਅੰਦਾਜ਼ ਐਨ ਵੱਖਰਾ ਅਤੇ ਵਿਲੱਖਣ ਵੀ। ਉਸ ਨੇ ਸੂਫ਼ੀ ਸ਼ਾਇਰੀ ਅਤੇ ਸੰਗੀਤ ਦਾ ਅਜਿਹਾ ਸੁਮੇਲ ਕੀਤਾ ਕਿ ਇਸ ਵਿਚੋਂ ਵੱਖਰੀ ਤਰ੍ਹਾਂ ਦਾ ਸੰਗੀਤ ਪੈਦਾ ਹੋਇਆ। ਇਸ ਨਵੇਂ ਸੰਗੀਤ ਸਦਕਾ ਦਰਸ਼ਕਾਂ ਨੇ ਵੀ ਉਸ ਨੂੰ ਇਕ ਤਰ੍ਹਾਂ ਨਾਲ ਪਲਕਾਂ ਉਤੇ ਬਿਠਾਇਆ ਅਤੇ ਸੰਗੀਤ-ਆਲੋਚਕਾਂ ਨੇ ਵੀ ਉਸ ਦੇ ਸੂਫ਼ੀ ਸੰਗੀਤ ਤੇ ਸ਼ਾਇਰੀ ਦੇ ਇਸ ਸੁਮੇਲ ਦੀ ਪ੍ਰਸ਼ੰਸਾ ਕੀਤੀ। ਪਿਛਲੇ ਦਿਨੀਂ ਉਹ ਜਦੋਂ ਚੰਡੀਗੜ੍ਹ ਨੇੜੇ ਮੁਹਾਲੀ ਦੀ ਇਕ ਵਿਦਿਅਕ ਸੰਸਥਾ ਦੌਰਾਨ ਆਪਣਾ ਪ੍ਰੋਗਰਾਮ ਪੇਸ਼ ਕਰ ਰਿਹਾ ਸੀ ਤਾਂ ਉਸ ਨੂੰ ਸਰੋਤਿਆਂ ਦਾ ਠੰਢਾ ਹੁੰਗਾਰਾ ਪ੍ਰੇਸ਼ਾਨ ਕਰ ਗਿਆ। ਉਹ ਬਹੁਤ ਹੈਰਾਨ ਵੀ ਸੀ ਕਿ ਵਿਦਿਆਰਥੀਆਂ ਨੇ ਉਸ ਦੇ ਪ੍ਰੋਗਰਾਮ ਬਾਰੇ ਇੰਨੀ ਖਾਮੋਸ਼ੀ ਕਿਉਂ ਧਾਰੀ! ਉਸ ਦਾ ਕਹਿਣਾ ਸੀ ਕਿ ਬਾਬੇ ਨਾਨਕ ਵਰਗੇ ਗੁਰੂਆਂ ਅਤੇ ਬੁੱਲ੍ਹੇ ਸ਼ਾਹ ਵਰਗੇ ਫਕੀਰਾਂ ਦੇ ਦੇਸ ਪੰਜਾਬ ਵਿਚ ਹੁਣ ਸਿਰਫ ਹਥਿਆਰਾਂ ਅਤੇ ਨਸ਼ਿਆਂ ਦੀ ਹੀ ਗੱਲ ਕਿਉਂ ਭਾਰੂ ਹੋ ਗਈ ਹੈ? ਇਨ੍ਹਾਂ ਸ਼ਖਸੀਅਤਾਂ ਦੀਆਂ ਰਚਨਾਵਾਂ ਵਿਚ ਤਾਂ ਸੰਗੀਤ ਦਾ ਭਰ ਵਗਦਾ ਦਰਿਆ ਤੁਰਦਾ ਦਿਸਦਾ ਹੈ। ਉਹ ਦੰਗ ਹੀ ਰਹਿ ਗਿਆ ਸੀ ਕਿ ਪੰਜਾਬੀ ਦੇ ਹਰ ਤੀਜੇ ਗੀਤ ਵਿਚ ਹਥਿਆਰਾਂ ਦੀ ਹਿੰਸਾ ਅਤੇ ਨਸ਼ਿਆਂ ਦਾ ਨਾਅਰਾ ਬੁਲੰਦ ਹੋਇਆ ਨਜ਼ਰੀਂ ਪੈ ਜਾਂਦਾ ਹੈ। ਹੋਰ ਤਾਂ ਹੋਰ, ਸਾਧਾਰਨ ਗੀਤਾਂ ਦੇ ਵੀ ਜਿਹੜੇ ਵੀਡੀਓ ਤਿਆਰ ਹੁੰਦੇ ਹਨ, ਉਨ੍ਹਾਂ ਵਿਚ ਵੀ ਸਾਰਾ ਮਾਹੌਲ ਪੰਜਾਬ ਅਤੇ ਪੰਜਾਬੀਅਤ ਦੇ ਉਲਟ ਹੀ ਦਿਖਾਇਆ ਹੁੰਦਾ ਹੈ। ਪਿਛਲੇ ਕੁਝ ਸਾਲਾਂ ਤੋਂ ਜਿਹੜੀਆਂ ਫਿਲਮਾਂ ਵੀ ਬਣ ਰਹੀਆਂ ਹਨ, ਉਹ ਵੀ ਮਿਆਰ ਤੋਂ ਬਹੁਤ ਹੇਠਾਂ ਅਤੇ ਊਣੀਆਂ ਹੀ ਰਹਿ ਗਈਆਂ ਹਨ।

ਰੱਬੀ ਸ਼ੇਰਗਿੱਲ ਜਿਸ ਦਾ ਅਸਲੀ ਨਾਂ ਗੁਰਪ੍ਰੀਤ ਸਿੰਘ ਸ਼ੇਰਗਿੱਲ ਹੈ, ਦਾ ਇਤਨੀ ਗਹਿਰਾਈ ਨਾਲ ਸੋਚਣ ਦਾ ਇਕ ਹੀ ਕਾਰਨ ਹੈ ਕਿ ਉਹ ਪੂਰਾ-ਸੂਰਾ ਸੰਗੀਤ ਦੇ ਸੁਹਜ ਨੂੰ ਪ੍ਰਨਾਇਆ ਹੋਇਆ ਹੈ। 1973 ਵਿਚ ਜਨਮੇ ਗੁਰਪ੍ਰੀਤ ਸਿੰਘ ਸ਼ੇਰਗਿੱਲ ਦੀ ਪਹਿਲੀ ਐਲਬਮ 'ਰੱਬੀ' ਸਾਲ 2005 ਵਿਚ ਰਿਲੀਜ਼ ਹੋਈ ਸੀ ਅਤੇ ਉਸ ਤੋਂ ਬਾਅਦ ਉਹ ਰੱਬੀ ਸ਼ੇਰਗਿੱਲ ਹੋ ਗਿਆ। ਇਸ ਐਲਬਮ ਵਿਚ ਸ਼ਾਮਲ ਗੀਤ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਨੇ ਉਸ ਦੀਆਂ ਧੁੰਮਾਂ ਪੂਰੀ ਦੁਨੀਆਂ ਵਿਚ ਪਾ ਦਿੱਤੀਆਂ। ਪੰਜਾਬੀ ਰੰਗ ਵਿਚ ਰੰਗਿਆ ਉਸ ਦਾ ਇਹ ਸੰਗੀਤ ਅਸਲ ਵਿਚ ਰੌਕ ਸੰਗੀਤ ਸੀ। ਰੱਬੀ ਸ਼ੇਰਗਿੱਲ ਅਜਿਹਾ ਸੰਗੀਤ ਆਪਣੇ ਕਾਲਜ ਦੀਆਂ ਸਟੇਜਾਂ ਉਤੇ ਵੀ ਗਾਹੇ-ਬਗਾਹੇ ਬਿਖੇਰਦਾ ਰਿਹਾ ਸੀ, ਪਰ ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਸ ਨੇ ਆਪਣਾ ਵੱਖਰਾ ਸੰਗੀਤ ਜਥਾ 'ਕਾਫਿਰ' ਬਣਾ ਲਿਆ। ਇਸ ਜਥੇ ਨੇ ਕਈ ਸੰਗੀਤ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ ਅਤੇ ਧਾਂਕ ਜਮਾਈ। ਉਸ ਨੇ 'ਸੋਨੀ ਮਿਊਜ਼ਿਕ' ਨਾਲ ਵੀ ਕੁਝ ਸਮਾਂ ਕੰਮ ਕੀਤਾ ਪਰ ਗੱਲ ਨਾ ਬਣ ਸਕੀ। ਕੁਝ ਸਮਾਂ ਉਹਨੇ 'ਤਹਿਲਕਾ' ਨਾਲ ਵੀ ਲਾਇਆ, ਪਰ ਗੱਲ ਉਥੇ ਦੀ ਉਥੇ ਹੀ ਰਹੀ। ਇਸ ਤੋਂ ਬਾਅਦ ਉਸ ਨੇ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਦੀ ਰਚਨਾ ਕੀਤੀ ਅਤੇ ਫਿਰ ਤਾਂ ਚੱਲ ਸੋ ਚੱਲ!



ਰੱਬੀ ਸ਼ੇਰਗਿੱਲ ਦੱਸਦਾ ਹੈ ਕਿ ਉਹ ਅੱਜ ਜਿਸ ਮੁਕਾਮ ਉਤੇ ਹੈ, ਉਸ ਵਿਚ ਉਸ ਦੇ ਆਲੇ-ਦੁਆਲੇ, ਖਾਸ ਕਰ ਕੇ ਪਰਿਵਾਰ ਦਾ ਮਾਹੌਲ ਬਹੁਤ ਮਦਦਗਾਰ ਸਾਬਤ ਹੋਇਆ ਹੈ। ਉਸ ਦਾ ਪਿਤਾ ਸਿੱਖ ਪ੍ਰਚਾਰਕ ਸੀ ਅਤੇ ਮਾਂ ਪੰਜਾਬੀ ਦੀ ਸ਼ਾਇਰਾ ਹੋਣ ਦੇ ਨਾਲ ਹੀ ਕਾਲਜ ਪ੍ਰਿੰਸੀਪਲ ਸੀ। ਉਸ ਦੀ ਭੈਣ ਗਗਨ ਗਿੱਲ ਹਿੰਦੀ ਦੀ ਜਾਣੀ-ਪਛਾਣੀ ਸ਼ਾਇਰਾ ਹੈ। ਰੱਬੀ ਸ਼ੇਰਗਿੱਲ ਦੀ ਦੂਜੀ ਐਲਬਮ 'ਆਵੇਂਗੀ ਜਾਂ ਨਹੀਂ' 2008 ਵਿਚ ਯਸ਼ਰਾਜ ਮਿਊਜ਼ਿਕ ਨੇ ਰਿਲੀਜ਼ ਕੀਤੀ ਸੀ। ਇਸ ਐਲਬਮ ਵਿਚ 9 ਗੀਤ ਸ਼ਾਮਲ ਸਨ ਅਤੇ ਇਸ ਵਿਚ ਸ਼ਾਮਲ ਫ਼ਿਰਕੂ ਸਦਭਾਵਨਾ, ਸਮਾਜਕ ਜ਼ਿੰਮੇਵਾਰੀ ਅਤੇ ਸਮੂਹਿਕ ਨੈਤਿਕਤਾ ਨੂੰ ਸਮਰਪਿਤ ਗੀਤਾਂ ਨੇ ਇਕ ਵਾਰ ਫਿਰ ਸਰੋਤਿਆਂ ਦਾ ਮਨ ਮੋਹ ਲਿਆ। ਰੱਬੀ ਨੇ ਕੁਝ ਫਿਲਮਾਂ ਲਈ ਵੀ ਗੀਤ ਗਾਏ। ਇਨ੍ਹਾਂ ਵਿਚ ਹਿੰਦੀ ਫਿਲਮ 'ਦਿੱਲੀ ਹਾਈਟਸ' ਅਤੇ 'ਜਬ ਤਕ ਹੈ ਜਾਨ' ਫਿਲਮ ਦੇ ਗੀਤ ਸ਼ਾਮਲ ਹਨ। ਫਿਲਮ 'ਜਬ ਤਕ ਹੈ ਜਾਨ' ਵਿਚ ਉਸ ਨੇ ਜਿਹੜਾ ਗੀਤ ਗਾਇਆ, ਉਹ ਗੁਲਜ਼ਾਰ ਨੇ ਲਿਖਿਆ ਸੀ ਅਤੇ ਇਸ ਦਾ ਸੰਗੀਤ ਏ.ਆਰ. ਰਹਿਮਾਨ ਨੇ ਤਿਆਰ ਕੀਤਾ ਸੀ। ਇਸ ਨੂੰ ਉਹ ਆਪਣੀ ਪ੍ਰਾਪਤੀ ਦੱਸਦਾ ਹੈ।

***-ਗੁਰਬਖਸ਼ ਸਿੰਘ ਸੋਢੀ***



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਮਾਰਚ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-160




***ਖੇਤਾਂ 'ਚੋਂ ਅਲੋਪ ਹੋ ਗਏ ਹਲ ਤੇ ਪੰਜਾਲੀਆਂ,
ਕੀਤੀਆਂ ਮਸ਼ੀਨਰੀ ਨੇ ਖੇਤੀਆਂ ਸੁਖਾਲੀਆਂ।***

## ਕੈਪਸ਼ਨ ਮੁਕਾਬਲਾ-158



ਧੀਆਂ, ਪੁੱਤ ਵਿਆਹੇ ਗਏ
ਜਾਂ ਪੜ੍ਹਨ ਵਿਦੇਸ਼ੀਂ ਘੱਲੇ।
ਖਾਲੀ ਹੋਈਆਂ ਵੱਡੀਆਂ ਕੋਠੀਆਂ
ਮਾਂ-ਬਾਪੂ ਰਹਿ ਗਏ ਕੱਲੇ।
ਗੈਸ ਚੁੱਲ੍ਹੇ ਤੇ ਮੇਜ-ਕੁਰਸੀਆਂ
ਜਾਪਣ ਐਵੇਂ ਮਾਹੀਆਂ ਮੱਲਾਂ।
ਮਜ਼ਾ ਲਈਏ ਲਹਿੰਦੀ ਰੋਟੀ ਦਾ
ਕਰੀਏ ਬੈਠ ਪਿਆਰ ਦੀਆਂ ਗੱਲਾਂ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਡਾਈਨਿੰਗ ਟੇਬਲ ਉਪਰ ਭਾਵੇਂ
ਪਦਾਰਥ ਛੱਤੀ ਕੋਈ ਸਜਾਵੇ।
ਬਿਜਲੀ ਚੁੱਲ੍ਹਾ, ਗੈਸੀ ਚੁੱਲ੍ਹਾ
ਆਪਣਾ ਆਪਣਾ ਰੰਗ ਦਿਖਾਵੇ।
ਪਰ ਲਹਿੰਦੀ-ਲਹਿੰਦੀ ਖਾਣ ਦੀ ਲੱਜ਼ਤ
ਚੁੱਲ੍ਹੇ ਦੇ ਮੁੱਢ ਬੈਠ ਕੇ ਆਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਤਵੇ ਤੋਂ ਲਹਿੰਦੀ ਲਹਿੰਦੀ ਰੋਟੀ ਖਾਂਦੇ ਸੀ
ਨਾਲੇ ਗੱਲਾਂ ਕਰਦੇ ਜਾਂਦੇ ਸੀ।
ਅੱਧੀ ਅੱਧੀ ਖਾਣ ਦੇ ਬਹਾਨੇ
ਅਣਗਿਣਤ ਰੋਟੀਆਂ ਖਾਂਦੇ ਸੀ।

***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਬੈਠ ਭੁੰਜੇ ਚੁੱਲ੍ਹੇ ਲਾਗੇ
ਲਹਿੰਦੀ ਤਾਜ਼ੀ ਤਾਜ਼ੀ ਟਾਪ।
ਤਾਅ ਤਵੇ ਨੂੰ ਇੰਨਾ ਚੜ੍ਹਿਆ
ਰੋਟੀ ਰੜ੍ਹ ਫੁੱਲ ਫੁੱਲ ਉਤਰੇ।
ਤਵਾ ਖਾਲੀ ਚੰਗਿਆੜੀਆਂ ਛੱਡੇ
ਪੇੜਾ ਵੇਲਣ ਨੂੰ ਸਮਾਂ ਲੱਗੇ।
ਖਾਣ ਦਾ ਵੀ ਅਜੀਬ ਲੁਤਫ
ਇਹ ਹੈ ਸਾਦਾ ਜ਼ਿੰਦਗੀ
ਨਹੀਂ ਹੈ ਕੋਈ ਫੂੰ ਫਾਂ।

***-ਦਰਸ਼ਨਪਾਲ ਦੋਸਾਂਝ***
*darshanpaldo@aol.com*

## ਕਾਵਿ-ਵਿਅੰਗ

### ਵੋਟਰੋ ਗੁੱਡ ਬਾਏ

ਸ਼ੀਸ਼ ਮਹਿਲੀ ਘੁਰਾੜੇ ਪਏ ਮਾਰਦੇ ਸਾਂ, ਵੋਟਾਂ ਲੈਣ ਖਾਤਰ ਉਥੋਂ ਬਾਹਰ ਆਏ।
ਸੁਪਨੇ ਵਿਚ ਵੀ ਜਿਸ ਨੂੰ ਨਾ ਵੇਖਿਆ ਸੀ, ਓਸ-ਓਸ ਦੇ ਪੈਰੀਂ ਜਾ ਹੱਥ ਲਾਏ।
ਕਿਤੇ ਨੋਟ ਵੰਡੇ ਕਿਤੇ ਲਾਏ ਲਾਰੇ, ਕੁਰਸੀ ਮੱਈਆ ਦੇ ਫੇਰ ਦੀਦਾਰ ਪਾਏ।
ਪੰਜ ਸਾਲ ਲਈ ਮਸਲਾ ਹੈ ਹੱਲ ਹੋਇਆ, ਚੰਗਾ ਵੋਟਰੋ ਸਾਡੀ ਹੁਣ ਗੁੱਡ ਬਾਏ।


***-ਬਲਦੇਵ ਸਿੰਘ ਆਜ਼ਾਦ***

# ਗੁਰਦੁਆਰਾ ਸੈਨ ਹੋਜ਼ੇ 'ਚ ਹੋਲੇ ਮਹੱਲੇ ਦੀਆਂ ਰੌਣਕਾਂ

**ਸੈਨ ਹੋਜ਼ੇ (ਬਿਊਰੋ):** ਖਾਲਸਾ ਪੰਥ ਦੀ ਚੜਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਹੋਲੇ ਮਹੱਲੇ ਦਾ ਅਰੰਭ ਗਤਕੇ ਦੇ ਜੌਹਰ ਦਿਖਾਉਂਦਿਆਂ ਮਹੱਲਾ ਕੱਢ ਕੇ ਹੋਇਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਨੇ ਹੋਲੇ ਮਹੱਲੇ ਨਾਲ ਸਬੰਧਤ ਵਾਰਾਂ ਗਾਈਆਂ ਅਤੇ ਗੁਰੂ ਨਾਨਕ ਖਾਲਸਾ ਸਕੂਲ ਸੈਨ ਹੋਜ਼ੇ ਦੇ ਬੁਆਏ ਸਕਾਊਟ ਨੇ ਪਰੇਡ ਕੀਤੀ। ਇਸ ਸਮੇਂ ਖੇਡਾਂ ਵੀ ਕਰਵਾਈਆਂ ਗਈਆਂ। ਵਾਲੀਬਾਲ, ਬਾਸਕਿਟਬਾਲ ਅਤੇ ਬੱਚਿਆਂ-ਬਜ਼ੁਰਗਾਂ ਦੀ ਦੌੜਾਂ ਅਤੇ ਘੋੜ ਸਵਾਰੀ ਖਿੱਚ ਦਾ ਕਾਰਨ ਬਣੀਆਂ। ਰਾਜਸਥਾਨ, ਹਰਿਆਣਾ, ਫਤਿਹਗੜ੍ਹ ਸਾਹਿਬ ਤੇ ਸਲੀਨਸ ਦੀਆਂ ਸੰਗਤਾਂ ਨੇ ਟੈਕਸੀਆਂ ਵਾਲੇ ਵੀਰਾਂ ਨਾਲ ਰਲ ਕੇ ਸੰਗਤ ਲਈ ਭਾਂਤ-ਸੁਭਾਂਤੇ ਲੰਗਰ ਦਾ ਪ੍ਰਬੰਧ ਕੀਤਾ। ਵੱਡੀ ਗਿਣਤੀ ਵਿਚ ਪੁੱਜੀ ਸੰਗਤ ਨੇ ਇਸ ਧਾਰਮਿਕ ਮੇਲੇ ਦਾ ਅਨੰਦ ਮਾਣਦਿਆਂ ਇਸ ਮੌਕੇ ਲੱਗੇ ਵੱਖ ਵੱਖ ਸਟਾਲਾਂ ਤੋਂ ਖਰੀਦੋ-ਫਰੋਖਤ ਵੀ ਕੀਤੀ।

ਇਸ ਮੌਕੇ ਹੋਈਆਂ ਖੇਡਾਂ ਦੌਰਾਨ ਵਾਲੀਬਾਲ ਦੀਆਂ ਕੁੱਲ 6 ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਗੂਗਲੀ, ਐਵਰਗਰੀਨ ਸੈਨ ਹੋਜ਼ੇ, ਸ਼ੇਰੇ ਪੰਜਾਬ, ਮਾਈਟੀ ਹਿਟਰਜ਼, ਚਾਰਜਰਜ਼, ਲਿਵਿੰਗਸਟਨ ਸ਼ਾਮਲ ਸਨ। ਪਹਿਲਾ ਇਨਾਮ ਲਿਵਿੰਗਸਟਨ ਦੇ ਹਿੱਸੇ ਆਇਆ ਜਦੋਂ ਕਿ ਦੂਜਾ ਇਨਾਮ ਮਾਈਟੀ ਹਿਟਰਜ਼ ਨੇ ਆਪਣੇ ਬਾਹੂਬਲ ਨਾਲ ਜਿੱਤਿਆ। ਇਸ ਦੇ ਪ੍ਰਬੰਧਕ ਸਨ- ਰਾਜਿੰਦਰ ਸਿੰਘ, ਰਵਿੰਦਰ ਸਿੰਘ ਤੇ ਸੰਦੀਪ ਸਿੰਘ ਚਾਹਲ।



ਵਾਲੀਬਾਲ ਦਾ ਪਹਿਲਾ ਅਤੇ ਦੂਜਾ ਇਨਾਮ ਸਤਵੰਤ ਸਿੰਘ ਜਦੋਂਕਿ ਬਾਸਕਿਟਬਾਲ ਦਾ ਪਹਿਲਾ ਇਨਾਮ ਗਾਖਲ ਬ੍ਰਦਰਜ਼ ਅਤੇ ਦੂਜਾ ਇਨਾਮ ਸ਼ੈਰੀ ਅਮੈਰਿਕਨ ਕਲੱਬ ਵਲੋਂ ਸੀ। ਬਾਸਕਿਟਬਾਲ ਦੀਆਂ ਛੇ ਟੀਮਾਂ- ਬਾਲ ਅਪ, ਦੇਸੀ ਬਾਲਰਜ਼, ਐਸ ਬੀ ਐਕਸ, ਐਸ ਏ ਐਂਡ ਐਫ ਏ ਐਮ, ਕਿੰਗ ਸਿਟੀ ਤੇ ਸਾਵੇਜ ਮੈਦਾਨ ਵਿਚ ਨਿੱਤਰੀਆਂ। ਪਹਿਲਾ ਇਨਾਮ ਬਾਲ ਅਪ ਅਤੇ ਦੂਜਾ ਦੇਸੀ ਬਾਲਰਜ਼ ਨੇ ਜਿੱਤਿਆ। ਅੰਡਰ-16 ਦੀਆਂ ਚਾਰ ਟੀਮਾਂ ਸਨ ਜਿਨ੍ਹਾਂ ਵਿਚ ਰਾਇਲ ਕਿੰਗਜ਼, ਬਲੂ ਡੈਵਿਲਜ਼, ਸਾਊਥ ਬੇਅ ਮਿਕਸ ਅਤੇ ਗਲੋਬਲ ਵਾਰੀਅਰਜ਼ ਸ਼ਾਮਲ ਸਨ। ਪਹਿਲਾ ਇਨਾਮ ਮਨਟਿਕਾ ਦੀ ਬਲੂ ਡੈਵਿਲਜ਼ ਅਤੇ ਦੂਜਾ ਗਲੋਬਲ ਵਾਰੀਅਰਜ਼ ਨੇ ਜਿੱਤਿਆ। ਤੇਰਾਂ ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੀਆਂ ਚਾਰ ਟੀਮਾਂ ਸਨ।



ਬਾਸਕਿਟਬਾਲ ਟੂਰਨਾਮੈਂਟ ਦਾ ਪ੍ਰਬੰਧ ਜਸਵਿੰਦਰ ਸਿੰਘ ਸੋਹਲ, ਹਰਜਿੰਦਰ ਸਿੰਘ ਪੁਰੇਵਾਲ, ਬਲਜੀਤ ਸਿੰਘ ਗਿੱਲ, ਹਰਨੇਕ ਸਿੰਘ ਢਿੱਲੋਂ ਅਤੇ ਭੁਪਿੰਦਰ ਸਿੰਘ ਢਿੱਲੋਂ ਨੇ ਕੀਤਾ।












# ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

## ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ !

### ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।

### ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ **ਫੋਨ: 209-910-9731**

# ਪੰਜਾਬ ਵਿਚ ਕੈਂਸਰ ਨੇ ਘਰ-ਘਰ ਵਿਛਾਏ ਸੱਥਰ

## ਰੋਜ਼ਾਨਾ 30 ਰੋਗੀਆਂ ਦੀ ਹੋ ਰਹੀ ਹੈ ਮੌਤ

**ਚੰਡੀਗੜ੍ਹ:** ਕੈਂਸਰ ਦਾ ਲਾਇਲਾਜ ਰੋਗ ਪੰਜਾਬ ਵਿਚ ਹਰ ਚਾਰ ਘੰਟਿਆਂ ਦੌਰਾਨ ਪੰਜ ਵਿਅਕਤੀਆਂ ਨੂੰ ਨਿਗਲ ਰਿਹਾ ਹੈ ਤੇ ਕੈਂਸਰ ਨਾਲ ਰੋਜ਼ਾਨਾ 30 ਵਿਅਕਤੀ ਮਰ ਰਹੇ ਹਨ।

ਭਾਰਤ ਸਰਕਾਰ ਦੇ ਸਿਹਤ ਵਿਭਾਗ ਵਲੋਂ ਇੰਡੀਅਨ ਕੌਂਸਲ ਆਫ ਮੈਡੀਕਲ ਸਾਇੰਸਜ਼ (ਆਈ.ਸੀ.ਐਮ.ਆਰ.) ਦੇ ਅੰਕੜਿਆਂ ਦੇ ਅਧਾਰ 'ਤੇ ਸਾਲ 2014 ਦੀ ਮੁਹੱਈਆ ਕੀਤੀ ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਪੰਜਾਬ ਵਿਚ ਕੈਂਸਰ ਤੋਂ ਪੀੜਤ 25,026 ਵਿਅਕਤੀਆਂ ਦੀ ਪਛਾਣ ਹੋਈ ਸੀ। ਇਨ੍ਹਾਂ ਵਿਚੋਂ 11,011 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਤਰ੍ਹਾਂ ਪਿਛਲੇ ਵਰ੍ਹੇ ਪੰਜਾਬ ਵਿਚ ਸਾਹਮਣੇ ਆਏ ਕੈਂਸਰ ਪੀੜਤਾਂ ਵਿਚੋਂ 40 ਫੀਸਦੀ ਦੀ ਸਾਲ 2014 ਦੌਰਾਨ ਹੀ ਮੌਤ ਹੋ ਗਈ ਸੀ ਜਦਕਿ ਬਾਕੀ ਬਚੇ 14,015 ਪੀੜਤਾਂ ਦੀ ਹੋਣੀ ਦੇ ਫਿਲਹਾਲ ਅੰਕੜੇ ਪ੍ਰਾਪਤ ਨਹੀਂ ਹੋਏ। ਇਸ ਤਰ੍ਹਾਂ ਪੰਜਾਬ ਵਿਚ ਕੈਂਸਰ ਨਾਲ ਰੋਜ਼ਾਨਾ 30 ਵਿਅਕਤੀ ਦੇ ਮਾਰੇ ਜਾਣ ਦੀ ਔਸਤ ਪੈ ਰਹੀ ਹੈ।

ਜੈਤੋਂ ਦੇ ਸਮਾਜਸੇਵੀ ਡਾਲ ਚੰਦ ਪੰਵਾਰ ਵਲੋਂ ਸੂਚਨਾ ਅਧਿਕਾਰ (ਆਰ.ਟੀ.ਆਈ.) ਤਹਿਤ ਕੇਂਦਰ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਕੈਂਸਰ ਰਿਸਰਚ ਸੈਕਸ਼ਨ) ਕੋਲੋਂ ਹਾਸਲ ਜਾਣਕਾਰੀ ਮੁਤਾਬਕ ਪੰਜਾਬ ਕੈਂਸਰ ਦੇ ਮਾਮਲੇ ਵਿਚ ਪੀੜਤ ਸੂਬਿਆਂ ਵਿਚੋਂ 15ਵੇਂ ਸਥਾਨ ਉਤੇ ਆਉਂਦਾ ਹੈ। ਉਤਰ ਪ੍ਰਦੇਸ਼ ਸਾਰੇ ਰਾਜਾਂ ਤੋਂ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਹੈ। ਪਿਛਲੇ ਵਰ੍ਹੇ ਯੂ.ਪੀ. ਵਿਚ ਕੈਂਸਰ ਨਾਲ 82,121 ਮੌਤਾਂ ਹੋਈਆਂ ਹਨ।

ਅੰਕੜਿਆਂ ਅਨੁਸਾਰ ਯੂ.ਪੀ. ਵਿਚ ਰੋਜ਼ਾਨਾ ਔਸਤਨ 225 ਵਿਅਕਤੀ ਕੈਂਸਰ ਨਾਲ ਮਰ ਰਹੇ ਹਨ। ਇਸ ਰਾਜ ਵਿਚ ਹਰ ਘੰਟੇ 9 ਵਿਅਕਤੀਆਂ ਨੂੰ ਕੈਂਸਰ ਨਿਗਲ ਰਿਹਾ ਹੈ। ਯੂ.ਪੀ. ਵਿਚ ਪਿਛਲੇ ਵਰ੍ਹੇ 1,86,638 ਕੈਂਸਰ ਤੋਂ ਪੀੜਤ ਪਾਏ ਗਏ ਸਨ। ਭਾਰਤ ਦੇ 35 ਰਾਜਾਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਇਨ੍ਹਾਂ ਰਾਜਾਂ ਵਿਚ ਕੈਂਸਰ ਦੇ 11,17,269 ਵਿਅਕਤੀਆਂ ਦੀ ਪਛਾਣ ਹੋਈ ਸੀ। ਜਿਨ੍ਹਾਂ ਵਿਚੋਂ 4,91,598 (44 ਫੀਸਦੀ) ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਤਰ੍ਹਾਂ ਦੇਸ਼ ਵਿਚ ਰੋਜ਼ਾਨਾ 1347 ਤੇ ਹਰੇਕ ਘੰਟੇ ਦੌਰਾਨ 56 ਵਿਅਕਤੀ ਕੈਂਸਰ ਦੀ ਭੇਟ ਚੜ੍ਹ ਰਹੇ ਹਨ। ਲਕਸ਼ਦੀਪ ਵਿਚ ਪਿਛਲੇ ਵਰ੍ਹੇ ਦੇਸ਼ ਭਰ ਦੇ ਸਮੂਹ ਰਾਜਾਂ ਤੋਂ ਕੈਂਸਰ ਨਾਲ ਸਭ ਤੋਂ ਘੱਟ 28 ਮੌਤਾਂ ਹੋਈਆਂ ਸਨ। ਇਥੇ ਕੈਂਸਰ ਤੋਂ ਪੀੜਤ 63 ਵਿਅਕਤੀ ਹੀ ਸਾਹਮਣੇ ਆਏ ਸਨ। ਗੁਆਂਢੀ ਰਾਜ ਹਰਿਆਣਾ ਕੈਂਸਰ ਪੀੜਤ ਰਾਜਾਂ ਵਿਚੋਂ 17ਵੇਂ ਸਥਾਨ 'ਤੇ ਹੈ। ਪਿਛਲੇ ਵਰ੍ਹੇ ਇਸ ਰਾਜ ਵਿਚ ਕੈਂਸਰ ਦੇ 23,336 ਮਰੀਜ਼ ਸਾਹਮਣੇ ਆਏ ਸਨ ਜਿਨ੍ਹਾਂ ਵਿਚੋਂ 10,268 ਦੀ ਮੌਤ ਹੋ ਚੁੱਕੀ ਹੈ।

ਹਰਿਆਣਾ ਵਿਚ ਕੈਂਸਰ ਨਾਲ ਰੋਜ਼ਾਨਾ 28 ਵਿਅਕਤੀ ਮਰ ਰਹੇ ਹਨ। ਇਕ ਹੋਰ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਵਿਚ ਪਿਛਲੇ ਵਰ੍ਹੇ ਕੈਂਸਰ ਨਾਲ ਪੀੜਤ 6230 ਵਿਅਕਤੀ ਸਾਹਮਣੇ ਸਨ, ਜਿਨ੍ਹਾਂ ਵਿਚੋਂ 2741 ਦੀ ਮੌਤ ਹੋ ਚੁੱਕੀ ਹੈ। ਅੰਕੜਿਆਂ ਮੁਤਾਬਕ ਇਸ ਰਾਜ ਵਿਚ ਕੈਂਸਰ ਨਾਲ ਹਰੇਕ ਦਿਨ ਔਸਤਨ ਸੱਤ ਵਿਅਕਤੀ ਮਰ ਰਹੇ ਹਨ। ਯੂ.ਪੀ. ਤੋਂ ਬਾਅਦ ਇਸ ਬਿਮਾਰੀ ਤੋਂ ਸਭ ਤੋਂ ਵੱਧ ਪੀੜਤ ਮਹਾਰਾਸ਼ਟਰ ਹੈ। ਇਸ ਰਾਜ ਵਿਚ ਪਿਛਲੇ ਵਰ੍ਹੇ ਕੈਂਸਰ ਤੋਂ ਪੀੜਤ 1,02,101 ਵਿਅਕਤੀ ਸਾਹਮਣੇ ਆਏ ਸਨ, ਜਿਨ੍ਹਾਂ ਵਿਚੋਂ 44,924 ਦੀ ਮੌਤ ਹੋ ਚੁੱਕੀ ਹੈ।

# ਕਾਹਨਾ ਢੇਸੀਆਂ ਡੇਰੇ ਦੇ ਮੁਖੀ ਬਾਬਾ ਸੁਰਿੰਦਰ ਸਿੰਘ ਦਾ ਦੇਹਾਂਤ

**ਗੁਰਾਇਆ:** ਕਾਹਨਾ ਢੇਸੀਆਂ ਦੇ ਡੇਰੇ ਸੰਤ ਤਰਲੋਕ ਸਿੰਘ ਸਤਿਸੰਗ ਘਰ ਦੇ ਗੱਦੀਨਸ਼ੀਨ ਬਾਬਾ ਸੁਰਿੰਦਰ ਸਿੰਘ ਦਾ ਲੁਧਿਆਣਾ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਕੈਂਸਰ ਨਾਲ ਪੀੜਤ ਸਨ। ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪੰਜਾਬ ਭਰ ਤੋਂ ਸ਼ਰਧਾਲੂ ਡੇਰੇ ਵਿਚ ਪਹੁੰਚਣੇ ਸ਼ੁਰੂ ਹੋ ਗਏ। ਬਾਬਾ ਸੁਰਿੰਦਰ ਸਿੰਘ ਦੀ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਵੀ ਨੇੜਤਾ ਰਹੀ ਹੈ। ਕਾਹਨਾ ਢੇਸੀਆਂ ਡੇਰੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੀ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ।

ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਵੀ ਮੁਹੱਈਆ ਕਰਵਾਈ ਸੀ। ਬਾਬਾ ਸੁਰਿੰਦਰ ਸਿੰਘ ਡੇਰੇ ਦੀ ਗੱਦੀ ਸੰਭਾਲਣ ਤੋਂ ਪਹਿਲਾਂ ਰਾਜਨੀਤੀ ਵਿਚ ਵੀ ਸਰਗਰਮ ਰਹੇ ਸਨ। ਯੂਥ ਕਾਂਗਰਸ ਵਿਚ ਉਹ ਕਈ ਅਹੁਦਿਆਂ 'ਤੇ ਬਿਰਾਜਮਾਨ ਰਹੇ।

# ਵਿਕਰੀ ਪੱਖੋਂ ਉਰਦੂ-ਪੰਜਾਬੀ ਕੋਸ਼ ਨੇ ਤੋੜੇ ਸਭ ਰਿਕਾਰਡ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਤਿਆਰ ਕੀਤੇ ਉਰਦੂ-ਪੰਜਾਬੀ ਕੋਸ਼ ਦੀ ਕਾਫੀ ਵਿਕਰੀ ਹੋ ਰਹੀ ਹੈ, ਜਿਸ ਨੂੰ ਪਾਕਿਸਤਾਨ ਤੋਂ ਆਉਂਦੇ ਮਹਿਮਾਨ ਵੀ ਖ਼ਰੀਦ ਕੇ ਲੈ ਜਾ ਰਹੇ ਹਨ ਪਰ ਉਨ੍ਹਾਂ ਨੂੰ ਨਾਲ 'ਲਰਨ ਗੁਰਮੁਖੀ' ਕਿਤਾਬ ਵੀ ਖ਼ਰੀਦਣੀ ਪੈ ਰਹੀ ਹੈ।

ਪਿਛਲੇ ਹਫ਼ਤੇ ਤੋਂ ਇਸ ਦੀ ਖ਼ਰੀਦ ਮਾਲੇਰਕੋਟਲਾ ਤੋਂ ਮੁਸਲਮਾਨ ਭਾਈਚਾਰੇ ਦੇ ਕਾਫੀ ਲੋਕ ਕਰ ਰਹੇ ਹਨ। ਉਰਦੂ ਪੰਜਾਬੀ ਕੋਸ਼ ਨੇ ਉਰਦੂ ਦੀਆਂ ਸਭ ਕਿਤਾਬਾਂ ਦੀ ਵਿਕਰੀ ਦਾ ਰਿਕਾਰਡ ਤੋੜ ਦਿੱਤਾ ਹੈ। ਪਿਛਲੇ ਮਹੀਨੇ ਫਰਵਰੀ ਵਿਚ ਹੋਈ ਪੰਜਾਬੀ ਵਿਕਾਸ ਕਾਨਫਰੰਸ ਵਿਚ ਲੋਕ ਅਰਪਣ ਕੀਤਾ ਗਿਆ ਉਰਦੂ ਪੰਜਾਬੀ ਕੋਸ਼ ਪ੍ਰੋ. ਗੁਲਵੰਤ ਸਿੰਘ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ ਹੈ, ਜਿਸ ਲਈ ਡਾ. ਰਾਜਿੰਦਰ ਸਿੰਘ ਲਾਂਬਾ ਤੇ ਮਨਮੰਦਰ ਸਿੰਘ ਸੇਖੋਂ ਨੇ ਵਿਸ਼ੇਸ਼ ਸਹਿਯੋਗ ਦਿੱਤਾ ਹੈ ਤੇ ਇਸ ਨੂੰ ਡਾ. ਤਾਰਿਕ ਕਫਾਇਤਉੱਲਾ ਨੇ ਸੋਧਿਆ ਹੈ। ਕਿਤਾਬ ਘਰ ਵਿਚ ਕੰਮ ਕਰਦੇ ਵਰਿੰਦਰ ਸੂਦ ਦਾ ਕਹਿਣਾ ਹੈ ਕਿ ਇਹ ਕਿਤਾਬ ਹੁਣ ਤੱਕ ਵੱਡੀ ਗਿਣਤੀ ਵਿਚ ਵਿਕ ਚੁੱਕੀ ਹੈ ਤੇ ਮਾਲੇਰਕੋਟਲਾ ਤੋਂ ਕਿਤਾਬਾਂ ਦੀਆਂ ਦੁਕਾਨਾਂ ਵਾਲੇ ਵੀ ਇਹ ਸ਼ਬਦ ਕੋਸ਼ ਲਿਜਾ ਰਹੇ ਹਨ। 2015 ਵਿਚ ਛਾਪੇ ਗਏ ਇਸ ਪਹਿਲੇ ਐਡੀਸ਼ਨ ਦੀਆਂ 550 ਕਾਪੀਆਂ ਬਹੁਤ ਜਲਦੀ ਵਿਕ ਰਹੀਆਂ ਹਨ ਜਿਸ ਕਰ ਕੇ ਇਹ ਦੁਬਾਰਾ ਛਾਪਣ ਦੀ ਲੋੜ ਪਵੇਗੀ।

## ਉਘੇ ਪੱਤਰਕਾਰ ਵਿਨੋਦ ਮਹਿਤਾ ਦਾ ਦੇਹਾਂਤ

**ਨਵੀਂ ਦਿੱਲੀ:** ਉਘੇ ਸੰਪਾਦਕ, ਵਿਸ਼ਲੇਸ਼ਕ ਤੇ ਕਈ ਅਖਬਾਰਾਂ ਤੇ ਰਸਾਲਿਆਂ ਦੀ ਸ਼ੁਰੂਆਤ ਕਰਨ ਵਾਲੇ ਵਿਨੋਦ ਮਹਿਤਾ ਦਾ ਇਥੇ ਲੰਮੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਉਹ 73 ਸਾਲਾਂ ਦੇ ਸਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ, ਅਰੁਣ ਜੇਤਲੀ, ਰਵੀ ਸ਼ੰਕਰ ਪ੍ਰਸਾਦ, ਆਰ.ਐਸ. ਰਠੌਰ, ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਉਨ੍ਹਾਂ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕੀਤਾ। ਉਹ ਅੰਗੇਰਜ਼ੀ ਰਸਾਲੇ 'ਆਊਟਲੁਕ' ਦੇ ਬਾਨੀ ਸੰਪਾਦਕ ਤੇ ਹੁਣ ਸੰਪਾਦਕੀ ਬੋਰਡ ਦੇ ਚੇਅਰਮੈਨ ਸਨ। ਬੀਤੇ ਕਈ ਮਹੀਨਿਆਂ ਤੋਂ ਬਿਮਾਰ ਸ੍ਰੀ ਮਹਿਤਾ ਏਮਜ਼ ਵਿਚ ਦਾਖਲ ਸਨ।

## ਜਬਰ ਜਨਾਹ ਦੇ ਦੋਸ਼ੀ ਨੂੰ ਜੇਲ੍ਹ ਵਿਚੋਂ ਕੱਢ ਕੇ ਕੁੱਟ-ਕੁੱਟ ਮਾਰਿਆ

**ਨਵੀਂ ਦਿੱਲੀ:** ਦੀਮਾਪੁਰ ਸੈਂਟਰਲ ਜੇਲ੍ਹ ਤੋਂ ਇਕ ਜਬਰ ਜਨਾਹ ਦੇ ਦੋਸ਼ੀ ਨੂੰ ਗੁੱਸੇ ਵਿਚ ਆਈ ਭੀੜ ਨੇ ਪਹਿਲਾਂ ਜੇਲ੍ਹ ਵਿਚੋਂ ਕੱਢਿਆ ਤੇ ਫਿਰ ਉਸ ਨੂੰ ਇੰਨਾ ਕੁੱਟਿਆ ਕਿ ਉਸ ਦੀ ਮੌਤ ਹੋ ਗਈ ਜਿਸ ਤੋਂ ਬਾਅਦ ਉਸ ਨੂੰ ਚੌਰਾਹੇ ਵਿਚ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ।

ਦੂਜੇ ਪਾਸੇ ਨਾਗਾਲੈਂਡ ਪੁਲਿਸ ਨੇ ਗ੍ਰਹਿ ਮੰਤਰਾਲੇ ਤੋਂ ਹੋਰ ਸੁਰੱਖਿਆ ਬਲ ਵੀ ਮੰਗੇ ਹਨ ਤੇ ਫ਼ੌਜ ਨੂੰ ਵੀ ਅਲਰਟ ਕਰ ਦਿੱਤਾ ਗਿਆ ਹੈ। ਇਕ ਸੀਨੀਅਰ ਅਧਿਕਾਰੀ ਨੇ ਇਕ ਟੀ.ਵੀ. ਚੈਨਲ ਨੂੰ ਦੱਸਿਆ ਕਿ ਜੇਲ੍ਹ ਵਿਚ ਸਥਾਨਕ ਪੁਲਿਸ ਤੇ ਜੇਲ੍ਹ ਦੇ ਮੁਲਾਜ਼ਮ ਤਾਇਨਾਤ ਸਨ ਪਰ ਉਹ ਉਸ ਦੋਸ਼ੀ ਨੂੰ ਬਚਾ ਨਹੀਂ ਸਕੇ।

# ਪੈਨਸ਼ਨ ਉਡੀਕਦੇ ਤੁਰ ਗਏ ਪੌਣੇ ਦੋ ਲੱਖ ਬਜ਼ੁਰਗ

**ਬਠਿੰਡਾ:** ਪੰਜਾਬ ਵਿਚ ਤਕਰੀਬਨ ਪੌਣੇ ਦੋ ਲੱਖ ਬਜ਼ੁਰਗ ਬੁਢਾਪਾ ਪੈਨਸ਼ਨ ਦੀ ਉਡੀਕ ਵਿਚ ਹੀ ਜਹਾਨ ਤੋਂ ਰੁਖ਼ਸਤ ਹੋ ਗਏ ਹਨ। ਪੰਜਾਬ ਵਿਚ ਹਰ ਵਰ੍ਹੇ ਬੁਢਾਪਾ ਪੈਨਸ਼ਨ ਲੈਣ ਵਾਲੇ ਔਸਤਨ 25 ਹਜ਼ਾਰ ਬਜ਼ੁਰਗਾਂ ਦੀ ਮੌਤ ਹੋ ਜਾਂਦੀ ਹੈ। ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਮੁੜ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਹੋ ਗਈ ਹੈ। ਬਠਿੰਡਾ ਜਿਲ੍ਹਾ ਇਸ ਮਾਮਲੇ ਵਿਚ ਪੰਜਾਬ ਭਰ ਵਿਚੋਂ ਅੱਗੇ ਹੈ ਜਿਥੋਂ ਦੇ 23069 ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲੈਣੀ ਨਸੀਬ ਨਾ ਹੋ ਸਕੀ। ਪੰਜਾਬ ਸਰਕਾਰ ਵਲੋਂ ਕਦੇਂ ਵੀ ਬੁਢਾਪਾ ਪੈਨਸ਼ਨ ਨਿਰੰਤਰ ਨਹੀਂ ਦਿੱਤੀ ਗਈ ਹੈ। ਹੁਣ ਵੀ ਸਤੰਬਰ 2014 ਤੋਂ ਮਗਰੋਂ ਦੀ ਬੁਢਾਪਾ ਪੈਨਸ਼ਨ ਜਾਰੀ ਨਹੀਂ ਕੀਤੀ ਗਈ ਹੈ। ਬਹੁਤੇ ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਦਾ ਹਿਸਾਬ ਕਿਤਾਬ ਵੀ ਨਹੀਂ ਦਿੱਤਾ ਗਿਆ ਹੈ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਲੋਂ ਆਰ.ਟੀ.ਆਈ. ਤਹਿਤ ਦਿੱਤੀ ਸੂਚਨਾ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸਾਲ 2007-08 ਤੋਂ ਦਸੰਬਰ 2014 ਤੱਕ ਪੰਜਾਬ ਵਿਚ ਬੁਢਾਪਾ ਪੈਨਸ਼ਨ ਲੈ ਰਹੇ 1.76 ਲੱਖ ਬਜ਼ੁਰਗਾਂ ਦੀ ਮੌਤ ਹੋ ਚੁੱਕੀ ਹੈ। ਭਾਵੇਂ ਇਨ੍ਹਾਂ ਬਜ਼ੁਰਗਾਂ ਦੀ ਮੌਤ ਵਿਚ ਬੁਢਾਪਾ ਪੈਨਸ਼ਨ ਦੀ ਕੋਈ ਭੂਮਿਕਾ ਨਹੀਂ ਪਰ ਇਨ੍ਹਾਂ ਬਜ਼ੁਰਗਾਂ ਨੂੰ ਸਰਕਾਰ ਨੇ ਕਦੇ ਵੀ ਢਾਈ ਸੌ ਰੁਪਏ ਸਮੇਂ ਸਿਰ ਨਹੀਂ ਘੱਲੇ ਸਨ। ਸਰਪੰਚ ਯੂਨੀਅਨ ਬਠਿੰਡਾ ਦੇ ਸੀਨੀਅਰ ਆਗੂ ਤੇ ਸਰਪੰਚ ਗੁਰਲਾਭ ਸਿੰਘ ਢੇਲਵਾਂ ਦਾ ਕਹਿਣਾ ਹੈ ਕਿ ਜਦੋਂ ਵੀ ਬੁਢਾਪਾ ਪੈਨਸ਼ਨ ਵੰਡੀ ਜਾਂਦੀ ਰਹੀ ਹੈ ਤਾਂ ਉਦੋਂ ਦੋ ਚਾਰ ਬਜ਼ੁਰਗਾਂ ਦੀ ਮੌਤ ਹੋਣ ਕਰਕੇ ਬੁਢਾਪਾ ਪੈਨਸ਼ਨ ਵਾਪਸ ਕਰਨੀ ਪਈ ਹੈ। ਉਨ੍ਹਾਂ ਆਖਿਆ ਕਿ ਹੁਣ ਬੁਢਾਪਾ ਪੈਨਸ਼ਨ ਦੀ ਨਵੀਂ ਵੰਡ ਪ੍ਰਣਾਲੀ ਨੇ ਬਜ਼ੁਰਗਾਂ ਦੀ ਖੱਜਲਖੁਆਰੀ ਹੋਰ ਵਧਾ ਦਿੱਤੀ ਹੈ। ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਵਿਚ ਤਕਰੀਬਨ 15 ਲੱਖ ਲਾਭਪਾਤਰੀ ਇਕੱਲੀ ਬੁਢਾਪਾ ਪੈਨਸ਼ਨ ਸਕੀਮ ਦੇ ਹਨ। ਇਨ੍ਹਾਂ ਵਿਚੋਂ ਪੌਣੇ ਦੋ ਲੱਖ ਮੌਤ ਕਾਰਨ ਸਕੀਮ ਵਿਚੋਂ ਮਨਫ਼ੀ ਹੋ ਗਏ ਹਨ। ਸੰਗਰੂਰ ਜ਼ਿਲ੍ਹਾ ਸੂਬੇ ਵਿਚੋਂ ਦੂਜੇ ਸਥਾਨ ਉਤੇ ਹੈ, ਜਿਥੇਂ ਬੁਢਾਪਾ ਪੈਨਸ਼ਨ ਲੈਣ ਵਾਲੇ 19,647 ਬਜ਼ੁਰਗਾਂ ਦੀ ਮੌਤ ਹੋਈ ਹੈ ਜਦੋਂ ਕਿ ਜਿਲ੍ਹਾ ਹੁਸ਼ਿਆਰਪੁਰ ਵਿਚ 17,338 ਬਜ਼ੁਰਗਾਂ ਦੀ ਮੌਤ ਹੋਈ ਹੈ।

ਸੂਤਰਾਂ ਅਨੁਸਾਰ ਕਈ ਸਰਪੰਚ ਤਾਂ ਮ੍ਰਿਤਕ ਬਜ਼ੁਰਗਾਂ ਦੀ ਸਹੀ ਸੂਚਨਾ ਦਿੰਦੇ ਹੀ ਨਹੀਂ ਤੇ ਉਨ੍ਹਾਂ ਦੀ ਬੁਢਾਪਾ ਪੈਨਸ਼ਨ ਦਾ ਕੋਈ ਹਿਸਾਬ ਕਿਤਾਬ ਵੀ ਨਹੀਂ ਦਿੰਦੇ। ਗਰਾਮ ਸੇਵਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸਤਵਿੰਦਰ ਸਿੰਘ ਕੰਗ ਦਾ ਪ੍ਰਤੀਕਰਮ ਸੀ ਕਿ ਜੋ ਬਜ਼ੁਰਗ ਸਵਰਗਵਾਸ ਹੋ ਜਾਂਦੇ ਹਨ, ਉਨ੍ਹਾਂ ਦੀ ਆਈ ਪੈਨਸ਼ਨ ਦਾ ਡਰਾਫਟ ਬਣਾ ਕੇ ਵਾਪਸ ਖਜ਼ਾਨੇ ਵਿਚ ਜਮ੍ਹਾ ਕਰਾ ਦਿੱਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਮ੍ਰਿਤਕ ਬਜ਼ੁਰਗ ਦੀ ਪੈਨਸ਼ਨ ਸੌ ਫੀਸਦੀ ਵਾਪਸ ਹੁੰਦੀ ਹੈ।

# ਵਿਰੋਧੀ ਧਿਰ ਤੇ ਮੁਲਾਜ਼ਮਾਂ ਵਲੋਂ ਪੰਜਾਬ ਸਰਕਾਰ ਨੂੰ ਘੇਰਨ ਲਈ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਰਕਾਰ ਨੂੰ ਵਿੱਤੀ ਸੰਕਟ ਦੇ ਮੁੱਦੇ ਉਪਰ ਵਿਰੋਧੀ ਧਿਰ ਸਦਨ ਦੇ ਅੰਦਰ ਅਤੇ ਸੂਬੇ ਦੇ ਅੱਠ ਲੱਖ ਮੁਲਾਜ਼ਮ ਤੇ ਪੈਨਸ਼ਨਰ ਸੜਕਾਂ ਉਪਰ ਘੇਰਨਗੇ। ਪੰਜਾਬ ਸਰਕਾਰ ਵੱਲੋਂ ਪਹਿਲੀ ਜਨਵਰੀ 2014 ਤੋਂ 10% ਮਹਿੰਗਾਈ ਭੱਤੇ (ਡੀ.ਏ.) ਦੀ ਕਿਸ਼ਤ ਦਾ 9 ਮਹੀਨੇ ਦਾ ਬਕਾਇਆ ਨਾ ਦੇਣ ਤੇ ਕੇਂਦਰੀ ਤਰਜ਼ 'ਤੇ ਪਹਿਲੀ ਜੁਲਾਈ 2014 ਤੋਂ ਸੱਤ% ਡੀ.ਏ. ਦੀ ਕਿਸ਼ਤ ਜਾਰੀ ਨਾ ਕਰਨ ਦਾ ਮੁੱਦਾ ਬਜਟ ਸੈਸ਼ਨ ਦੌਰਾਨ ਭਖਣ ਦੇ ਆਸਾਰ ਹਨ। ਇਸ ਮੁੱਦੇ ਉਪਰ ਜਿਥੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਕ੍ਰਮਵਾਰ 17 ਤੇ 18 ਮਾਰਚ ਨੂੰ ਚੰਡੀਗੜ੍ਹ ਕੂਚ ਕਰਨ ਦਾ ਸੱਦਾ ਦੇ ਦਿੱਤਾ ਹੈ, ਉਥੇ ਵਿਰੋਧੀ ਧਿਰ ਦੇ ਵਿਧਾਇਕਾਂ ਵੱਲੋਂ ਇਸ ਮੁੱਦੇ ਉਪਰ ਵਿਧਾਨ ਸਭਾ ਵਿਚ ਸਰਕਾਰ ਨੂੰ ਸਵਾਲਾਂ ਰਾਹੀਂ ਘੇਰਨ ਦੀ ਤਿਆਰੀ ਕੱਸ ਲਈ ਹੈ। ਦੱਸਣਯੋਗ ਹੈ ਕਿ ਵਿਧਾਨ ਸਭਾ ਵਿਚ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਨਵੇਂ ਵਰ੍ਹੇ ਦਾ ਬਜਟ 20 ਮਾਰਚ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਸਰਕਾਰ ਨੇ ਲੋਕ ਸਭਾ ਚੋਣਾਂ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵੱਡੇ ਵਾਅਦੇ ਕੀਤੇ ਸਨ। ਇਨ੍ਹਾਂ ਵਿਚੋਂ ਮੁੱਖ ਵਾਅਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਛੇਵਾਂ ਤਨਖਾਹ ਕਮਿਸ਼ਨ ਕਾਇਮ ਕਰਨਾ ਸੀ। ਹੁਣ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਪਣੇ ਬਜਟ ਭਾਸ਼ਣ ਵਿਚ ਕੇਂਦਰੀ ਸੱਤਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਨੂੰ ਆਪਣੇ ਲੱਖਾਂ ਮੁਲਾਜ਼ਮਾਂ ਉਪਰ ਸਾਲ 2016 ਦੌਰਾਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ, ਪਰ ਪੰਜਾਬ ਸਰਕਾਰ ਨੇ ਅਜੇ ਤਨਖਾਹ ਕਮਿਸ਼ਨ ਦਾ ਗਠਨ ਵੀ ਨਹੀਂ ਕੀਤਾ।

# ਸ੍ਰੀ ਹਰਿਮੰਦਰ ਸਾਹਿਬ ਦੇ ਵਿਸ਼ਵ ਵਿਰਾਸਤੀ ਦਰਜੇ ਤੋਂ ਟਲ ਰਹੀ ਹੈ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਕੋਸ਼ਿਸ਼ਾਂ ਤੋਂ ਟਲਦੀ ਜਾਪਦੀ ਹੈ। ਸ਼੍ਰੋਮਣੀ ਕਮੇਟੀ ਹਲਕਿਆਂ ਵਿਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜੇਕਰ ਯੂਨੈਸਕੋ ਵਲੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਜਾਂਦਾ ਹੈ ਤਾਂ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਪੁਰਾਤਤਵ ਵਿਭਾਗ ਦੀ ਦਖ਼ਲਅੰਦਾਜ਼ੀ ਸ਼ੁਰੂ ਹੋ ਜਾਵੇਗੀ, ਜੋ ਕਿਸੇ ਵੀ ਤਰ੍ਹਾਂ ਸੰਗਤੀ ਪ੍ਰਬੰਧ ਲਈ ਜਾਇਜ਼ ਨਹੀਂ ਹੈ ਤੇ ਸੰਗਤ ਵਲੋਂ ਵੀ ਇਸ ਦਾ ਵਿਰੋਧ ਹੋ ਸਕਦਾ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ 2004 ਵਿਚ ਇਸ ਤਰ੍ਹਾਂ ਦੀ ਇਕ ਮੁਹਿੰਮ ਨੂੰ ਉਸ ਵੇਲੇ ਰੱਦ ਕਰ ਦਿੱਤਾ ਗਿਆ ਸੀ ਜਦੋਂ ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਇਕ ਡੋਜੀਅਰ ਯੂਨੈਸਕੋ ਨੂੰ ਭੇਜਿਆ ਗਿਆ ਸੀ। ਉਸ ਵੇਲੇ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਸਾਂਝੇ ਤੌਰ 'ਤੇ ਇਹ ਡੋਜੀਅਰ ਤਿਆਰ ਕੀਤਾ ਸੀ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਦੀ ਅਪੀਲ ਕੀਤੀ ਸੀ ਪਰ ਕੁਝ ਸਮੇਂ ਬਾਅਦ ਹੀ ਜਦੋਂ ਇਹ ਦਰਜਾ ਮਿਲਣ ਨੇੜੇ ਸੀ ਤਾਂ ਸਿੱਖ ਜਥੇਬੰਦੀ ਨੇ ਅਚਨਚੇਤੀ ਆਪਣਾ ਫੈਸਲਾ ਬਦਲ ਲਿਆ ਤੇ ਡੋਜੀਅਰ ਵਾਪਸ ਮੰਗਵਾ ਲਿਆ ਸੀ। ਉਸ ਵੇਲੇ ਡੋਜੀਅਰ ਤਿਆਰ ਕਰਨ ਲਈ ਡੂੰਘਾਈ ਨਾਲ ਖੋਜ ਦਾ ਕੰਮ ਵੀ ਕੀਤਾ ਗਿਆ ਸੀ।

ਇਸ ਬਾਰੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਜਿਨ੍ਹਾਂ ਇਹ ਡੋਜੀਅਰ ਤਿਆਰ ਕਰਨ ਲਈ ਅਹਿਮ ਰੋਲ ਨਿਭਾਇਆ ਸੀ, ਨੇ ਕਿਹਾ ਕਿ ਹੁਣ ਤਾਂ ਸ਼ੱਕ ਹੈ ਕਿ ਯੂਨੈਸਕੋ ਸ਼ਾਇਦ ਇਸ ਰੂਹਾਨੀ ਅਸਥਾਨ ਨੂੰ ਇਹ ਦਰਜਾ ਨਾ ਦੇਵੇ ਕਿਉਂਕਿ ਇਸ ਦੀ ਬਾਹਰੀ ਬਣਤਰ ਵਿਚ ਵੱਡੀਆਂ ਤਬਦੀਲੀਆਂ ਹੋ ਚੁੱਕੀਆਂ ਹਨ। ਪੁਰਾਣੀ ਬਣਤਰ ਹੋਰ ਸੀ ਤੇ ਹੁਣ ਆਧੁਨਿਕ ਬਣਤਰ ਤਿਆਰ ਹੋ ਚੁੱਕੀ ਹੈ। ਪ੍ਰਵੇਸ਼ ਦੁਆਰ ਪਲਾਜ਼ਾ ਦੀ ਉਸਾਰੀ ਨਾਲ ਇਸ ਦਾ ਬਾਹਰੀ ਸਰੂਪ ਤਬਦੀਲ ਹੋ ਗਿਆ ਹੈ। ਇਸ ਤੋਂ ਇਲਾਵਾ ਵੀ ਕਈ ਤਬਦੀਲੀਆਂ ਹੋ ਚੁੱਕੀਆਂ ਹਨ।



ਉਨ੍ਹਾਂ ਦੱਸਿਆ ਕਿ 2004 ਵਿਚ ਜਦੋਂ ਇਹ ਦਰਜਾ ਪ੍ਰਾਪਤ ਕਰਨ ਲਈ ਜਦੋਜਹਿਦ ਕੀਤੀ ਜਾ ਰਹੀ ਸੀ ਤਾਂ ਉਸ ਵੇਲੇ ਇਹ ਮਾਮਲਾ ਆਖਰੀ ਪੜਾਅ 'ਤੇ ਸੀ। ਸਿਰਫ਼ ਇਕ ਮਹੀਨਾ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦੀ ਅਪੀਲ ਦੇ ਆਧਾਰ ਉਤੇ ਭਾਰਤ ਸਰਕਾਰ ਨੇ ਇਹ ਮੰਗ ਵਾਪਸ ਲੈ ਲਈ ਸੀ। ਕੀ ਸ਼੍ਰੋਮਣੀ ਕਮੇਟੀ ਨੂੰ ਇਸ ਮੁੱਦੇ 'ਤੇ ਮੁੜ ਸੋਚਣਾ ਚਾਹੀਦਾ ਹੈ, ਬਾਰੇ ਉਨ੍ਹਾਂ ਆਖਿਆ ਕਿ ਸ਼ਾਇਦ ਹੁਣ ਇਹ ਅਪੀਲ ਦੁਬਾਰਾ ਸਵੀਕਾਰ ਨਾ ਹੋਵੇ ਕਿਉਂਕਿ ਹੁਣ ਇਥੇ ਆਲੇ ਦੁਆਲੇ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਹਨ। ਇਹ ਮਾਮਲਾ ਰਾਜ ਸਭਾ ਵਿਚ ਵਿਚਾਰਿਆ ਗਿਆ ਹੈ, ਜਿਥੇ ਕੇਂਦਰੀ ਸਭਿਆਚਾਰ ਮਾਮਲਿਆਂ ਬਾਰੇ ਮੰਤਰੀ ਮਹੇਸ਼ ਸ਼ਰਮਾ ਨੇ ਇਕ ਲਿਖਤੀ ਜਵਾਬ ਵਿਚ ਦੱਸਿਆ ਕਿ ਅਪਰੈਲ 2014 ਵਿਚ ਸਰਕਾਰ ਨੇ ਯੂਨੈਸਕੋ ਨੂੰ ਭਾਰਤ ਦੀਆਂ 46 ਥਾਂਵਾਂ ਦੀ ਸੂਚੀ ਸੌਂਪੀ ਸੀ, ਜਿਨ੍ਹਾਂ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਲਈ ਵਿਚਾਰਨ ਵਾਸਤੇ ਅਪੀਲ ਕੀਤੀ ਸੀ। ਇਸ ਸੂਚੀ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਵੀ ਸ਼ਾਮਲ ਹੈ।

ਇਸ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਗਿਆਨਤਾ ਦਾ ਪ੍ਰਗਟਾਵਾ ਕੀਤਾ ਹੈ ਪਰ ਉਨ੍ਹਾਂ ਆਖਿਆ ਕਿ ਇਹ ਮਾਮਲਾ ਅੰਤ੍ਰਿੰਗ ਕਮੇਟੀ ਵਿਚ ਰੱਖਣਗੇ ਤੇ ਅੰਤ੍ਰਿੰਗ ਕਮੇਟੀ ਵਲੋਂ ਕੀਤੇ ਸਮੂਹਿਕ ਫੈਸਲੇ ਨੂੰ ਲਾਗੂ ਕਰਨਗੇ। ਉਨ੍ਹਾਂ ਅਸਿੱਧੇ ਤੌਰ 'ਤੇ ਕੇਂਦਰ ਸਰਕਾਰ ਵਲੋਂ ਇਸ ਸੂਚੀ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਸ਼ਾਮਲ ਕੀਤੇ ਜਾਣ 'ਤੇ ਵਿਸ਼ੇਸ਼ ਖੁਸ਼ੀ ਦਾ ਇਜ਼ਹਾਰ ਨਹੀਂ ਕੀਤਾ।

# ਪੰਜਾਬ ਦੀਆਂ ਕਰਜ਼ਈ ਸਨਅਤਾਂ ਵਲੋਂ ਗੁਆਂਢੀ ਸੂਬਿਆਂ ਦਾ ਰੁਖ

**ਬਠਿੰਡਾ:** ਪੰਜਾਬ ਦੀਆਂ ਕਰਜ਼ਈ ਸਨਅਤਾਂ ਨੇ ਗੁਆਂਢੀ ਸੂਬਿਆਂ ਵੱਲ ਰੁਖ ਕਰ ਲਿਆ ਹੈ। ਸੂਬੇ ਵਿਚ ਸਾਲ 2000 ਵਿਚ 422 ਕਪਾਹ ਮਿੱਲਾਂ ਸਨ ਜਿਨ੍ਹਾਂ ਵਿਚੋਂ ਹੁਣ ਸਿਰਫ 116 ਕਪਾਹ ਮਿੱਲਾਂ ਰਹਿ ਗਈਆਂ ਹਨ। ਹਰਿਆਣਾ ਤੇ ਰਾਜਸਥਾਨ ਵਿਚ ਟੈਕਸ ਘੱਟ ਹੋਣ ਕਰਕੇ ਬਹੁਤੀਆਂ ਮਿੱਲਾਂ ਗੁਆਂਢੀ ਸੂਬਿਆਂ ਵਿਚ ਸ਼ਿਫਟ ਹੋ ਗਈਆਂ ਹਨ। ਇਨ੍ਹਾਂ ਕਪਾਹ ਮਿੱਲਾਂ ਦੇ ਬੰਦ ਹੋਣ ਨਾਲ ਤਕਰੀਬਨ 35 ਹਜ਼ਾਰ ਲੋਕਾਂ ਦੇ ਰੁਜ਼ਗਾਰ ਨੂੰ ਸੱਟ ਵੱਜੀ ਹੈ। ਇਵੇਂ ਹੀ ਸਾਲ 2000 'ਚ 25 ਘਿਉ ਮਿੱਲਾਂ ਸਨ ਜਿਨ੍ਹਾਂ 'ਚੋਂ ਹੁਣ ਸਿਰਫ ਚਾਰ ਕਾਰਖਾਨੇ ਰਹਿ ਗਏ ਹਨ। ਪੰਜਾਬ ਕਾਟਨ ਫੈਕਟਰੀਜ਼ ਐਂਡ ਜਿਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵਾਨ ਦਾਸ ਬਾਂਸਲ ਮੁਤਾਬਕ ਪਿਛਲੇ ਸੱਤ ਵਰ੍ਹਿਆਂ ਵਿਚ 28 ਹਜ਼ਾਰ ਕਾਰਖਾਨੇ ਬੰਦ ਹੋਏ ਹਨ। ਉਨ੍ਹਾਂ ਆਖਿਆ ਕਿ ਵੱਡੀ ਟੈਕਸ ਦਰ ਸਨਅਤੀ ਵਿਕਾਸ ਵਿਚ ਰੁਕਾਵਟ ਬਣੀ ਹੋਈ ਹੈ।



ਸੂਤਰ ਦੱਸਦੇ ਹਨ ਕਿ ਆਖਰੀ ਦਫਾ ਸਰਕਾਰ ਨੇ ਡਿਫਾਲਟਰ ਉਦਯੋਗਾਂ ਤੋਂ ਵਸੂਲੀ ਲਈ ਸਾਲ 2009 ਵਿਚ ਯਕਮੁਸ਼ਤ ਸਕੀਮ ਐਲਾਨੀ ਸੀ। ਹੁਣ ਸਰਕਾਰ ਇਸ ਸਕੀਮ ਨੂੰ ਮੁੜ ਲਾਂਚ ਕਰਨ ਜਾ ਰਹੀ ਹੈ ਤਾਂ ਜੋ ਪੁਰਾਣੇ ਉਦਯੋਗਾਂ ਨੂੰ ਕਰਜ਼ ਮੁਕਤ ਕੀਤਾ ਜਾ ਸਕੇ। ਪੰਜਾਬ ਦੇ ਤਕਰੀਬਨ ਸੱਤ ਹਜ਼ਾਰ ਉਦਯੋਗ ਬਿਮਾਰ ਐਲਾਨੇ ਗਏ ਹਨ ਜਿਨ੍ਹਾਂ ਸਿਰ ਤਕਰੀਬਨ 6,000 ਕਰੋੜ ਦਾ ਕਰਜ਼ਾ ਖੜ੍ਹਾ ਹੈ। ਜਿਹੜੇ ਸਨਅਤਕਾਰ ਡਿਫਾਲਟਰ ਹੋ ਗਏ ਹਨ, ਉਨ੍ਹਾਂ ਨੂੰ ਕਰਜ਼ ਦਾ ਵਿਆਜ ਤਾਰਨਾ ਹੀ ਮੁਸ਼ਕਲ ਹੋ ਗਿਆ ਹੈ। ਤਕਰੀਬਨ 800 ਅਜਿਹੇ ਉਦਯੋਗ ਹਨ ਜਿਨ੍ਹਾਂ ਦਾ ਕੋਈ ਥਹੁ ਪਤਾ ਹੀ ਨਹੀਂ ਹੈ। ਇਨ੍ਹਾਂ ਦੇ ਨਾ ਮਾਲਕ ਲੱਭ ਰਹੇ ਹਨ ਤੇ ਨਾ ਹੀ ਉਨ੍ਹਾਂ ਦੀ ਸੰਪਤੀ।

ਕੇਂਦਰੀ ਮਾਈਕਰੋ, ਸਮਾਲ ਤੇ ਮੀਡੀਅਮ ਇੰਟਰਪ੍ਰਾਈਜਿਜ਼ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਸੂਬੇ ਵਿਚ 6550 ਛੋਟੇ ਤੇ ਦਰਮਿਆਨੇ ਉਦਯੋਗ ਬਿਮਾਰ ਐਲਾਨੇ ਗਏ ਹਨ ਜਿਨ੍ਹਾਂ ਸਿਰ ਵਪਾਰਕ ਬੈਂਕਾਂ ਦਾ 797.77 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਇਨ੍ਹਾਂ ਵਿਚੋਂ 5746 ਸਨਅਤਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਚਲਾਉਣਾ ਘਾਟੇ ਵਾਲਾ ਸੌਦਾ ਹੈ। ਇਨ੍ਹਾਂ ਵਿਚੋਂ ਸਿਰਫ 343 ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਹਨ ਜਿਨ੍ਹਾਂ ਨੂੰ ਚਲਾਇਆ ਜਾ ਸਕਦਾ ਹੈ। ਇਨ੍ਹਾਂ ਵਿਚੋਂ 85 ਯੂਨਿਟਾਂ ਨੂੰ ਚਲਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸੂਬੇ ਦੇ ਤਕਰੀਬਨ 350 ਅਜਿਹੇ ਵੱਡੇ ਉਦਯੋਗ ਹਨ ਜਿਨ੍ਹਾਂ ਸਿਰ ਵਿਆਜ ਪੈ ਕੇ ਕਰਜ਼ਾ 5200 ਕਰੋੜ ਰੁਪਏ ਦਾ ਹੋ ਗਿਆ ਹੈ ਜਦਕਿ ਕਰਜ਼ਾ ਤਕਰੀਬਨ 550 ਕਰੋੜ ਰੁਪਏ ਹੀ ਲਿਆ ਸੀ।

ਸੂਤਰਾਂ ਮੁਤਾਬਕ ਪਿਛਲੇ ਅਰਸੇ ਦੌਰਾਨ ਪਾਵਰਕੌਮ ਨੇ ਤਕਰੀਬਨ 11 ਹਜ਼ਾਰ ਸਨਅਤਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਹਨ ਕਿਉਂਕਿ ਇਨ੍ਹਾਂ ਸਨਅਤਾਂ ਨੂੰ ਤਾਲੇ ਵੱਜ ਚੁੱਕੇ ਹਨ। ਮਾਲਵੇ ਵਿਚ ਤਾਂ ਤਿੰਨ ਕਤਾਈ ਮਿੱਲਾਂ ਕਾਫੀ ਅਰਸਾ ਪਹਿਲਾਂ ਬੰਦ ਹੋ ਗਈਆਂ ਸਨ। ਬਠਿੰਡਾ ਦੀ ਧਾਗਾ ਮਿੱਲ ਵਿਚ ਹੁਣ ਕੇਂਦਰੀ ਯੂਨੀਵਰਸਿਟੀ ਚੱਲ ਰਹੀ ਹੈ।

ਪੰਜਾਬ ਵਿੱਤ ਨਿਗਮ ਦੇ ਇਸ ਵੇਲੇ ਤਕਰੀਬਨ 1700 ਸਨਅਤਕਾਰ ਡਿਫਾਲਟਰ ਹਨ ਜਿਨ੍ਹਾਂ ਸਿਰ ਕਰੀਬ 2500 ਕਰੋੜ ਦੀ ਬਕਾਇਆ ਰਾਸ਼ੀ ਖੜ੍ਹੀ ਹੈ। ਬੀਤੇ ਦਹਾਕੇ ਦੌਰਾਨ ਨਿਗਮ ਨੇ ਯਕਮੁਸ਼ਤ ਸਕੀਮਾਂ ਤਹਿਤ ਤਕਰੀਬਨ 1656 ਸਨਅਤ ਮਾਲਕਾਂ ਦੀ ਕਰੀਬ 590 ਕਰੋੜ ਰੁਪਏ ਦੀ ਰਾਸ਼ੀ ਕੁਰਬਾਨ ਕੀਤੀ ਹੈ। ਨਿਗਮ ਦੇ ਮੈਨੇਜਿੰਗ ਡਾਇਰੈਕਟਰ ਐਸ.ਐਸ. ਬੈਂਸ ਨੇ ਕਿਹਾ ਕਿ ਵਿਆਜ ਪੈਣ ਕਰਕੇ ਬਕਾਇਆ ਰਾਸ਼ੀ ਦਾ ਅੰਕੜਾ ਵਧਿਆ ਹੈ ਜਦਕਿ ਵਸੂਲਣਯੋਗ ਕਰਜ਼ ਸਿਰਫ 200 ਕਰੋੜ ਦੇ ਕਰੀਬ ਹੀ ਹੈ। ਉਨ੍ਹਾਂ ਦੱਸਿਆ ਕਿ 800 ਦੇ ਕਰੀਬ ਸਨਅਤਾਂ ਦੇ ਮਾਲਕਾਂ ਤੇ ਪ੍ਰਾਪਰਟੀ ਦਾ ਪਤਾ ਨਹੀਂ ਲੱਭ ਰਿਹਾ ਹੈ। ਬਠਿੰਡਾ ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ ਦੇ ਜ਼ਿਲ੍ਹਾ ਪ੍ਰਧਾਨ ਰਮਨ ਵਾਤਸ਼ ਮੁਤਾਬਕ ਸਰਕਾਰ ਦੀ ਅਣਦੇਖੀ ਤੇ ਵਿਤਕਰੇ ਕਾਰਨ ਛੋਟੇ ਉਦਯੋਗ ਬੰਦ ਹੋ ਗਏ ਹਨ। ਉਦਯੋਗਾਂ ਨੂੰ ਤਾਲੇ ਵੱਜਣ ਕਾਰਨ ਰੁਜ਼ਗਾਰ ਨੂੰ ਸੱਟ ਵੱਜੀ ਹੈ ਅਤੇ ਸਰਕਾਰ ਨੂੰ ਮਿਲਣ ਵਾਲੇ ਟੈਕਸਾਂ ਦਾ ਵੀ ਨੁਕਸਾਨ ਹੋਇਆ ਹੈ। ਬਿਮਾਰ ਉਦਯੋਗਾਂ ਨੂੰ ਲੀਹ 'ਤੇ ਲਿਆਉਣ ਲਈ ਨੀਤੀ ਬਣਾਉਣ ਦੀ ਮੰਗ ਕਰਦਿਆਂ ਉਨ੍ਹਾਂ ਸੁਝਾਅ ਦਿੱਤਾ ਕਿ ਅਜਿਹੇ ਉਦਯੋਗਾਂ ਦੇ ਮਾਲਕਾਂ ਨੂੰ ਵਿਆਜ ਮੁਕਤ ਕਰਜ਼ਾ ਤੇ ਵੈਟ ਵਿਚ ਰਿਆਇਤ ਦਿੱਤੀ ਜਾਵੇ। ਉਦਯੋਗ ਤੇ ਵਣਜ ਵਿਭਾਗ ਦੇ ਡਾਇਰੈਕਟਰ ਰਮਿੰਦਰ ਸਿੰਘ ਦਾ ਕਹਿਣਾ ਹੈ ਕਿ ਸਨਅਤਕਾਰਾਂ ਨੂੰ ਰਾਹਤ ਦੇਣ ਵਾਸਤੇ ਤੇ ਕਰਜ਼ ਵਸੂਲਣ ਲਈ ਯਕਮੁਸ਼ਤ ਸਕੀਮ ਦਾ ਮੈਮੋਰੰਡਮ ਤਿਆਰ ਕਰ ਲਿਆ ਗਿਆ ਹੈ ਜੋ ਅਗਲੀ ਕੈਬਨਿਟ ਮੀਟਿੰਗ ਵਿਚ ਪੇਸ਼ ਹੋਵੇਗਾ। ਉਨ੍ਹਾਂ ਕਿਹਾ ਕਿ ਸਨਅਤੀ ਨਿਵੇਸ਼ ਸੰਮੇਲਨ ਦੇ ਵੀ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ।

# ਕੋਰਟ ਨੇ ਚੌਟਾਲਾ ਪਿਉ-ਪੁੱਤ ਨੂੰ ਰਾਹਤ ਨਾ ਦਿੱਤੀ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਅਧਿਆਪਕ ਭਰਤੀ ਘੁਟਾਲੇ ਵਿਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਆਗੂ ਓਮ ਪ੍ਰਕਾਸ਼ ਚੌਟਾਲਾ (80), ਉਨ੍ਹਾਂ ਦੇ ਪੁੱਤਰ ਅਜੈ ਚੌਟਾਲਾ ਤੇ ਤਿੰਨ ਹੋਰਨਾਂ ਦੀ 10 ਸਾਲ ਦੀ ਸਜ਼ਾ ਨੂੰ ਬਹਾਲ ਰੱਖਿਆ ਹੈ।



ਅਦਾਲਤ ਨੇ ਸ਼ੇਰ ਸਿੰਘ ਬਡਸ਼ਾਮੀ ਤੇ ਦੋ ਆਈ.ਏ.ਐਸ. ਅਧਿਕਾਰੀਆਂ- ਵਿਦਿਆਧਰ ਤੇ ਸੰਜੀਵ ਕੁਮਾਰ ਦੀ 10 ਸਾਲ ਦੀ ਸਜ਼ਾ ਬਹਾਲ ਰੱਖਦਿਆਂ ਕਿਹਾ ਕਿ ਉਨ੍ਹਾਂ ਅਧਿਆਪਕਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਨੂੰ ਕਲੰਕਿਤ ਕਰ ਦਿੱਤਾ ਤੇ ਭ੍ਰਿਸ਼ਟਾਚਾਰ ਕਰਕੇ ਇਸ ਅਮਲ ਨੂੰ ਨੁਕਸਾਨ ਪਹੁੰਚਾਇਆ। ਚਾਰ ਸੌ ਸਫਿਆਂ ਦੇ ਫੈਸਲੇ ਵਿਚ ਜੱਜ ਨੇ ਚੌਟਾਲਾ ਤੇ ਉਨ੍ਹਾਂ ਦੇ ਮਾਤਹਿਤ ਅਧਿਕਾਰੀਆਂ ਵਲੋਂ ਕੀਤੇ ਗਏ ਇਸ ਘੁਟਾਲੇ ਲਈ ਕਾਫੀ ਲਾਹ-ਪਾਹ ਵੀ ਕੀਤੀ। ਹਾਈਕੋਰਟ ਨੇ ਹੇਠਲੀ ਅਦਾਲਤ ਦੇ ਹੁਕਮਾਂ ਵਿਚ ਸੋਧ ਕਰਦਿਆਂ 50 ਹੋਰ ਦੋਸ਼ੀਆਂ ਨੂੰ ਵੀ ਦੋ-ਦੋ ਸਾਲ ਦੀ ਸਜ਼ਾ ਸੁਣਾਈ।

ਉਨ੍ਹਾਂ ਅਜੈ ਚੌਟਾਲਾ ਤੇ ਹੋਰਾਂ ਨੂੰ ਜੇਲ੍ਹ ਅਧਿਕਾਰੀਆਂ ਕੋਲ ਹੀ ਆਤਮ-ਸਮਰਪਣ ਕਰਨ ਲਈ ਆਖਿਆ ਤਾਂ ਜੋ ਉਹ ਬਾਕੀ ਰਹਿੰਦੀ ਸਜ਼ਾ ਪੂਰੀ ਕਰ ਸਕਣ। ਅਦਾਲਤ ਮੁਤਾਬਕ ਜਿਹੜੇ ਦੋਸ਼ੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ। ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਵਲੋਂ ਵੱਡੀ ਉਮਰ ਤੇ ਬਿਮਾਰ ਹੋਣ ਦਾ ਹਵਾਲਾ ਦੇ ਕੇ ਨਰਮੀ ਵਰਤਣ ਦੀ ਅਪੀਲ ਨੂੰ ਵੀ ਅਦਾਲਤ ਨੇ ਖਾਰਜ ਕਰ ਦਿੱਤਾ। ਜੱਜ ਨੇ ਕਿਹਾ ਕਿ ਉਹ ਹਰਿਆਣਾ ਦੇ ਮੁੱਖ ਮੰਤਰੀ ਸਨ ਤੇ ਸੂਬੇ ਦੇ ਨੌਜਵਾਨਾਂ ਦੀਆਂ ਉਨ੍ਹਾਂ ਤੋਂ ਵੱਡੀਆਂ ਆਸਾਂ ਸਨ ਪਰ ਉਨ੍ਹਾਂ ਦੇ ਭਵਿੱਖ ਨਾਲ ਧੋਖਾਧੜੀ ਕਰਕੇ ਉਹ ਸਭ ਤੋਂ ਵੱਧ ਸਜ਼ਾ ਦੇ ਹੱਕਦਾਰ ਬਣਦੇ ਹਨ। ਜ਼ਿਕਰਯੋਗ ਹੈ ਕਿ ਹੇਠਲੀ ਅਦਾਲਤ ਨੇ ਹਰਿਆਣਾ ਵਿਚ ਸਾਲ 2000 ਦੌਰਾਨ 3206 ਜੇ.ਬੀ.ਟੀ. ਅਧਿਆਪਕਾਂ ਦੀ ਗੈਰਕਾਨੂੰਨੀ ਢੰਗ ਨਾਲ ਕੀਤੀ ਗਈ ਭਰਤੀ ਦਾ ਦੋਸ਼ੀ ਠਹਿਰਾਇਆ ਸੀ ਤੇ ਚੌਟਾਲਾ, ਉਸ ਦੇ ਪੁੱਤਰ ਅਜੈ ਚੌਟਾਲਾ ਤੇ ਤਿੰਨ ਹੋਰਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ ਸੀ।


DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅੰਮ੍ਰਿਤਸਰ ਵਿਚ ਵੀ ਲਾਹੌਰ ਦੀ ਤਰਜ਼ 'ਤੇ ਫੂਡ ਸਟਰੀਟ


**ਅੰਮ੍ਰਿਤਸਰ:** ਹੁਣ ਛੇਤੀ ਹੀ ਲਾਹੌਰ ਦੀ ਤਰਜ਼ 'ਤੇ ਅੰਮ੍ਰਿਤਸਰ ਵਿਚ ਆਉਣ ਵਾਲੇ ਯਾਤਰੂਆਂ ਨੂੰ ਵੀ ਫੂਡ ਸਟਰੀਟ ਵਿਚ ਜਾਣ ਤੇ ਵੱਖ-ਵੱਖ ਪਕਵਾਨਾਂ ਦਾ ਸਵਾਦ ਲੈਣ ਦਾ ਮੌਕਾ ਮਿਲੇਗਾ। ਇਹ ਫੂਡ ਸਟਰੀਟ ਇਥੇ ਗੁਰੂ ਤੇਗ ਬਹਾਦਰ ਹਸਪਤਾਲ ਦੀ ਖਾਲੀ ਪਈ ਇਮਾਰਤ ਵਿਚ ਬਣਾਈ ਜਾ ਰਹੀ ਹੈ ਤੇ ਇਸ ਦੀ ਉਸਾਰੀ ਦੀ ਜ਼ਿੰਮੇਵਾਰੀ ਸਰਕਾਰ ਵਲੋਂ ਪੁੱਡਾ ਨੂੰ ਸੌਂਪੀ ਹੋਈ ਹੈ।

ਦੱਸਣਯੋਗ ਹੈ ਕਿ ਇਹ ਇਮਾਰਤ ਇਤਿਹਾਸਕ ਰਾਮਬਾਗ ਦੇ ਨੇੜੇ ਹੈ ਤੇ ਤਕਰੀਬਨ ਸਦੀ ਪੁਰਾਣੀ, ਅੰਗਰੇਜ਼ਾਂ ਦੇ ਸਮੇਂ ਦੀ, ਬਣੀ ਹੋਈ ਹੈ। ਅੰਗਰੇਜ਼ਾਂ ਦੇ ਸਮੇਂ ਵਿਚ ਇਸ ਇਮਾਰਤ ਵਿਚ ਵਿਕਟੋਰੀਆ ਜੁਬਲੀ (ਵੀ.ਜੇ) ਹਸਪਤਾਲ ਚੱਲਦਾ ਸੀ, ਜਿਸ ਨੂੰ ਬਾਅਦ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਦਾ ਨਾਂ ਦਿੱਤਾ ਗਿਆ। ਹੁਣ ਇਹ ਹਸਪਤਾਲ ਗੁਰੂ ਨਾਨਕ ਦੇਵ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਤੇ ਇਹ ਪੁਰਾਤਨ ਇਮਾਰਤ ਖਾਲੀ ਪਈ ਸੀ, ਜਿਥੇ ਇਸ ਦੇ ਪੁਰਾਤਨ ਸਰੂਪ ਨੂੰ ਕਾਇਮ ਰੱਖਦਿਆਂ ਫੂਡ ਸਟਰੀਟ ਦੀ ਉਸਾਰੀ ਕੀਤੀ ਜਾ ਰਹੀ ਹੈ।

ਇਸ ਬਾਰੇ ਪੁੱਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਸੰਦੀਪ ਰਿਸ਼ੀ ਦਾ ਕਹਿਣਾ ਹੈ ਕਿ ਇਸ ਯੋਜਨਾ ਦੇ ਦੋ ਹਿੱਸੇ ਹਨ, ਜਿਸ ਤਹਿਤ ਇਕ ਹਿੱਸੇ ਵਿਚ ਫੂਡ ਸਟਰੀਟ ਤੇ ਦੂਜੇ ਹਿੱਸੇ ਤਹਿਤ ਦਸਤਕਾਰੀ ਬਾਜ਼ਾਰ ਦੀ ਉਸਾਰੀ ਹੋਵੇਗੀ। ਯੋਜਨਾ ਦੇ ਦੋਵਾਂ ਹਿੱਸਿਆਂ ਲਈ ਉਸਾਰੀ ਦਾ ਕੰਮ ਜਾਰੀ ਹੈ। ਇਥੇ ਇਕ ਓਪਨ ਏਅਰ ਥੀਏਟਰ ਵੀ ਹੋਵੇਗਾ ਤੇ ਇਕ ਸੋਵੀਨਾਰ ਦੁਕਾਨ ਵੀ ਹੋਵੇਗੀ, ਜਿਥੋਂ ਯਾਤਰੂਆਂ ਨੂੰ ਯਾਦਗਾਰੀ ਚਿੰਨ੍ਹ ਮਿਲ ਸਕਣਗੇ। ਇਸ ਯੋਜਨਾ ਨੂੰ ਜੂਨ ਵਿਚ ਮੁਕੰਮਲ ਕੀਤਾ ਜਾਣਾ ਸੀ ਪਰ ਇਹ ਯੋਜਨਾ ਅਗਸਤ ਮਹੀਨੇ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਵੇਲੇ 70 ਤੋਂ 80 ਫੀਸਦੀ ਤੱਕ ਕੰਮ ਮੁਕੰਮਲ ਹੋ ਚੁੱਕਾ ਹੈ। ਇਮਾਰਤ ਦੇ ਅੰਦਰੂਨੀ ਹਿੱਸੇ ਵਿਚ ਸਾਜ-ਸੱਜਾ ਦਾ ਕੰਮ ਜਾਰੀ ਹੈ। ਇਹ ਇਮਾਰਤ ਜਦੋਂ ਪੁੱਡਾ ਨੂੰ ਸੌਂਪੀ ਗਈ ਸੀ ਤਾਂ ਉਸ ਵੇਲੇ ਇਸ ਦੀ ਮਾੜੀ ਹਾਲਤ ਸੀ, ਜਿਸ ਵਿਚ ਸੁਧਾਰ ਲਈ ਲੰਮਾ ਸਮਾਂ ਲੱਗਾ ਹੈ। ਪੁੱਡਾ ਵਲੋਂ ਨਾ ਸਿਰਫ ਇਮਾਰਤ ਦੀ ਮੁਰੰਮਤ ਕਰਕੇ ਇਸ ਨੂੰ ਮੁੜ ਮਜ਼ਬੂਤੀ ਪ੍ਰਦਾਨ ਕੀਤੀ ਗਈ ਹੈ ਸਗੋਂ ਇਸ ਦੇ ਪੁਰਾਤਨ ਸਰੂਪ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਇਸ ਤੋਂ ਪਹਿਲਾਂ ਇਮਾਰਤ ਦੇ ਕੁਝ ਹਿੱਸੇ ਨੂੰ ਹਸਪਤਾਲ ਪ੍ਰਸ਼ਾਸਨ ਵਲੋਂ ਆਪਣੀ ਲੋੜ ਅਨੁਸਾਰ ਬਦਲ ਦਿੱਤਾ ਗਿਆ ਸੀ, ਜਿਸ ਤਹਿਤ ਵਰਾਂਡੇ ਵਿਚ ਕੁਝ ਕਮਰੇ ਬਣਾ ਦਿੱਤੇ ਗਏ ਸਨ। ਪੁੱਡਾ ਨੇ ਮੁੜ ਇਸ ਇਮਾਰਤ ਨੂੰ ਪੁਰਾਤਨ ਸਰੂਪ ਵਿਚ ਲੈ ਆਂਦਾ ਹੈ। ਮੁਰੰਮਤ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਇਸ ਦੇ ਕੁਝ ਹਿੱਸੇ ਵਧੇਰੇ ਨਸ਼ਟ ਹੋ ਚੁੱਕੇ ਸਨ, ਜਿਨ੍ਹਾਂ ਨੂੰ ਮੁੜ ਕਾਇਮ ਕੀਤਾ ਗਿਆ ਹੈ। ਇਮਾਰਤ ਦੀ ਉਸਾਰੀ ਲਈ ਪੁਰਾਤਨ ਸਮਿਆਂ ਵਿਚ ਵਰਤੀ ਜਾਂਦੀ ਉਸਾਰੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਇਹ ਇਮਾਰਤ ਤਕਰੀਬਨ 9.7 ਏਕੜ ਰਕਬੇ ਵਿਚ ਫੈਲੀ ਹੋਈ ਹੈ ਤੇ ਇਸ ਨੂੰ ਭੋਪਾਲ ਤੇ ਅਗਰਤਲਾ ਵਿਚ ਬਣਾਏ ਗਏ 'ਸ਼ਹਿਰੀ ਹਾਟ' ਦੀ ਤਰਜ਼ 'ਤੇ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਹਾਟ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰ ਹੈਰੀਟੇਜ (ਇਨਟੈਕ) ਵਲੋਂ ਉਸਾਰੇ ਗਏ ਹਨ, ਜਿਥੇ ਉਥੋਂ ਦੇ ਸੂਬਿਆਂ ਦੀ ਵਿਰਾਸਤ ਨੂੰ ਦਰਸਾਇਆ ਜਾ ਰਿਹਾ ਹੈ।

ਅਜਿਹੇ ਹਾਟ ਵਿਚ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਦੁਕਾਨਾਂ, ਦਸਤਕਾਰੀ ਬਾਜ਼ਾਰ, ਸੋਵੀਨਾਰ ਦੁਕਾਨ, ਪੰਜਾਬੀ ਇੰਪੋਰੀਅਮ, ਫੂਡ ਕੋਰਟ, ਓਪਨ ਏਅਰ ਥੀਏਟਰ, ਪ੍ਰਦਰਸ਼ਨੀ ਹਾਲ, ਮੀਟਿੰਗ ਰੂਮ, ਪ੍ਰਸ਼ਾਸਕੀ ਕੰਪਲੈਕਸ, ਪਖਾਨੇ, ਰਸੋਈ, ਜਿੰਮ ਅਤੇ ਸਪਾ ਤੇ ਗਰੀਨ ਰੂਮ ਸ਼ਾਮਲ ਹੋਣਗੇ। ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਇਹ ਫੂਡ ਸਟਰੀਟ ਇਤਿਹਾਸ ਰਾਮਬਾਗ ਵਿਚ ਸਥਾਪਤ ਕਰਨ ਦੀ ਯੋਜਨਾ ਬਣਾਈ ਸੀ ਪਰ ਭਾਰਤੀ ਪੁਰਾਤਤਵ ਵਿਭਾਗ ਨੇ ਇਸ ਯੋਜਨਾ ਨੂੰ ਰੱਦ ਕਰ ਦਿੱਤਾ ਸੀ। ਹੁਣ ਇਸ ਤੋਂ ਬਾਅਦ ਇਸ ਹਸਪਤਾਲ ਦੀ ਪੁਰਾਤਨ ਇਮਾਰਤ ਵਿਚ ਫੂਡ ਸਟਰੀਟ ਸਥਾਪਤ ਕੀਤੀ ਜਾ ਰਹੀ ਹੈ।



## ਵਿਸ਼ਵ ਵਿਰਾਸਤ ਲਈ ਭੇਜੀ ਸੂਚੀ ਵਿਚ ਸ੍ਰੀ ਹਰਿਮੰਦਰ ਸਾਹਿਬ ਵੀ ਸ਼ਾਮਲ

**ਨਵੀਂ ਦਿੱਲੀ:** ਵਿਸ਼ਵ ਵਿਰਾਸਤ ਵਿਚ ਸ਼ਾਮਲ ਕਰਾਉਣ ਲਈ ਸਰਕਾਰ ਨੇ ਯੂਨੈਸਕੋ ਨੂੰ ਜਿਹੜੀਆਂ 46 ਥਾਂਵਾਂ ਦੀ ਸੂਚੀ ਸੌਂਪੀ ਹੈ, ਉਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵੀ ਸ਼ਾਮਲ ਹੈ। ਕੇਂਦਰੀ ਸਭਿਆਚਾਰ ਮੰਤਰੀ ਮਹੇਸ਼ ਸ਼ਰਮਾ ਨੇ ਰਾਜ ਸਭਾ ਵਿਚ ਲਿਖਤੀ ਜੁਆਬ ਵਿਚ ਕਿਹਾ ਕਿ ਇਹ ਸੂਚੀ ਅਪਰੈਲ 2014 ਵਿਚ ਸੌਂਪੀ ਗਈ ਸੀ।

# ਲੋਕ ਸਭਾ 'ਚ ਚੰਡੀਗੜ੍ਹ-ਹਜ਼ੂਰ ਸਾਹਿਬ ਹਵਾਈ ਸੇਵਾ ਦਾ ਮੁੱਦਾ ਉਠਿਆ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕਤਰ ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸ੍ਰੀ ਅਨੰਦਪੁਰ ਸਾਹਿਬ ਦੇ 350ਵੇਂ ਸਾਲ ਦੇ ਜਸ਼ਨਾਂ ਮੌਕੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਮੁਹਾਲੀ ਤੋਂ ਅੰਤਰਰਾਸ਼ਟਰੀ ਹਵਾਈ ਉਡਾਣਾਂ ਤੇ ਚੰਡੀਗੜ੍ਹ ਤੋਂ ਹਜ਼ੂਰ ਸਾਹਿਬ ਦਰਮਿਆਨ ਰੋਜ਼ਾਨਾ ਸਿੱਧੀ ਉਡਾਣ ਸ਼ੁਰੂ ਕਰਨ ਦੀ ਮੰਗ ਕੀਤੀ। ਲੋਕ ਸਭਾ ਵਿਚ ਸਿਫਰ ਕਾਲ ਵਿਚ ਇਹ ਮੁੱਦਾ ਉਠਾਉਂਦਿਆਂ ਸ. ਚੰਦੂਮਾਜਰਾ ਨੇ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਲਈ ਰੇਲ ਗੱਡੀ ਰਾਹੀਂ ਜਾਣ ਵਿਚ ਸਮੇਂ ਦੀ ਕਾਫੀ ਬਰਬਾਦੀ ਹੁੰਦੀ ਹੈ।



ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਰਾਜਪਤੀ ਰਾਜੂ ਵਲੋਂ ਇਸ ਰੂਟ ਦੇ ਇਕਨਾਮੀਕਲ ਨਾ ਹੋਣ 'ਤੇ ਸ. ਚੰਦੂਮਾਜਰਾ ਨੇ ਕਿਹਾ ਕਿ ਹਜ਼ੂਰ ਸਾਹਿਬ ਦੀ ਆਸਥਾ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਸਮੇਤ ਕਈ ਸਿੱਖ ਸੰਸਥਾਵਾਂ ਵਲੋਂ ਅਡਵਾਂਸ ਬੁਕਿੰਗ ਦਾ ਅਹਿਦ ਕਰਵਾ ਕੇ ਇਸ ਤੌਖਲੇ ਨੂੰ ਮਿਟਾਇਆ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਮੁਹਾਲੀ ਤੋਂ ਹਵਾਈ ਉਡਾਣਾਂ ਤੁਰੰਤ ਚਾਲੂ ਕਰਨ ਦੀ ਅਪੀਲ ਕੀਤੀ ਜਿਸ ਨਾਲ ਰਾਜ ਵਿਚ ਵਪਾਰ ਤੇ ਰੁਜ਼ਗਾਰ ਵਿਚ ਵਾਧਾ ਹੋਵੇਗਾ।

# ਦਿੱਲੀ ਗੁਰਦੁਆਰਾ ਕਮੇਟੀ 'ਤੇ ਬੇਨੇਮੀਆਂ ਦੇ ਦੋਸ਼

**ਨਵੀਂ ਦਿੱਲੀ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦਿੱਲੀ-ਯੂ.ਕੇ. ਦੇ ਪ੍ਰਧਾਨ ਜਸਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਬੰਧਤ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਆਪਣੇ ਦੋ ਸਾਲਾਂ ਦੇ ਕਾਰਜਕਾਲ ਵਿਚ ਅਸਫਲ ਸਾਬਤ ਹੋਏ ਹਨ।

ਇਥੇ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ ਗੁਰਦੁਆਰਾ ਕਮੇਟੀ ਵਿਚ ਗੋਲਕ ਤੇ ਸਟਾਫ਼ ਦੀ ਦੁਰਵਰਤੋਂ, ਸਿਫਾਰਸ਼ੀ ਕਲਚਰ, ਹਵਾਈ ਜਹਾਜ਼ਾਂ ਦੇ ਝੂਟੇ, ਚੋਣ ਮੈਨੀਫੈਸਟੋ ਦੀ ਵਾਅਦਾਖਿਲਾਫੀ, ਦੁਰਾਚਾਰੀ ਅਨਸਰਾਂ ਨੂੰ ਸ਼ਹਿ ਆਦਿ ਨੀਤੀਆਂ ਸਾਹਮਣੇ ਆ ਗਈਆਂ ਹਨ। ਕਮੇਟੀ ਪ੍ਰਬੰਧਕਾਂ ਵਲੋਂ ਗੁਰਦੁਆਰਾ ਬਾਲਾ ਸਾਹਿਬ ਨੂੰ ਪ੍ਰਾਈਵੇਟ ਕੰਪਨੀ ਤੋਂ ਵਾਪਸ ਲੈਣਾ ਤਾਂ ਦੂਰ, ਕਮੇਟੀ ਦੇ ਵਿੱਦਿਅਕ ਅਦਾਰਿਆਂ ਨੂੰ ਗੁਪਤ ਢੰਗ ਨਾਲ ਨਿੱਜੀ ਹੱਥਾਂ ਵਿਚ ਸੌਂਪ ਕੇ ਇਨ੍ਹਾਂ ਜਾਇਦਾਦਾਂ ਨੂੰ ਖੁਰਦ-ਬੁਰਦ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਨ੍ਹਾਂ ਕਾਰਵਾਈਆਂ ਨੂੰ ਸੰਗਤ ਤੋਂ ਛੁਪਾਉਣ ਲਈ ਪ੍ਰਬੰਧਕਾਂ ਵਲੋਂ ਆਰ.ਟੀ.ਆਈ. ਤਹਿਤ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਅਜਿਹੇ ਪ੍ਰਬੰਧਕਾਂ ਨੂੰ ਮੁੜ ਤੋਂ ਕਮੇਟੀ ਦੇ ਮੁੱਖ ਅਹੁਦੇਦਾਰਾਂ ਵਜੋਂ ਥੋਪਣ ਕਾਰਨ ਦਿੱਲੀ ਦੀ ਸੰਗਤ ਤੇ ਕਮੇਟੀ ਮੈਂਬਰਾਂ ਵਿਚ ਭਾਰੀ ਨਾਰਾਜ਼ਗੀ ਹੈ।



*ਜਸਜੀਤ ਸਿੰਘ*

ਸ. ਜਸਜੀਤ ਸਿੰਘ ਨੇ ਕਿਹਾ ਕਿ ਨਵੀਂ ਨੀਤੀ ਤਹਿਤ ਪਾਰਟੀ ਨੇ ਭ੍ਰਿਸ਼ਟ ਪ੍ਰਬੰਧਕਾਂ ਵਿਰੁਧ ਆਵਾਜ਼ ਚੁੱਕਣ ਦੇ ਨਾਲ ਦਿੱਲੀ ਦੇ ਸਿੱਖਾਂ ਦੀ ਸੇਵਾ ਵਾਸਤੇ 'ਸ਼੍ਰੋਮਣੀ ਅਕਾਲੀ ਵੈਲਫੇਅਰ ਸੁਸਾਇਟੀ' ਦੀ ਸਥਾਪਨਾ ਕੀਤੀ ਹੈ, ਜੋ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਦੀ ਮਦਦ ਨਾਲ ਹਰ ਵਰਗ ਦੇ ਲੋਕਾਂ ਦੀ ਮਦਦ ਲਈ ਵੱਖ-ਵੱਖ ਪ੍ਰਾਜੈਕਟਾਂ ਨੂੰ ਅਮਲ ਵਿਚ ਲਿਆਏਗੀ।

ਇਸ ਬਾਰੇ ਪ੍ਰਤੀਪਾਲ ਸਿੰਘ ਕਾਲਰਾ ਨੇ ਕਿਹਾ ਕਿ ਸੁਸਾਇਟੀ ਵਲੋਂ ਬੇਰੁਜ਼ਗਾਰ ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ, ਨੌਜਵਾਨਾਂ ਨੂੰ ਤਕਨੀਕੀ ਸਿਖਲਾਈ ਤੇ ਸਵੈ-ਰੁਜ਼ਗਾਰ ਦੇ ਸਾਧਨ ਪ੍ਰਦਾਨ ਕਰਨ, ਵਿਧਵਾ ਜਾਂ ਅਨਾਥ ਲੜਕੀਆਂ ਦੀ ਆਰਥਿਕ ਮਦਦ, ਸਰਕਾਰ ਦੇ ਸਮਾਜ ਭਲਾਈ ਪ੍ਰਾਜੈਕਟ ਵਿਚ ਸਰਗਰਮੀ ਨਾਲ ਭਾਈਵਾਲੀ ਤੇ ਹੋਰ ਪ੍ਰਾਜੈਕਟਾਂ ਨੂੰ ਅੰਜਾਮ ਦਿੱਤਾ ਜਾਵੇਗਾ।

## ਅਫਗਾਨਿਸਤਾਨ ਪੁੱਜੇ ਸਿੱਖ ਨੇ ਇਸਲਾਮ ਕਬੂਲਿਆ

**ਕਾਬੁਲ:** ਭਾਰਤ ਤੋਂ ਅਫਗਾਨਿਸਤਾਨ ਪੁੱਜੇ ਇਕ ਸਿੱਖ ਨੇ ਇਸਲਾਮ ਧਾਰਨ ਕਰ ਲਿਆ ਤੇ ਮੀਡੀਆ ਰਿਪੋਰਟ ਮੁਤਾਬਕ ਉਸ ਨੇ ਆਪਣਾ ਨਾਂ ਅਬਦੁਲ ਰਹਿਮਾਨ ਰੱਖ ਲਿਆ ਹੈ। ਪਾਜਵੋਕ ਅਫਗਾਨ ਨਿਊਜ਼ ਦੀ ਰਿਪੋਰਟ ਮੁਤਾਬਕ ਉੱਤਰੀ ਜਾਜੀਆਂ ਸੂਬੇ ਵਿਚ ਤੋਤਾ ਸਿੰਘ ਨੇ ਇਸਲਾਮ ਧਰਮ ਅਪਨਾ ਕੇ ਆਪਣਾ ਨਾਂ ਅਬਦੁਲ ਰਹਿਮਾਨ ਰੱਖ ਲਿਆ ਹੈ।

ਤੋਤਾ ਸਿੰਘ ਦੋ ਕੁ ਸਾਲ ਪਹਿਲਾਂ ਭਾਰਤ ਤੋਂ ਜਾਜੀਆਂ ਸੂਬੇ ਦੀ ਰਾਜਧਾਨੀ ਸ਼ਿਬਰਗਨ ਪੁੱਜਾ ਸੀ। ਰਿਪੋਰਟ ਮੁਤਾਬਕ ਉਸ ਨੇ ਕਾਫੀ ਛਾਣ-ਬੀਣ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ। ਉਸ ਨੇ ਕਿਹਾ ਕਿ ਕਾਫੀ ਖੋਜ ਕਰਨ ਮਗਰੋਂ ਮੈਂ ਆਖਰ ਇਸਲਾਮ ਧਾਰਨ ਕੀਤਾ ਹੈ। ਮੈਂ ਭਾਰਤ ਵਿਚ ਕੁਝ ਸਮਾਂ ਜੇਲ੍ਹ ਵਿਚ ਰਿਹਾ ਸੀ ਤੇ ਉਥੋਂ ਮੈਂ ਬਹੁਤ ਸਾਰੇ ਲੋਕਾਂ ਨੂੰ ਬੁੱਤਾਂ, ਜਾਨਵਰਾਂ ਤੇ ਦਰੱਖਤਾਂ ਦੀ ਪੂਜਾ ਕਰਦੇ ਦੇਖਿਆ ਜੋ ਮੈਨੂੰ ਠੀਕ ਨਹੀਂ ਲੱਗਿਆ। ਤੋਤਾ ਸਿੰਘ ਨੇ ਆਪਣੇ ਭਰਾ ਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੂੰ ਵੀ ਇਸਲਾਮ ਧਾਰਨ ਕਰਨ ਦੀ ਬੇਨਤੀ ਕੀਤੀ ਹੈ। ਉਸ ਦਾ ਪਰਿਵਾਰ ਲਗਪਗ ਦੋ ਦਹਾਕਿਆਂ ਤੋਂ ਸ਼ਿਬਰਗਨ ਵਿਚ ਰਹਿ ਰਿਹਾ ਹੈ। ਹੱਜ ਤੇ ਧਾਰਮਿਕ ਮਾਮਲਿਆਂ ਬਾਰੇ ਡਾਇਰੈਕਟਰ ਅਬਦੁਲ ਰਹੀਮ ਇਸਲਾਮਯਾਰ ਨੇ ਇਕ ਸਮਾਗਮ ਦੌਰਾਨ ਦੱਸਿਆ ਕਿ ਮੌਲਵੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਤੋਤਾ ਸਿੰਘ ਨੂੰ ਨਵਾਂ ਨਾਂ ਅਬਦੁਲ ਰਹਿਮਾਨ ਦਿੱਤਾ ਗਿਆ ਹੈ।

# ਜੱਲ੍ਹਿਆਂਵਾਲਾ ਬਾਗ ਦੀ ਵਿਰਾਸਤੀ ਸੰਭਾਲ ਦੀ ਆਸ ਬੱਝੀ

**ਅੰਮ੍ਰਿਤਸਰ:** ਇਤਿਹਾਸਕ ਜੱਲ੍ਹਿਆਂਵਾਲਾ ਬਾਗ ਨੂੰ ਦੇਸ਼ ਦੀਆਂ ਵਿਰਾਸਤੀ ਥਾਂਵਾਂ ਦੀ ਸੂਚੀ ਵਿਚ ਸ਼ਾਮਲ ਕੀਤੇ ਜਾਣ ਦੇ ਐਲਾਨ ਨਾਲ ਇਹ ਸੰਭਾਵਨਾ ਬਣ ਗਈ ਹੈ ਕਿ ਇਸ ਇਤਿਹਾਸਕ ਥਾਂ ਨੂੰ ਵਿਰਾਸਤੀ ਰੂਪ ਵਿਚ ਹੀ ਸੰਭਾਲਿਆ ਜਾਵੇਗਾ। ਇਸ ਦਾ ਖਤਮ ਹੋ ਰਿਹਾ ਵਿਰਾਸਤੀ ਰੂਪ ਇਸ ਵੇਲੇ ਵਿਰਾਸਤ ਮਾਹਿਰਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਕੇਂਦਰੀ ਬਜਟ ਵਿਚ ਦੇਸ਼ ਦੀਆਂ ਕੁਝ ਵਿਰਾਸਤੀ ਥਾਂਵਾਂ ਨੂੰ ਵਿਰਾਸਤੀ ਸੂਚੀ ਵਿਚ ਸ਼ਾਮਲ ਕਰਨ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਰਾਸਤੀ ਥਾਂਵਾਂ ਵਿਚ ਅੰਮ੍ਰਿਤਸਰ ਦਾ ਇਤਿਹਾਸਕ ਜੱਲ੍ਹਿਆਂਵਾਲਾ ਬਾਗ ਵੀ ਸ਼ਾਮਲ ਹੈ। ਇਥੇ ਅਪਰੈਲ 1919 ਵਿਚ ਵਿਸਾਖੀ ਮੌਕੇ ਦੇਸ਼ ਦੀ ਆਜ਼ਾਦੀ ਦੇ ਹੱਕ ਵਿਚ ਜਲਸਾ ਹੋ ਰਿਹਾ ਸੀ, ਜਿਥੇ ਉਸ ਵੇਲੇ ਦੇ ਅੰਗਰੇਜ਼ੀ ਹਾਕਮ ਜਨਰਲ ਡਾਇਰ ਨੇ ਅੰਗਰੇਜ਼ੀ ਫੌਜਾਂ ਰਾਹੀਂ ਨਿਹੱਥੇ ਲੋਕਾਂ 'ਤੇ ਅੰਨੇਵਾਹ ਗੋਲੀ ਚਲਾਈ ਸੀ, ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਸਨ। ਇਸ ਬਾਗ ਵਿਚ ਉਸ ਵੇਲੇ ਦੀਆਂ ਕੁਝ ਨਿਸ਼ਾਨੀਆਂ ਮੌਜੂਦ ਹਨ, ਜਿਨ੍ਹਾਂ ਵਿਚ ਖੂਨੀ ਖੂਹ, ਕੰਧਾਂ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ ਅਤੇ ਸ਼ਹੀਦਾਂ ਦੀ ਯਾਦ ਵਿਚ ਉਸਾਰਿਆ ਗਿਆ ਸਮਾਰਕ ਆਦਿ ਸ਼ਾਮਲ ਹੈ।

ਇਸ ਇਤਿਹਾਸਕ ਥਾਂ ਨੂੰ ਵਿਰਾਸਤੀ ਥਾਂਵਾਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤੇ ਜਾਣ ਨਾਲ ਇਸ ਦੀ ਵਿਰਾਸਤੀ ਦਿੱਖ ਨੂੰ ਕਾਇਮ ਰੱਖਣ ਵਿਚ ਮਦਦ ਮਿਲੇਗੀ ਕਿਉਂਕਿ ਇਸ ਦੀ ਸਾਂਭ-ਸੰਭਾਲ ਵਿਰਾਸਤੀ ਮਾਹਰਾਂ ਵਲੋਂ ਕੀਤੀ ਜਾਵੇਗੀ। ਇਹ ਵਿਰਾਸਤੀ ਥਾਂ ਪਹਿਲਾਂ ਹੀ ਆਪਣਾ ਵਿਰਾਸਤੀ ਸਰੂਪ ਗੁਆ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਨੂੰ ਸੁੰਦਰ ਬਣਾਉਣ ਦੇ ਮੰਤਵ ਨਾਲ ਕਈ ਬਦਲਾਅ ਕੀਤੇ ਗਏ ਹਨ ਜਿਸ ਨਾਲ ਇਸ ਦਾ ਵਿਰਾਸਤੀ ਸਰੂਪ ਤੇ ਮਹੱਤਤਾ ਨੂੰ ਢਾਹ ਲੱਗੀ ਹੈ। ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਦੀ ਮਾਹਰ ਨਮਿਤਾ ਜਸਪਾਲ ਨੇ ਆਖਿਆ ਕਿ ਇਹ ਵਿਰਾਸਤੀ ਥਾਂ ਨਾ ਸਿਰਫ ਪੰਜਾਬ ਸਗੋਂ ਸਮੁੱਚੇ ਦੇਸ਼ ਵਾਸੀਆਂ ਲਈ ਅਹਿਮ ਸਥਾਨ ਹੈ। ਇਸ ਅਹਿਮ ਸਥਾਨ ਦੀ ਵਿਰਾਸਤੀ ਦਿੱਖ ਨੂੰ ਕਾਇਮ ਰੱਖਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਦੀ ਵਿਰਾਸਤੀ ਦਿੱਖ ਨੂੰ ਦੇਖ ਕੇ ਇਥੇ ਵਾਪਰੇ ਕਾਂਡ ਦਾ ਅੰਦਾਜ਼ਾ ਲਾ ਸਕਣ ਤੇ ਇਤਿਹਾਸ ਤੋਂ ਜਾਣੂ ਹੋ ਸਕਣ।



ਤਕਰੀਬਨ ਚਾਰ ਵਰ੍ਹੇ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਜਤ ਅਗਰਵਾਲ ਵਲੋਂ ਇਸ ਇਤਿਹਾਸਕ ਬਾਗ ਦੀ ਸੁੰਦਰਤਾ ਨੂੰ ਕਾਇਮ ਰੱਖਣ ਲਈ ਯੋਜਨਾ ਬਣਾਈ ਗਈ ਸੀ ਪਰ ਉਸ ਤੋਂ ਬਾਅਦ ਇਸ ਦੀ ਸਾਂਭ-ਸੰਭਾਲ ਬਾਰੇ ਕੋਈ ਕੰਮ ਨਹੀਂ ਹੋਇਆ ਹੈ। ਇਸ ਯੋਜਨਾ ਤਹਿਤ ਸਮਾਰਕ ਵਿਚ ਨਵੇਂ ਬੂਟੇ ਲਾਏ ਗਏ ਸਨ, ਸਮਾਰਕ ਦੇ ਨੇੜੇ ਬੂਟਿਆਂ ਦੇ ਰੂਪ ਵਿਚ ਗੋਲੀਆਂ ਚਲਾਉਂਦੇ ਅੰਗਰੇਜ਼ੀ ਸੈਨਿਕ ਤੇ ਗੋਲੀਆਂ ਨਾਲ ਮਰਦੇ ਹੋਏ ਭਾਰਤੀ ਦਿਖਾਏ ਗਏ ਸਨ। ਮਰ ਰਹੇ ਲੋਕਾਂ ਨੂੰ ਸੰਕੇਤ ਚਿੰਨ੍ਹ ਦੇ ਰੂਪ ਵਿਚ ਉਨ੍ਹਾਂ ਦੀਆਂ ਸਿਰਫ ਬਾਹਵਾਂ ਹੀ ਦਿਖਾਈਆਂ ਗਈਆਂ ਸਨ। ਇਸੇ ਤਰ੍ਹਾਂ ਇਤਿਹਾਸ ਨੂੰ ਦਰਸਾਉਣ ਲਈ ਰਾਤ ਸਮੇਂ ਆਵਾਜ਼ ਤੇ ਰੌਸ਼ਨੀ 'ਤੇ ਆਧਾਰਤ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਜੋ ਕਿ ਉਘੇ ਫਿਲਮ ਕਲਾਕਾਰ ਅਮਿਤਾਭ ਬੱਚਨ ਦੀ ਆਵਾਜ਼ ਵਿਚ ਸੀ। ਇਸੇ ਤਰ੍ਹਾਂ ਮਲਟੀਮੀਡੀਆ ਰੂਮ ਸਥਾਪਤ ਕੀਤਾ ਗਿਆ ਸੀ, ਜਿਸ ਵਿਚ ਲਘੂ ਫਿਲਮਾਂ ਰਾਹੀਂ ਲੋਕਾਂ ਨੂੰ ਇਸ ਦੇ ਇਤਿਹਾਸ ਤੋਂ ਜਾਣੂ ਕਰਾਉਣ ਦਾ ਪ੍ਰਬੰਧ ਹੈ।

ਕੇਂਦਰੀ ਬਜਟ ਦੌਰਾਨ ਅੰਮ੍ਰਿਤਸਰ ਲਈ ਬਾਗਬਾਨੀ ਖੋਜ ਕੇਂਦਰ ਸਥਾਪਤ ਕਰਨ ਤੇ ਪੰਜਾਬ ਵਿਚ ਕਿਸੇ ਥਾਂ 'ਤੇ ਏਮਜ਼ ਵਰਗਾ ਵੱਡਾ ਸਿਹਤ ਕੇਂਦਰ ਸਥਾਪਤ ਕਰਨ ਦੇ ਐਲਾਨ ਦਾ ਲੋਕਾਂ ਨੇ ਸਵਾਗਤ ਕਰਦਿਆਂ ਆਖਿਆ ਕਿ ਸ੍ਰੀ ਜੇਤਲੀ ਨੇ ਅਜਿਹਾ ਐਲਾਨ ਕਰਕੇ ਅੰਮ੍ਰਿਤਸਰ ਨਾਲ ਆਪਣੀ ਨੇੜਤਾ ਦਾ ਵੀ ਪ੍ਰਗਟਾਵਾ ਕੀਤਾ ਹੈ। ਸ੍ਰੀ ਜੇਤਲੀ ਨੇ ਸੰਸਦੀ ਚੋਣਾਂ ਅੰਮ੍ਰਿਤਸਰ ਹਲਕੇ ਤੋਂ ਲੜੀਆਂ ਸਨ ਪਰ ਉਹ ਇਹ ਚੋਣਾਂ ਵਿਚ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਤੋਂ ਹਾਰ ਗਏ ਸਨ। ਇਸ ਬਾਰੇ ਸੀ.ਆਈ.ਆਈ. ਦੀ ਕੌਮੀ ਕੌਂਸਲ ਦੇ ਮੈਂਬਰ ਗੁਨਬੀਰ ਸਿੰਘ ਨੇ ਆਖਿਆ ਕਿ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਅੰਮ੍ਰਿਤਸਰ ਨੂੰ ਯਾਦ ਰੱਖਿਆ ਹੈ ਤੇ ਅੰਮ੍ਰਿਤਸਰ ਵਾਸੀਆਂ ਲਈ ਬਾਗਬਾਨੀ ਖੋਜ ਕੇਂਦਰ ਤੇ ਜਲ੍ਹਿਆਂਵਾਲਾ ਬਾਗ ਨੂੰ ਵਿਰਾਸਤੀ ਸਥਾਨਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰਕ ਇਕ ਤੋਹਫਾ ਦਿੱਤਾ ਹੈ।

# ਹਾਲੀਵੁੱਡ 'ਚ ਔਰਤਾਂ ਦੀ ਪ੍ਰਤਿਭਾ ਨੂੰ ਬਣਦੀ ਥਾਂ ਨਹੀਂ

**ਵਿਚਾਰ-ਗੋਸ਼ਟੀ**

ਪਿਛਲੇ ਦਿਨੀਂ 87ਵੇਂ ਅਕੈਡਮੀ ਆਸਕਰ ਐਵਾਰਡ ਦਾ ਸਾਲਾਨਾ ਸਮਾਗਮ ਲਾਸ ਏਂਜਲਸ (ਕੈਲੀਫੋਰਨੀਆ) ਦੇ ਡੋਲਬੀ ਥਿਏਟਰ ਵਿਚ ਚੱਲ ਰਿਹਾ ਸੀ। ਮੰਚ ਸਚਾਲਕ ਨੀਲ ਪੈਟ੍ਰਿਕ ਹੈਰਿਸ ਆਪਣੇ ਚੁਟਕਲਿਆਂ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕਰ ਰਿਹਾ ਸੀ। ਇਨਾਮ ਵੰਡੇ ਜਾ ਰਹੇ ਸਨ ਤੇ ਜੇਤੂ ਕਲਾਕਾਰ ਆਪਣਾ ਇਨਾਮ ਲੈ ਰਹੇ ਸਨ ਪਰ ਹਾਲ ਵਿਚ ਉਸ ਵੇਲੇ ਹਲਚਲ ਸ਼ੁਰੂ ਹੋ ਗਈ ਜਦੋਂ ਫਿਲਮ "ਬੁਆਏਹੂਡ" ਲਈ ਬੈਸਟ ਸੁਪੋਰਟਿੰਗ ਐਕਟਰੈਸ ਦਾ ਇਨਾਮ ਹਾਸਿਲ

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਕਰਨ ਵਾਲੀ ਹਾਲੀਵੁੱਡ ਦੀ ਪੈਟਰਿਕਾ ਅਰਕੂਟੀ ਨੇ ਆਪਣੀ ਤਕਰੀਰ ਵਿਚ ਇਹ ਕਹਿ ਕੇ ਸਨਸਨੀ ਪੈਦਾ ਕਰ ਦਿੱਤੀ ਕਿ ਹਾਲੀਵੁਡ ਫਿਲਮਾਂ ਵਿਚ ਕੰਮ ਕਰਨ ਵਾਲੀਆਂ ਨਾਇਕਾਵਾਂ ਨੂੰ ਨਾਇਕਾਂ ਦੇ ਮੁਕਾਬਲੇ ਬਹੁਤ ਘੱਟ ਪੈਸੇ ਮਿਲਦੇ ਹਨ।

ਉਸ ਦੇ ਸ਼ਬਦ ਸਨ, "ਅਸੀਂ ਸਾਰਿਆਂ ਨੇ ਦੂਸਰਿਆਂ ਦੇ ਅਧਿਕਾਰਾਂ ਦੀ ਲੜਾਈ ਲੜੀ ਹੈ, ਹੁਣ ਵਕਤ ਆ ਗਿਆ ਹੈ ਕਿ ਸਾਨੂੰ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਿਹਨਤਾਨਾ ਅਤੇ ਅਧਿਕਾਰ ਮਿਲਣ।" ਉਸ ਦੇ ਸ਼ਬਦਾਂ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਹਾਲ ਵਿਚ ਮੌਜੂਦ ਸੀਨੀਅਰ ਕਲਾਕਾਰ ਮੈਰੀਲ ਸਟਰੀਪ ਤੇ ਜੈਨੀਫਰ ਲੋਪੇਜ ਨੇ ਬਾਹਵਾਂ ਉਚੀਆਂ ਚੁਕ ਕੇ ਹੱਥ ਹਿਲਾ ਕੇ ਇਸ ਦਾ ਜੋਰਦਾਰ ਸਮਰਥਨ ਕੀਤਾ। ਹਾਲ ਵਿਚ ਬੈਠੀਆਂ ਹੋਰ ਮਹਿਲਾ ਕਲਾਕਾਰਾਂ ਨੇ ਵੀ ਜੋਰਦਾਰ ਤਾੜੀਆਂ ਨਾਲ ਇਸ ਦੀ ਹਮਾਇਤ ਕਰ ਦਿੱਤੀ। ਹਾਲ ਵਿਚ ਖਲਬਲੀ ਮੱਚ ਗਈ।

ਆਸਕਰ ਐਵਾਰਡ ਦੇ ਸਮਾਗਮ ਦਾ ਸਿੱਧਾ ਪ੍ਰਸਾਰਨ ਦੁਨੀਆਂ ਭਰ ਵਿਚ ਕਰੋੜਾਂ ਲੋਕਾਂ ਵਲੋਂ ਦੇਖਿਆ ਜਾਂਦਾ ਹੈ। ਕੁਝ ਸਮੇਂ ਵਿਚ ਹੀ ਇਸ ਘਟਨਾ ਨੂੰ ਪੂਰੇ ਸੰਸਾਰ ਦੇ ਮੀਡੀਏ ਅਤੇ ਆਲੋਚਕਾਂ ਨੇ ਚਰਚਾ ਦਾ ਵਿਸ਼ਾ ਬਣਾ ਲਿਆ ਕਿ ਅਮਰੀਕਾ ਵਰਗਾ ਮੁਲਕ ਜਿਹੜਾ ਕਿ ਦੁਨੀਆਂ ਭਰ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦਾ ਮੁੱਦਈ ਹੈ, ਉਸ ਦੇਸ਼ ਵਿਚ ਦੇਖੋ ਕੀ ਵਰਤਾਰਾ ਹੋ ਰਿਹਾ ਹੈ? ਜਿਥੇ ਇਸ ਮੁੱਦੇ ਦੇ ਹੱਕ ਵਿਚ ਜੋਰਦਾਰ ਆਵਾਜ਼ਾਂ ਉਠੀਆਂ, ਉਥੇ ਕੁਝ ਆਲੋਚਕਾਂ ਨੇ ਅਦਾਕਾਰਾ ਪੈਟਰਿਕਾ ਅਰਕੂਟੀ ਦੀ ਆਲੋਚਨਾ ਵੀ ਕੀਤੀ ਕਿ ਉਸ ਨੇ ਆਸਕਰ ਐਵਾਰਡ ਦੇ ਮੰਚ ਨੂੰ ਕਿਸੇ ਵਿਵਾਦਪੂਰਨ ਵਿਸ਼ੇ ਲਈ ਕਿਉਂ ਚੁਣਿਆ? ਨਿਸ਼ਚਿਤ ਤੌਰ 'ਤੇ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਦੀਆਂ ਸੁਰਖੀਆਂ ਨਾਲ ਇਹ ਵੱਡਾ ਵੱਕਾਰੀ ਮੁੱਦਾ ਬਣ ਗਿਆ। ਅਮਰੀਕਾ ਦੀਆਂ ਮਹਿਲਾ ਜਥੇਬੰਦੀਆਂ ਨੇ ਇਸ ਸੰਵੇਦਨਸ਼ੀਲ ਮਸਲੇ ਨੂੰ ਲੰਮੇ ਹੱਥੀਂ ਲਿਆ ਕਿ ਔਰਤ ਅਦਾਕਾਰਾਂ ਨਾਲ ਇਹ ਜ਼ਿਆਦਤੀ ਕਿਉਂ? ਇਸ ਤਰ੍ਹਾਂ ਇਹ ਮਾਮਲਾ ਕਾਫੀ ਤੂਲ ਫੜ ਗਿਆ।

ਇਸੇ ਮੁੱਦੇ ਨੂੰ ਲੈ ਕੇ "ਕਮਿਊਨਿਟੀ ਸਿਨੇਮਾ" ਵਲੋਂ "ਵਿਮਨ ਇਨ ਹਾਲੀਵੁੱਡ" ਵਿਸ਼ੇ 'ਤੇ ਇਕ ਸੈਮੀਨਾਰ ਕਲਚਰਲ ਸੈਂਟਰ ਸ਼ਿਕਾਗੋ ਵਿਚ ਕਰਵਾਇਆ ਗਿਆ ਜਿਸ ਵਿਚ ਹਾਲੀਵੁੱਡ ਦੀਆਂ ਫਿਲਮਾਂ ਵਿਚ ਔਰਤ ਕਲਾਕਾਰਾਂ, ਨਿਰਦੇਸ਼ਕਾਂ ਤੇ ਫਿਲਮ ਨਿਰਮਾਤਾਵਾਂ ਦੀ ਤਾਜ਼ਾ ਸਥਿਤੀ ਬਾਰੇ ਚਰਚਾ ਕੀਤੀ ਗਈ। ਦੇਸ਼-ਵਿਦੇਸ਼ ਤੋਂ ਆਏ ਫਿਲਮ ਪ੍ਰੇਮੀਆਂ, ਫਿਲਮ ਸਨਅਤ ਨਾਲ ਜੁੜੇ ਹਾਲੀਵੁੱਡ ਤੇ ਬਾਲੀਵੁੱਡ ਦੇ ਨਿਰਮਾਤਾ-ਨਿਰਦੇਸ਼ਕਾਂ ਨੇ ਇਸ ਵਿਚ ਹਿੱਸਾ ਲਿਆ।

ਪੈਨਲ ਵਿਚ ਹਿੱਸਾ ਲੈਣ ਵਾਲੀਆਂ ਹਾਲੀਵੁੱਡ ਦੀਆਂ ਫਿਲਮੀ ਹਸਤੀਆਂ ਫਿਲਮ "ਫੋਰਟ ਵਿਲਡਨ" ਦੀ ਡਾਇਰੈਕਟਰ ਸਰਹਾ ਬਿਲਸ, ਫਿਲਮ "ਰੈਡ ਰੋਜ਼" ਦੀ ਡਾਇਰੈਕਟਰ ਸਪੀਡਾ ਫਾਰਸੀ, ਫਿਲਮ "ਦੀ ਐਲੀ ਕੈਟ" ਦੀ ਡਾਇਰੈਕਟਰ ਮਾਰੀਆ ਆਲਰਿਚ, ਫਿਲਮ ਨਿਰਦੇਸ਼ਕ ਤੇ ਡਾਇਰੈਕਟਰ ਆਫ ਸ਼ਿਕਾਗੋ ਮੀਡੀਆ ਪ੍ਰਾਜੈਕਟ ਪੋਲਾ ਫੋਰਲ ਅਤੇ ਪ੍ਰੈਜੀਡੈਂਟ ਵਿਮਨ ਇਨ ਫਿਲਮ ਸ਼ਿਕਾਗੋ ਮੇਗਨਾ ਮੈਪਲਾ ਅਤੇ ਅਖਬਾਰ "ਸ਼ਿਕਾਗੋ ਨਾਈਟਸ" ਦੀ ਇਲਜਾਬੈਥ ਮਾਡਰੇਟਰ ਦੇ ਤੌਰ 'ਤੇ ਮੌਜੂਦ ਸਨ।

ਪ੍ਰੋਗਰਾਮ ਦੇ ਸ਼ੁਰੂ ਵਿਚ "ਮੇਕਰ-ਵਿਮਨ ਇਨ ਹਾਲੀਵੁੱਡ" ਇਕ ਦਸਤਾਵੇਜ਼ੀ ਫਿਲਮ ਦਿਖਾਈ ਗਈ ਜਿਸ ਦੀ ਪੇਸ਼ਕਰਤਾ ਮਸ਼ਹੂਰ ਫਿਲਮ ਐਕਟਰੈਸ ਜੂਲੀਆ ਰੌਬਰਟਸ ਸੀ। ਇਸ ਫਿਲਮ ਵਿਚ ਅਮਰੀਕੀ ਫਿਲਮ ਸਨਅਤ ਦੇ ਮੂਕ ਸਿਨੇਮਾ ਸਮੇਂ ਵਾਲੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਮਹਿਲਾ ਅਦਾਕਾਰਾਂ ਦੇ ਫਿਲਮੀ ਸਫਰ ਦੇ ਵੱਖ ਵੱਖ ਪੜਾਵਾਂ ਦਾ ਵਿਸਥਾਰਪੂਰਵਕ ਜ਼ਿਕਰ ਹੈ। ਇਸ ਫਿਲਮ ਵਿਚ ਦੱਸਿਆ ਗਿਆ ਹੈ ਕਿ ਸ਼ੁਰੂ ਤੋਂ ਹੀ ਫਿਲਮਾਂ ਵਿਚ ਔਰਤਾਂ ਨੂੰ ਕਈ ਮਾਮਲਿਆਂ ਵਿਚ ਅਣਡਿੱਠ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਨੂੰ ਫਿਲਮਾਂ ਵਿਚ ਕੇਵਲ ਬੁਰੀ ਔਰਤ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਂਦਾ ਰਿਹਾ ਹੈ। ਫਿਲਮਾਂ ਵਿਚ ਔਰਤਾਂ ਦੇ ਕਿਰਦਾਰ ਵੀ ਬਹੁਤ ਛੋਟੇ ਹੁੰਦੇ ਸਨ ਕਿਉਂਕਿ ਮਰਦ ਕਲਾਕਾਰਾਂ ਨੂੰ ਸੈਕੰਡ ਲੀਡ ਵਿਚ ਕੰਮ ਕਰਨਾ ਮਨਜੂਰ ਨਹੀਂ ਸੀ। ਪੁਰਸ਼ ਅਦਾਕਾਰਾਂ ਨੂੰ ਫਿਲਮ ਵਿਚ ਕੰਮ ਕਰਨ ਦਾ ਪੈਸਾ ਵੀ ਕਈ ਗੁਣਾ ਜ਼ਿਆਦਾ ਦਿੱਤਾ ਜਾਂਦਾ ਸੀ।

ਹਾਲੀਵੁੱਡ ਵਿਚ ਫਿਲਮ ਕਲਾਕਾਰ ਦੀ ਸਫਲਤਾ ਹਮੇਸ਼ਾ ਐਵਾਰਡਾਂ ਤੇ ਡਾਲਰਾਂ ਰਾਹੀਂ ਹੀ ਮਾਪੀ ਜਾਂਦੀ ਹੈ। ਇਸ ਪੁਰਸ਼ ਪ੍ਰਧਾਨ ਸਨਅਤ ਵਿਚ ਮਰਦ ਕਲਾਕਾਰ ਹੀ ਸਦਾ ਮੋਹਰੀ ਰਹੇ ਹਨ। ਸੋ ਔਰਤਾਂ ਦੀ ਬਣਦੀ ਇੱਜ਼ਤ ਅਤੇ ਇੰਡਟਰੀ ਦੇ ਨਿਯਮਾਂ 'ਤੇ ਪਾਬੰਦੀਆਂ ਨੂੰ ਬਦਲਣ ਲਈ ਸੰਨ 1960 ਵਿਚ ਮਹਿਲਾ ਕਲਾਕਾਰਾਂ ਨੂੰ ਲਹਿਰ ਚਲਾਉਣੀ ਪਈ ਸੀ। ਇਹ ਨਾਹਰੇ ਵੀ ਲੱਗੇ ਸਨ, "ਰੇਜ ਦਿਉ ਰੋਜ਼ (ਗੁਲਾਬ) ਨਹੀਂ", "ਰਿਸਪੈਕਟ ਮੀ ਫਸਟ-ਲਵ ਮੀ ਲੇਟਰ।" ਅਦਾਕਾਰਾ ਸ਼ੈਰੀ ਲੈਨਸਿੰਗ ਨੂੰ ਫੋਕਸ ਕੰਪਨੀ ਤੋਂ ਅਸਤੀਫਾ ਦੇ ਕੇ ਆਪਣੀ ਕੰਪਨੀ ਖੋਲਣ ਲਈ ਮਜਬੂਰ ਹੋਣਾ ਪਿਆ ਸੀ। ਜਾਨ ਫੋਡਾ ਵਰਗੀ ਅਦਾਕਾਰਾ ਨੂੰ ਵੀ ਆਪਣੀ ਫਿਲਮ ਦਾ ਆਪ ਨਿਰਮਾਣ ਕਰਨਾ ਪਿਆ ਸੀ। "ਦੈਟ ਗਰਲ", "9 ਟੂ 5", "ਫੈਟਲ ਅਟਰੈਕਸ਼ਨ" ਅਤੇ "ਥਿਲਮਾ ਐਂਡ ਲੁਈਸੀ" ਆਦਿ ਫਿਲਮਾਂ ਜਿਨ੍ਹਾਂ ਵਿਚ ਔਰਤਾਂ ਦੇ ਸ਼ਕਤੀਸ਼ਾਲੀ ਕਿਰਦਾਰ ਸਨ, ਨੇ ਬਾਕਸ ਆਫਿਸ 'ਤੇ ਸਫਲਤਾ ਦੇ ਝੰਡੇ ਗੱਡੇ। ਔਰਤਾਂ ਨੇ ਵੱਡੀ ਓਪਨਿੰਗ ਦੇਣ ਵਾਲੀਆਂ ਫਿਲਮਾਂ ਬਣਾਈਆਂ ਪਰ ਇਨ੍ਹਾਂ ਦਾ ਵੀ ਪੁਰਸ਼ ਪ੍ਰਧਾਨ ਫਿਲਮ ਸਨਅਤ ਵਲੋਂ ਇਹ ਕਹਿ ਕੇ ਵਿਰੋਧ ਕੀਤਾ ਗਿਆ ਕਿ ਇਨ੍ਹਾਂ ਵਿਚ ਔਰਤਾਂ ਨੂੰ ਹਿੰਸਾ ਕਰਦਿਆਂ ਦਿਖਾਇਆ ਗਿਆ ਹੈ।



*ਤਸਵੀਰ ਵਿਚ (ਖੱਬਿਓਂ ਸੱਜੇ) ਲੇਖਕ ਸੁਰਿੰਦਰ ਸਿੰਘ ਭਾਟੀਆ, ਡਾਇਰੈਕਟਰ ਸਰਹਾ ਬਿਲਸ, ਪੋਲਾ ਫੋਰਲ, ਸਪੀਡਾ ਫਾਰਸੀ, ਮੇਗਨਾ ਮੈਪਲਾ ਅਤੇ ਮਾਰੀਆ ਆਲਰਿਚ*

ਦਸਤਾਵੇਜ਼ੀ ਫਿਲਮ ਉਪਰੰਤ ਹੋਈ ਵਿਚਾਰ-ਗੋਸ਼ਟੀ ਵਿਚ ਹਾਲੀਵੁੱਡ ਫਿਲਮ ਇੰਡਸਟਰੀ ਅੰਦਰ ਔਰਤ ਡਾਇਰੈਕਟਰਾਂ ਦੀ ਘਾਟ ਅਤੇ ਨਿਰਦੇਸ਼ਕ ਬਣਨ ਦੇ ਰਾਹ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਖੁੱਲ੍ਹ ਕੇ ਚਰਚਾ ਹੋਈ।

ਸਰਹਾ ਬਿਲਸ ਨੇ ਅਫਸੋਸ ਜਾਹਰ ਕੀਤਾ ਕਿ ਆਮ ਤੌਰ 'ਤੇ ਵਪਾਰਕ ਖੇਤਰ ਵਿਚ ਵਪਾਰਕ ਭੇਤਾਂ ਦੀ ਜਾਣਕਾਰੀ ਔਰਤਾਂ ਨੂੰ ਦਿੱਤੀ ਜਾਂਦੀ ਹੈ ਪਰ ਫਿਲਮ ਨਿਰਦੇਸ਼ਨ ਦੇ ਖੇਤਰ ਵਿਚ ਇਹ ਜਾਣਕਾਰੀ ਔਰਤਾਂ ਨੂੰ ਨਹੀਂ ਦਿੱਤੀ ਜਾਂਦੀ ਜਾਂ ਬਹੁਤ ਘੱਟ ਦਿੱਤੀ ਜਾਂਦੀ ਹੈ। ਸ਼ੁਰੂ ਤੋਂ ਹੀ ਇਹ ਧਾਰਨਾ ਬਣੀ ਹੋਈ ਹੈ ਕਿ ਔਰਤਾਂ ਫਿਲਮਾਂ ਦਾ ਸਹੀ ਨਿਰਦੇਸ਼ਨ ਨਹੀਂ ਕਰ ਸਕਦੀਆਂ। ਫਿਲਮ ਯੂਨਿਟ ਵਿਚ ਕਈ ਸਾਲ ਸਹਾਇਕ ਰਹਿਣ ਦੇ ਬਾਵਜੂਦ ਨਿਰਦੇਸ਼ਨ ਕਰਨ ਦਾ ਮੌਕਾ ਨਹੀਂ ਮਿਲਦਾ। ਫਿਲਮ ਫਲੋਰ 'ਤੇ ਕੰਮ ਕਰਦਿਆਂ ਵੀ ਸਾਨੂੰ ਆਜ਼ਾਦੀ ਨਾਲ ਫਿਲਮ ਦੇ ਦ੍ਰਿਸ਼ ਫਿਲਮਾਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਔਰਤ ਪਟਕਥਾ ਲੇਖਕ ਤਾਂ ਹੋ ਸਕਦੀ ਹੈ ਪਰ ਫਿਲਮ ਡਾਇਰੈਕਟਰ ਨਹੀਂ। ਔਰਤਾਂ ਨੂੰ ਸਿਨੇਮਾ ਦੇ ਕਿਸੇ ਹੋਰ ਵਿਭਾਗ ਵਿਚ ਰਸਤਾ ਲਭਣਾ ਪੈਂਦਾ ਹੈ ਜਿਵੇਂ ਪਹਿਲਾਂ ਦਸਤਾਵੇਜ਼ੀ ਫਿਲਮ ਬਣਾਉਣਾ, ਸਕਰੀਨ ਪਲੇਅ ਸੁਪਰਵਾਈਜ਼ਰ ਜਾਂ ਆਡੀਓ ਵਿਚ ਕਈ ਸਾਲ ਸਹਾਇਕ ਬਣੇ ਰਹਿਣਾ। ਸੋ ਫਿਲਮ ਇੰਡਸਟਰੀ ਵਿਚ ਨਿਰਦੇਸ਼ਕ ਬਣਨ ਦਾ ਬਿਲਕੁਲ ਸਿੱਧਾ ਦਾਖਲਾ ਤਾਂ ਬਹੁਤ ਹੀ ਮੁਸ਼ਕਿਲ ਹੈ।

ਸਪੀਡਾ ਫਾਰਸੀ ਨੇ ਕਿਹਾ ਕਿ ਉਨ੍ਹਾਂ ਮੁਲਕਾਂ ਵਿਚ ਜਿਥੇ ਔਰਤਾਂ ਨੂੰ ਅਜੇ ਪੂਰੀ ਆਜ਼ਾਦੀ ਨਹੀਂ ਹੈ, ਉਨ੍ਹਾਂ ਦੇ ਕਿਰਦਾਰਾਂ ਨੂੰ ਫਿਲਮਾਂ ਵਿਚ ਦਿਖਾਉਣਾ ਤਾਂ ਹੋਰ ਵੀ ਮੁਸ਼ਕਿਲ ਤੇ ਜੋਖਮ ਭਰਿਆ ਕੰਮ ਹੈ। ਮਾਰੀਆ ਆਲਰਿਚ ਦਾ ਖਿਆਲ ਸੀ ਕਿ ਦੂਜੀ ਵੱਡੀ ਮੁਸ਼ਕਿਲ ਪੈਸੇ ਦੀ ਹੈ। ਔਰਤਾਂ 'ਤੇ ਇਸ ਮਾਮਲੇ ਵਿਚ ਬਹੁਤ ਘੱਟ ਭਰੋਸਾ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਕਲਾਤਮਕ ਕੰਮ ਕਰਨ ਦੀ ਪੂਰੀ ਆਜ਼ਾਦੀ ਨਹੀਂ ਦਿੱਤੀ ਜਾਂਦੀ। ਕਾਫੀ ਸੰਘਰਸ਼ ਪਿਛੋਂ ਸਿਰਫ ਛੋਟੀ-ਮੋਟੀ ਫਿਲਮ ਫਾਇਨਾਂਸ ਕਰ ਦਿੱਤੀ ਜਾਂਦੀ ਹੈ, ਪਰ ਵੱਡੀਆਂ ਪ੍ਰੋਡਕਸ਼ਨ ਕੰਪਨੀਆਂ ਜਾਂ ਫਾਈਨਾਂਸਰ ਸਾਡੇ (ਔਰਤਾਂ ਦੇ) ਨਿਰਦੇਸ਼ਨ ਵਾਲੀ ਫਿਲਮ ਵਿਚ ਪੈਸਾ ਨਹੀਂ ਲਾਉਂਦੇ।

ਪੋਲਾ ਫੋਰਲ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਦੱਸਿਆ ਕਿ ਇਕ ਨਿਰਮਾਤਾ ਨੇ ਉਸ ਨੂੰ ਫਿਲਮ ਨਿਰਦੇਸ਼ਕ ਦੇ ਤੌਰ 'ਤੇ ਸਾਈਨ ਕਰਨ ਤੋਂ ਬਾਅਦ ਸ਼ਰਤ ਰੱਖ ਦਿੱਤੀ ਕਿ ਫਿਲਮ ਦੇ ਨਿਰਦੇਸ਼ਨ ਦੌਰਾਨ ਸੈਟ 'ਤੇ ਮਰਦਾਂ ਵਾਲੇ ਕਪੜੇ ਪਾ ਕੇ ਹੀ ਕਲਾਕਾਰਾਂ ਨੂੰ ਨਿਰਦੇਸ਼ ਦੇ ਸਕਦੀ ਹੈ। ਹੁਣ ਦੱਸੋ ਭਲਾ ਇਸ ਸ਼ਰਤ ਦਾ ਕਲਾ ਨਾਲ ਕੀ ਸਬੰਧ ਹੈ? ਇਸ ਦੇ ਉਲਟ ਟੀ.ਵੀ. ਉਤੇ ਨਿਰਦੇਸ਼ਕ ਦੇ ਤੌਰ 'ਤੇ ਔਰਤਾਂ ਨੂੰ ਜ਼ਿਆਦਾ ਮੌਕੇ ਮਿਲਦੇ ਹਨ ਕਿਉਂਕਿ ਟੀ.ਵੀ. ਸੀਰੀਅਲ ਜ਼ਿਆਦਾਤਰ ਵਿਗਿਆਪਨਾਂ ਨਾਲ ਚਲਦਾ ਹੈ ਤੇ ਫੀਚਰ ਫਿਲਮਾਂ ਜ਼ਿਆਦਾਤਰ ਫਾਈਨਾਂਸਰਾਂ ਦੀ ਮਦਦ ਨਾਲ ਬਣਦੀਆਂ ਹਨ।

ਮੇਗਨਾ ਮੈਪਲਾ ਦਾ ਵਿਚਾਰ ਸੀ ਕਿ ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਐਕਸ਼ਨ ਫਿਲਮਾਂ ਲਈ ਔਰਤ ਨੂੰ ਇਸ ਦੇ ਕਾਬਿਲ ਹੀ ਨਹੀਂ ਸਮਝਿਆ ਜਾਂਦਾ। ਆਸਕਰ ਦਾ ਇਤਿਹਾਸ ਵੇਖਿਆ ਜਾਵੇ ਤਾਂ ਹੁਣ ਪਹਿਲੀ ਵਾਰ 2010 ਵਿਚ ਐਕਸ਼ਨ ਫਿਲਮ "ਦੀ ਹਰਟ ਲਾਕ" ਲਈ ਔਰਤ ਡਾਇਰੈਕਟਰ ਕੈਥਰੀਨ ਬੇਗਲੋਅ ਨੂੰ ਆਸਕਰ ਐਵਾਰਡ ਮਿਲਿਆ। ਕੈਥਰੀਨ ਦੇ ਐਕਸ਼ਨ ਫਿਲਮ ਵਿਚ ਇਨਾਮ ਹਾਸਿਲ ਕਰਨ ਤੋਂ ਬਾਅਦ ਹੁਣ ਬਾਕੀਆਂ ਲਈ ਰਾਹ ਖੁੱਲ੍ਹਣ ਦੀ ਸੰਭਾਵਨਾ ਬਣੀ ਸੀ ਪਰ ਅਜੇ ਤੱਕ ਕੋਈ ਤਬਦੀਲੀ ਨਹੀਂ ਆਈ।

ਬੁਲਾਰਿਆਂ ਦਾ ਕਹਿਣਾ ਸੀ ਕਿ ਫਿਲਮਾਂ ਵਿਚ ਵਿਸ਼ਾ ਅਹਿਮ ਹੁੰਦਾ ਹੈ। ਮਰਦ ਨਿਰਮਾਤਾਵਾਂ ਨੂੰ ਇਹ ਖਦਸ਼ਾ ਹੈ ਕਿ ਜੇ ਔਰਤਾਂ ਡਾਇਰੈਕਟਰ ਬਣ ਗਈਆਂ ਤਾਂ ਔਰਤਾਂ ਦੇ ਮਜਬੂਤ ਕਿਰਦਾਰ ਵਾਲੀਆਂ ਫਿਲਮਾਂ ਬਣਾਉਣ ਨੂੰ ਤਰਜੀਹ ਦੇਣਗੀਆਂ ਪਰ ਉਹ ਭੁਲ ਜਾਂਦੇ ਹਨ ਕਿ ਔਰਤਾਂ ਨੇ ਆਪਣੇ ਦਮ 'ਤੇ ਸਿਨੇਮਾ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਔਰਤਾਂ ਨੇ ਹੀ ਔਰਤਾਂ ਦੇ ਜੀਵਨ ਨੂੰ ਨੇੜੇ ਤੋਂ ਵੇਖਿਆ ਹੁੰਦਾ ਹੈ ਤੇ ਜੀਅ ਜਾਨ ਲਾ ਕੇ ਕੰਮ ਕਰਦੀਆਂ ਹਨ। ਐਕਟਿੰਗ ਦੇ ਖੇਤਰ ਵਿਚ ਜੋ ਵਾਪਰ ਰਿਹਾ ਹੈ, ਤਕਰੀਬਨ ਉਹੀ ਕੁਝ ਨਿਰਦੇਸ਼ਨ ਦੇ ਖੇਤਰ ਵਿਚ ਵੀ ਵਾਪਰਦਾ ਹੈ।

ਇਸ ਵਿਚਾਰ-ਗੋਸ਼ਟੀ ਵਿਚ ਸਾਰਿਆਂ ਦੀ ਰਾਏ ਸੀ ਕਿ ਹੁਣ ਲੋੜ ਹੈ ਇਸ ਮੁੱਦੇ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਗੰਭੀਰਤਾ ਨਾਲ ਲਿਆ ਜਾਏ। ਫਿਲਮ ਸਨਅਤ ਵਿਚ ਔਰਤਾਂ ਨੂੰ ਮਰਦ ਕਲਾਕਾਰਾਂ ਦੇ ਨਾਲ ਬਰਾਬਰੀ ਦੇ ਹੱਕ ਤੇ ਮਿਹਨਤਾਨਾ ਮਿਲਣਾ ਚਾਹੀਦਾ ਹੈ।

# ਵਿਦੇਸ਼ੀ ਚੰਦਾ ਛਕਣ ਵਾਲੇ ਗੈਰ ਸਰਕਾਰੀ ਸੰਗਠਨਾਂ ਦੀ ਆਈ ਸ਼ਾਮਤ

**ਬਠਿੰਡਾ:** ਕੇਂਦਰ ਸਰਕਾਰ ਨੇ ਵਿਦੇਸ਼ੀ ਚੰਦੇ ਦਾ ਹਿਸਾਬ ਨਾ ਦੇਣ ਵਾਲੇ ਪੰਜਾਬ ਦੇ 69 ਗੈਰ ਸਰਕਾਰੀ ਸੰਗਠਨਾਂ (ਐਨ.ਜੀ.ਓਜ.) ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਇਨ੍ਹਾਂ ਸੰਗਠਨਾਂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤੇ ਹਨ ਜਦਕਿ ਇਕ ਸੰਗਠਨ ਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਹੈ। ਇਨ੍ਹਾਂ ਐਨ.ਜੀ.ਓਜ ਨੇ ਤਿੰਨ ਵਰ੍ਹਿਆਂ ਦੌਰਾਨ ਵਿਦੇਸ਼ਾਂ ਤੋਂ ਪ੍ਰਾਪਤ ਕੀਤੀ ਰਾਸ਼ੀ ਦਾ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ ਸੀ। ਇਵੇਂ ਚੰਡੀਗੜ੍ਹ ਦੇ ਵੀ 14 ਗ਼ੈਰ ਸਰਕਾਰੀ ਸੰਗਠਨਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਪੰਜਾਬ ਦੇ 69 ਅਜਿਹੇ ਸੰਗਠਨਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਵੱਖ-ਵੱਖ ਮੁਲਕਾਂ ਤੋਂ ਸਾਲ 2009-10, 2010-11 ਤੇ ਸਾਲ 2011-12 ਦੌਰਾਨ ਚੰਦਾ ਪ੍ਰਾਪਤ ਕੀਤਾ ਪਰ ਉਨ੍ਹਾਂ ਚੰਦੇ ਦਾ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ।

**ਪੰਜਾਬ ਦੇ 69 ਸੰਗਠਨਾਂ ਨੂੰ ਕੇਂਦਰ ਵਲੋਂ ਕਾਰਨ ਦੱਸੋ ਨੋਟਿਸ**




ਵੇਰਵਿਆਂ ਮੁਤਾਬਕ ਪੰਜਾਬ ਦੇ 125 ਐਨ.ਜੀ.ਓਜ ਨੇ ਸਾਲ 2010-11 ਵਿਚ ਵਿਦੇਸ਼ਾਂ ਤੋਂ 87.23 ਕਰੋੜ ਰੁਪਏ ਤੇ ਸਾਲ 2011-12 ਵਿਚ 139 ਸੰਗਠਨਾਂ ਨੇ ਵਿਦੇਸ਼ਾਂ ਤੋਂ 102.57 ਕਰੋੜ ਰੁਪਏ ਦਾ ਚੰਦਾ ਹਾਸਲ ਕੀਤਾ ਹੈ। ਸਾਲ 2012-13 ਵਿਚ ਪੰਜਾਬ ਦੀਆਂ 116 ਐਨ.ਜੀ.ਓਜ ਨੇ 105.55 ਕਰੋੜ ਦੀ ਵਿਦੇਸ਼ੀ ਮਦਦ ਲਈ ਹੈ। ਇਨ੍ਹਾਂ ਸੰਸਥਾਵਾਂ ਨੇ ਚਾਰ ਵਰ੍ਹਿਆਂ ਵਿਚ 384 ਕਰੋੜ ਰੁਪਏ ਦਾ ਵਿਦੇਸ਼ੀ ਚੰਦਾ ਹਾਸਲ ਕੀਤਾ ਹੈ। ਵਿਦੇਸ਼ਾਂ ਤੋਂ ਪੰਜਾਬ ਦੀਆਂ 38 ਐਨ.ਜੀ.ਓਜ ਨੇ ਸਾਲ 2013-14 (31 ਨਵੰਬਰ 2013 ਤੱਕ) 90.64 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਕੀਤਾ ਹੈ। ਫੌਰਨ ਕੰਟਰੀਬਿਊਸ਼ਨ (ਰੈਗੂਲੇਸ਼ਨ) ਐਕਟ 2010 ਤਹਿਤ ਪੰਜਾਬ ਦੀਆਂ ਕੁੱਲ 262 ਐਨ.ਜੀ.ਓਜ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰਜਿਸਟਰਡ ਹਨ। ਇਨ੍ਹਾਂ ਐਨ.ਜੀ.ਓਜ ਲਈ ਨਿਯਮਾਂ ਅਨੁਸਾਰ ਇਹ ਲਾਜ਼ਮੀ ਹੈ ਕਿ ਹਰ ਮਾਲੀ ਵਰ੍ਹੇ ਦੀ ਸਾਲਾਨਾ ਰਿਟਰਨ 9 ਮਹੀਨੇ ਵਿਚ ਭਰਨ। ਕਾਂਗਰਸ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਖਿਲਾਫ ਇਸ ਮਾਮਲੇ ਵਿਚ ਸੀ.ਬੀ.ਆਈ. ਕੇਸ ਚੱਲ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੀ ਵਿਦੇਸ਼ ਡਿਵੀਜ਼ਨ ਨੇ ਤਿੰਨ ਵਰ੍ਹਿਆਂ ਤੋਂ ਸਾਲਾਨਾ ਰਿਟਰਨ ਨਾ ਭਰਨ ਵਾਲੇ ਸੰਗਠਨਾਂ ਨੂੰ ਨੋਟਿਸ ਜਾਰੀ ਕੀਤੇ ਹਨ।

ਕੇਂਦਰੀ ਮੰਤਰਾਲੇ ਨੇ ਬਠਿੰਡਾ ਜ਼ਿਲ੍ਹੇ ਦੀਆਂ ਈਸਾਈ ਮਤ ਨਾਲ ਸਬੰਧਤ ਦੋ ਸੰਸਥਾਵਾਂ ਤੇ ਮਾਨਸਾ ਦੀ ਯੂਥ ਵੈਲਫੇਅਰ ਐਸੋਸੀਏਸ਼ਨ ਤੋਂ ਇਲਾਵਾ ਭਿਖੀ ਦੇ ਨੋਇਲ ਮਿਸ਼ਨ ਸਕੂਲ ਨੂੰ ਨੋਟਿਸ ਜਾਰੀ ਕੀਤਾ ਹੈ। ਇਵੇਂ ਹੀ ਪਟਿਆਲਾ ਦੀਆਂ 9 ਐਨ.ਜੀ.ਓਜ ਨੂੰ ਅਤੇ ਮੋਗਾ ਦੇ ਸੀ.ਐਨ.ਆਈ. ਚਿਲਡਰਨ ਹੋਮ ਨੂੰ ਨੋਟਿਸ ਜਾਰੀ ਕੀਤਾ ਹੈ। ਸੰਗਰੂਰ ਦੇ ਕਸਬਾ ਧੌਲਾ ਦੀ ਇਕ ਸੰਸਥਾ ਤੋਂ ਇਲਾਵਾ ਜਲੰਧਰ ਦੇ ਇੰਡੀਅਨ ਮਸ਼ਰੂਮ ਰਿਸਰਚ ਇੰਸਟੀਚਿਊਟ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਅੰਮ੍ਰਿਤਸਰ ਦੀ ਸ੍ਰੀ ਦੁਰਗਿਆਣਾ ਕਮੇਟੀ ਤੋਂ ਇਲਾਵਾ ਕਪੂਰਥਲਾ ਦੇ ਸ੍ਰੀ ਗੁਰੂ ਰਵੀਦਾਸ ਐਜੂਕੇਸ਼ਨਲ ਟਰੱਸਟ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਪੰਜਾਬ ਐਜੂਕੇਸ਼ਨਲ ਬੋਰਡ ਆਫ ਚਰਚ ਆਫ ਨੌਰਥ ਇੰਡੀਆ ਪੰਜਾਬ ਨੇ ਖੁਦ ਹੀ ਕੇਂਦਰੀ ਮੰਤਰਾਲੇ ਤੋਂ ਆਪਣੀ ਰਜਿਸਟਰੇਸ਼ਨ ਰੱਦ ਕਰਾ ਲਈ ਹੈ।

ਵੇਰਵਿਆਂ ਅਨੁਸਾਰ ਪੰਜਾਬ ਦੀਆਂ ਸੱਤ ਐਨ.ਜੀ.ਓਜ ਦੀ ਪਿਛਲੇ ਤਿੰਨ ਵਰ੍ਹਿਆਂ ਵਿਚ ਰਜਿਸਟਰੇਸ਼ਨ ਰੱਦ ਹੋਈ ਹੈ ਜਦਕਿ ਹਰਿਆਣਾ ਦੇ 22 ਸੰਗਠਨਾਂ ਨੂੰ ਇਹੋ ਜਿਹਾ ਸੇਕ ਝੱਲਣਾ ਪਿਆ ਹੈ। ਕੇਂਦਰੀ ਨਿਯਮਾਂ ਅਨੁਸਾਰ ਵਿਦੇਸ਼ੀ ਮਦਦ ਵਿਚੋਂ ਕੋਈ ਵੀ ਐਨ.ਜੀ.ਓਜ 50 ਫੀਸਦੀ ਤੋਂ ਜ਼ਿਆਦਾ ਰਾਸ਼ੀ ਆਪਣੇ ਪ੍ਰਬੰਧਕੀ ਕੰਮਾਂ 'ਤੇ ਨਹੀਂ ਖਰਚ ਸਕਦੀ ਤੇ ਜਿਸ ਮਕਸਦ ਲਈ ਪੈਸਾ ਆਇਆ ਹੈ, ਉਸੇ ਮੰਤਵ ਲਈ ਵਰਤਿਆ ਜਾਣਾ ਹੁੰਦਾ ਹੈ। ਵਿਦੇਸ਼ੀ ਫੰਡ ਹਾਸਲ ਕਰਨ ਵਾਲੀ ਸੰਸਥਾ ਇਹ ਪੈਸਾ ਮਿਊਚਲ ਫੰਡ ਵਗੈਰਾ ਵਿਚ ਨਹੀਂ ਲਾ ਸਕਦੀ। ਕੋਈ ਵੀ ਸੰਸਥਾ ਦਾ ਅਹੁਦੇਦਾਰ ਆਪਣੇ ਨਾਂ 'ਤੇ ਨਿੱਜੀ ਸੰਪਤੀ ਨਹੀਂ ਖਰੀਦ ਸਕਦਾ।

ਪੰਜਾਬ ਤੋਂ ਇਲਾਵਾ ਹਰਿਆਣਾ ਦੀਆਂ 76, ਹਿਮਾਚਲ ਪ੍ਰਦੇਸ਼ ਦੀਆਂ 47, ਜੰਮੂ ਕਸ਼ਮੀਰ ਦੀਆਂ 38 ਤੇ ਚੰਡੀਗੜ੍ਹ ਦੀਆਂ 14 ਐਨ.ਜੀ.ਓਜ ਨੂੰ ਨੋਟਿਸ ਜਾਰੀ ਹੋਏ ਹਨ। ਜੇਕਰ ਇਨ੍ਹਾਂ ਐਨ.ਜੀ.ਓਜ ਨੇ ਨੋਟਿਸਾਂ ਦਾ ਜਵਾਬ ਨਾ ਦਿੱਤਾ ਤਾਂ ਉਨ੍ਹਾਂ ਖਿਲਾਫ ਕੇਂਦਰ ਸਰਕਾਰ ਅਗਲਾ ਕਦਮ ਚੁੱਕੇਗੀ। ਪਟਿਆਲਾ ਦੀ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਵੀ ਵਿਦੇਸ਼ੀ ਫੰਡ ਹਾਸਲ ਕਰ ਰਹੀ ਹੈ। ਸੂਤਰ ਆਖਦੇ ਹਨ ਕਿ ਜੋ ਐਨ. ਜੀ. ਓ. ਕੇਂਦਰ ਸਰਕਾਰ ਕੋਲ ਰਜਿਸਟਰਡ ਹਨ, ਉਨ੍ਹਾਂ ਨੂੰ ਵਿਦੇਸ਼ੀ ਚੰਦਾ ਨਾ ਲਏ ਜਾਣ ਦੀ ਸੂਰਤ 'ਚ ਵੀ ਸਾਲਾਨਾ ਰਿਟਰਨ ਭਰਨੀ ਪੈਂਦੀ ਹੈ।

## ਚਾਰ ਸਾਲ ਤੋਂ ਨਹੀਂ ਦਿੱਤਾ ਹਿਸਾਬ

ਇਨ੍ਹਾਂ ਸੰਸਥਾਵਾਂ ਨੇ ਚਾਰ ਵਰ੍ਹਿਆਂ ਵਿਚ 384 ਕਰੋੜ ਰੁਪਏ ਦਾ ਵਿਦੇਸ਼ੀ ਚੰਦਾ ਹਾਸਲ ਕੀਤਾ ਹੈ। ਵਿਦੇਸ਼ਾਂ ਤੋਂ ਪੰਜਾਬ ਦੀਆਂ 38 ਐਨ.ਜੀ.ਓਜ ਨੇ ਸਾਲ 2013-14 (31 ਨਵੰਬਰ 2013 ਤੱਕ) 90.64 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਕੀਤਾ ਹੈ। ਫੌਰਨ ਕੰਟਰੀਬਿਊਸ਼ਨ (ਰੈਗੂਲੇਸ਼ਨ) ਐਕਟ 2010 ਤਹਿਤ ਪੰਜਾਬ ਦੀਆਂ ਕੁੱਲ 262 ਐਨ.ਜੀ.ਓਜ. ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰਜਿਸਟਰਡ ਹਨ।

ਇਨ੍ਹਾਂ ਐਨ.ਜੀ.ਓਜ ਲਈ ਨਿਯਮਾਂ ਅਨੁਸਾਰ ਇਹ ਲਾਜ਼ਮੀ ਹੈ ਕਿ ਹਰ ਮਾਲੀ ਵਰ੍ਹੇ ਦੀ ਸਾਲਾਨਾ ਰਿਟਰਨ 9 ਮਹੀਨੇ ਵਿਚ ਭਰਨ ਪਰ ਇਸ ਪੱਖੋਂ ਨਿਯਮਾਂ ਦੀ ਰੱਜ ਕੇ ਅਣਦੇਖੀ ਕੀਤੀ ਗਈ। ਕੇਂਦਰੀ ਨਿਯਮਾਂ ਮੁਤਾਬਕ ਜੇਕਰ ਕੋਈ ਐਨ.ਜੀ.ਓ. ਨਿਰਧਾਰਤ 31 ਦਸੰਬਰ ਤੋਂ ਮਗਰੋਂ 90 ਦਿਨਾਂ ਵਿਚ ਸਾਲਾਨਾ ਰਿਟਰਨ ਭਰਦੀ ਹੈ ਤਾਂ ਉਸ ਨੂੰ 10 ਹਜ਼ਾਰ ਰੁਪਏ ਜੁਰਮਾਨਾ ਜਾਂ ਫਿਰ ਉਸ ਵਰ੍ਹੇ ਦੌਰਾਨ ਪ੍ਰਾਪਤ ਕੀਤੀ ਵਿਦੇਸ਼ੀ ਮਦਦ ਦਾ 2 ਫੀਸਦੀ ਜੁਰਮਾਨੇ ਵਜੋਂ ਤਾਰਨਾ ਪੈ ਸਕਦਾ ਹੈ। 90 ਤੋਂ 180 ਦਿਨਾਂ ਮਗਰੋਂ ਰਿਟਰਨ ਭਰਨ ਦੀ ਸੂਰਤ ਵਿਚ ਤਿੰਨ ਫੀਸਦੀ ਤੇ 180 ਦਿਨਾਂ ਮਗਰੋਂ ਰਿਟਰਨ ਭਰਨ ਦੀ ਸੂਰਤ ਵਿਚ ਵਿਦੇਸ਼ੀ ਚੰਦੇ ਦੀ ਪੰਜ ਫੀਸਦੀ ਰਾਸ਼ੀ ਜਾਂ ਫਿਰ 50 ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ। ਰਿਟਰਨ ਭਰਨ ਵਿਚ ਪ੍ਰਤੀ ਦਿਨ ਦੀ ਦੇਰੀ ਦਾ ਪੰਜ ਸੌ ਰੁਪਏ ਵੱਖਰਾ ਜੁਰਮਾਨਾ ਪਵੇਗਾ।

ਗੁਰਮਤਿ ਗਿਆਨ

# ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ



ਡਾ. ਗੁਰਨਾਮ ਕੌਰ, ਕੈਨੇਡਾ

ਚਉਥੀ ਪਉੜੀ ਵਿਚ ਗੁਰੂ ਅਮਰਦਾਸ ਸਾਹਿਬ ਦੁਨੀਆਂ ਦੇ ਸਾਜਣ ਦੀ ਗੱਲ ਕਰਦੇ ਹਨ ਕਿ ਅਕਾਲ ਪੁਰਖ ਨੇ ਸੰਸਾਰ-ਰਚਨਾ ਕਰਕੇ ਫਿਰ ਆਪਣੇ ਵੱਸ ਵਿਚ ਕਰ ਲਈ ਹੈ ਅਰਥਾਤ ਇਹ ਦੁਨੀਆਂ ਪੈਦਾ ਵੀ ਉਸ ਅਕਾਲ ਪੁਰਖ ਨੇ ਕੀਤੀ ਹੈ ਅਤੇ ਇਹ (ਦੁਨੀਆਂ) ਕਾਰਜ ਵੀ ਉਸ ਦੇ ਹੁਕਮ ਵਿਚ ਹੀ ਕਰ ਰਹੀ ਹੈ। ਉਸ ਨੂੰ ਪਾਉਣ ਲਈ ਜਦੋਂ ਇਨਸਾਨ ਮਾਇਆਵੀ ਗਿਣਤੀਆਂ-ਮਿਣਤੀਆਂ ਵਿਚ ਪੈ ਜਾਂਦਾ ਹੈ ਤਾਂ ਪਰਮਾਤਮਾ ਨੂੰ ਪਾ ਨਹੀਂ ਸਕਦਾ ਅਤੇ ਭਰਮਾਂ ਵਿਚ ਪੈ ਜਾਂਦਾ ਹੈ। ਪਰਮਾਤਮਾ ਨੂੰ ਪਾਉਣ ਦਾ ਰਸਤਾ ਗੁਰੂ ਤੋਂ ਪਤਾ ਲਗਦਾ ਹੈ। ਇਸ ਲਈ ਜਦੋਂ ਗੁਰੂ ਨਾਲ ਮੇਲ ਹੁੰਦਾ ਹੈ ਤਾਂ ਮਨੁੱਖ ਆਪਣੇ ਮਨ ਨੂੰ ਮਾਇਆਵੀ ਵਿਕਾਰਾਂ ਵਲੋਂ ਮਾਰ ਲੈਂਦਾ ਹੈ ਅਤੇ ਸੰਸਾਰ ਦੀ ਅਸਲੀਅਤ ਨੂੰ ਸਮਝ ਕੇ ਸੱਚ ਵਿਚ ਸਮਾ ਜਾਂਦਾ ਹੈ, ਸੱਚ ਨਾਲ ਉਸ ਦਾ ਮੇਲ ਹੋ ਜਾਂਦਾ ਹੈ।

ਗੁਰਮਤਿ ਅਨੁਸਾਰ ਸੱਚ ਨਾਲ ਮੇਲ ਦੇ ਰਸਤੇ 'ਚ ਸਭ ਤੋਂ ਵੱਡਾ ਰੋੜਾ ਜਾਂ ਅੜਿਕਾ ਹਉਮੈ ਹੈ, ਮਨੁੱਖ ਅੰਦਰ ਮੈਂ ਦੀ ਭਾਵਨਾ ਹੈ ਅਤੇ ਹਉਮੈ ਨੂੰ ਸ਼ਬਦ ਰਾਹੀਂ, ਬਾਣੀ ਰਾਹੀਂ ਦੂਰ ਕਰ ਸਕੀਦਾ ਹੈ, ਸ਼ਬਦ ਰਾਹੀਂ ਮਨੁੱਖ ਨੂੰ ਸੰਸਾਰ ਦੀ ਅਸਲੀਅਤ ਸਮਝ ਆਉਂਦੀ ਹੈ ਅਤੇ ਉਸ ਦੀ ਹਉਮੈ ਦੂਰ ਹੁੰਦੀ ਹੈ। ਇਸ ਤਰ੍ਹਾਂ ਹਉਮੈ ਦੀ ਕੰਧ ਹਟ ਜਾਣ ਨਾਲ ਉਸ ਦਾ ਕਰਤਾ ਪੁਰਖ ਨਾਲ ਮੇਲ ਹੋ ਜਾਂਦਾ ਹੈ। ਉਸ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਕਰਤਾ ਪੁਰਖ ਆਪ ਹੀ ਸਭ ਕੁਝ ਕਰਨ ਵਾਲਾ ਹੈ, ਆਪ ਹੀ ਜਾਣੀ ਜਾਣ ਹੈ ਅਤੇ ਆਪ ਹੀ ਆਪਣੀ ਰਚਨਾ ਨੂੰ ਦੇਖ ਕੇ ਖੁਸ਼ ਹੁੰਦਾ ਹੈ,

ਪ੍ਰਭਿ ਸੰਸਾਰੁ ਉਪਾਇ ਕੈ
ਵਸਿ ਆਪਣੈ ਕੀਤਾ॥
ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ॥
ਸਤਿਗੁਰ ਮਿਲਿਐ ਜੀਵਤੁ ਮਰੈ
ਬੁਝਿ ਸਚਿ ਸਮੀਤਾ॥
ਸਬਦੇ ਹਉਮੈ ਖੋਈਐ
ਹਰਿ ਮੇਲਿ ਮਿਲੀਤਾ॥
ਸਭ ਕਿਛੁ ਜਾਣੈ ਕਰੇ ਆਪਿ
ਆਪੇ ਵਿਗਸੀਤਾ॥੪॥ (ਪੰਨਾ ੫੧੦)

ਅੱਗੇ ਸਲੋਕ ਵਿਚ ਉਨ੍ਹਾਂ ਮਨਮੁੱਖਾਂ ਦੀ ਗੱਲ ਕੀਤੀ ਹੈ ਜੋ ਸਤਿਗੁਰੂ ਨਾਲ ਮੇਲ ਨਹੀਂ ਕਰਦੇ ਅਤੇ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ। ਗੁਰੂ ਅਮਰਦਾਸ ਸਾਹਿਬ ਫਰਮਾਉਂਦੇ ਹਨ ਕਿ ਜਿਹੜੇ ਮਨੁੱਖ ਆਪਣਾ ਮਨ ਗੁਰੂ ਵੱਲ ਨਹੀਂ ਲਾਉਂਦੇ ਅਤੇ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦੇ ਉਨ੍ਹਾਂ ਦਾ ਇਸ ਸੰਸਾਰ 'ਤੇ ਜੀਵਨ ਧ੍ਰਿਗ ਹੈ, ਲਾਹਨਤ ਵਾਲਾ ਹੈ ਅਤੇ ਉਨ੍ਹਾਂ ਨੇ ਸੰਸਾਰ 'ਤੇ ਆ ਕੇ ਇਸ ਜੀਵਨ ਵਿਚ ਕੁਝ ਵੀ ਪ੍ਰਾਪਤ ਨਹੀਂ ਕੀਤਾ। ਮਾਇਆ ਦਾ ਵਪਾਰ ਝੂਠਾ ਵਪਾਰ ਹੈ, ਇਹ ਪੂੰਜੀ ਖੋਟੀ ਹੈ ਕਿਉਂਕਿ ਇਸ ਦਾ ਪਖੰਡ ਇੱਕ ਪਲ ਵਿਚ ਲਹਿ ਜਾਂਦਾ ਹੈ। ਜੇ ਇਹ ਮਨੁੱਖ ਦੇ ਹੱਥੋਂ ਛੁੱਟ ਜਾਵੇ ਤਾਂ ਇਸ ਦੇ ਗਮ ਵਿਚ ਮਨੁੱਖ ਦੇ ਸਰੀਰ ਦਾ ਰੰਗ ਕਾਲਾ ਪੈ ਜਾਂਦਾ ਹੈ ਅਤੇ ਚਿਹਰਾ ਮੁਰਝਾ ਜਾਂਦਾ ਹੈ। ਜੋ ਮਨੁੱਖ ਗੁਰੂ ਨਾਲ ਆਪਣਾ ਚਿੱਤ ਲਾਉਂਦੇ ਹਨ, ਗੁਰੂ ਨਾਲ ਆਪਣਾ ਮਨ ਜੋੜਦੇ ਹਨ ਉਨ੍ਹਾਂ ਦੇ ਮਨ 'ਚ ਆ ਕੇ ਸੁੱਖ ਵਸਦਾ ਹੈ, ਮਨ ਵਿਚ ਸ਼ਾਂਤੀ ਦਾ ਨਿਵਾਸ ਹੁੰਦਾ ਹੈ। ਉਹ ਅਕਾਲ ਪੁਰਖ ਦਾ ਨਾਮ ਪੂਰੇ ਪ੍ਰੇਮ ਨਾਲ ਸਿਮਰਦੇ ਹਨ ਅਤੇ ਆਪਣਾ ਮਨ ਅਕਾਲ ਪੁਰਖ ਦੇ ਨਾਮ ਵਿਚ ਜੋੜੀ ਰੱਖਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਨਾਮ-ਰੂਪੀ ਧਨ ਗੁਰੂ ਨੂੰ ਸੌਂਪ ਦਿੱਤਾ ਹੋਇਆ ਹੈ ਅਤੇ ਇਹ ਧਨ ਗੁਰੂ ਦੀ ਆਤਮਾ ਅੰਦਰ ਸਮਾਇਆ ਹੋਇਆ ਹੈ। ਜੋ ਮਨੁੱਖ ਗੁਰੂ ਪਾਸੋਂ ਨਾਮ ਦਾ ਇਹ ਧਨ ਲੈਂਦਾ ਹੈ, ਉਸ ਨੂੰ ਹੀ ਨਾਮ ਦਾ ਰੰਗ ਬਹੁਤ ਚੜ੍ਹਦਾ ਹੈ, ਜੋ ਹਰ ਰੋਜ਼ ਦੂਣ-ਸਵਾਇਆ ਹੋ ਕੇ ਚਮਕਦਾ ਹੈ,

ਸਤਿਗੁਰ ਸਿਉ ਚਿਤੁ ਨ ਲਾਇਓ
ਨਾਮੁ ਨ ਵਸਿਓ ਮਨਿ ਆਇ॥
ਧ੍ਰਿਗੁ ਇਵੇਹਾ ਜੀਵਿਆ
ਕਿਆ ਜੁਗ ਮਹਿ ਪਾਇਆ ਆਇ॥
ਮਾਇਆ ਖੋਟੀ ਰਾਸਿ ਹੈ
ਏਕ ਚਸੇ ਮਹਿ ਪਾਜੁ ਲਹਿ ਜਾਇ॥
ਹਥਹੁ ਛੁੜਕੀ ਤਨੁ ਸਿਆਹੁ ਹੋਇ
ਬਦਨੁ ਜਾਇ ਕੁਮਲਾਇ॥
ਜਿਨ ਸਤਿਗੁਰ ਸਿਉ ਚਿਤੁ ਲਾਇਆ
ਤਿਨ੍ਹ ਸੁਖੁ ਵਸਿਆ ਮਨਿ ਆਇ॥
ਹਰਿ ਨਾਮੁ ਧਿਆਵਹਿ ਰੰਗ ਸਿਉ
ਹਰਿ ਨਾਮਿ ਰਹੇ ਲਿਵ ਲਾਇ॥
ਨਾਨਕ ਸਤਿਗੁਰ ਸੋ ਧਨੁ ਸਉਪਿਆ
ਜਿ ਜੀਅ ਮਹਿ ਰਹਿਆ ਸਮਾਇ॥
ਰੰਗੁ ਤਿਸੈ ਕਉ ਅਗਲਾ
ਵੰਨੀ ਚੜੈ ਚੜਾਇ॥੧॥ (ਪੰਨਾ ੫੧੦)

ਅੱਗੇ ਮਾਇਆ ਦੀ ਗੱਲ ਕੀਤੀ ਹੈ ਕਿ ਇਹ ਦੁਨੀਆਂ ਨੂੰ ਸੱਪਣੀ ਬਣ ਕੇ ਲਿਪਟੀ ਹੋਈ ਹੈ। ਜਿਹੜਾ ਇਸ ਦੇ ਅਧੀਨ ਹੋ ਜਾਂਦਾ ਹੈ, ਇਸ ਦੀ ਗੁਲਾਮੀ ਕਰਦਾ ਹੈ ਉਸੇ ਨੂੰ ਹੀ ਖਾ ਜਾਂਦੀ ਹੈ। ਗੁਰਮੁਖ ਨੂੰ ਇਥੇ ਗਾਰੜੂ ਕਿਹਾ ਹੈ ਜੋ ਕੋਈ ਵਿਰਲਾ ਹੁੰਦਾ ਹੈ ਅਤੇ ਇਸ ਦੇ ਜ਼ਹਿਰ ਨੂੰ ਕਾਬੂ ਕਰਨ ਦਾ ਮੰਤਰ ਜਾਣਦਾ ਹੈ। ਉਸ (ਗੁਰਮੁਖ) ਨੇ ਇਸ ਨੂੰ ਆਪਣੇ ਪੈਰਾਂ ਥੱਲੇ ਮਸਲ ਦਿੱਤਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਮਾਇਆ ਰੂਪੀ ਸੱਪਣੀ ਤੋਂ ਉਹ ਹੀ ਉਤੇ ਉਠ ਸਕਦੇ ਹਨ ਜਿਨ੍ਹਾਂ ਨੇ ਆਪਣੀ ਸੁਰਤਿ ਨੂੰ ਸੱਚ ਵਿਚ ਜੋੜ ਲਿਆ ਹੈ, ਅਰਥਾਤ ਅਕਾਲ ਪੁਰਖ ਦੀ ਸੁਰਤਿ ਨਾਲ ਆਪਣੀ ਸੁਰਤਿ ਇਕਸੁਰ ਕਰ ਲਈ ਹੈ,

ਮਾਇਆ ਹੋਈ ਨਾਗਨੀ
ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ
ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ
ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ
ਰਹੇ ਲਿਵ ਲਾਇ॥੨॥ (ਪੰਨਾ ੫੧੦)

ਜਦੋਂ ਮਨੁੱਖ ਅਕਾਲ ਪੁਰਖ ਦਾ ਢਾਢੀ ਬਣ ਕੇ ਉਸ ਅੱਗੇ ਅਰਦਾਸ ਕਰਦਾ ਹੈ ਤਾਂ ਪਰਮਾਤਮਾ ਉਸ ਦੀ ਅਰਦਾਸ ਸੁਣ ਲੈਂਦਾ ਹੈ, ਉਸ ਦੇ ਅੰਦਰ ਧੀਰਜ ਆਉਂਦੀ ਹੈ ਕਿਉਂਕਿ ਮਨ ਵਿਚੋਂ ਹਉਮੈ ਅਤੇ ਮਾਇਆ-ਮੋਹ ਆਦਿ ਦੂਰ ਹੋ ਜਾਂਦੇ ਹਨ। ਉਸ ਨੂੰ ਪੂਰਾ ਪਰਮਾਤਮਾ ਮਿਲ ਪੈਂਦਾ ਹੈ। ਉਸ ਦੇ ਆਪਣੇ ਪਹਿਲਾਂ ਕੀਤੇ ਚੰਗੇ ਕਰਮਾਂ ਅਨੁਸਾਰ ਜੋ ਧੁਰੋਂ ਉਸ ਦੇ ਚੰਗੇ ਭਾਗ ਲਿਖੇ ਹੁੰਦੇ ਹਨ, ਉਨ੍ਹਾਂ ਅਨੁਸਾਰ ਉਹ ਫਿਰ ਨਾਮ ਸਿਮਰਨ ਅਤੇ ਪਰਮਾਤਮਾ ਦੀ ਸਿਫਤਿ-ਸਾਲਾਹ ਵਰਗੇ ਚੰਗੇ ਕਰਮ ਕਰਦਾ ਹੈ। ਇਸ ਤਰ੍ਹਾਂ ਜਦੋਂ ਅਕਾਲ ਪੁਰਖ ਦੀ ਉਸ ਉਤੇ ਮਿਹਰ ਹੁੰਦੀ ਹੈ ਤਾਂ ਉਸ ਨੂੰ ਪਰਮਾਤਮਾ ਦਾ ਦਰਵਾਜ਼ਾ, ਉਸ ਦਾ ਘਰ ਲੱਭ ਪੈਂਦਾ ਹੈ। ਉਹ ਅਕਾਲ ਪੁਰਖ ਬਹੁਤ ਵਿਸ਼ਾਲ ਹੈ, ਵੱਡਾ ਹੈ ਜਿਸ ਦੀ ਪ੍ਰਾਪਤੀ ਗੁਰੂ ਰਾਹੀਂ ਹੁੰਦੀ ਹੈ,

ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ॥
ਅੰਦਰਿ ਧੀਰਕ ਹੋਇ ਪੂਰਾ ਪਾਇਸੀ॥
ਜੋ ਧੁਰਿ ਲਿਖਿਆ ਲੇਖੁ
ਸੇ ਕਰਮ ਕਮਾਇਸੀ॥
ਜਾ ਹੋਵੈ ਖਸਮੁ ਦਇਆਲੁ
ਤਾ ਮਹਲੁ ਘਰੁ ਪਾਇਸੀ॥
ਸੋ ਪ੍ਰਭੁ ਮੇਰਾ ਅਤਿ ਵਡਾ
ਗੁਰਮੁਖਿ ਮੇਲਾਇਸੀ॥੫॥ (ਪੰਨਾ ੫੧੦)

ਗੁਰਮਤਿ ਵਿਚ ਜੀਵ ਨੂੰ ਇਸਤਰੀ ਕਰਕੇ ਜਾਣਿਆ ਜਾਂਦਾ ਹੈ ਜਿਸ ਦਾ ਮਾਲਕ, ਸੁਆਮੀ ਉਹ ਅਕਾਲ ਪੁਰਖ ਹੈ। ਇਥੇ ਵੀ ਇਸੇ ਵਿਚਾਰ ਨੂੰ ਪਰਗਟ ਕੀਤਾ ਹੈ ਕਿ ਸਾਰੀਆਂ ਜੀਵ-ਇਸਤਰੀਆਂ ਦਾ ਸੁਆਮੀ ਉਹ ਅਕਾਲ ਪੁਰਖ ਹੈ ਜੋ ਸਦਾ ਜੀਵਾਂ ਦੇ ਅੰਗ-ਸੰਗ ਹਾਜ਼ਰ ਰਹਿੰਦਾ ਹੈ। ਜੋ ਮਨੁੱਖ ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਨਹੀਂ ਚਲਦਾ, ਉਸ ਦੇ ਅੰਦਰ ਵਸਦਿਆਂ ਵੀ ਕਰਤਾ ਪੁਰਖ ਉਸ ਤੋਂ ਦੂਰ ਹੁੰਦਾ ਹੈ। ਉਸ ਦੇ ਹੁਕਮ ਦੇ ਅਨੁਸਾਰੀ ਹੋ ਕੇ ਉਹ ਹੀ ਚੱਲਦੇ ਹਨ ਜਿਨ੍ਹਾਂ ਉਤੇ ਉਸ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ। ਜਿਨ੍ਹਾਂ ਨੇ ਉਸ ਦੇ ਹੁਕਮ ਦਾ ਮੰਨਣ ਕੀਤਾ ਹੈ, ਉਹ ਉਸ ਦੇ ਪ੍ਰੇਮ ਦੇ ਪ੍ਰੇਮ ਦਾ ਅਨੰਦ ਮਾਣਦੇ ਹਨ ਅਤੇ ਅਜਿਹੀਆਂ ਜੀਵ-ਇਸਤਰੀਆਂ ਦਾ ਸੁਆਮੀ ਅਕਾਲ ਪੁਰਖ ਸਦਾ ਉਨ੍ਹਾਂ ਦੇ ਨਾਲ ਵਸਦਾ ਹੈ, ਉਹ ਭਾਗਾਂ ਵਾਲੀਆਂ ਇਸਤਰੀਆਂ ਹਨ,

ਸਭਨਾ ਕਾ ਸਹੁ ਏਕੁ ਹੈ
ਸਦ ਹੀ ਰਹੈ ਹਜੂਰਿ॥
ਨਾਨਕ ਹੁਕਮੁ ਨ ਮੰਨਈ
ਤਾ ਘਰ ਹੀ ਅੰਦਰਿ ਦੂਰਿ॥
ਹੁਕਮੁ ਭੀ ਤਿਨ੍ਹਾ ਮਨਾਇਸੀ
ਜਿਨ ਕਉ ਨਦਰਿ ਕਰੇਇ॥
ਹੁਕਮੁ ਮੰਨਿ ਸੁਖੁ ਪਾਇਆ
ਪ੍ਰੇਮ ਸੁਹਾਗਣਿ ਹੋਇ॥੧॥ (ਪੰਨਾ ੫੧੦)

ਅਗਲੇ ਸਲੋਕ ਵਿਚ ਦੱਸਿਆ ਹੈ ਕਿ ਜਿਹੜੀ ਜੀਵ-ਇਸਤਰੀ ਆਪਣੇ ਪ੍ਰੀਤਮ ਸਿਰਜਣਹਾਰ ਅਕਾਲ ਪੁਰਖ ਨਾਲ ਪ੍ਰੇਮ ਨਹੀਂ ਕਰਦੀ ਉਹ ਆਪਣੀ ਜੀਵਨ-ਰੂਪੀ ਰਾਤ ਵਿਛੋੜੇ ਦੀ ਅੱਗ ਵਿਚ ਸੜ ਕੇ ਲੰਘਾਉਂਦੀ ਹੈ। ਭਾਵ ਜੋ ਮਨੁੱਖ ਅਕਾਲ ਪੁਰਖ ਦੀ ਪ੍ਰੇਮਾ-ਭਗਤੀ ਨਹੀਂ ਕਰਦੇ ਉਨ੍ਹਾਂ ਦੀ ਸਾਰੀ ਉਮਰ ਦੁੱਖਾਂ ਵਿਚ ਲੰਘਦੀ ਹੈ। ਇਸ ਦੇ ਉਲਟ ਉਹ ਜੀਵ-ਇਸਤਰੀਆਂ ਜਿਨ੍ਹਾਂ ਦਾ ਅਕਾਲ ਪੁਰਖ ਨਾਲ ਪ੍ਰੇਮ ਹੈ, ਜਿਨ੍ਹਾਂ ਦਾ ਸੁਆਮੀ ਪ੍ਰਭੂ ਉਨ੍ਹਾਂ ਦੇ ਨਾਲ ਵੱਸ ਰਿਹਾ ਹੈ ਉਹ ਉਸ ਦੇ ਪ੍ਰੇਮ ਦਾ ਰੰਗ ਮਾਣਦੀਆਂ ਹਨ ਅਤੇ ਉਨ੍ਹਾਂ ਦੀ ਜੀਵਨ-ਰੂਪੀ ਰਾਤ ਸੁਖ ਵਿਚ ਗੁਜ਼ਰਦੀ ਹੈ,

ਰੈਣਿ ਸਬਾਈ ਜਲਿ ਮੁਈ
ਕੰਤ ਨ ਲਾਇਓ ਭਾਉ॥
ਨਾਨਕ ਸੁਖਿ ਵਸਨਿ ਸੋੁਹਾਗਣੀ
ਜਿਨ੍ ਪਿਆਰਾ ਪੁਰਖੁ ਹਰਿ ਰਾਉ॥੨॥
(ਪੰਨਾ ੫੧੦)

ਅੱਗੇ ਪਉੜੀ ਵਿਚ ਗੁਰੂ ਅਮਰਦਾਸ ਸਾਹਿਬ ਫਰਮਾਉਂਦੇ ਹਨ ਕਿ ਉਨ੍ਹਾਂ ਨੇ ਸਾਰਾ ਸੰਸਾਰ ਟੋਲ ਕੇ ਦੇਖ ਲਿਆ ਹੈ, ਇੱਕ ਅਕਾਲ ਪੁਰਖ ਹੀ ਹੈ ਜੋ ਸਾਰੇ ਜੀਵਾਂ ਨੂੰ ਦਾਤਾਂ ਬਖਸ਼ਣ ਵਾਲਾ ਹੈ। ਉਹ ਜੋ ਜੀਵਾਂ ਦੇ ਕਰਮਾਂ ਦੀ ਬਿਧ ਬਣਾਉਣ ਵਾਲਾ ਹੈ, ਉਸ ਨੂੰ ਕਿਸੇ ਤਰ੍ਹਾਂ ਦੀਆਂ ਚਤੁਰਾਈਆਂ ਨਾਲ ਨਹੀਂ ਪਾ ਸਕੀਦਾ, ਕਿਸੇ ਤਰ੍ਹਾਂ ਦੀਆਂ ਸਿਆਣਪਾਂ ਨਾਲ ਉਹ ਪ੍ਰਾਪਤ ਨਹੀਂ ਹੁੰਦਾ। ਉਸ ਨੂੰ ਪਾਉਣ ਦਾ ਰਸਤਾ ਸਿਰਫ ਗੁਰੂ ਦਾ ਸ਼ਬਦ ਹੈ। ਗੁਰੂ ਦੇ ਸ਼ਬਦ ਰਾਹੀਂ ਉਹ ਮਨੁੱਖ ਦੇ ਮਨ ਵਿਚ ਆ ਕੇ ਵੱਸਦਾ ਹੈ ਅਤੇ ਸਹਿਜ ਨਾਲ ਹੀ ਪਛਾਣਿਆ ਜਾਂਦਾ ਹੈ। ਜੋ ਮਨੁੱਖ ਅਕਾਲ ਪੁਰਖ ਦੇ ਨਾਮ-ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਸ ਦੇ ਅੰਦਰੋਂ ਹਰ ਤਰ੍ਹਾਂ ਦੀ ਤ੍ਰਿਸ਼ਨਾ ਦੀ ਅੱਗ ਬੁੱਝ ਕੇ ਹਿਰਦਾ ਸ਼ਾਂਤ ਹੋ ਜਾਂਦਾ ਹੈ। ਇਹ ਉਸ ਅਕਾਲ ਪੁਰਖ ਦੀ ਵਡਿਆਈ ਹੈ ਕਿ ਉਹ ਗੁਰੂ ਰਾਹੀਂ ਮਨੁੱਖ ਨੂੰ ਆਪਣੇ ਨਾਮ ਵੱਲ ਲਾਉਂਦਾ ਹੈ ਅਤੇ ਆਪਣੀ ਸਿਫਤਿ-ਸਾਲਾਹ ਕਰਾਉਂਦਾ ਹੈ,

ਸਭੁ ਜਗੁ ਫਿਰਿ ਮੈ ਦੇਖਿਆ
ਹਰਿ ਇਕੋ ਦਾਤਾ॥
ਉਪਾਇ ਕਿਤੈ ਨ ਪਾਈਐ
ਹਰਿ ਕਰਮ ਬਿਧਾਤਾ॥
ਗੁਰ ਸਬਦੀ ਹਰਿ ਮਨਿ ਵਸੈ
ਹਰਿ ਸਹਜੇ ਜਾਤਾ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ
ਹਰਿ ਅੰਮ੍ਰਿਤਸਰਿ ਨਾਤਾ॥
ਵਡੀ ਵਡਿਆਈ ਵਡੇ ਕੀ
ਗੁਰਮੁਖਿ ਬੋਲਾਤਾ॥੬॥ (ਪੰਨਾ ੫੧੦)

ਗੁਰੂ ਅਮਰਦਾਸ ਸਾਹਿਬ ਅਗਲੇ ਸਲੋਕ ਵਿਚ ਸਰੀਰ ਅਤੇ ਆਤਮਾ ਦਾ ਰਿਸ਼ਤਾ ਬਿਆਨ ਕਰਦੇ ਹਨ ਕਿ ਇਨ੍ਹਾਂ ਦਾ ਪਿਆਰ ਕੱਚਾ ਜਿਹਾ ਹੈ ਭਾਵ ਸਰੀਰ ਅਤੇ ਆਤਮਾ ਦਾ ਸਾਥ ਇੱਕ-ਦੂਸਰੇ ਨਾਲ ਸਦੀਵੀ ਨਹੀਂ ਹੈ। ਜਦੋਂ ਵਕਤ ਆਉਂਦਾ ਹੈ ਤਾਂ ਆਤਮਾ ਸਰੀਰ ਨੂੰ ਡਿਗਿਆ ਪਿਆ ਛੱਡ ਕੇ ਅੱਗੇ ਤੁਰ ਜਾਂਦੀ ਹੈ ਪਰ ਕੀਤੇ ਕਰਮਾਂ ਦਾ ਲੇਖਾ ਸਰੀਰ ਨੂੰ ਨਹੀਂ, ਆਤਮਾ ਨੂੰ ਦੇਣਾ ਪੈਂਦਾ ਹੈ। ਜਦੋਂ ਅੱਗੇ ਆਤਮਾ ਨੂੰ ਇਕੱਲਿਆਂ ਜਾਣਾ ਪੈਣਾ ਹੈ, ਸਰੀਰ ਨੇ ਨਾਲ ਹੀ ਨਹੀਂ ਜਾਣਾ ਤਾਂ ਫਿਰ ਝੂਠ ਬੋਲ-ਬੋਲ ਕੇ ਇਸ ਨੂੰ ਪਾਲਣ ਦਾ ਕੀ ਫਾਇਦਾ ਹੈ। ਸਰੀਰ ਦੀ ਮਿੱਟੀ ਇੱਕ ਤਰ੍ਹਾਂ ਨਾਲ ਅੰਨ੍ਹੀ ਹੈ ਅਰਥਾਤ ਸਰੀਰ ਦੀ ਮਿੱਟੀ ਗਿਆਨ-ਵਿਹੂਣੀ ਹੈ ਅਤੇ ਇਸ ਨੂੰ ਪਾਲਣ ਦਾ ਲੇਖਾ ਅੱਗੇ ਜਾ ਕੇ ਆਤਮਾ ਕੋਲੋਂ ਮੰਗਿਆ ਜਾਣਾ ਹੈ। ਜੀਵ-ਆਤਮਾ ਤੋਂ ਜਦੋਂ ਇਹ ਲੇਖਾ ਮੰਗਿਆ ਜਾਂਦਾ ਹੈ ਤਾਂ ਉਸ ਦਾ ਉਤਰ ਹੁੰਦਾ ਹੈ ਕਿ ਉਹ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਵਾਰ ਵਾਰ ਜਨਮ-ਮਰਨ ਦੇ ਚੱਕਰ ਵਿਚ ਫਸਿਆ ਰਿਹਾ ਹੈ। ਜੀਵ-ਆਤਮਾ ਨੇ ਉਸ ਵੇਲੇ ਅਕਾਲ ਪੁਰਖ ਦਾ ਹੁਕਮ ਨਹੀਂ ਪਛਾਣਿਆ, ਜਿਸ ਨਾਲ ਉਹ ਸੱਚੇ ਅਕਾਲ ਪੁਰਖ ਵਿਚ ਸਮਾਇਆ ਰਹਿੰਦਾ, ਉਸ ਵਿਚ ਟਿਕਿਆ ਰਹਿੰਦਾ,

ਕਾਇਆ ਹੰਸ ਕਿਆ ਪ੍ਰੀਤਿ ਹੈ
ਜਿ ਪਇਆ ਹੀ ਛਡਿ ਜਾਇ॥
ਏਸ ਨੋ ਕੂੜੁ ਬੋਲਿ ਕਿ ਖਵਾਲੀਐ
ਜਿ ਚਲਦਿਆ ਨਾਲਿ ਨ ਜਾਇ॥
ਕਾਇਆ ਮਿਟੀ ਅੰਧੁ ਹੈ
ਪਉਣੈ ਪੁਛਹੁ ਜਾਇ॥
ਹਉ ਤਾ ਮਾਇਆ ਮੋਹਿਆ
ਫਿਰਿ ਫਿਰਿ ਆਵਾ ਜਾਇ॥
ਨਾਨਕ ਹੁਕਮੁ ਨ ਜਾਤੋ ਖਸਮ ਕਾ
ਜਿ ਰਹਾ ਸਚਿ ਸਮਾਇ॥੧॥
(ਪੰਨਾ ੫੦੯-੫੧੦)

ਅਗਲੇ ਸਲੋਕ ਵਿਚ ਗੁਰੂ ਸਾਹਿਬ ਨਾਮ ਰੂਪੀ ਧਨ ਅਤੇ ਦੁਨਿਆਵੀ ਧਨ ਦੀ ਗੱਲ ਕਰਦੇ ਹਨ ਕਿ ਨਾਮ-ਧਨ ਅਜਿਹਾ ਧਨ ਹੈ ਜੋ ਅੱਗੇ ਵੀ ਮਨੁੱਖ ਦੇ, ਜੀਵ-ਆਤਮਾ ਦੇ ਨਾਲ ਚੱਲਦਾ ਹੈ ਜਦਕਿ ਦੁਨਿਆਵੀ ਧਨ ਆਉਣੀ-ਜਾਣੀ ਚੀਜ਼ ਹੈ। ਨਾਮ ਧਨ ਅਜਿਹਾ ਧਨ ਹੈ ਜਿਸ ਨੂੰ ਨਾ ਕੋਈ ਖੋਹ ਸਕਦਾ ਹੈ ਅਤੇ ਨਾ ਹੀ ਚੋਰ ਚੁਰਾ ਕੇ ਲੈ ਜਾ ਸਕਦਾ ਹੈ। ਇਹ ਅਕਾਲ ਪੁਰਖ ਦੇ ਨਾਮ ਦਾ ਧਨ ਜੀਵ-ਆਤਮਾ ਦੇ ਅੰਦਰ ਨਿਵਾਸ ਕਰਦਾ ਹੈ ਅਤੇ ਉਸ ਦੇ ਨਾਲ ਹੀ ਇਥੋਂ ਜਾਂਦਾ ਹੈ। ਇਸ ਧਨ ਦੀ ਪ੍ਰਾਪਤੀ ਮਨੁੱਖ ਨੂੰ ਗੁਰੂ ਪਾਸੋਂ ਹੁੰਦੀ ਹੈ, ਗੁਰੂ ਦੇ ਦੱਸੇ ਰਸਤੇ 'ਤੇ ਚਲਣ ਵਾਲਿਆਂ ਨੂੰ ਹੁੰਦੀ ਹੈ ਪਰ ਆਪਣੇ ਮਨ ਦੀ ਮੱਤ ਪਿੱਛੇ ਲੱਗ ਕੇ ਚੱਲਣ ਵਾਲਿਆਂ ਨੂੰ ਇਹ ਪ੍ਰਾਪਤੀ ਨਹੀਂ ਹੁੰਦੀ। ਗੁਰੂ ਜੀ ਫਰਮਾਉਂਦੇ ਹਨ ਕਿ ਨਾਮ-ਧਨ ਦਾ ਵਣਜ ਕਰਨ ਵਾਲੇ ਵਪਾਰੀ ਧੰਨ ਹਨ ਜਿਹੜੇ ਨਾਮ ਦੀ ਕਮਾਈ ਕਰਦੇ ਹਨ, ਨਾਮ ਦੀ ਖੱਟੀ ਕਮਾਉਂਦੇ ਹਨ,

ਏਕੋ ਨਿਹਚਲ ਨਾਮ ਧਨੁ
ਹੋਰੁ ਧਨੁ ਆਵੈ ਜਾਇ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ
ਨਾ ਓਚਕਾ ਲੈ ਜਾਇ॥
ਇਹੁ ਹਰਿ ਧਨੁ ਜੀਐ ਸੇਤੀ
ਰਵਿ ਰਹਿਆ ਜੀਐ ਨਾਲੇ ਜਾਇ॥
ਪੂਰੇ ਗੁਰ ਤੇ ਪਾਈਐ
ਮਨਮੁਖਿ ਪਲੈ ਨ ਪਾਇ॥
ਧਨੁ ਵਾਪਾਰੀ ਨਾਨਕਾ
ਜਿਨ੍ਹਾ ਨਾਮ ਧਨੁ ਖਟਿਆ ਆਇ॥੨॥
(ਪੰਨਾ ੫੧੧)

ਅੱਗੇ ਪਉੜੀ ਵਿਚ ਉਸ ਅਕਾਲ ਪੁਰਖ ਦੇ ਗੁਣਾਂ ਦਾ ਬਿਆਨ ਕੀਤਾ ਹੈ ਕਿ ਉਹ ਬਹੁਤ ਹੀ ਵੱਡੀ, ਸਦੀਵੀ ਕਾਇਮ ਰਹਿਣ ਵਾਲੀ, ਗੰਭੀਰ ਅਤੇ ਧੀਰਜ ਵਾਲੀ ਹਸਤੀ ਹੈ। ਇਹ ਸਾਰਾ ਜਗਤ ਉਸ ਦੇ ਅਖ਼ਤਿਆਰ ਵਿਚ ਹੈ ਅਤੇ ਉਸੇ ਦੇ ਆਸਰੇ ਚੱਲ ਰਿਹਾ ਹੈ। ਉਸ ਅਕਾਲ ਪੁਰਖ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਅਤੇ ਅਟੱਲ ਹੈ ਜਿਸ ਦੀ ਪ੍ਰਾਪਤੀ ਗੁਰੂ ਦੀ ਮਿਹਰ ਰਾਹੀਂ ਹੁੰਦੀ ਹੈ। ਅਕਾਲ ਪੁਰਖ ਦੀ ਮਿਹਰ ਨਾਲ ਗੁਰੂ ਨਾਲ ਮੇਲ ਹੁੰਦਾ ਹੈ ਜਿਸ ਨਾਲ ਅਕਾਲ ਪੁਰਖ ਦਾ ਨਾਮ ਮਨ ਵਿਚ ਆ ਕੇ ਵੱਸਦਾ ਹੈ। ਗੁਣਾਂ ਵਾਲੇ ਮਨੁੱਖਾਂ ਨੇ ਉਸ ਅਡੋਲ, ਸਦਾ ਕਾਇਮ ਰਹਿਣ ਵਾਲੇ ਪੂਰੇ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕੀਤੀ ਹੈ,

ਮੇਰਾ ਸਾਹਿਬੁ ਅਤਿ ਵਡਾ
ਸਚੁ ਗਹਿਰ ਗੰਭੀਰਾ॥
ਸਭੁ ਜਗੁ ਤਿਸ ਕੈ ਵਸਿ ਹੈ
ਸਭੁ ਤਿਸ ਕਾ ਚੀਰਾ॥
ਗੁਰ ਪਰਸਾਦੀ ਪਾਈਐ
ਨਿਹਚਲੁ ਧਨੁ ਧੀਰਾ॥
ਕਿਰਪਾ ਤੇ ਹਰਿ ਮਨਿ ਵਸੈ
ਭੇਟੈ ਗੁਰੁ ਸੂਰਾ॥
ਗੁਣਵੰਤੀ ਸਾਲਾਹਿਆ
ਸਦਾ ਥਿਰੁ ਨਿਹਚਲੁ ਹਰਿ ਪੂਰਾ॥੭॥
(ਪੰਨਾ ੫੧੧)

ਗੁਰਬਾਣੀ ਗਿਆਨ

# ਛੋਡਿ ਛੋਡਿ ਰੇ ਬਿਖਿਆ ਕੇ ਰਸੂਆ

**ਗਉੜੀ ਮਹਲਾ ੫**
ਛੋਡਿ ਛੋਡਿ ਰੇ ਬਿਖਿਆ ਕੇ ਰਸੂਆ॥
ਉਰਝਿ ਰਹਿਓ ਰੇ ਬਾਵਰ ਗਾਵਰ
ਜਿਉ ਕਿਰਖੈ ਹਰਿਆਇਓ ਪਸੂਆ॥੧॥
ਰਹਾਉ॥
ਜੋ ਜਾਨਹਿ ਤੂੰ ਅਪੁਨੇ ਕਾਜੈ
ਸੋ ਸੰਗਿ ਨ ਚਾਲੈ ਤੇਰੈ ਤਸੂਆ॥
ਨਾਗੋ ਆਇਓ ਨਾਗ ਸਿਧਾਸੀ
ਫੇਰਿ ਫਿਰਿਓ ਅਰੁ ਕਾਲਿ ਗਰਸੂਆ॥੧॥
ਪੇਖਿ ਪੇਖਿ ਰੇ ਕਸੁੰਭ ਕੀ ਲੀਲਾ
ਰਾਚਿ ਮਾਚਿ ਤਿਨਹੂੰ ਲਉ ਹਸੂਆ॥
ਛੀਜਤ ਡੋਰਿ ਦਿਨਸੁ ਅਰੁ ਰੈਨੀ
ਜੀਅ ਕੋ ਕਾਜੁ ਨ ਕੀਨੋ ਕਛੂਆ॥੨॥
ਕਰਤ ਕਰਤ ਇਵ ਹੀ ਬਿਰਧਾਨੋ
ਹਾਰਿਓ ਉਕਤੇ ਤਨੁ ਖੀਨਸੂਆ॥
ਜਿਉ ਮੋਹਿਓ ਉਨਿ ਮੋਹਨੀ ਬਾਲਾ
ਉਸ ਤੇ ਘਟੈ ਨਾਹੀ ਰੁਚ ਚਸੂਆ॥੩॥
ਜਗੁ ਐਸਾ ਮੋਹਿ ਗੁਰਹਿ ਦਿਖਾਇਓ
ਤਉ ਸਰਣਿ ਪਰਿਓ ਤਜਿ ਗਰਬਸੂਆ॥
ਮਾਰਗੁ ਪ੍ਰਭ ਕੋ ਸੰਤਿ ਬਤਾਇਓ
ਦ੍ਰਿੜੀ ਨਾਨਕ ਦਾਸ
ਭਗਤਿ ਹਰਿ ਜਸੂਆ॥੪॥

ਇਸ ਸ਼ਬਦ ਵਿਚ ਗੁਰਦੇਵ ਪਿਤਾ ਜੀ ਉਪਦੇਸ਼ ਕਰਦੇ ਹਨ- ਛੋਡਿ ਛੋਡਿ ਰੇ ਬਿਖਿਆ ਕੇ ਰਸੂਆ, ਹੇ ਝੱਲੇ ਜੀਵ! ਇਸ ਜ਼ਹਿਰ ਰੂਪੀ ਮਾਇਆ ਦੇ ਰਸ, ਭਾਵ ਚਸਕੇ ਛੱਡ ਦੇ; ਉਰਝਿ ਰਹਿਓ ਰੇ ਬਾਵਰ ਗਾਵਰ, ਹੇ ਕਮਲੇ ਗਵਾਰ ਜੀਵ! ਤੂੰ ਮਾਇਆ ਦੇ ਇਨ੍ਹਾਂ ਜ਼ਹਿਰ ਰੂਪੀ ਚਸਕਿਆਂ ਵਿਚ ਇਸ ਤਰ੍ਹਾਂ ਉਲਝਿਆ ਪਿਆ ਹੈਂ ਜਿਵੇਂ ਕੋਈ ਪਸ਼ੂ ਹਰੇ-ਭਰੇ ਲਹਿਰਾਉਂਦੇ ਖੇਤ ਨੂੰ ਵੇਖ ਕੇ ਮਸਤ ਹੋ ਜਾਂਦਾ ਹੈ।

ਜੋ ਜਾਨਹਿ ਤੂੰ ਅਪੁਨੇ ਕਾਜੈ
ਸੋ ਸੰਗਿ ਨ ਚਾਲੈ ਤੇਰੈ ਤਸੂਆ॥
ਨਾਗੋ ਆਇਓ ਨਾਗ ਸਿਧਾਸੀ
ਫੇਰਿ ਫਿਰਿਓ ਅਰੁ ਕਾਲਿ ਗਰਸੂਆ॥੧॥

ਹੇ ਕਮਲੇ ਜੀਵ! ਜਿਸ ਵਸਤੂ ਨੂੰ ਤੂੰ ਆਪਣੇ ਕੰਮ ਆਉਣ ਵਾਲੀ ਸਮਝੀ ਬੈਠਾ ਹੈਂ, ਉਹ ਰੱਤੀ ਭਰ ਵਸਤੂ ਵੀ ਅੰਤ ਵੇਲੇ ਤੇਰੇ ਨਾਲ ਨਹੀਂ ਜਾਣੀ; ਹੇ ਪਗਲੇ ਜੀਵ! ਤੂੰ ਦੁਨੀਆਂ ਵਿਚ ਨੰਗਾ ਹੀ ਆਇਆ ਸੀ ਤੇ ਇਥੋਂ ਨੰਗਾ ਹੀ ਤੁਰ ਜਾਵੇਂਗਾ; ਫੇਰਿ ਫਿਰਿਓ ਅਰੁ ਕਾਲਿ ਗਰਸੂਆ, ਹੇ ਭਟਕੇ ਹੋਏ ਕਮਲੇ ਜੀਵ! ਤੂੰ ਵਿਅਰਥ ਹੀ ਜੂਨਾਂ ਦੇ ਗੇੜ ਵਿਚ ਭਟਕ ਰਿਹਾ ਹੈਂ। ਇਸ ਲਈ, ਸੰਭਲ ਜਾਹ, ਤੈਨੂੰ ਇਕ ਦਿਨ ਮੌਤ ਨੇ ਖਾ ਜਾਣਾ ਹੈ।

ਪੇਖਿ ਪੇਖਿ ਰੇ ਕਸੁੰਭ ਕੀ ਲੀਲਾ
ਰਾਚਿ ਮਾਚਿ ਤਿਨਹੂੰ ਲਉ ਹਸੂਆ॥
ਛੀਜਤ ਡੋਰਿ ਦਿਨਸੁ ਅਰੁ ਰੈਨੀ
ਜੀਅ ਕੋ ਕਾਜੁ ਨ ਕੀਨੋ ਕਛੂਆ॥੨॥

ਕਸੁੰਭਾ ਨਾਮ ਦਾ ਫਲ ਜਿਸ ਦਾ ਰੰਗ ਬਹੁਤ ਹੀ ਸ਼ੋਖ ਹੁੰਦਾ ਹੈ, ਇਕ-ਦੋ ਦਿਨਾਂ ਵਿਚ ਹੀ ਸੜ ਜਾਂਦਾ ਹੈ; ਹੇ ਜੀਵ! ਇਹ ਮਾਇਆ ਦੀ ਖੇਡ ਤਾਂ ਕਸੁੰਭੇ ਦੀ ਨਿਆਈਂ ਹੈ, ਪਰ ਤੂੰ ਇਸ ਨੂੰ ਵੇਖ-ਵੇਖ ਕੇ ਹੱਸਦਾ ਹੈਂ, ਮਸਤ ਹੋ ਰਿਹਾ ਹੈਂ ਤੇ ਝੂਠੇ ਵਿਖਾਵਿਆਂ ਵਿਚ ਫਸ ਫੈਠਾ ਹੈਂ। ਹੇ ਝੱਲੇ ਜੀਵ! ਦਿਨ-ਰਾਤ ਕਰ ਕੇ ਤੇਰੀ ਉਮਰਾ ਦੀ ਡੋਰੀ ਛਿਜਦੀ ਜਾ ਰਹੀ ਹੈ, ਪਰ ਤੂੰ ਆਪਣੀ ਜਿੰਦ ਦੇ ਕੰਮ ਆਉਣ ਵਾਲਾ ਕੋਈ ਚੰਗਾ ਕੰਮ ਨਹੀਂ ਕੀਤਾ।

ਕਰਤ ਕਰਤ ਇਵ ਹੀ ਬਿਰਧਾਨੋ
ਹਾਰਿਓ ਉਕਤੇ ਤਨੁ ਖੀਨਸੂਆ॥
ਜਿਉ ਮੋਹਿਓ ਉਨਿ ਮੋਹਨੀ ਬਾਲਾ
ਉਸ ਤੇ ਘਟੈ ਨਾਹੀ ਰੁਚ ਚਸੂਆ॥੩॥

ਹੇ ਜੀਵ! ਤੂੰ ਇਸ ਮੋਹਨੀ ਮਾਇਆ ਦੇ ਝੂਠੇ ਧੰਦੇ ਕਰ-ਕਰ ਕੇ ਬੁਢਾਪੇ ਵਿਚ ਪਹੁੰਚ ਗਿਆ ਹੈਂ, ਬੁੱਢਾ ਹੋ ਗਿਆ ਹੈਂ; ਹਾਰਿਓ ਉਕਤੇ ਤਨ ਖੀਨਸੂਆ, ਇਸ ਉਮਰ ਵਿਚ ਅਕਲ ਕੰਮ ਕਰਨ ਤੋਂ ਜਵਾਬ ਦੇ ਜਾਂਦੀ ਹੈ, ਸਰੀਰ ਕਮਜ਼ੋਰ ਹੋ ਜਾਂਦਾ ਹੈ; ਜਿਉ ਮੋਹਿਓ ਉਨਿ ਮੋਹਨੀ ਬਾਲਾ, ਜਿਵੇਂ ਜਵਾਨ ਉਮਰਾਂ ਵਿਚ ਜਗਤ ਨੂੰ ਮੋਹਨ ਵਾਲੀ ਮਾਇਆ ਨੇ ਇਸ ਜੀਵ ਨੂੰ ਆਪਣੇ ਮੋਹ ਦੇ ਜਾਲ ਵਿਚ ਫਸਾਇਆ ਸੀ, ਹੁਣ ਬੁਢਾਪੇ ਵਿਚ ਵੀ ਇਸ ਦੀ ਰੁਚੀ ਮਾਇਆ ਦੀ ਪ੍ਰੀਤ ਜ਼ਰਾ ਨਹੀਂ ਘਟਦੀ।

ਜਗੁ ਐਸਾ ਮੋਹਿ ਗੁਰਹਿ ਦਿਖਾਇਓ
ਤਉ ਸਰਣਿ ਪਰਿਓ ਤਜਿ ਗਰਬਸੂਆ॥
ਮਾਰਗੁ ਪ੍ਰਭ ਕੋ ਸੰਤਿ ਬਤਾਇਓ
ਦ੍ਰਿੜੀ ਨਾਨਕ ਦਾਸ
ਭਗਤਿ ਹਰਿ ਜਸੂਆ॥੪॥

ਸ਼ਬਦ ਦੇ ਅਖੀਰ 'ਚ ਗੁਰਦੇਵ ਜੀ ਆਖਦੇ ਹਨ- ਹੇ ਭਾਈ! ਮੈਨੂੰ ਗੁਰੂ ਨੇ ਵਿਖਾ ਦਿੱਤਾ ਹੈ ਕਿ ਇਸ ਝੂਠੇ ਜਗਤ ਦਾ ਮੋਹ ਇਹੋ ਜਿਹਾ ਹੈ; ਤਉ ਸਰਣਿ ਪਰਿਓ ਤਜਿ ਗਰਬਸੂਆ, ਉਸ ਲਈ ਮੈਂ ਸਾਰਾ ਮਾਨ-ਹੰਕਾਰ ਤਿਆਗ ਕੇ ਗੁਰੂ ਦੀ ਸ਼ਰਨ ਆਇਆ ਹਾਂ; ਮੇਰੇ ਗੁਰੂ ਸੰਤ ਨੇ ਮੈਨੂੰ ਉਸ ਮਿਹਰਵਾਨ ਪ੍ਰਭ ਦੇ ਮਿਲਣ ਦਾ ਰਸਤਾ ਦੱਸ ਦਿੱਤਾ ਹੈ, ਹੁਣ ਮੈਂ ਆਪਣੇ ਪ੍ਰਭੂ ਦੀ ਭਗਤੀ ਨੂੰ ਆਪਣੇ ਅੰਦਰ ਵਸ ਲਿਆ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਅੰਮ੍ਰਿਤਾ ਪ੍ਰੀਤਮ-3

# 'ਨਾਗਮਣੀ ਸ਼ਾਮ' ਅਤੇ ਅੰਮ੍ਰਿਤਾ ਪਰਿਵਾਰ




ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com


ਦੇਵਿੰਦਰ ਦੇ ਦੀਦੀਵਾਦ ਦਾ ਸਥਾਪਕ ਹੋਣ ਦਾ ਸਾਡਾ ਸ਼ੱਕ ਇਕ ਘਟਨਾ ਨੇ ਪੱਕਾ ਕਰ ਦਿੱਤਾ। ਇਕ ਸ਼ਾਮ ਗੁਰਦੇਵ ਨੂੰ ਤੇ ਮੈਨੂੰ ਉਹ ਕਨਾਟ ਪਲੇਸ ਦੇ ਤੰਬੂ ਵਾਲੇ ਜਨਤਾ ਕਾਫੀ ਹਾਊਸ ਦੇ ਬਾਹਰ ਖਲੋਤਾ ਮਿਲ ਗਿਆ। ਗੱਲਾਂ ਵਿਚ ਅੰਮ੍ਰਿਤਾ ਦਾ ਜ਼ਿਕਰ ਆਏ ਤੋਂ ਕਹਿੰਦਾ, "ਤੁਸੀਂ ਦੋਵੇਂ ਜੱਟ ਟੇਢੇ ਚਲਦੇ ਹੋ, ਦੀਦੀ ਨੂੰ ਦੀਦੀ ਕਿਹਾ ਕਰੋ।" ਮੈਂ ਤਾਂ ਏਨਾ ਆਖ ਕੇ ਸਾਰ ਲਿਆ, "ਜਿਵੇਂ ਤੈਨੂੰ ਬੀਬੀ ਲਫ਼ਜ਼ ਦਾ ਪਤਾ ਨਹੀਂ, ਮੈਨੂੰ ਦੀਦੀ ਦੇ ਅਰਥ ਨਹੀਂ ਆਉਂਦੇ।" ਗੁਰਦੇਵ ਕਈ ਵਾਰ ਟਿੱਚਰ ਕਰਨ ਲੱਗਾ ਅੱਗਾ-ਪਿੱਛਾ ਨਹੀਂ ਸੀ ਦੇਖਦਾ। ਕਹਿੰਦਾ, "ਕੀ ਪਤਾ, ਕੱਲ੍ਹ ਨੂੰ ਰਿਸ਼ਤਾ ਬਦਲ ਜਾਵੇ।" ਕੁਝ ਦਿਨਾਂ ਮਗਰੋਂ 'ਨਾਗਮਣੀ ਸ਼ਾਮ' ਸੀ। ਅਸੀਂ ਦੋਵੇਂ ਆਮ ਵਾਂਗ ਕੁਝ ਸਮਾਂ ਪਹਿਲਾਂ ਹੀ ਪਹੁੰਚ ਗਏ। ਅੰਮ੍ਰਿਤਾ ਆਪਣੇ ਕਮਰੇ ਵਿਚੋਂ ਆਈ ਅਤੇ ਬੜੀ ਤਿੱਖੀ ਮੁਸਕਰਾਹਟ ਨਾਲ ਕਹਿੰਦੀ, "ਰੁਪਾਣੇ, ਪਹਿਲੇ ਰਿਸ਼ਤੇ ਨਾਲ ਹੀ ਆਇਆ ਏਂ ਕਿ ਰਿਸ਼ਤਾ ਬਦਲ ਗਿਆ?" ਗੁਰਦੇਵ ਨੇ ਸੋਚਿਆ, ਚੁੱਪ ਰਹਿਣਾ ਜਾਂ ਝਿਪਣਾ ਤਾਂ ਠੀਕ ਨਹੀਂ। ਉਹ ਹੱਸਿਆ, "ਇਹ ਤਾਂ ਦੇਵਿੰਦਰ ਦੀ ਬੇੜੀ ਬੈਠ ਗਈ!" ਸਾਡੇ ਨਾਲ ਹੀ ਉਹ ਵੀ ਹੱਸ ਪਈ ਤੇ ਗੱਲ ਆਈ-ਗਈ ਹੋ ਗਈ।

ਮੈਂ ਹੋਰ ਕਈਆਂ ਦੇ ਤਾਂ ਚੂੰਢੀਆਂ ਵੱਢ ਲੈਂਦਾ ਪਰ ਮੈਥੋਂ ਅੰਮ੍ਰਿਤਾ ਨੂੰ ਟਿੱਚਰ ਨਹੀਂ ਸੀ ਕੀਤੀ ਜਾਂਦੀ। ਵੱਡੇ ਲੇਖਕਾਂ ਨਾਲ ਮੈਂ ਹਮੇਸ਼ਾ ਹੀ ਇਕ ਹੱਦ ਮਿਥ ਕੇ ਚਲਦਾ ਰਿਹਾ ਹਾਂ, ਪਰ ਗੁਰਦੇਵ ਉਹਨੂੰ ਵੀ ਟਿੱਚਰ ਕਰ ਲੈਂਦਾ। ਇਕ ਵਾਰ ਉਹ ਕਹਿੰਦੀ, ਬਈ ਆਪਣਾ ਆਪਣਾ ਜਾਂ ਆਪਣੇ ਆਪਣੇ ਇਸ਼ਕ ਸੁਣਾਓ। ਅਜਿਹੀਆਂ ਗੱਲਾਂ ਵਿਚੋਂ ਉਹਨੂੰ ਬੜਾ ਸੁਆਦ ਆਉਂਦਾ। ਮੈਂ ਇਹ ਆਖ ਕੇ ਗੱਲ ਮੁਕਾ ਦਿੱਤੀ, "ਮੇਰਾ ਵਿਆਹ ਪਹਿਲਾਂ ਹੋਇਆ, ਇਸ਼ਕ ਮਗਰੋਂ। ਪਤਨੀ ਹੀ ਮੇਰੀ ਪ੍ਰੇਮਿਕਾ ਹੈ।" ਉਹਨੂੰ ਅਜਿਹੇ ਜਵਾਬ ਦੀ ਆਸ ਨਹੀਂ ਸੀ। ਉਹਦਾ ਸੁਆਦ ਬਕਬਕਾ ਜਿਹਾ ਹੋ ਗਿਆ ਤੇ ਕਰਾਰਾ ਕਰਨ ਲਈ ਉਹਨੇ ਗੁਰਦੇਵ ਵੱਲ ਦੇਖਿਆ। ਉਹ ਕਹਿੰਦਾ, "ਕਿਉਂ? ਤੁਸੀਂ ਸਵੈਜੀਵਨੀ ਲਿਖ ਰਹੇ ਹੋਂ?" ਉਹ ਹੈਰਾਨ ਹੋਈ, "ਸਵੈਜੀਵਨੀ ਇਸ ਗੱਲ ਵਿਚ ਕਿਥੋਂ ਆ ਗਈ?"

ਗੁਰਦੇਵ ਕਹਿੰਦਾ, "ਸਿਆਣੇ ਬੰਦੇ ਇਸੇ ਤਰ੍ਹਾਂ ਇਸ਼ਾਰੇ ਕਰਦੇ ਹੁੰਦੇ ਐ।

ਇਕ ਕੁੜੀ ਕਹਿੰਦੀ, ਭਲਕੇ ਆਪਣੇ ਘਰ ਇਕ ਜੀਅ ਨਹੀਂ ਹੋਣਾ ਤੇ ਇਕ ਭਾਂਡਾ ਨਹੀਂ ਹੋਣਾ। ਉਹ ਰਾਤ ਨੂੰ ਯਾਰ ਨਾਲ ਨਿੱਕਲ ਗਈ ਤੇ ਜਾਂਦੀ ਹੋਈ ਇਕ ਗਲਾਸ ਵੀ ਲੈ ਗਈ। ਸਵੇਰੇ ਉਹਦੀ ਮਾਂ ਕਹੇ, 'ਮੇਰੀ ਧੀ ਤਾਂ ਜਾਣੀਜਾਣ ਸੀ, ਕੱਲ੍ਹ ਹੀ ਭਵਿੱਖਵਾਣੀ ਕਰਦੀ ਸੀ, ਇਕ ਜੀਅ ਨਹੀਂ ਹੋਣਾ ਤੇ ਇਕ ਭਾਂਡਾ ਨਹੀਂ ਹੋਣਾ! ਦੇਖ ਲਉ, ਅੱਜ ਹੀ ਸਾਡੇ ਘਰੋਂ ਇਕ ਜੀਅ ਘਟ ਗਿਆ ਤੇ ਇਕ ਭਾਂਡਾ ਘਟ ਗਿਆ।'...ਤੁਸੀਂ ਸਵੈਜੀਵਨੀ ਲਿਖ ਕੇ ਇਸ਼ਕ ਤਾਂ ਆਪਣੇ ਸੁਣਾਉਣੇ ਨੇ,

ਉਸ ਕੁੜੀ ਵਾਂਗੂੰ ਭਵਿੱਖਵਾਣੀ ਸਾਡੇ ਇਸ਼ਕਾਂ ਵਿਚੋਂ ਦੀ ਕਰਦੇ ਹੋ।...ਚਲੋ ਹੁਣ ਆਪਣੇ ਇਸ਼ਕਾਂ ਦਾ ਚਿੱਠਾ ਵੀ ਖੋਲ੍ਹ ਹੀ ਦਿਉ!"

ਉਹ ਹੱਸੀ, "ਚਿੱਠਾ ਤਾਂ ਤੂੰ ਇਉਂ ਕਹਿੰਦਾ ਹੈਂ ਜਿਵੇਂ ਮੇਰੇ ਆਸ਼ਕਾਂ ਦੇ ਨਾਂਵਾਂ ਦੀ ਲਿਸਟ ਬੜੀ ਲੰਮੀ ਹੋਵੇ।..."

ਗੁਰਦੇਵ ਦੇ ਮਨ ਵਿਚ ਤਾਂ ਪਤਾ ਨਹੀਂ ਆਇਆ ਕਿ ਨਹੀਂ ਆਇਆ, ਮੇਰੇ ਮਨ ਵਿਚ ਆਇਆ, ਕਹਾਂ, "ਬੀਬੀ, ਸੁਣਿਆ ਤਾਂ ਇਉਂ ਹੀ ਹੈ!" ਪਰ ਬੀਬੀ ਸੰਬੋਧਨ ਨਾਲ ਇਹ ਗੱਲ ਜਚਦੀ-ਸ਼ੋਭਦੀ ਨਹੀਂ ਸੀ। ਮੈਂ ਵੀ ਚੁੱਪ ਹੀ ਕਰ ਰਿਹਾ। ਅੰਮ੍ਰਿਤਾ ਨੇ ਆਪਣੀ ਗੱਲ ਪੂਰੀ ਕੀਤੀ, "ਮੈਂ ਤਾਂ ਕੁੱਲ ਮਿਲਾ ਕੇ ਡੇਢ ਇਸ਼ਕ ਕੀਤਾ ਹੈ, ਇਕ ਸਾਹਿਰ ਨੂੰ, ਉਸ ਨਾਲੋਂ ਅੱਧਾ ਜੀਤੀ ਨੂੰ। ਪਰ ਇਹ ਸਾਹਿਰ ਦੇ ਇਸ਼ਕ ਦੇ ਮੁਕਾਬਲੇ ਅੱਧਾ ਹੈ, ਉਂਜ ਆਪਣੇ-ਆਪ ਵਿਚ ਉਹਦੇ ਇਸ਼ਕ ਵਾਂਗ ਹੀ ਪੂਰਾ ਹੈ!" ਚਿਤਰਕਾਰ ਵਜੋਂ ਅੰਮ੍ਰਿਤਾ ਦਾ ਇੰਦਰਜੀਤ ਤੋਂ ਬਣਾਇਆ ਇਮਰੋਜ਼ ਅਜੇ ਦੋਸਤਾਂ-ਵਾਕਿਫ਼ਾਂ ਵਾਸਤੇ ਤਾਂ ਇੰਦਰਜੀਤ ਸੀ ਹੀ, ਅੰਮ੍ਰਿਤਾ ਵਾਸਤੇ ਵੀ ਜੀਤੀ ਹੀ ਸੀ। ਇਮਰੋਜ਼ ਬਾਕੀ ਸਭਨਾਂ ਵਾਸਤੇ ਤੇ ਐਮੀ ਇਕੱਲੀ ਅੰਮ੍ਰਿਤਾ ਵਾਸਤੇ ਉਹ ਹੌਲੀ-ਹੌਲੀ ਬਣਿਆ।

ਗੁਰਦੇਵ ਨੇ ਗੱਲ ਮੁਕਾਈ, "ਖ਼ੈਰ, 'ਅੱਧਾ ਬਰਾਬਰ ਹੈ ਇਕ' ਜਿਹੇ ਲੇਖੇ-ਜੋਖੇ ਇਸ਼ਕ ਦੇ ਗਣਿਤ ਵਿਚ ਤਾਂ ਸੰਭਵ ਹੁੰਦੇ ਹੀ ਨੇ।"

ਇਮਰੋਜ਼ ਕਿਤੇ ਨੇੜੇ ਹੀ ਫਿਰਦਾ ਸਾਡੀਆਂ ਗੱਲਾਂ ਸੁਣ ਰਿਹਾ ਸੀ। ਉਹ ਆਇਆ ਤੇ ਅੰਮ੍ਰਿਤਾ ਦੇ ਪਿੱਛੇ ਖਲੋ ਕੇ ਉਹਦੇ ਮੋਢਿਆਂ ਉਤੇ ਬਾਂਹਾਂ ਰਖਦਿਆਂ ਚਿਹਰੇ ਨੂੰ ਬੱਚੇ ਨਾਲ ਲਡਾਈਂਦੇ ਲਾਡ ਵਾਂਗ ਪਲੋਸਣ ਲੱਗ ਪਿਆ। ਉਹ ਕਈ ਵਾਰ ਅਜਿਹਾ ਕਰਦਾ। ਪਤਾ ਨਹੀਂ ਉਹਨੂੰ ਅੰਮ੍ਰਿਤਾ ਨਾਲ ਪਿਆਰ ਦੀ ਇਉਂ ਵਾਰ-ਵਾਰ ਪੁਸ਼ਟੀ ਕਰਨ ਦੀ ਲੋੜ ਕਿਉਂ ਮਹਿਸੂਸ ਹੁੰਦੀ ਸੀ! ਸ਼ਾਇਦ ਉਹ ਦੱਸਣਾ-ਦਿਖਾਉਣਾ ਚਾਹੁੰਦਾ ਸੀ ਕਿ ਉਨ੍ਹਾਂ ਦਾ ਸਾਹਿਰ ਦੇ ਮੁਕਾਬਲੇ ਅੱਧਾ ਪਿਆਰ ਵੈਸੇ ਆਪਣੇ ਆਪ ਵਿਚ ਸੱਚਮੁੱਚ ਹੀ ਪੂਰਾ ਹੈ!

ਮਗਰੋਂ ਗੱਲ ਖੁੱਲ੍ਹੀ, ਅੰਮ੍ਰਿਤਾ ਉਨ੍ਹੀਂ ਦਿਨੀਂ ਸਵੈਜੀਵਨੀ ਲਿਖਣ ਬਾਰੇ ਹੀ ਸੋਚ ਰਹੀ ਸੀ ਜੋ ਸਮੇਂ ਨਾਲ 'ਰਸੀਦੀ ਟਿਕਟ' ਦੇ ਰੂਪ ਵਿਚ ਸਾਹਮਣੇ ਆਈ। ਇਹ ਨਾਂ ਉਸ ਨੂੰ ਸਵੈਜੀਵਨੀ ਲਿਖਣ ਬਾਰੇ ਸੋਚਦੀ ਸੁਣ ਕੇ ਕੀਤੀ ਖ਼ੁਸ਼ਵੰਤ ਸਿੰਘ ਦੀ ਇਸ ਟਿੱਪਣੀ ਵਿਚੋਂ ਨਿੱਕਲਿਆ ਸੀ ਕਿ "ਤੇਰੀ ਸਵੈਜੀਵਨੀ ਦਾ ਕੀ ਹੈ, ਰਸੀਦੀ ਟਿਕਟ ਦੇ ਪੁੱਠੇ ਪਾਸੇ ਲਿਖੀ ਜਾ ਸਕਦੀ ਹੈ!" ਖ਼ੁਸ਼ਵੰਤ ਸਿੰਘ ਦੇ ਇਨ੍ਹਾਂ ਸ਼ਬਦਾਂ ਪਿੱਛੇ ਕੀ ਅਰਥ ਛੁਪੇ ਹੋਏ ਸਨ ਤੇ ਅੰਮ੍ਰਿਤਾ ਨੇ ਇਨ੍ਹਾਂ ਸ਼ਬਦਾਂ ਦੇ ਕੀ ਅਰਥ ਦੇਖੇ-ਸਮਝੇ, ਇਹ ਤਾਂ ਉਹ ਦੋਵੇਂ ਜਾਣਨ ਪਰ ਇਸ ਟਿੱਪਣੀ ਬਾਰੇ ਮੇਰਾ ਟੀਕਾ ਇਹ ਹੈ ਕਿ ਖ਼ੁਸ਼ਵੰਤ ਸਿੰਘ ਕਹਿ ਰਿਹਾ ਸੀ, ਤੇਰੀ ਜ਼ਿੰਦਗੀ ਵਿਚ ਬਹੁਤਾ ਕੁਝ ਉਹ ਵਾਪਰਿਆ ਹੈ ਜੋ ਤੂੰ ਲਿਖਣਾ ਨਹੀਂ ਚਾਹੇਂਗੀ ਤੇ ਜੋ ਕੁਝ ਲਿਖਣਾ ਤੈਨੂੰ ਵਾਰਾ ਖਾਣਾ ਹੈ, ਉਹ ਏਨਾ ਥੋੜ੍ਹਾ ਹੈ ਕਿ ਰਸੀਦੀ ਟਿਕਟ ਦੇ ਪੁੱਠੇ ਪਾਸੇ ਲਿਖੇ ਜਾਣ ਜੋਗਾ ਹੈ!

'ਨਾਗਮਣੀ ਸ਼ਾਮ' ਦਾ ਮਾਹੌਲ ਸਿਰਫ ਸਾਹਿਤਕ ਹੀ ਨਹੀਂ ਸੀ ਹੁੰਦਾ, ਰਚਣਈ ਸਾਹਿਤਕ ਹੁੰਦਾ। ਕੋਈ ਰਸਮਵਾਦ ਨਹੀਂ, ਕੋਈ ਉਚੇਚ ਨਹੀਂ। ਅੰਮ੍ਰਿਤਾ ਨੂੰ ਨਵੇਂ ਲੇਖਕਾਂ ਨੂੰ ਲਿਖਣ ਵਾਸਤੇ ਉਤਸ਼ਾਹਿਤ ਤੇ ਪ੍ਰੇਰਿਤ ਕਰਨ ਦੀ ਬੜੀ ਜਾਚ ਤੇ ਜੁਗਤ ਸੀ। ਆਪਣੇ ਤੋਂ ਉਮਰ ਵਿਚ ਛੋਟੇ ਲੇਖਕਾਂ ਵਾਸਤੇ ਉਸ ਕੋਲ ਮੋਹ ਹੀ ਨਹੀਂ, ਮਮਤਾ ਵੀ ਹੁੰਦੀ। ਸਾਹਿਤਕ ਉਤਸ਼ਾਹ ਲੋੜਦੇ ਉਸ ਪੜਾਅ ਸਮੇਂ ਉਹ ਮੈਨੂੰ ਬੜੀ ਸਹਾਈ ਰਹੀ। ਉਸ ਕੋਲੋਂ ਪਰਤਣ ਵੇਲੇ ਕਲਮ ਕੁਝ ਲਿਖਣ ਲਈ ਉਤਾਵਲੀ ਹੋਈ ਹੁੰਦੀ। ਕੁਝ ਸ਼ਾਮਾਂ ਮਗਰੋਂ ਮੈਂ ਕਹਾਣੀ 'ਓਪਰਾ ਮਰਦ' ਸੁਣਾਈ। ਸੁਣ ਕੇ ਉਹਨੇ ਇਹ ਕਹਾਣੀ ਮੰਗ ਲਈ ਅਤੇ 'ਨਾਗਮਣੀ' ਵਿਚ ਛਾਪੀ। ਇਸ ਕਹਾਣੀ ਨੇ ਜਿਵੇਂ ਉਹਨੂੰ ਮੋਹ ਹੀ ਲਿਆ। ਇਹਨੇ ਕਹਾਣੀਕਾਰ ਵਜੋਂ ਮੇਰਾ ਨਾਂ ਆਮ ਪਾਠਕਾਂ ਵਾਸਤੇ ਵੀ ਜਾਣਿਆ-ਪਛਾਣਿਆ ਬਣਾ ਦਿੱਤਾ। ਕੁਝ ਸਮਾਂ ਮਗਰੋਂ ਇਸੇ ਨਾਂ ਵਾਲੀ ਪੁਸਤਕ ਛਪੀ ਤਾਂ ਸੁਭਾਵਿਕ ਸੀ ਕਿ ਮੈਂ ਪਹਿਲੀ ਕਾਪੀ ਉਹਨੂੰ ਹੀ ਭੇਟ ਕਰਦਾ। ਦੇਖ ਕੇ ਉਹ ਬਹੁਤ ਖ਼ੁਸ਼ ਹੋਈ ਅਤੇ ਕਮਰੇ ਵਿਚ ਜਾ ਕੇ ਇਕ ਰੁਪਏ ਦਾ ਨਵਾਂ-ਨਕੋਰ ਨੋਟ ਲੈ ਕੇ ਪਰਤੀ। ਮੇਰੇ ਕੋਲ ਬੈਠ ਕੇ ਉਹਨੇ ਨੋਟ ਦੀ ਸਫੈਦ ਥਾਂ ਉਤੇ ਆਪਣੇ ਦਸਤਖ਼ਤ ਕੀਤੇ ਅਤੇ ਬੋਲੀ, "ਐਹ ਲੈ, ਤੇਰੇ ਓਪਰੇ ਮਰਦ ਨੂੰ ਸ਼ਗਨ।" ਇਹ ਨੋਟ ਮੈਂ ਆਪਣੇ ਵੱਡੇ ਸਾਹਿਤਕ ਸਨਮਾਨਾਂ ਵਿਚ ਰਖਿਆ ਹੋਇਆ ਹੈ।



ਲੇਖਕ ਦੀ ਪੁਸਤਕ "ਓਪਰਾ ਮਰਦ' ਨੂੰ ਅੰਮ੍ਰਿਤਾ ਦਾ ਸ਼ਗਨ

ਉਹਦੀ ਇਕ ਖਾਸੀਅਤ ਇਹ ਸੀ ਕਿ ਜੇ ਕੋਈ ਰਚਨਾ ਚੰਗੀ ਲਗਦੀ, ਉਹਦੀ ਪਸੰਦ ਨੂੰ ਰਚਨਾਕਾਰ ਨਾਲ ਨੇੜਤਾ ਜਾਂ ਦੂਰੀ, ਦੋਸਤੀ ਜਾਂ ਰੋਸੇ ਦਾ ਕੋਈ ਫਰਕ ਨਹੀਂ ਸੀ ਪੈਂਦਾ। ਮੇਰੇ ਨਾਲ ਗੁੱਸੇ ਹੋਣ ਮਗਰੋਂ ਜਦੋਂ ਕਿਤੇ ਸਬੱਬੀਂ ਮਿਲਣ ਸਮੇਂ ਉਹ ਮੇਰਾ ਸਤਿਕਾਰ ਵੀ ਨਜ਼ਰ ਤਿਰਛੀ ਕਰ ਕੇ ਤੇ ਬੁੱਲ੍ਹ ਨੂੰ ਥੋੜ੍ਹਾ ਮਰੋੜਾ ਦੇ ਕੇ ਪਰਵਾਨ ਕਰਨ ਲੱਗੀ ਸੀ, 'ਓਪਰਾ ਮਰਦ' ਪਹਿਲਾਂ ਵਾਂਗ ਹੀ ਪੰਜਾਬੀ ਕਹਾਣੀਆਂ ਦੀ ਉਹਦੀ ਸਿਖਰੀ ਪਸੰਦ ਵਿਚ ਸ਼ਾਮਲ ਰਹੀ। ਪੰਜਾਬੀ ਸੈਕਸ਼ਨ ਸ਼ੁਰੂ ਕਰ ਰਹੇ ਇਕ ਅੰਗਰੇਜ਼ੀ ਪ੍ਰਕਾਸ਼ਕ ਨੇ ਉਹਨੂੰ ਸਲਾਹਕਾਰ ਬਣਾਇਆ ਅਤੇ ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਿਹ ਤਿਆਰ ਕਰਨ ਵਾਸਤੇ ਕਿਹਾ। ਉਹਨੇ ਰੋਸੇ ਨੂੰ ਲਾਂਭੇ ਛਡਦਿਆਂ 'ਸੋਨੇ ਦੀਆਂ ਮੋਹਰਾਂ' ਨਾਂ ਦੇ ਉਸ ਸੰਗ੍ਰਿਹ ਵਿਚ ਸ਼ਾਮਲ ਕਰਨ ਲਈ ਝੱਟ ਕਹਾਣੀ 'ਓਪਰਾ ਮਰਦ' ਬਾਰੇ ਮੈਨੂੰ ਸਹਿਮਤੀ ਮੰਗਦਾ ਕਾਰਡ ਲਿਖ ਭੇਜਿਆ।

'ਨਾਗਮਣੀ ਸ਼ਾਮ' ਹੁੰਦੀ ਤਾਂ ਉਹਦੇ ਘਰ ਸੀ ਪਰ ਇਹਦਾ ਉਹਦੇ ਘਰ ਦੇ ਜੀਆਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਪਤੀ ਪ੍ਰੀਤਮ ਸਿੰਘ ਨਾਲੋਂ ਆਪਣਾ ਰਾਹ ਉਹਨੇ ਬਹੁਤ ਪਹਿਲਾਂ, ਬਿਨਾਂ ਬਾਹਰ-ਡੁੱਲ੍ਹਵੇਂ ਝਗੜਿਉਂ ਤੇ ਬਿਨਾਂ ਤਲਾਖੋਂ ਵੱਖ ਕਰ ਲਿਆ ਸੀ। ਉਹਨੇ ਆਪਣੀਆਂ ਲਿਖਤਾਂ ਵਿਚ ਕਈ ਵਾਰ 'ਸ਼ਾਂਤਮਈ' ਵਖਰੇਵੇਂ ਦਾ ਜ਼ਿਕਰ ਕੀਤਾ ਹੈ। ਪਰ ਸ਼ਾਇਦ ਇਹ ਏਨਾ ਸ਼ਾਂਤਮਈ ਵੀ ਨਹੀਂ ਸੀ। ਇਸੇ ਕਰਕੇ ਤਾਂ ਜਦੋਂ ਬੀਮਾਰੀ ਦੀ ਹਾਲਤ ਵਿਚ ਨਵਰਾਜ ਦਾ ਘਰ ਦੇ ਆਪਣੇ ਵਾਲੇ ਹਿੱਸੇ 'ਚ ਲਿਆਂਦਾ ਪ੍ਰੀਤਮ ਸਿੰਘ ਦੋ-ਤਿੰਨ ਸਾਲਾਂ ਦੇ ਲੰਮੇ ਸਮੇਂ ਤੱਕ ਮੌਤ ਦਾ ਮੰਜਾ ਮੱਲੀਂ ਪਿਆ ਰਿਹਾ, ਅੰਮ੍ਰਿਤਾ ਇਕ ਵਾਰ ਵੀ ਉਹਨੂੰ ਦੇਖਣ ਨਹੀਂ ਸੀ ਪਹੁੰਚੀ। ਮੰਨ ਲਵੋ, ਗੱਲ ਉਲਟੀ ਹੁੰਦੀ, ਭਾਵ ਬੀਮਾਰ ਅੰਮ੍ਰਿਤਾ ਹੁੰਦੀ, ਪ੍ਰੀਤਮ ਸਿੰਘ ਉਹਦਾ ਹਾਲ ਪੁਛਦਾ ਜਾਂ ਨਾ, ਇਹ ਹੁਣ ਕਿਆਸ ਦੀ ਗੱਲ ਹੈ।

ਕੰਦਲਾ ਕਦੀ ਆਈ ਤਾਂ ਕੀ, ਇਕ ਵਾਰ ਵੀ ਡਰਾਇੰਗ ਰੂਮ ਵਿਚੋਂ ਲੰਘੀ ਤੱਕ ਨਹੀਂ ਸੀ। 'ਨਾਗਮਣੀ ਸ਼ਾਮ' ਵਾਲਿਆਂ ਨੇ ਉਹਦੀ ਸ਼ਕਲ ਵੀ ਨਹੀਂ ਸੀ ਦੇਖੀ ਹੋਈ। ਸ਼ੈਲੀ, ਭਾਵ ਨਵਰਾਜ 'ਨਾਗਮਣੀ ਸ਼ਾਮ' ਦਾ ਅੰਗ ਤਾਂ ਕਦੀ ਨਹੀਂ ਸੀ ਬਣਿਆ, ਬੈਠਕ ਵਿਚ ਕਦੀ ਕਦੀ ਕੋਈ ਚੀਜ਼ ਰੱਖਣ-ਚੁੱਕਣ ਜਾਂ ਮਾਂ ਨੂੰ ਕੁਝ ਕਹਿਣ ਜਾਂ ਮਾਂ ਤੋਂ ਕੁਝ ਪੁੱਛਣ ਵਾਸਤੇ ਬੇਝਿਜਕ ਆ ਜਾਂਦਾ। ਸਾਹਿਤ, ਸਾਹਿਤਕਾਰਾਂ ਜਾਂ 'ਨਾਗਮਣੀ ਸ਼ਾਮ' ਵਿਚ ਉਹਨੂੰ ਕੋਈ ਦਿਲਚਸਪੀ ਨਹੀਂ ਸੀ ਦਿਸਦੀ।

ਇਕ 'ਨਾਗਮਣੀ ਸ਼ਾਮ' ਵਿਚ ਵਾਪਰੀ ਘਟਨਾ ਮੈਨੂੰ ਅੱਜ ਵੀ ਚੇਤੇ ਹੈ। ਜਦੋਂ ਸ਼ੈਲੀ ਉਥੇ ਆਇਆ, ਕਿਸੇ ਲੇਖਕ ਦੀ ਸੁਣਾਈ ਰਚਨਾ ਬਾਰੇ ਚਰਚਾ ਚੱਲ ਰਹੀ ਸੀ ਅਤੇ ਅੰਮ੍ਰਿਤਾ ਨੇ ਆਪਣੇ ਵਿਚਾਰ ਦਸਦਿਆਂ ਪੀਲੂ ਦੀ ਪ੍ਰਸਿੱਧ ਤੁਕ "ਗਲੀਆਂ ਹੋਵਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ" ਬੋਲੀ। ਸ਼ੈਲੀ ਲੰਘਿਆ ਜਾਂਦਾ ਕਹਿੰਦਾ, ਮੰਮੀ, ਇਹ ਮਿਰਜ਼ਾ ਗ਼ਾਲਿਬ ਦੀ ਗੱਲ ਹੈ? ਅੰਮ੍ਰਿਤਾ ਸਮੇਤ ਸਭ ਹੱਸ ਪਏ ਤੇ ਉਹ ਕਹਿੰਦੀ, ਇਸ ਮਿਰਜ਼ੇ ਨਾਲ ਤੈਨੂੰ ਫੇਰ ਮਿਲਾਊਂ!

*(ਚਲਦਾ)*

---

# ਕੇਂਦਰ ਦੀ ਸਾਹਿਤ ਅਕਾਡਮੀ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


ਏਸ ਵਰ੍ਹੇ ਦਾ ਕੇਂਦਰੀ ਸਾਹਿਤ ਅਕਾਡਮੀ ਪੁਰਸਕਾਰ ਗਜ਼ਲਗੋ ਜਸਵਿੰਦਰ ਨੂੰ ਮਿਲਣ ਉਤੇ ਗਜ਼ਲਗੋਆਂ ਨੇ ਤਾਂ ਖੁਸ਼ ਹੋਣਾ ਹੀ ਸੀ, ਮੇਰੇ ਵਰਗੇ ਚੰਗੇ ਤੇ ਵਧੀਆ ਗਜ਼ਲ ਦੇ ਰਸੀਏ ਵੀ ਬੜੇ ਖੁਸ਼ ਹਨ। ਪੰਜਾਬੀ ਭਾਸ਼ਾ ਵਿਚ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਕਵੀਆਂ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ ਤੇ ਸੁਰਜੀਤ ਪਾਤਰ ਵਰਗੇ ਮਹਾਰਥੀ ਵੀ ਹਨ ਪਰ ਗਜ਼ਲ ਦੀ ਵਿਧਾ ਵਿਚ ਇਹ ਸਨਮਾਨ ਜਗਤਾਰ ਤੋਂ ਪਿੱਛੋਂ ਕੇਵਲ ਜਸਵਿੰਦਰ ਨੂੰ ਮਿਲਿਆ ਹੈ। ਬਠਿੰਡਾ ਜ਼ਿਲੇ ਦੇ ਰੇਤਿਆਂ ਦਾ ਜੰਮਪਲ ਇਹ ਕਵੀ ਸੂਖਮਤਾ ਦੀਆਂ ਸਿਖਰਾਂ ਛੂਹਣ ਵਿਚ ਸਭ ਤੋਂ ਅੱਗੇ ਹੈ। ਮੈਨੂੰ ਆਪਣੇ ਵਿਦਿਆਰਥੀ ਜੀਵਨ ਵਿਚ ਬਲਵੰਤ ਗਾਰਗੀ ਦੀ ਪੁਸਤਕ ਸਰਕਦਾ ਆਇਆ ਸਿਵਾ ਵਸਦੇ ਘਰਾਂ ਦੇ ਕੋਲ ਕੋਲ।

---

ਤੇਰੇ ਦਿਲ ਢਾਹੂ ਜਵਾਬਾਂ ਨਾਲ
ਮੈਂ ਮੁੱਕਿਆ ਨਾ ਸੀ,
ਮੈਂ ਉਦੋਂ ਮੁੱਕਿਆ ਜਦੋਂ ਸੀ
ਮੁੱਕ ਗਏ ਮੇਰੇ ਸਵਾਲ।

---

ਤਪਸ਼ ਇਹ ਮੇਰੀ ਚਿਖਾ ਦੀ,
ਠਰਦਿਆਂ ਨੂੰ ਦੇ ਦਿਓ,
ਉਮਰ ਭਰ ਬਲਦਾ ਰਿਹਾਂ,
ਕੀ ਬਲ ਗਏ ਦਾ ਬਾਲਣਾ।

---

ਸਿਰਾਂ 'ਤੇ ਕਿਸ਼ਤੀਆਂ ਧਰ ਕੇ
ਮਲਾਹਾਂ ਨੂੰ ਪਿਆ ਮੁੜਨਾ।
ਗਏ ਸੀ ਟਾਪੂਆਂ ਦੀ ਭਾਲ ਵਿਚ
ਸਾਗਰ ਗੁਆ ਆਏ।

---

ਇਹ ਸਰਹੱਦਾਂ ਉਲੰਘੇ ਕਿਉਂ,
ਬਗਾਨੇ ਖੇਤ ਕਿਉਂ ਸਿੰਜੇ,
ਫੜੋ ਇਸ ਨੂੰ ਹਕੂਮਤ ਦੀ
ਖਿਲਾਫਤ ਕਰ ਗਿਆ ਪਾਣੀ।

ਉਰਦੂ ਗਜ਼ਲਗੋਆਂ ਦੀ ਨੀਅਤ ਕਹਿ ਲਓ ਜਾਂ ਪੰਜਾਬੀ ਵਿਚ ਗਜ਼ਲ ਕਹਿਣ ਤੋਂ ਅਸਮਰਥ ਕਵੀਆਂ ਦੀ ਚੁਤਰਾਈ, ਪੰਜਾਬੀ ਵਾਲੇ ਗਜ਼ਲ ਨੂੰ ਦੂਰੋਂ ਦੂਰੋਂ ਹੀ ਦੁਰਕਾਰਦੇ ਆਏ ਹਨ। ਮੌਲਾ ਬਖ਼ਸ਼ ਕੁਸ਼ਤਾ ਦਾ ਦੀਵਾਨ ਛਪਣ ਤੋਂ ਪਿੱਛੋਂ ਮੋਹਨ ਸਿੰਘ, ਈਸ਼ਵਰ ਚਿਤਕਾਰ, ਹਰਿਭਜਨ ਸਿੰਘ, ਜਗਤਾਰ ਤੇ ਸੁਰਜੀਤ ਪਾਤਰ ਨੇ ਆਪਣੇ ਕਾਵਿ ਸੰਗ੍ਰਿਹਾਂ ਵਿਚ ਆਪਣੀ ਰਚਨਾ ਕਾਰੀ ਨੂੰ ਗ਼ਜ਼ਲ ਦਾ ਤੜਕਾ ਤਾਂ ਲਾਇਆ ਪਰ ਇਹ ਯਤਨ ਤੜਕੇ ਤੱਕ ਹੀ ਸੀਮਤ ਰਿਹਾ। ਪਹਿਲਾਂ ਜਗਤਾਰ ਤੇ ਹੁਣ ਜਸਵਿੰਦਰ ਦੋ ਹੀ ਵਿਅਕਤੀ ਹਨ ਜਿਨ੍ਹਾਂ ਨੇ ਨਿਸ਼ੰਗ ਹੋ ਕੇ ਇਸ ਵਿਧਾ ਦਾ ਪੱਲਾ ਫੜਿਆ ਤੇ ਇਸ ਨੂੰ ਸ਼ਿੰਗਾਰਿਆ। ਉਂਜ ਤਾਂ ਸਿਰੀ ਰਾਮ ਅਰਸ਼ ਵੀ ਸੀ ਪਰ ਉਹ ਕਿਧਰੇ ਰਸਤੇ ਵਿਚ ਹੀ ਗੁਆਚ ਗਿਆ।

ਜਸਵਿੰਦਰ ਦੀ ਰਚਨਾਕਾਰੀ ਗਿਣਤੀ ਵਿਚ ਕਿੰਨੀ ਵੀ ਘੱਟ ਹੋਵੇ, ਗੁਣਾਤਮਕ ਪੱਖ ਤੋਂ ਉਤਮ ਹੈ। ਉਸ ਨੇ ਸ਼ਿਅਰ ਦੀ ਸੂਖਮਤਾ ਨੂੰ ਜਿਹੜੀ ਕਲਗੀ ਲਾਈ ਹੈ, ਸਾਹਿਤ ਅਕਾਡਮੀ ਪੁਰਸਕਾਰ ਉਸ ਦੀ ਸ਼ਾਹਦੀ ਭਰਦਾ ਹੈ।

ਜਾਣ ਵੇਲੇ ਮੇਰੇ ਵਲ
ਬਾਹਾਂ ਉਲਾਰ ਬਾਲ ਜੇ,
ਪਰਤ ਕੇ ਵੇਖਾਂ ਹੀ ਨਾ,
ਏਨਾ ਵੀ ਮੈਂ ਗੌਤਮ ਨਹੀਂ।

---

ਜੰਗਲ ਖਾਮੋਸ਼ ਅਚਾਨਕ ਚੀਖ ਪਿਆ,
ਤੱਕਿਆ ਜਦ ਆਰੇ ਨੂੰ ਦਸਤਾ ਸੰਦਲ ਦਾ।

---

ਗਲੀਆਂ 'ਚ ਬੇਵਫਾਈ ਦਾ
ਸ਼ੋਰ ਭਾਵੇਂ ਪਾਇਆ,
ਦਿਲ ਵਿਚ ਖਿਆਲ ਤੇਰਾ
ਫਿਰ ਵੀ ਲੁਕੋ ਗਿਆ ਹਾਂ।

---

ਖੂਬ ਹੈ ਅੰਦਾਜ਼ ਉਨ੍ਹਾਂ ਦਾ
ਅਮੀਰੀ ਦੇਣ ਦਾ,
ਕਰਦ ਸੋਨੇ ਦੀ ਟਿਕਾ ਗਏ
ਆਂਦਰਾਂ ਦੇ ਨਾਲ ਨਾਲ

---

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ
ਕੀ ਨਾਂ ਦਿਆਂ,
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ
ਅੱਧਾ ਸੌਣ ਹੈ।

---

ਜਸਵਿੰਦਰ ਦੀ ਗਜ਼ਲਗੋਈ ਠੀਕ ਹੀ ਪੰਜਾਬੀ ਜਗਤ ਦੀ ਇਕ ਵਧੀਆ ਪ੍ਰਾਪਤੀ ਹੈ। ਚੁਣਨ ਵਾਲਿਆਂ ਨੂੰ ਵਧਾਈ।

**ਮਾਰਚ ਮਹੀਨੇ ਦੇ ਮੌਸਮਾਂ ਦੀ ਗੱਲ:** ਫਰਵਰੀ ਮਹੀਨੇ ਦੇ ਅੰਤ ਅਤੇ ਮਾਰਚ ਦੇ ਅਰੰਭ ਵਿਚ ਸਰਦੀ ਦਾ ਅੰਤ ਹੁੰਦਾ ਹੈ ਤੇ ਗਰਮੀ ਦਾ ਅਰੰਭ। ਥੋੜੀ ਜਿਹੀ ਅਣਗਹਿਲੀ ਵਰਤਿਆਂ ਠੰਢ ਲਗ ਸਕਦੀ ਹੈ। ਜੇ ਪਹਾੜਾਂ ਵਿਚ ਬਰਫਬਾਰੀ ਹੋ ਜਾਵੇ ਤਾਂ ਮੈਦਾਨਾਂ ਦੀ ਵਰਖਾ ਸਿੱਟਿਆਂ ਉਤੇ ਆਈ ਕਣਕ ਦੀ ਫਸਲ ਨੂੰ ਧਰਤੀ ਉਤੇ ਲੰਮੀ ਪਾ ਕੇ ਬੇਕਾਰ ਕਰ ਸਕਦੀ ਹੈ। ਕੱਚੇ ਮਕਾਨ ਢਹਿ ਜਾਂਦੇ ਹਨ ਤੇ ਸੜਕੀ ਦੁਰਘਟਨਾਵਾਂ ਵਧ ਜਾਂਦੀਆਂ ਹਨ। ਬਰਾਤੀਆਂ ਅਤੇ ਸਕੂਲੀ ਬੱਚਿਆਂ ਦੇ ਵਾਹਨ ਉਨ੍ਹਾਂ ਦੀ ਜਾਨ ਦਾ ਖੌਅ ਬਣ ਜਾਂਦੇ ਹਨ। ਇਸ ਵਾਰੀ ਵੀ ਸਭ ਕੁਝ ਹੋਇਆ।

1984 ਦੇ ਇਨ੍ਹਾਂ ਦਿਨਾਂ ਵਿਚ ਮੈਂ ਕੇਂਦਰ ਦੀ ਸਰਕਾਰ ਦੇ ਕਿਸੇ ਕੰਮ ਸ਼ਿਮਲਾ ਗਿਆ ਹੋਇਆ ਸਾਂ। ਬਰਫਬਾਰੀ ਨੇ ਸ਼ਹਿਰ ਦੀਆਂ ਸੜਕਾਂ ਹੀ ਨਹੀਂ, ਰੁੱਖ ਅਤੇ ਇਮਾਰਤਾਂ ਵੀ ਚਿੱਟੀਆਂ ਕਰ ਛੱਡੀਆਂ ਸਨ। ਇਕ ਬਲਾਕ ਡਿਵੈਲਪਮੈਂਟ ਅਫਸਰ ਆਪਣੇ ਦਫਤਰੋਂ ਘਰ ਨੂੰ ਜਾਂਦਿਆਂ ਸਾਈਕਲ ਦਾ ਪਹੀਆ ਖਿਸਕਣ ਕਾਰਨ ਅਜਿਹੀ ਥਾਂ ਡਿੱਗਿਆ ਕਿ ਉਸ ਨੂੰ ਵਰ੍ਹਦੀ ਬਰਫ ਨੇ ਦਬਾ ਲਿਆ ਤੇ ਉਥੇ ਹੀ ਖਤਮ ਹੋ ਗਿਆ।

ਮਾਰਚ 1966 ਵਿਚ ਬਰਫਬਾਰੀ ਤਾਂ ਨਹੀਂ ਸੀ ਹੋਈ ਪਰ ਮੌਸਮ ਫੇਰ ਵੀ ਸੁਖਾਵਾਂ ਨਹੀਂ ਸੀ। ਮੇਰੇ ਵਿਆਹ ਵਾਲੇ ਦਿਨ ਸਾਡੀ ਜੰਜ ਇੱਕ ਵੱਡੀ ਬੱਸ ਤੇ ਦੋ ਕਾਰਾਂ ਵਿਚ ਮਾਹਿਲਪੁਰ ਤੋਂ ਨੌਸ਼ਹਿਰਾ ਪੰਨੂਆ ਗਈ ਸੀ। ਕਾਰਾਂ ਵਿਚੋਂ ਇੱਕ ਮੇਰੀ ਆਪਣੀ ਸੀ, ਜਿਸ ਨੂੰ ਮੈਂ ਖੁਦ ਹੀ ਡਰਾਇਵ ਕਰ ਰਿਹਾ ਸਾਂ। ਮੇਰੇ ਵਾਲੀ ਕਾਰ ਵਿਚ ਕਵੀ ਮੋਹਨ ਸਿੰਘ, ਅਜੀਤ ਦੇ ਮਾਲਕ ਡਾ. ਸਾਧੂ ਸਿੰਘ ਹਮਦਰਦ ਅਤੇ ਅਕਾਲੀ ਪਤ੍ਰਿਕਾ ਦੇ ਸੰਪਾਦਕ ਸ਼ਾਦੀ ਸਿੰਘ ਵੀ ਸਨ। ਮੈਂ ਨਵੀਂ ਨਵੀਂ ਡਰਾਇਵਰੀ ਸਿੱਖੀ ਸੀ, ਜਲੰਧਰ ਵਿਖੇ ਦੇਰੀ ਹੋ ਜਾਣ ਕਰਕੇ ਲੇਟ ਸਾਂ। ਤੇਜ਼ੀ ਦੇ ਬਾਵਜੂਦ ਬਾਕੀ ਜੰਜ ਨਾਲੋਂ ਬਹੁਤ ਪਛੜ ਕੇ ਪਹੁੰਚਿਆ ਸਾਂ।

ਇਸ ਮਾਰਚ ਦੀਆਂ ਦੁਰਘਟਨਾਵਾਂ ਨੇ ਮੈਨੂੰ ਉਹ ਦਿਨ ਚੇਤੇ ਕਰਵਾ ਦਿੱਤਾ ਹੈ। ਕੋਈ ਵੀ ਭਾਣਾ ਵਰਤ ਸਕਦਾ ਸੀ। ਕਿੰਨੇ ਦਿਲ ਗੁਰਦੇ ਸਨ ਮੇਰੀ ਕਾਰ ਵਿਚ ਬੈਠਣ ਵਾਲੇ। ਉਨ੍ਹਾਂ ਦੀਆਂ ਰੂਹਾਂ ਨੂੰ ਸਲਾਮ!

**ਅੰਤਿਕਾ:** (ਨਿਦਾ ਫਾਜ਼ਲੀ)
ਜ਼ਿੰਦਾ ਕੈਸੇ ਦੌਰ ਮੇਂ ਹਮ ਹੈਂ।
ਗਮ ਹੈਂ ਜ਼ਿਆਦਾ ਆਂਸੂ ਕਮ ਹੈਂ।
ਜੁਰਮੋਂ ਕੇ ਹੈ ਪਾਓਂ ਸਲਾਮਤ,
ਇਨਸਾਫੋਂ ਕੇ ਹਾਥ ਕਲਮ ਹੈਂ।

ਗੋਲਡਾ ਮਾਇਰ ਅਤੇ ਇਕ ਦੇਸ਼ ਦਾ ਜਨਮ-5



# ਅਮਨ ਖਾਤਰ ਜੰਗ...

ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਗੋਲਡਾ ਮਾਇਰ (3 ਮਈ 1898-8 ਦਸੰਬਰ 1978) ਦੇ ਬਹਾਨੇ ਇਜ਼ਰਾਈਲ ਦੇ ਪਿਛੋਕੜ ਬਾਰੇ ਕੁਝ ਗੱਲਾਂ-ਬਾਤਾਂ ਇਸ ਲੰਮੇ ਲੇਖ ਵਿਚ ਸਾਂਝੀਆਂ ਕੀਤੀਆਂ ਹਨ। ਇਸ ਵਿਚ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਬਾਰੇ ਖੁੱਲ੍ਹਾ ਖੁਲਾਸਾ ਤਾਂ ਕੀਤਾ ਹੀ ਗਿਆ ਹੈ; ਅੰਧਕਾਰ ਵਿਚੋਂ ਕਿਵੇਂ ਬਚ-ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝੱਲਦਿਆਂ ਲੰਮਾ ਸਮਾਂ ਸੰਘਰਸ਼ ਕਿਵੇਂ ਕਰਨਾ ਹੈ, ਇਸ ਬਾਬਤ ਵੀ ਕਿੱਸਾ ਛੋਹਿਆ ਗਿਆ ਹੈ। ਗੋਲਡਾ ਦਾ ਜਨਮ ਯੂਕਰੇਨ ਦੇ ਸ਼ਹਿਰ ਕੀਵ ਵਿਚ ਹੋਇਆ ਸੀ ਜਿੱਥੋਂ ਦੇ ਅੱਜ ਕੱਲ੍ਹ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਪਿਛਲੇ ਅੰਕਾਂ ਵਿਚ ਪਾਠਕਾਂ ਨੇ 20ਵੀਂ ਸਦੀ ਦੇ ਅਰੰਭ ਵਿਚ ਯਹੂਦੀਆਂ ਦੇ ਹਾਲ ਅਤੇ ਫਿਰ ਇਜ਼ਰਾਈਲ ਦੀ ਕਾਇਮੀ ਲਈ ਜੁਝਦੇ ਜਿਊੜਿਆਂ ਦਾ ਜ਼ਿਕਰ ਪੜ੍ਹਿਆ। ਲੇਖ ਲੜੀ ਦੀ ਇਸ ਆਖਰੀ ਕਿਸ਼ਤ ਵਿਚ ਗੋਲਡਾ ਮਾਇਰ ਦੀ ਅਗਵਾਈ ਹੇਠ ਜਿੱਤੀ ਜੰਗ ਦਾ ਜ਼ਿਕਰ ਹੈ। -ਸੰਪਾਦਕ

1966 ਵਿਚ ਹਾਲਾਤ ਫਿਰ ਗੰਭੀਰ ਹੋਣ ਲੱਗੇ। ਜਿਵੇਂ 50ਵਿਆਂ ਵਿਚ ਨਾਸਰ ਨੇ ਫਿਦਾਈਨ ਗ੍ਰੋਹ ਦੀ ਸਥਾਪਨਾ ਕੀਤੀ, ਉਵੇਂ ਯਾਸਰ ਅਰਾਫਾਤ ਨੇ ਅਲ-ਫਤਹਿ ਗਰੁਪ ਬਣਾ ਲਿਆ, ਤੇ ਫਿਰ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਹੋਂਦ ਵਿਚ ਆਈ। ਨਾਸਰ ਇਸ ਦਾ ਸਰਪ੍ਰਸਤ ਸੀ। ਰੂਸ ਨੇ ਫਿਰ ਅਰਬਾਂ ਨੂੰ ਹਥਿਆਰਾਂ ਦੀਆਂ ਖੇਪਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਗੋਲਾਨ ਚੋਟੀਆਂ ਉਪਰ ਤੋਪਾਂ ਗੱਜਣ ਲੱਗੀਆਂ। ਸਰਹੱਦਾਂ 'ਤੇ ਖੇਤੀ ਕਰਦੇ ਕਿਸਾਨਾਂ ਦੀ



ਹਰਪਾਲ ਸਿੰਘ ਪੰਨੂ
ਫੋਨ: 91-94642-51454

ਰਾਖੀ ਵਾਸਤੇ ਇਜ਼ਰਾਈਲੀ ਟੈਂਕ ਖਲੋਤੇ ਹੁੰਦੇ। ਹਰ ਰਾਤ ਬੱਚੇ ਬੰਕਰਾਂ ਵਿਚ ਸੌਂਦੇ। ਇਕ ਕਿਸਾਨ ਨੇ ਕਿਹਾ, ਸਾਨੂੰ ਇਸ ਤਰਜ਼-ਜ਼ਿੰਦਗੀ ਦੀ ਆਦਤ ਪੈ ਗਈ ਹੈ ਬੀਬੀ ਗੋਲਡਾ। ਗੋਲਡਾ ਬੋਲੀ, ਇਹੋ ਤਾਂ ਦੁੱਖ ਹੈ, ਮਾਪਿਆਂ ਨੂੰ ਕਦੀ ਇਹ ਆਦਤ ਨਹੀਂ ਪੈਂਦੀ ਕਿ ਉਨ੍ਹਾਂ ਦੇ ਬੱਚਿਆਂ ਦੀ ਜਾਨ ਨੂੰ ਦਿਨ ਰਾਤ ਖਤਰਾ ਰਹੇ।

ਅਰਾਫਾਤ ਦੇ ਗੁਰੀਲਿਆਂ ਦਾ ਕੰਮ ਵੱਧ ਤੋਂ ਵੱਧ ਕਤਲ ਕਰਨਾ, ਬੱਚਿਆਂ ਨੂੰ ਅਪੰਗ ਕਰਨਾ, ਡਿਪਲੋਮੈਟਸ ਤੇ ਜਹਾਜ਼ ਅਗਵਾ ਕਰਨਾ ਸੀ। ਖੂਨ-ਖਰਾਬੇ ਤੋਂ ਇਲਾਵਾ ਉਹਦਾ ਹੋਰ ਮਨੋਰਥ ਨਹੀਂ ਸੀ। ਬਲੈਕਮੇਲ ਕਰ ਕੇ ਫਿਰੌਤੀਆਂ ਇਕੱਠੀਆਂ ਕਰਨ ਨਾਲ ਕੀ ਹਾਸਲ ਹੋ ਸਕਦਾ ਹੈ? ਜਦੋਂ ਤੱਕ ਕਿਸੇ ਜਥੇਬੰਦੀ ਕੋਲ ਬੌਧਿਕ ਤੇ ਨੈਤਿਕ ਧਨ ਨਹੀਂ, ਉਸ ਵਿਚ ਡਕੈਤੀਆਂ ਪ੍ਰਫੁਲਿਤ ਹੋਣਗੀਆਂ। ਉਚੀ ਮੰਜ਼ਲ ਹਾਸਲ ਨਹੀਂ ਹੋਵੇਗੀ। ਯਾਸਰ ਦੇ ਮੁਕਾਬਲੇ ਲਈ ਇਲੇਹੂ ਨੇ ਯਹੂਦੀ ਅੰਡਰਗਰਾਊਂਡ ਗੁਰੀਲਾ ਸੈਨਾ ਖੜ੍ਹੀ ਕਰ ਦਿੱਤੀ। ਇਲੇਹੂ ਕਹਿੰਦਾ ਹੁੰਦਾ ਸੀ, ਜਿੰਨੇ ਹੁਣ ਤੱਕ ਹੋ ਗਏ, ਹੋ ਗਏ; ਹੁਣ ਯਹੂਦੀਆਂ ਦਾ ਬਿਜਨਸ ਕਰਨ ਵਾਲਾ ਘੱਲੂਘਾਰਾ ਨਹੀਂ ਹੋਣ ਦਿਆਂਗਾ।

ਰੂਸ ਨੇ ਬਿਆਨ ਦਾਗਿਆ- ਤਿਆਰੀਆਂ ਤੋਂ ਲਗਦਾ ਹੈ, ਇਜ਼ਰਾਈਲ ਸੀਰੀਆ ਉਪਰ ਹਮਲਾ ਕਰੇਗਾ। ਇਹ ਝੂਠਾ ਦੋਸ਼ ਸੀ, ਪਰ ਯੂ.ਐਨ.ਓ. ਨੇ ਪੜਤਾਲੀਆ ਟੀਮ ਭੇਜੀ। ਟੀਮ ਨੇ ਰਿਪੋਰਟ ਦਿੱਤੀ- ਸਾਬਤ ਨਹੀਂ ਹੁੰਦਾ ਹਮਲੇ ਲਈ ਤਿਆਰੀ ਹੈ। ਇਸ ਦੇ ਉਲਟ ਸੀਰੀਆ ਰੂਸੀ ਹਥਿਆਰਾਂ ਨਾਲ ਬੰਬਾਰੀ ਕਰਦਾ ਰਿਹਾ। ਅਪਰੈਲ 1967 ਵਿਚ ਸੀਰੀਆ ਨੇ ਹਵਾਈ ਹਮਲੇ ਕੀਤੇ ਤਾਂ ਇਜ਼ਰਾਈਲੀ ਸੈਨਾ ਨੇ ਛੇ ਰੂਸੀ ਮਿਗ ਜਹਾਜ਼ ਫੁੰਡ ਲਏ। ਜੂਨ ਵਿਚ ਤੀਜੇ ਅਰਬ-ਇਜ਼ਰਾਈਲ ਯੁੱਧ ਦੇ ਸੰਕੇਤ ਮਿਲਣ ਲੱਗੇ। ਰੂਸੀ ਦੂਤ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੂੰ ਕਿਹਾ, ਤੁਹਾਡੀਆਂ ਫੌਜਾਂ ਦਾ ਸੀਰੀਆ ਵੱਲ ਵਧਣਾ ਠੀਕ ਨਹੀਂ। ਪ੍ਰਧਾਨ ਮੰਤਰੀ ਨੇ ਦੂਤ ਨੂੰ ਕਿਹਾ, ਚੱਲ ਮੇਰੇ ਨਾਲ, ਬਾਰਡਰ 'ਤੇ ਚੱਲ ਕੇ ਫੌਜਾਂ ਦਿਖਾ। ਦੂਤ ਨੇ ਇਹ ਕਹਿ ਕੇ ਗੱਲ ਟਾਲ ਦਿੱਤੀ, ਮੈਨੂੰ ਹੋਰ ਜ਼ਰੂਰੀ ਕੰਮ ਹਨ। ਰੂਸ ਅਤੇ ਨਾਸਿਰ ਨੂੰ ਉਹ ਝੂਠੇ ਕਿਵੇਂ ਸਾਬਤ ਕਰਦਾ?

ਨਾਸਰ ਦਾ ਬਿਆਨ ਆਇਆ, ਇਜ਼ਰਾਈਲ ਹਮਲਾ ਕਰਨ ਹੀ ਵਾਲਾ ਹੈ, ਯੂ.ਐਨ.ਓ. ਦੀਆਂ ਜਿਹੜੀਆਂ ਫੌਜੀ ਟੁਕੜੀਆਂ ਗਾਜ਼ਾ ਪੱਟੀ ਅਤੇ ਸ਼ਰਮ ਅਲ-ਸ਼ੇਖ ਵਿਚ ਬੈਠੀਆਂ ਹਨ, ਉਹ ਨਿਕਲ ਜਾਣ। ਇਹ ਫੌਜਾਂ ਤਾਂ ਇਥੇ ਰੱਖੀਆਂ ਹੀ ਇਸ ਲਈ ਸਨ ਕਿ ਸ਼ਰਾਰਤੀ ਅਨਸਰਾਂ 'ਤੇ ਨਿਗ੍ਹਾ ਰੱਖਣ। ਯੂ.ਐਨ.ਓ. ਇਨ੍ਹਾਂ ਨੂੰ ਕਿਉਂ ਕੱਢੇ? ਪਰ ਗਜ਼ਬ, ਬਿਨਾਂ ਇਜ਼ਰਾਈਲ ਦੀ ਸਲਾਹ ਲਿਆਂ ਸਕੱਤਰ ਊਥਾਂਟ ਨੇ ਫੌਜੀਆਂ ਨੂੰ ਵਾਪਸ ਆਉਣ ਦੇ ਆਰਡਰ ਕਰ ਦਿੱਤੇ। ਨਾਸਰ ਦਾ ਦੂਜਾ ਬਿਆਨ 22 ਮਈ ਨੂੰ ਆਇਆ- ਇਜ਼ਰਾਈਲੀ ਸਮੁੰਦਰੀ ਜਹਾਜ਼ ਅਕਾਬਾ ਦੀ ਖਾੜੀ ਵਿਚੋਂ ਨਹੀਂ ਲੰਘਣਗੇ; ਯਾਨਿ ਯੂ.ਐਨ.ਓ. ਦੇ ਫੈਸਲੇ ਦੀ ਦਲੇਰੀ ਨਾਲ ਉਲੰਘਣਾ। ਰਾਸ਼ਟਰਪਤੀ ਜਾਨਸਨ ਦਾ ਬਿਆਨ ਆਇਆ, ਮਿਸਰ ਦੇ ਐਲਾਨ ਸਹੀ ਨਹੀਂ ਹਨ। ਊਥਾਂਟ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਉਹ ਨਾਸਰ ਨੂੰ ਮਿਲਣ ਤੇ ਮਨਾਉਣ ਵਾਸਤੇ ਕਾਹਿਰਾ ਗਿਆ ਪਰ ਨਾਸਰ ਉਪਰ ਕੀ ਅਸਰ ਹੋਣਾ ਸੀ? ਰੂਸੀ ਰਾਸ਼ਟਰਪਤੀ ਕੋਸੀਗਿਨ ਨੇ ਨਾਸਰ ਨੂੰ ਸੁਨੇਹਾ ਭੇਜਿਆ, ਯੁੱਧ ਛਿੜ ਗਿਆ ਤਾਂ ਰੂਸ ਮਿਸਰ ਨਾਲ ਖਲੋਏਗਾ।

ਪਹਿਲੀ ਜੂਨ ਨੂੰ ਸਿਨਾਈ ਬਾਰਡਰ 'ਤੇ ਇਕ ਲੱਖ ਮਿਸਰੀ ਫੌਜੀ ਤਾਇਨਾਤ ਹੋ ਗਏ, ਨੌਂ ਸੌ ਮਿਸਰੀ ਤੇ ਤਿੰਨ ਸੌ ਸੀਰੀਅਨ ਟੈਂਕਾਂ ਸਮੇਤ ਛੇ ਬਟਾਲੀਅਨਾਂ ਉਤਰ ਵੱਲ ਸਜ ਗਈਆਂ। ਕੁਝ ਦਿਨ ਹਿਚਕਚਾਇਆ ਪਰ ਲੁੱਟਮਾਰ ਦਾ ਸ਼ੌਕ ਪੂਰਾ ਕਰਨ ਹਿਤ ਜਾਰਡਨ ਦਾ ਬਾਦਸ਼ਾਹ ਹੁਸੈਨ ਵੀ ਰਲ ਗਿਆ। ਉਹਨੇ ਦੋ ਸੌ ਸੱਤਰ ਟੈਂਕ ਤੇ ਸੱਤ ਬ੍ਰਿਗੇਡ ਫੌਜ ਭੇਜੀ। ਏਅਰ ਫੋਰਸ ਵੀ ਮਦਦ ਲਈ ਆਈ। ਯੁੱਧ ਤੋਂ ਇਕ ਦਿਨ ਪਹਿਲਾਂ ਨਾਸਰ ਨਾਲ ਇਰਾਕ ਆ ਮਿਲਿਆ। ਯੂਰਪ ਅਤੇ ਅਮਰੀਕਾ ਖਾਮੋਸ਼ ਦਰਸ਼ਕ ਸਨ ਪਰ ਸੋਵੀਅਤ ਦੇਸ਼ ਮਿਸਰ ਦੇ ਹੱਕ ਵਿਚ ਦਹਾੜ ਰਿਹਾ ਸੀ। ਨਾਸਰ ਨੂੰ ਵਿਸ਼ਵਾਸ ਹੋ ਗਿਆ, ਇਸ ਆਖਰੀ ਘਸੁੰਨ ਨਾਲ ਇਜ਼ਰਾਈਲ ਦਾ ਮਲੀਆਮੇਟ ਯਕੀਨੀ।

ਵਿਦੇਸ਼ ਮੰਤਰੀ ਅਮਰੀਕਾ, ਫਰਾਂਸ, ਕੈਨੇਡਾ ਦੇ ਰਾਸ਼ਟਰਪਤੀਆਂ ਕੋਲ ਸਹਾਇਤਾ ਵਾਸਤੇ ਗਿਆ। ਸਾਰਿਆਂ ਦਾ ਇਕੋ ਉਤਰ- ਪਹਿਲ ਨਹੀਂ ਕਰਨੀ, ਸ਼ਾਂਤ ਰਹੋ, ਉਡੀਕੋ। ਫਰਾਂਸੀਸੀ ਰਾਸ਼ਟਰਪਤੀ ਡੀ ਗਾਲ ਨੇ ਕਿਹਾ, ਜੇ ਤੁਹਾਡੇ ਉਪਰ ਹਮਲਾ ਹੋ ਗਿਆ, ਅਸੀਂ ਮਦਦ ਕਰਨ ਆਵਾਂਗੇ। ਮੰਤਰੀ ਨੇ ਕਿਹਾ, ਪਰ ਤੁਹਾਡੇ ਆਉਣ ਤੋਂ ਪਹਿਲਾ ਸਾਡਾ ਭੋਗ ਪੈ ਗਿਆ, ਫਿਰ? ਡੀ ਗਾਲ ਨੇ ਵਾਕ ਦੁਹਰਾਇਆ, ਪਹਿਲ ਨਹੀਂ ਕਰਨੀ।

ਇਜ਼ਰਾਈਲ ਦੀ ਸੈਨਾ ਅਤੇ ਪਰਜਾ ਯੁੱਧ ਲਈ ਤਿਆਰ ਸੀ, ਕੋਈ ਮਦਦ ਆਵੇ ਨਾ ਆਵੇ। ਸਾਰੇ ਦੇਸ਼ ਵਿਚ ਮੋਰਚੇ ਪੁੱਟ ਦਿੱਤੇ ਗਏ, ਤਿਆਰ ਬਰ ਤਿਆਰ ਸੈਨਿਕ ਬਿਗਲ ਦੀ ਵਾਜ ਉਡੀਕਣ ਲੱਗੇ। ਘੰਟੇ ਦਿਨ ਜਿੱਡੇ ਤੇ ਦਿਨ ਮਹੀਨੇ ਜਿੱਡੇ ਲੰਮੇ ਹੋ ਗਏ। ਕਿਸ-ਕਿਸ ਬਾਗ ਵਿਚ ਲਾਸ਼ਾਂ ਦਫਨ ਹੋਣਗੀਆਂ, ਟਿੱਕ ਲਏ। ਬਲੈਕ ਆਊਟ ਦਾ ਐਲਾਨ ਹੋ ਗਿਆ। ਹੋਟਲ ਖਾਲੀ ਕਰਵਾਏ ਤਾਂ ਕਿ ਜ਼ਖਮੀਆਂ ਨੂੰ ਇਲਾਜ ਲਈ ਥਾਂ ਮਿਲੇ। ਦਵਾਈਆਂ, ਟੀਕੇ, ਪੱਟੀਆਂ ਦੇ ਥੋਕ ਆਰਡਰ ਹੋਏ। ਹਰ ਯਹੂਦੀ, ਲੜ ਮਰਨ ਲਈ ਤਿਆਰ ਹੋਇਆ। ਪੂਰਾ ਦੇਸ਼, ਪਰਿਵਾਰ ਹੋ ਗਿਆ। ਜਿੱਤਣਾ ਪਵੇਗਾ ਕਿਉਂਕਿ ਹਾਰ ਦਾ ਮਤਲਬ ਹੈ ਪੂਰਨ ਤਬਾਹੀ, ਸਮੁੱਚੇ ਦੇਸ਼ ਦਾ ਕਤਲ। ਇਕ ਬੰਦਾ ਵੀ ਇਜ਼ਰਾਈਲ ਛੱਡ ਕੇ ਕਿਸੇ ਹੋਰ ਦੇਸ਼ ਨਹੀਂ ਗਿਆ। ਹਿਟਲਰ ਦੇ ਤਸੀਹਾ ਕੇਂਦਰਾਂ ਵਿਚੋਂ ਬਚੇ ਯਹੂਦੀਆਂ ਨੇ ਕਿਹਾ, ਮੌਤ ਠੀਕ ਹੈ, ਹੋਰ ਤਸੀਹਾ ਕੈਂਪ ਨਹੀਂ। ਜਿਹੜੇ ਯਹੂਦੀ ਕਿਸੇ ਕੰਮ-ਕਾਜ ਸਦਕਾ ਬਾਹਰ ਗਏ ਹੋਏ ਸਨ, ਦੇਸ਼ ਪਰਤ ਆਏ- ਇਸ ਮੌਕੇ ਪਿੱਠ ਨਹੀਂ ਦਿਖਾਉਣੀ।

ਕੌਮਾਂਤਰੀ ਯਹੂਦੀ ਸੰਗਠਨ ਨੇ ਬਿਆਨ ਦਿੱਤਾ, ਜੇ ਇਜ਼ਰਾਈਲ ਮਿਟ ਗਿਆ, ਸਮਝਣਾ ਦੁਨੀਆਂ ਦਾ ਹਰ ਯਹੂਦੀ ਫਿਰ ਗੁਲਾਮ ਹੋ ਗਿਆ। ਬਰਤਾਨਵੀ ਯਹੂਦੀ ਹਿੰਸਾ 'ਤੇ ਉਤਰ ਆਏ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਕੋ ਇਕ ਇਜ਼ਰਾਈਲ ਏਅਰ ਲਾਈਨਜ਼ ਦਾ ਜਹਾਜ਼ ਸਾਰੇ ਮੁਸਾਫਰਾਂ ਨੂੰ ਲੰਡਨ ਤੋਂ ਇਜ਼ਰਾਈਲ ਲੈ ਕੇ ਕਿਉਂ ਨਹੀਂ ਗਿਆ ਜਦਕਿ ਉਹ ਫਰਸ਼ ਉਪਰ ਬੈਠ ਕੇ ਜਾਣ ਲਈ ਤਿਆਰ ਸਨ? ਯਾਨਿ ਲੰਡਨ, ਯਹੂਦੀਆਂ ਨੂੰ ਮੌਤ ਦੇ ਮੂੰਹ ਵਿਚ ਜਾਣ ਤੋਂ ਵੀ ਰੋਕ ਰਿਹੈ?



ਗੋਲਾਨ ਚੋਟੀਆਂ ਉਤੇ ਇਜ਼ਰਾਈਲ ਦੇ ਕਬਜ਼ੇ ਦੀ ਤਸਵੀਰ

'ਵਾਰ ਫੰਡ' ਲੈਣ ਗੋਲਡਾ ਨੇ ਯੂਰਪ ਦਾ ਦੌਰਾ ਕਰਦਿਆਂ ਉਨ੍ਹਾਂ 2500 ਯਹੂਦੀਆਂ ਨੂੰ ਮਿਲਣਾ ਚਾਹਿਆ ਜਿਹੜੇ ਇੰਗਲੈਂਡ ਤੋਂ ਇਜ਼ਰਾਈਲ ਨਹੀਂ ਆ ਸਕੇ (ਫਲਾਈਟਾਂ ਰੱਦ ਹੋ ਗਈਆਂ ਸਨ)। ਅਖਬਾਰ ਪੜ੍ਹ ਕੇ ਇਕ ਹਜ਼ਾਰ ਬੰਦੇ ਇਕੱਠੇ ਹੋ ਗਏ। ਗੋਲਡਾ ਨੇ ਪੁੱਛਿਆ, ਅਜਿਹੀ ਕੀ ਗੱਲ ਸੀ ਜਿਸ ਸਦਕਾ ਤੁਸੀਂ ਖਤਰਨਾਕ ਥਾਂ ਵਿਚ ਕੁੱਦਣਾ ਚਾਹਿਆ? ਇਕ ਜੁਆਨ ਨੇ ਜਵਾਬ ਦਿੱਤਾ, ਜਦੋਂ ਪਿਛਲਾ ਛੇ ਦਿਨ ਦਾ ਯੁੱਧ ਛਿੜਿਆ, ਸਾਡੇ ਸਾਹ ਸੂਤੇ ਗਏ ਸਨ। ਇਜ਼ਰਾਈਲ ਹਾਰ ਜਾਂਦਾ, ਅਸੀਂ ਉਹ ਨਹੀਂ ਸੀ ਰਹਿਣਾ ਜੋ ਹੁਣ ਹਾਂ। ਸਾਡੇ ਦੋਸਤਾਂ, ਗੁਆਂਢੀਆਂ ਤੱਕ ਦੇ ਨਜ਼ਰੀਏ ਬਦਲ ਜਾਣੇ ਸਨ। ਸਾਰੀ ਦੁਨੀਆਂ ਬਦਲ ਜਾਣੀ ਸੀ।

5 ਜੂਨ ਸਵੇਰ ਸਾਰ ਸਾਇਰਨ ਵੱਜੇ ਤਾਂ ਪਤਾ ਲੱਗਾ, ਯੁੱਧ ਛਿੜ ਗਿਆ ਹੈ। ਇੰਤਜ਼ਾਰ ਖਤਮ; ਲੋਕ ਸਾਰਾ ਦਿਨ, ਅੱਧੀ ਰਾਤ ਤੱਕ ਰੇਡੀਓ ਨਾਲ ਲੱਗੇ ਬੈਠੇ ਰਹੇ। ਅੱਧੀ ਰਾਤ ਖਬਰ ਮਿਲੀ ਕਿ ਸੀਰੀਆ ਅਤੇ ਜਾਰਡਨ ਵਿਚ ਇਜ਼ਰਾਈਲ ਨੇ 400 ਲੜਾਕੂ ਜਹਾਜ਼ ਤਬਾਹ ਕਰ ਦਿੱਤੇ। ਹਵਾਈ ਅੱਡੇ ਬੰਬਾਰੀ ਨਾਲ ਪੁੱਟ ਸੁੱਟੇ। ਹੁਣ ਅਗਲੇ ਦਿਨ ਮੈਦਾਨਾਂ ਵਲੋਂ ਅੱਗੇ ਵਧਿਆ ਜਾ ਰਿਹਾ ਸੀ। ਇਜ਼ਰਾਈਲੀ ਫੌਜ ਵਾਹੋ-ਦਾਹੀ ਸੁਏਜ਼ ਨਹਿਰ ਵਲ ਵਧ ਰਹੀ ਸੀ। ਜਿਹੜਾ ਯਹੂਦੀ ਹੱਥ ਹਮੇਸ਼ਾ ਦੋਸਤੀ ਵਾਸਤੇ ਵਧਾਇਆ, ਉਹ ਘਸੁੰਨ ਬਣ ਗਿਆ। ਅਰਬਾਂ ਦੀਆਂ ਆਸਾਂ ਮਿਟਣ ਲੱਗੀਆਂ।

ਅਬਦੁੱਲਾ ਦਾ ਪੋਤਾ ਹੁਸੈਨ, ਜਾਰਡਨ ਦਾ ਬਾਦਸ਼ਾਹ, ਪਹਿਲਾਂ ਬਾਬੇ ਵਾਂਗ ਦੁਚਿਤੀ ਵਿਚ ਸੀ ਪਰ ਆਖਰ ਉਹਦਾ ਵੀ ਇਸਲਾਮੀ ਖੂਨ ਖੌਲ ਪਿਆ। ਉਹਨੇ ਯੋਰੋਸ਼ਲਮ ਦੇ ਮੰਦਰਾਂ ਵਿਚ ਭਾਰੀ ਬੰਬਾਰੀ ਕਰ ਕੇ ਤਬਾਹੀ ਮਚਾਈ। ਦੁਨੀਆਂ ਨੂੰ ਪਤਾ ਲੱਗ ਗਿਆ ਕਿ ਅਰਬ, ਈਸਾਈ ਚਰਚਾਂ, ਯਹੂਦੀ ਮੰਦਰਾਂ ਅਤੇ ਮਸਜਿਦਾਂ ਦਾ ਕਿੰਨਾ ਕੁ ਆਦਰ ਕਰਦੇ ਹਨ। ਮਸੀਤਾਂ ਦੇ ਮੀਨਾਰਾਂ ਉਪਰ ਮੋਰਚੇ ਬਣਾ ਕੇ ਫਾਇਰਿੰਗ ਕਰਦੇ ਰਹੇ ਜਿਸ ਨਾਲ ਪਰਜਾ ਤੇ ਫੌਜ- ਦੋਵਾਂ ਦਾ ਨੁਕਸਾਨ ਹੋਇਆ।

ਮਿਸਰੀਆਂ ਨੂੰ ਤਿੰਨ ਦਿਨਾਂ ਵਿਚ ਕੁੱਟ ਦਿੱਤਾ, ਹੁਣ ਦੋ ਦਿਨ ਵਿਚ ਜਾਰਡਨ ਕੁੱਟਿਆ ਜਾਣਾ ਹੈ। ਅੱਠ ਜੂਨ ਨੂੰ ਗਾਜ਼ਾ ਪੱਟੀ ਦੇ ਗਵਰਨਰ ਨੇ ਹਥਿਆਰ ਸੁੱਟ ਦਿੱਤੇ। ਇਜ਼ਰਾਈਲੀ ਫੌਜ ਸੁਏਜ਼ ਨਹਿਰ ਦੇ ਪੂਰਬੀ ਕੰਢੇ ਤੱਕ ਜਾ ਪੁੱਜੀ, ਤਿਰਾਨ ਦੇ ਮੈਦਾਨ ਤੇ ਬੰਦਰਗਾਹ ਕਾਬੂ ਕਰ ਲਈ। ਨਾਸਰ ਨੇ ਖੁਦ ਸਵੀਕਾਰ ਕੀਤਾ ਕਿ ਉਹਦੇ ਦਸ ਹਜ਼ਾਰ ਜੁਆਨ ਅਤੇ ਡੇਢ ਹਜ਼ਾਰ ਅਫਸਰ ਮਾਰੇ ਗਏ ਹਨ। ਛੇ ਹਜ਼ਾਰ ਮਿਸਰੀ, ਇਜ਼ਰਾਈਲ ਨੇ ਬੰਦੀ ਬਣਾ ਲਏ। ਸਿਨਾਈ ਅਤੇ ਗਾਜ਼ਾ ਪੱਟੀ ਉਪਰ ਇਜ਼ਰਾਈਲ ਦੀ ਮਾਲਕੀ। ਜਾਰਡਨ ਦੀ ਅੱਧੀ ਰਾਜਧਾਨੀ 'ਤੇ ਇਜ਼ਰਾਈਲ ਦਾ ਕਬਜ਼ਾ ਹੋ ਗਿਆ।

9 ਜੂਨ 1967 ਨੂੰ ਸੀਰੀਆ ਦੀ ਵਾਰੀ ਆਈ। ਗੋਲਾਨ ਚੋਟੀਆਂ ਨੂੰ ਅਜਿੱਤ ਜਾਣ ਕੇ ਉਥੇ ਬੀੜੀਆਂ ਤੋਪਾਂ ਪੇਂਡੂਆਂ ਉਪਰ ਗੋਲੇ ਉਗਲ ਰਹੀਆਂ ਸਨ, ਉਹ ਖਾਮੋਸ਼ ਕਰਨੀਆਂ ਸਨ। ਗਿਠ-ਗਿਠ ਧਰਤੀ ਵਿਚ ਬਾਰੂਦੀ ਸੁਰੰਗਾਂ ਦੱਬੀਆਂ ਹੋਈਆਂ ਸਨ ਤੇ ਸੀਰੀਅਨ ਫੌਜਾਂ ਨੇ ਪੱਕੇ ਬੰਕਰ ਬਣਾਏ ਹੋਏ ਸਨ। ਦੋ ਦਿਨ ਅਤੇ ਇਕ ਰਾਤ ਵਿਚ ਇਜ਼ਰਾਈਲੀ ਫੌਜਾਂ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ। ਸੀਰੀਆ ਨੇ ਯੂ.ਐਨ.ਓ. ਅੱਗੇ ਜੰਗਬੰਦੀ ਕਰਾਉਣ ਵਾਸਤੇ ਫਰਿਆਦ ਕੀਤੀ। ਯਹੂਦੀ ਫਰੰਟ ਦਾ ਇਜ਼ਰਾਈਲੀ ਜਰਨੈਲ ਦਾਊਦ ਇਲਿਜ਼ਰ ਸਭ ਤੋਂ ਉਚੀ ਗੋਲਾਨ ਚੋਟੀ ਉਪਰ ਚੜ੍ਹ ਕੇ ਦਹਾੜਿਆ, ਮੈਂ ਦੂਰ-ਦੂਰ ਤੱਕ ਤੁਹਾਡੀ ਬਹਾਦਰੀ ਦਾ ਚਮਤਕਾਰ ਇਸ ਚੋਟੀ ਤੋਂ ਸਾਫ ਦੇਖ ਰਿਹਾਂ ਸੀਰੀਆ ਵਾਸਿਓ!...

ਇਕ ਵਾਰ ਫਿਰ ਅਰਬ ਅਤੇ ਰੂਸ ਹਾਰ ਗਏ। ਐਤਕਾਂ ਦੀ ਹਾਰ ਮਹਿੰਗੀ ਪਈ। ਲਗਦੈ ਹੁਣ ਕਦੇ ਯੁੱਧ ਨਾ ਈ ਹੋਵੇ। ਸਾਰਾ ਇਜ਼ਰਾਈਲ ਛੁੱਟੀ ਲੈ ਕੇ ਜਸ਼ਨ ਮਨਾਉਣ ਲਈ ਨਿਕਲ ਤੁਰਿਆ। ਲੱਖਾਂ ਦੀ ਗਿਣਤੀ ਵਿਚ ਲੋਕ ਯੋਰੋਸ਼ਲਮ ਦੇ ਮੰਦਰ ਵਿਚ ਸ਼ੁਕਰਾਨਾ ਕਰਨ ਗਏ। ਜਿਨ੍ਹਾਂ ਥਾਂਵਾਂ 'ਤੇ ਯੁੱਧ ਹੋਇਆ, ਅਣਗਿਣਤ ਲੋਕ ਉਧਰਲੇ ਦ੍ਰਿਸ਼ ਦੇਖਣ ਗਏ। ਜਾਰਡਨ ਸ਼ਹਿਰ ਨੂੰ ਕੰਡਿਆਲੀ ਤਾਰ ਅਤੇ ਕੰਧ ਨਾਲ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਜ਼ਰਾਈਲੀ ਫੌਜ ਦੇ ਬੁਲਡੋਜ਼ਰਾਂ ਨੇ ਕੰਧ ਢੇਰੀ ਕਰ ਦਿੱਤੀ। ਸ਼ਹਿਰ ਇਕ ਹੋ ਗਿਆ। ਮੁਸਲਮਾਨ ਵੀ ਵੱਡੀ ਗਿਣਤੀ ਵਿਚ ਪੁਰਾਣਾ ਜਾਰਡਨ ਦੇਖਣ ਆਏ। ਗੋਲਡਾ ਨੇ ਲਿਖਿਆ, ਮੈਂ ਮੰਨਦੀ ਹਾਂ ਇਜ਼ਰਾਈਲੀਆਂ 'ਚ ਘੁੱਗੀਆਂ ਵੀ ਹਨ ਬਾਜ਼ ਵੀ ਪਰ ਦੁਨੀਆਂ ਨੇ ਦੇਖਿਆ, ਅਸੀਂ ਮਿੱਟੀ ਦੇ ਤੋਤੇ ਨਹੀਂ।


ਜਾਰਡਨ ਦੇ ਆਕਾ, ਹੁਸੈਨ ਨੇ ਦੁਨੀਆਂ ਅੱਗੇ ਵਾਸਤਾ ਪਾਇਆ- ਸਾਡਾ ਬਹੁਤ ਜਾਨੀ ਨੁਕਸਾਨ ਹੋ ਗਿਆ ਹੈ, ਸਾਡੀ ਮਦਦ ਕਰੋ। ਗੋਲਡਾ ਨੇ ਕਿਹਾ, ਇਹ ਵਾਸਤਾ ਇਉਂ ਹੈ ਜਿਵੇਂ ਕੋਈ ਬੰਦਾ ਆਪਣੇ ਮਾਪਿਆਂ ਨੂੰ ਕਤਲ ਕਰ ਕੇ ਆਖੇ, ਮੈਂ ਯਤੀਮ ਹੋ ਗਿਆ, ਮੇਰੀ ਮਦਦ ਕਰੋ।

7 ਮਾਰਚ 1979 ਨੂੰ ਗੋਲਡਾ ਨੇ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਸੰਭਾਲੀ। ਪਹਿਲਾ ਕੰਮ ਉਹਨੇ ਅਮਨ ਦਾ ਵਾਸਤਾ ਪਾਉਂਦਿਆਂ ਅਰਬਾਂ ਅੱਗੇ ਸ਼ਾਂਤੀ ਸੰਧੀ ਦੀ ਅਪੀਲ ਕੀਤੀ। ਨਾਸਰ ਨੇ ਜਵਾਬ ਦਿੱਤਾ, ਯੁੱਧ ਦੇ ਬਿਗਲ ਤੋਂ ਵਧੀਕ ਉਚੀ ਕੋਈ ਆਵਾਜ਼ ਨਹੀਂ। ਯੁੱਧ ਨੂੰ ਸੱਦਾ ਦੇਣ ਤੋਂ ਪਵਿੱਤਰ ਕੋਈ ਸੱਦਾ ਨਹੀਂ।

ਜਾਰਡਨ ਦੇ ਮਸ਼ਹੂਰ ਅਖਬਾਰ ਨੇ ਲਿਖਿਆ- ਬੀਬੀ ਗੋਲਡਾ ਕਾਹਿਰਾ ਜਾ ਕੇ ਬਾਦਸ਼ਾਹ ਨਾਸਰ ਨਾਲ ਗੱਲ ਕਰਨੀ ਚਾਹੁੰਦੀ ਹੈ, ਪਰ ਉਹਨੂੰ ਅਫਸੋਸ ਹੈ ਕਿ ਉਹਨੂੰ ਕੋਈ ਸੱਦਦਾ ਈ ਨਹੀਂ। ਉਹਨੂੰ ਲਗਦੈ, ਜਦੋਂ ਚੰਗਾ ਦਿਨ ਚੜ੍ਹੇਗਾ, ਉਦੋਂ ਮੱਧ ਏਸ਼ੀਆ ਵਿਚ ਹਥਿਆਰ ਨਹੀਂ ਦਿਸਣਗੇ। ਮਾਈ ਗੋਲਡਾ ਦਾਦੀ ਮਾਂ ਵਾਂਗ ਬੱਚਿਆਂ ਨੂੰ ਬਾਤਾਂ ਸੁਣਾ ਰਹੀ ਹੈ ਤਾਂ ਕਿ ਸੌਂ ਜਾਣ।


ਗੋਲਡਾ ਨੇ ਅਮਰੀਕੀ ਰਾਸ਼ਟਰਪਤੀ ਨੂੰ ਮਿਲਣ ਵਾਸਤੇ ਸੁਨੇਹਾ ਭੇਜਿਆ। ਨਿਕਸਨ ਨੇ

(ਅਗਲੇ ਸਫੇ 'ਤੇ ਜਾਰੀ)



ਹੈਨਰੀ ਕਿਸਿੰਜਰ

**ਮਿਸਰ ਦੀ 20 ਹਜ਼ਾਰ ਫੌਜ ਇਜ਼ਰਾਈਲ ਦੀ ਫੌਜ ਨੇ ਘੇਰੀ ਹੋਈ ਸੀ। ਰੂਸ ਦਬਾਉ ਪਾ ਰਿਹਾ ਸੀ- ਇਨ੍ਹਾਂ ਨੂੰ ਛੱਡੋ। ਇਜ਼ਰਾਈਲ ਬਜ਼ਿਦ ਸੀ ਕਿ ਹਥਿਆਰ ਸੁੱਟਣਗੇ ਤਾਂ ਛੱਡਾਂਗੇ। ਰੂਸ ਇਸੇ ਭਾਰੀ ਹੱਤਕ ਤੋਂ ਬਚਾਅ ਕਰ ਰਿਹਾ ਸੀ। ਫੈਸਲਾ ਹੋਇਆ ਕਿ ਰੂਸੀ ਅਮਰੀਕੀ ਦੂਤ ਸੰਧੀ ਵਾਰਤਾ ਦੀ ਨਿਗਰਾਨੀ ਕਰਨ। ਨਿਕਸਨ ਨੇ ਹੈਨਰੀ ਕਿਸਿੰਜਰ ਭੇਜਿਆ। ਇਸ ਯੁੱਧ ਦੇ ਨਾਇਕ ਨਾ ਅਰਬ ਸ਼ਾਸਕ ਬਣੇ, ਨਾ ਗੋਲਡਾ ਮਾਇਰ; ਕਿਸਿੰਜਰ ਨਾਇਕ ਵਜੋਂ ਜਾਣਿਆ ਗਿਆ। ਉਹਦੀ ਸਿਆਸੀ ਸਮਰੱਥਾ ਅਥਾਹ ਸੀ।**




'ਟਾਈਮ' ਵਲੋਂ 19 ਸਤੰਬਰ 1969 ਦੇ ਕਵਰ ਪੰਨੇ ਉਤੇ ਛਾਪਿਆ ਗੋਲਡਾ ਮਾਇਰ ਦਾ ਸਕੈਚ

24 ਸਤੰਬਰ ਨੂੰ ਆਉਣ ਲਈ ਕਿਹਾ, ਨਾਲੇ ਪਰਿਵਾਰ ਨੂੰ ਡਿਨਰ ਵਾਸਤੇ ਸੱਦਾ ਦਿੱਤਾ। ਜਦੋਂ ਗੋਲਡਾ ਅਮਰੀਕਾ ਪੁੱਜੀ, ਤੀਹ ਹਜ਼ਾਰ ਯਹੂਦੀਆਂ ਦਾ ਇਕੱਠ ਉਹਦੇ ਸਵਾਗਤ ਵਾਸਤੇ ਘੰਟਿਆਂ ਤੋਂ ਉਡੀਕ ਵਿਚ ਖਲੋਤਾ ਸੀ। ਉਹਨੇ ਸ਼ੁਕਰਾਨੇ ਵਜੋਂ ਥੋੜ੍ਹੇ ਕੁ ਲਫਜ਼ ਕਹੇ। ਜੋਸ਼ੀਲੇ ਹਜੂਮ ਨੇ ਬੁਲੰਦ ਨਾਅਰੇ ਲਾਏ, ਸੁਆਗਤੀ ਸ਼ਬਦ ਕਹੇ। ਕਿਸੇ ਪ੍ਰਸ਼ੰਸਕ ਨੇ, ਗੋਲਡਾ ਤੂੰ ਜੇ ਡਾਇਰੈਕਟਰੀ ਦਾ ਪੰਨਾ ਖੋਲ੍ਹ ਕੇ ਉਸ ਵਿਚੋਂ ਟੈਲੀਫੋਨਾਂ ਦੇ ਨੰਬਰ ਸੁਣਾਉਣ ਲੱਗ ਜਾਏਂ ਤਾਂ ਵੀ ਇਹ ਜੈਕਾਰੇ ਛੱਡੀ ਜਾਣਗੇ, ਸਭ ਤੇਰੇ 'ਤੇ ਫਿਦਾ ਹਨ।

ਅਗਲੇ ਦਿਨ ਵ੍ਹਾਈਟ ਹਾਊਸ ਲਿਮੋਜ਼ੀਨ ਰੁਕੀ ਤਾਂ ਨਿਕਸਨ ਨੇ ਬਾਹਰ ਆਉਣ ਵਾਸਤੇ ਹੱਥ ਦਾ ਸਹਾਰਾ ਦਿੱਤਾ, ਉਹਦੀ ਪਤਨੀ ਨੇ ਗੁਲਦਸਤਾ ਭੇਟ ਕੀਤਾ। ਇਸ ਸੁਆਗਤ ਨੇ ਗੋਲਡਾ ਦੇ ਤੌਖਲੇ ਦੂਰ ਕਰ ਦਿੱਤੇ। ਫਿਰ ਫੌਜ ਨੇ ਰਸਮੀ ਸਲਾਮੀ ਦਿੱਤੀ। ਨਿਕਸਨ ਅਤੇ ਗੋਲਡਾ ਉਚੇ ਮੰਚ ਉਪਰ ਖਲੋਤੇ ਸਨ, ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਗਾਏ ਗਏ। ਗੋਲਡਾ ਦੀਆਂ ਅੱਖਾਂ ਇਹ ਸੋਚ ਕੇ ਛਲਕੀਆਂ ਕਿ ਅਸੀਂ ਤਾਂ ਰੱਬ ਤੋਂ ਕੇਵਲ ਜਾਨਾਂ ਦੇ ਬਚਾਅ ਲਈ ਅਰਦਾਸਾਂ ਕੀਤੀਆਂ ਸਨ? ਸਨਮਾਨ ਮਿਲ ਜਾਣਗੇ, ਇਹ ਤਾਂ ਖ਼ਾਬੋ-ਖ਼ਿਆਲ ਵਿਚ ਨਹੀਂ ਸੀ।

ਚਾਰ ਲੰਮੀਆਂ ਮੀਟਿੰਗਾਂ ਹੋਈਆਂ। ਰੂਸ ਦਾ ਵਿਦੇਸ਼ ਮੰਤਰੀ ਆਂਦਰੇ ਗ੍ਰੋਮੀਕੋ ਨਿਊ ਯਾਰਕ ਵਿਚ ਅਮਰੀਕੀ ਵਿਦੇਸ਼ ਮੰਤਰੀ ਨਾਲ ਗੱਲ ਕਰਨ ਆਇਆ ਹੋਇਆ ਸੀ। ਉਹਨੂੰ ਪਤਾ ਲੱਗੇਗਾ ਕਿ ਗੋਲਡਾ ਰਾਸ਼ਟਰਪਤੀ ਨੂੰ ਮਿਲ ਰਹੀ ਹੈ, ਕੀ ਸੋਚੇਗਾ?... ਗੋਲਡਾ ਨੇ ਰਸਮੀ ਗੱਲਾਂ ਨਹੀਂ ਕੀਤੀਆਂ। ਇਜ਼ਰਾਈਲ ਦੀ ਭੂਗੋਲਕ ਬਣਤਰ ਦੱਸ ਕੇ ਖ਼ੂਨ-ਖਰਾਬੇ ਦਾ ਖ਼ਾਤਮਾ ਚਾਹਿਆ। ਯੂ.ਐਨ.ਓ. ਜਿੱਤੇ ਹੋਏ ਇਲਾਕੇ ਛੱਡਣ ਲਈ ਪੂਰਾ ਦਬਾਅ ਪਾ ਰਿਹਾ ਹੈ, ਰੂਸ ਅਰਬਾਂ ਦੀ ਹਮਾਇਤ 'ਤੇ ਹੈ। ਲੜਾਕੂ ਜਹਾਜ਼ ਚਾਹੀਦੇ ਹਨ, 200 ਮਿਲੀਅਨ ਡਾਲਰ ਕਰਜ਼ਾ ਘੱਟ ਵਿਆਜ 'ਤੇ ਚਾਹੀਦਾ ਹੈ। ਕਿਹਾ, ਤੁਹਾਨੂੰ ਸਾਡੀ ਲੋੜ ਪਵੇ ਜਾਂ ਨਾ, ਸਾਨੂੰ ਤੁਹਾਡੇ ਜਿਹੀ ਵੱਡੀ ਤਾਕਤ ਦਾ ਸਹਾਰਾ ਨਾ ਮਿਲਿਆ ਤਾਂ ਅਰਬ ਸਾਨੂੰ ਨਿਗਲ ਜਾਣਗੇ। ਅਮਰੀਕਾ ਸਮੇਤ ਜਿਨ੍ਹਾਂ ਦੇਸ਼ਾਂ ਤੋਂ ਕਰਜ਼ਾ ਲਿਆ ਸੀ, ਅਸੀਂ ਸਮੇਂ ਸਿਰ ਮੋੜਿਆ, ਕਰਜ਼ਾ ਮੁਆਫੀ ਲਈ ਬੇਨਤੀਆਂ ਨਹੀਂ ਕੀਤੀਆਂ।

ਨਿਕਸਨ ਨੇ ਸ਼ਾਨਦਾਰ ਰਾਤਰੀ ਭੋਜ ਦਿੱਤਾ ਜਿਸ ਵਿਚ ਸਵਾ ਸੌ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸਾਰਾ ਸਮਾਂ ਇਜ਼ਰਾਈਲੀ ਸੰਗੀਤ ਦੀਆਂ ਧੁਨਾਂ ਵਜਦੀਆਂ ਰਹੀਆਂ, ਇਜ਼ਰਾਈਲੀ ਖਾਣਾ ਪਰੋਸਿਆ ਗਿਆ। ਸ਼ੁਕਰਾਨਾ ਕਰਦਿਆਂ ਗੋਲਡਾ ਨੇ ਕਿਹਾ, ਮੈਂ ਆਪਣੇ ਦੇਸ਼ ਜਾ ਕੇ ਦੱਸਣ ਜੋਗੀ ਹੋ ਗਈ ਹਾਂ ਕਿ ਵੱਡੀ ਤਾਕਤ ਨੇ ਛੋਟੇ ਦੇਸ਼ ਨਾਲ ਹਮਦਰਦੀ ਜਤਾਈ ਹੈ। ਨਿਕਸਨ ਨੇ ਹੱਸ ਕੇ ਕਿਹਾ, ਮੁਸ਼ਕਿਲ ਵਿਚ ਦੋਸਤਾਂ ਵਾਂਗ ਕੰਮ ਆਵਾਂਗੇ।

ਆਖਰੀ ਦਿਨ ਪ੍ਰੈਸ ਮੀਟ ਹੋਈ। ਗੋਲਡਾ ਨੇ ਦੱਸਿਆ, ਜਿਵੇਂ ਸਾਰੀ ਦੁਨੀਆਂ ਦੇ ਦੇਸ਼ਾਂ ਨਾਲ ਅਸੀਂ ਮਿੱਤਰਤਾ ਚਾਹੁੰਦੇ ਹਾਂ, ਉਵੇਂ ਅਮਰੀਕਾ ਨਾਲ ਵਧੀਆ ਸਬੰਧ ਰਹਿਣ, ਇਸ ਮਨਸ਼ਾ ਨਾਲ ਆਈ ਹਾਂ। ਪੱਤਰਕਾਰਾਂ ਨੇ ਪੁੱਛਿਆ, ਕੀ-ਕੀ ਦਿੱਤਾ ਅਮਰੀਕਾ ਨੇ? ਗੋਲਡਾ ਨੇ ਕਿਹਾ, ਭਰੋਸਾ, ਮੁਸ਼ਕਿਲ ਵੇਲੇ ਸਾਥ ਨਿਭਾਉਣ ਦਾ ਭਰੋਸਾ। ਫਿਰ ਪੁੱਛਿਆ, ਜੇ ਬਹੁਤ ਬਦਤਰ ਹਾਲਾਤ ਹੋ ਗਏ, ਸੁਰੱਖਿਆ ਲਈ ਪਰਮਾਣੂ ਬੰਬ ਚਲਾਉਗੇ? ਗੋਲਡਾ ਨੇ ਕਿਹਾ, ਅਸੀਂ ਤਾਂ ਪੁਰਾਣੇ ਹਥਿਆਰਾਂ ਨਾਲ ਛਾਲਾਂ ਚੁਕਾ ਦਿੰਨੇ ਆਂ, ਪਰਮਾਣੂ ਬੰਬ ਦੀ ਕੀ ਲੋੜ? ਸਾਰੇ ਹੱਸ ਪਏ।

ਵਾਪਸ ਦੇਸ਼ ਪਰਤੀ, ਵਾਧੂ ਕੁਝ ਦੱਸਣ ਦੀ ਲੋੜ ਨਹੀਂ ਸੀ; ਮੁਸਕਾਨ ਸਭ ਭੇਤ ਖੋਲ੍ਹ ਰਹੀ ਸੀ ਪਰ ਮੁਸਲਮਾਨ ਖਾੜਕੂ ਗਰੋਹ ਹੁਣ ਵੱਡੀ ਗਿਣਤੀ ਵਿਚ ਹਮਲੇ ਕਰਨ ਲੱਗੇ। ਸੋਵੀਅਤ ਦੇਸ਼ ਅੱਗੇ ਸਿਰਫ ਹਥਿਆਰ ਦਿੰਦਾ ਸੀ, ਹੁਣ ਜੰਗੀ ਟ੍ਰੇਨਿੰਗ ਦੇਣ ਵਾਸਤੇ ਵੀ ਰੂਸੀ ਉਸਤਾਦ ਹਜ਼ਾਰਾਂ ਦੀ ਗਿਣਤੀ ਵਿਚ ਪੁੱਜਣ ਲੱਗੇ ਪਰ ਇਸ ਦੇ ਮੁਕਾਬਲੇ 1948 ਤੋਂ ਲੈ ਕੇ 1970 ਤੱਕ ਇਜ਼ਰਾਈਲੀ ਸਰਕਾਰ ਨੇ ਚਾਰ ਲੱਖ ਮਕਾਨ ਉਸਾਰ ਕੇ ਰਿਫਿਊਜੀਆਂ ਨੂੰ ਛੱਤ ਦਿੱਤੀ।

ਦੁਨੀਆਂ ਦੇ ਦਬਾਅ ਸਦਕਾ ਮਿਸਰੀ ਬਾਦਸ਼ਾਹ ਨਾਸਰ ਨੇ ਕਿਹਾ, ਤਿੰਨ ਮਹੀਨੇ ਵਾਸਤੇ ਗੋਲੀਬਾਰੀ ਬੰਦ। ਕੁਦਰਤ ਦੀ ਮਰਜ਼ੀ, ਤੀਜੇ ਮਹੀਨੇ ਉਹਦੀ ਮੌਤ ਹੋ ਗਈ। ਉਹਦੀ ਗੱਦੀ 'ਤੇ ਸਾਦਤ ਬੈਠਾ। ਪਤਾ ਨਹੀਂ ਕੀ ਗੱਲ ਹੋਈ, ਉਹ ਰੂਸੀਆਂ ਦੀ ਮਰਜ਼ੀ ਅਨੁਸਾਰ ਨਾ ਚੱਲਿਆ, ਅਣ-ਬਣ ਹੋ ਗਈ। ਇਵੇਂ ਹੀ ਜਾਰਡਨ ਦੇ ਬਾਦਸ਼ਾਹ ਹੁਸੈਨ ਨੇ ਖਾੜਕੂ ਗਰੋਹਾਂ ਨਾਲ ਸਾਂਝ-ਭਿਆਲੀ ਪਾਈ ਹੋਈ ਸੀ। ਖਾੜਕੂ ਉਸ ਉਪਰ ਜਦੋਂ ਜ਼ਿਆਦਾ ਰੋਅਬ ਪਾਉਣ ਲੱਗੇ ਤਾਂ ਉਹਨੇ ਵੱਡੀ ਗਿਣਤੀ ਵਿਚ ਫੌਜ ਤੋਂ ਅੰਡਰਗਰਾਊਂਡ ਖਾੜਕੂ ਗਰੋਹ ਮਰਵਾ ਦਿੱਤੇ। ਤਾਂ ਵੀ, ਖਾੜਕੂ ਅਜੇ ਮੁੱਕੇ ਨਹੀਂ। ਮਿਊਨਿਖ ਓਲੰਪਿਕ ਖੇਡਾਂ ਵਿਚ ਗਏ ਇਜ਼ਰਾਈਲ ਦੇ ਅਥਲੀਟ ਗੋਲੀਆਂ ਨਾਲ ਫੁੰਡ ਦਿੱਤੇ। ਸਕੂਲ ਦੀ ਘੇਰਾਬੰਦੀ ਕਰ ਕੇ ਬੱਚੇ ਕਤਲ ਕਰ ਦਿੱਤੇ। ਖਾੜਕੂ ਢੰਗ-ਤਰੀਕੇ ਕਦੀ ਸਫਲ ਨਹੀਂ ਹੁੰਦੇ, ਉਨ੍ਹਾਂ ਦੀਆਂ ਸ਼ਰਤਾਂ ਮੰਨੋ, ਤਾਂ ਖਾੜਕੂਵਾਦ ਵਧੀ ਜਾਏਗਾ, ਗੋਲਡਾ ਦਾ ਫੈਸਲਾ ਸੀ, ਸਮਝੌਤਾ ਨਹੀਂ ਕਰਨਾ।

ਪੋਪ ਦਾ ਵਿਹਾਰ ਮਾੜਾ ਸੀ। ਅਰਬਾਂ ਨੂੰ ਮਿਲਦਾ, ਯਹੂਦੀਆਂ ਨਾਲ ਹਮਦਰਦੀ ਨਹੀਂ। ਅਕਸਰ ਕਿਹਾ ਕਰਦਾ, ਮੁਸਲਮਾਨ, ਯਸੂ ਦਾ ਆਦਰ ਕਰਦੇ ਨੇ, ਯਹੂਦੀ ਨਹੀਂ। ਦੂਜੇ ਵਿਸ਼ਵ ਯੁੱਧ ਦੌਰਾਨ ਥੋਕ ਵਿਚ ਮਾਰੇ ਯਹੂਦੀਆਂ ਵਾਸਤੇ ਵੀ ਉਹਦੀ ਹਮਦਰਦੀ ਨਹੀਂ ਸੀ। ਯੇਰੋਸ਼ਲਮ ਵਿਚ ਈਸਾਈ ਚਰਚਾਂ ਦੀ ਸੰਭਾਲ ਯਹੂਦੀਆਂ ਨੇ ਕੀਤੀ, ਇਸ ਵਾਸਤੇ ਸ਼ਾਬਾਸ਼ ਨਹੀਂ। ਉਹਨੂੰ ਅਰਬ ਸੁਲਤਾਨਾਂ ਦੀ ਮੇਜ਼ਬਾਨੀ ਪਸੰਦ ਹੁੰਦੀ।

ਜਿਹੜੇ ਰੂਸੀ ਯਹੂਦੀ ਇਜ਼ਰਾਈਲ ਆਉਣ ਵਾਸਤੇ ਅਰਜ਼ੀ ਦਿੰਦੇ, ਸਾਲਾਂ ਬੱਧੀ ਉਤਰ ਨਾ ਮਿਲਦਾ। ਜੇ ਪ੍ਰਵਾਨਗੀ ਮਿਲ ਜਾਂਦੀ ਤਾਂ ਹਦਾਇਤ ਹੁੰਦੀ ਕਿ ਹਫਤੇ ਜਾਂ ਦਸ ਦਿਨ ਦੇ ਅੰਦਰ-ਅੰਦਰ ਨਿਕਲੋ, ਕਦੀ-ਕਦੀ ਕੁਝ ਕੁ ਘੰਟਿਆਂ ਦੀ ਮੋਹਲਤ ਮਿਲਦੀ, ਜਿਵੇਂ ਉਹ ਅਪਰਾਧੀ ਹੋਣ। ਪਹਿਲਾਂ ਤਾਂ ਪਤਾ ਨਹੀਂ ਆਗਿਆ ਮਿਲੇਗੀ ਕਿ ਨਾ, ਜੇ ਮਿਲ ਗਈ, ਫਿਰ ਉਨ੍ਹਾਂ ਨੇ ਆਪਣਾ ਘਰ ਸਮਾਨ ਵੇਚਣਾ ਹੈ ਜੋ ਤੁਰਤ-ਫੁਰਤ ਦਾ ਕੰਮ ਨਹੀਂ। ਰੇਲ ਰਾਹੀਂ ਬਰਾਸਤਾ ਆਸਟਰੀਆ ਆਉਣਾ ਪੈਂਦਾ। ਅਰਬ ਖਾੜਕੂਆਂ ਨੇ ਗੱਡੀਓਂ ਉਤਰਦੇ ਯਹੂਦੀ ਅਗਵਾ ਕਰ ਲਏ ਜਿਨ੍ਹਾਂ ਵਿਚ 73 ਸਾਲ ਦਾ ਬਜ਼ੁਰਗ, ਬਿਮਾਰ ਔਰਤ, ਤਿੰਨ ਸਾਲ ਦੀ ਬੱਚੀ ਵੀ ਸੀ। ਆਸਟਰੀਆ ਸਰਕਾਰ ਨੂੰ ਹੁਕਮ ਦੇ ਦਿੱਤਾ, ਯਹੂਦੀਆਂ ਦਾ ਲਾਂਘਾ ਬੰਦ ਕਰੋ, ਨਹੀਂ ਤਾਂ ਸਾਰੇ ਬੰਦੀ ਫੁੰਡ ਦਿੱਤੇ ਜਾਣਗੇ। ਸਰਕਾਰ ਨੇ ਗੋਡੇ ਟੇਕ ਦਿੱਤੇ। ਗੋਲਡਾ ਨੇ ਆਸਟਰੀਆ ਦੇ ਪ੍ਰਧਾਨ ਮੰਤਰੀ ਕ੍ਰੇਸਕੀ ਨਾਲ ਮੀਟਿੰਗ ਕੀਤੀ, ਕਿਹਾ, ਇਸ ਦਾ ਮਤਲਬ ਇਹ ਹੋਇਆ ਕਿ ਰੂਸੀ ਯਹੂਦੀਆਂ ਦਾ ਲਾਂਘਾ ਹਮੇਸ਼ਾ ਲਈ ਬੰਦ? ਕ੍ਰੇਸਕੀ ਨੇ ਕਿਹਾ, ਹੋਰ ਵੀ ਤਾਂ ਦੇਸ਼ ਹਨ, ਕਿਸੇ ਹੋਰ ਪਾਸਿਓਂ ਲੰਘ ਆਇਆ ਕਰਨ। ਗੋਲਡਾ ਬੋਲੀ, ਪਰ ਇਹ ਫੈਸਲਾ ਰੂਸੀ ਸਰਕਾਰ ਦਾ ਹੈ ਕਿ ਆਸਟਰੀਆ ਤੋਂ ਇਲਾਵਾ ਹੋਰ ਲਾਂਘਾ ਮਨਜ਼ੂਰ ਨਹੀਂ। ਕ੍ਰੇਸਕੀ ਜੋ ਖ਼ੁਦ ਯਹੂਦੀ ਸੀ, ਬੋਲਿਆ, ਪਰ ਯਹੂਦੀਆਂ ਦੇ ਲਾਂਘੇ ਸਦਕਾ ਮੈਂ ਆਪਣੇ ਦੇਸ਼ ਨੂੰ ਮੁਸੀਬਤ ਵਿਚ ਕਿਉਂ ਪਾਵਾਂ? ਗੋਲਡਾ ਨੇ ਕਿਹਾ, ਚਾਹੀਦਾ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਵਜੋਂ ਤੂੰ ਖਾੜਕੂਆਂ ਦਾ ਲਾਂਘਾ ਰੋਕਦਾ, ਤੂੰ ਮਾਸੂਮ ਯਹੂਦੀਆਂ ਦੇ ਰਸਤੇ ਵਿਚ ਕੰਧ ਉਸਾਰ ਦਿੱਤੀ? ਕ੍ਰੇਸਕੀ ਬੋਲਿਆ, ਤੁਹਾਡਾ ਜਹਾਨ ਹੋਰ ਹੈ ਮੈਡਮ, ਮੇਰਾ ਜਹਾਨ ਹੋਰ। ਗੱਲ ਖਤਮ। ਬਾਹਰ ਪ੍ਰੈਸ ਉਡੀਕ ਰਹੀ ਸੀ; ਬਿਨਾਂ ਕਿਸੇ ਵੱਲ ਦੇਖੇ, ਤੇਜ਼ੀ ਨਾਲ ਹਾਲ ਵਿਚੋਂ ਬਾਹਰ ਹੋ ਗਈ।

ਮਈ 1973 ਵਿਚ ਖ਼ਬਰ ਮਿਲੀ ਕਿ ਸੀਰੀਆ ਅਤੇ ਮਿਸਰੀ ਫੌਜਾਂ ਬਾਰਡਰਾਂ ਵਲ ਸਰਕ ਰਹੀਆਂ ਹਨ। ਗੋਲਾਨ ਚੋਟੀਆਂ 'ਤੇ ਤੋਪਾਂ ਬੀੜੀਆਂ ਗਈਆਂ; 13 ਸਤੰਬਰ ਨੂੰ ਹਵਾਈ ਹਮਲੇ ਸ਼ੁਰੂ ਹੋ ਗਏ, 13 ਸੀਰੀਅਨ ਮਿਗ ਲੜਾਕੂ ਫੁੰਡ ਲਏ। ਪੰਜ ਅਕਤੂਬਰ ਨੂੰ ਖੁਫੀਆ ਏਜੰਸੀ ਨੇ ਖ਼ਬਰ ਦਿੱਤੀ ਕਿ ਰੂਸੀ ਉਸਤਾਦ ਪਰਿਵਾਰਾਂ ਸਮੇਤ ਫਟਾਫਟ ਸੀਰੀਆ ਵਿਚੋਂ ਨਿਕਲ ਕੇ ਵਾਪਸ ਰੂਸ ਪਰਤ ਰਹੇ ਹਨ। ਕਿਉਂ? ਗੋਲਡਾ ਨੇ ਫੌਜਾਂ ਦੇ ਕਮਾਂਡਰ ਬੁਲਾ ਲਏ। ਸਭ ਨੇ ਕਿਹਾ, ਅਸੀਂ ਦੇਖ ਰਹੇ ਹਾਂ ਤੇ ਅਸੀਂ ਤਿਆਰ ਹਾਂ। ਵਜ਼ਾਰਤ ਦੀ ਮੀਟਿੰਗ ਸੱਦੀ, ਸਾਰੇ ਕਹਿਣ ਲੱਗੇ, ਐਵੇਂ ਫਿਕਰ ਨਾ ਕਰੋ, ਹੁਣ ਹਿੰਮਤ ਨਹੀਂ ਕਰਨਗੇ, ਤਾਂ ਵੀ ਤੁਰੰਤ ਕੋਈ ਫੈਸਲਾ ਲੈਣਾ ਪਿਆ ਤਾਂ ਮਤਾ ਪਾ ਦਿੱਤਾ- ਪ੍ਰਧਾਨ ਮੰਤਰੀ ਨੂੰ ਸਭ ਅਖ਼ਤਿਆਰ ਦਿੱਤੇ। ਸੀਰੀਆ ਰੇਡੀਓ ਨੇ ਇਹ ਵੀ ਖ਼ਬਰਾਂ ਨਸ਼ਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਇਜ਼ਰਾਈਲੀ ਫੌਜਾਂ ਸੀਰੀਆ ਵਲ ਵਧ ਰਹੀਆਂ ਹਨ। ਇਹ ਜੰਗ ਦਾ ਪੱਕਾ ਸਬੂਤ ਸੀ। ਗੋਲਡਾ ਨੇ ਅਮਰੀਕੀ ਦੂਤਾਵਾਸ ਨੂੰ ਚੌਕਸ ਕਰਦਿਆਂ ਕਿਹਾ- ਹੁਣ ਡੋਰ ਅਮਰੀਕਾ ਹੱਥ ਹੈ।

5 ਅਕਤੂਬਰ ਨੂੰ ਤਲ ਅਵੀਵ ਉਪਰ ਹਵਾਈ ਹਮਲਾ ਹੋਇਆ। ਸੁਏਜ਼ ਨਹਿਰ ਪਾਰ ਕਰ ਕੇ ਮਿਸਰੀ ਫੌਜ ਸਿਨਾਈ ਵਲ ਮਾਰ ਕਰਨ ਲੱਗੀ, ਉਧਰ ਸੀਰੀਆ ਗੋਲਾਨ ਚੋਟੀਆਂ ਸਰ ਕਰਦਾ ਅੱਗੇ ਵਧਣ ਲੱਗਾ। ਦੋਵਾਂ ਪਾਸਿਆਂ ਦੀ ਭਿਆਨਕ ਤਬਾਹੀ ਹੋਈ, ਪੰਜ ਦਿਨ ਖੂੰਖਾਰ ਝੜਪਾਂ ਹੋਈਆਂ ਪਰ ਅਮਰੀਕਾ ਨੇ ਮਦਦ ਨਹੀਂ ਭੇਜੀ। ਰੂਸ ਸਮੁੰਦਰੀ ਅਤੇ ਹਵਾਈ ਰਸਤਿਆਂ ਰਾਹੀਂ ਅਸਲਾ ਭੇਜ ਰਿਹਾ ਸੀ। ਸਵੇਰ ਦੇ ਤਿੰਨ ਵਜੇ ਗੋਲਡਾ ਨੇ ਅਮਰੀਕਾ ਵਿਚ ਆਪਣੇ ਸਫ਼ੀਰ ਨੂੰ ਤੇ ਇਜ਼ਰਾਈਲ ਵਿਚ ਅਮਰੀਕੀ ਸਫ਼ੀਰ ਨੂੰ ਫੋਨ ਕਰ ਕੇ ਕਿਹਾ, ਹੁਣੇ ਨਿਕਸਨ ਨੂੰ ਜਗਾ ਕੇ ਪੁੱਛੋ, ਮਦਦ ਕਿਉਂ ਨਹੀਂ ਭੇਜੀ। ਦਿਨ ਚੜ੍ਹਨ ਦੀ ਆਸ ਨਾ ਕਰੋ, ਹੋ ਸਕਦਾ ਹੈ ਦਿਨ ਚੜ੍ਹੇ ਈ ਨਾ ਸਾਡੇ ਲਈ।

ਆਖਰ ਨੌਂ ਦਿਨਾਂ ਬਾਅਦ 14 ਅਕਤੂਬਰ ਨੂੰ ਅਮਰੀਕੀ ਜਹਾਜ਼ ਆ ਉਤਰੇ। ਇਸ ਦਿਨ ਤੱਕ 656 ਇਜ਼ਰਾਈਲੀ ਜੁਆਨ ਮਾਰੇ ਗਏ। ਦਿਉ ਕੱਦ ਜਹਾਜ਼, ਟੈਂਕ ਉਤਾਰਨ ਲੱਗੇ। ਤੇ ਲੜਾਕੂ ਜਹਾਜ਼? ਪਤਾ ਲੱਗਾ, ਆ ਰਹੇ ਹਨ, ਰਸਤੇ ਵਿਚ ਫਿਊਲ ਭਰਨ ਲਈ ਨਹੀਂ ਉਤਰਨਗੇ, ਉਡਦਿਆਂ-ਉਡਦਿਆਂ ਫਿਊਲ ਭਰਿਆ ਜਾ ਰਿਹਾ ਹੈ। ਪੰਦਰਾਂ-ਪੰਦਰਾਂ ਮਿੰਟਾਂ ਬਾਅਦ ਇਕ-ਇਕ ਕਰ ਕੇ ਜਹਾਜ਼ ਉਤਰਨ ਲੱਗੇ। ਇਹ ਵੀ ਡਰ ਸੀ ਕਿ ਕਿਤੇ ਤੀਜਾ ਫਰੰਟ ਨਾ ਖੁੱਲ੍ਹ ਜਾਵੇ, ਪਰ ਜਾਰਡਨ ਦੇ ਹੁਸੈਨ ਨੇ ਪਿਛਲੀ ਜੰਗ ਤੋਂ ਸਬਕ ਸਿੱਖ ਲਿਆ ਸੀ, ਖ਼ਾਮੋਸ਼ ਰਿਹਾ।

ਅਮਰੀਕਾ ਤੋਂ ਆਈਆਂ ਮਿਜ਼ਾਈਲਾਂ ਅਤੇ ਜਹਾਜ਼ਾਂ ਨੇ ਕੁਹਰਾਮ ਮਚਾ ਦਿੱਤਾ। ਇਜ਼ਰਾਈਲੀ ਫੌਜਾਂ ਵਾਹੋ-ਦਾਹੀ ਸੀਰੀਆ ਅਤੇ ਮਿਸਰ ਵੱਲ ਵਧਣ ਲੱਗੀਆਂ। ਸੁਏਜ਼ ਨਹਿਰ 'ਤੇ ਕਬਜ਼ਾ ਹੋ ਗਿਆ। ਸੋਵੀਅਤ ਰਾਸ਼ਟਰਪਤੀ ਕੋਸੀਗਨ ਖੁਦ ਕਾਹਿਰਾ ਪੁੱਜਾ। ਹੁਣ ਅਰਬਾਂ ਦੀ ਇੱਜ਼ਤ ਰੱਖਣ ਦਾ ਸਮਾਂ ਸੀ, ਦੋਸਤ ਦੇਸ਼ਾਂ ਦੇ ਵੱਕਾਰ ਦਾ ਸਵਾਲ। ਆਉਂਦਿਆਂ ਹੀ ਉਹਨੇ ਯੁੱਧਬੰਦੀ ਦੀ ਪੁਕਾਰ ਕੀਤੀ। ਉਹ ਇਹੋ ਕਰਦਾ ਹੁੰਦਾ ਸੀ। ਯੁੱਧ ਕਿਸ ਨੇ ਛੇੜਿਆ, ਕਸੂਰਵਾਰ ਕੌਣ ਹੈ, ਇਹ ਗੱਲ ਨਹੀਂ ਕਰਨੀ; ਯੁੱਧ ਬੰਦ ਕਰੋ ਤੇ ਯੁੱਧਬੰਦੀ ਤੋਂ ਪਹਿਲਾਂ ਵਾਲੀਆਂ ਥਾਂਵਾਂ 'ਤੇ ਚਲੇ ਜਾਓ, ਯਾਨਿ ਇਜ਼ਰਾਈਲ ਜਿੱਤੇ ਇਲਾਕੇ ਵਾਪਸ ਕਰੇ।

ਨਿੱਕੇ ਦੇਸ਼ ਵੱਡੀਆਂ ਤਾਕਤਾਂ ਸਾਹਮਣੇ ਆਪਣੀ ਹਰ ਗੱਲ ਨਹੀਂ ਮਨਾ ਸਕਦੇ, 22 ਅਕਤੂਬਰ ਨੂੰ ਹੰਗਾਮੀ ਮੀਟਿੰਗ ਸੱਦ ਕੇ ਯੂ.ਐਨ.ਓ. ਦੀ ਸੁਰੱਖਿਆ ਏਜੰਸੀ ਨੇ ਬਾਰਾਂ ਘੰਟਿਆਂ ਦੇ ਅੰਦਰ ਜੰਗਬੰਦੀ ਕਰਨ ਲਈ ਕਿਹਾ। ਮਤੇ ਵਿਚ ਇਕ ਲਾਈਨ ਇਹ ਵੀ ਸੀ- ਜੰਗਬੰਦੀ ਸਥਾਈ ਅਮਨ ਵਾਸਤੇ ਜ਼ਰੂਰੀ ਹੈ। ਗੋਲਡਾ ਨੇ ਕਿਹਾ, ਦੋ ਦਿਨ ਹੋਰ ਮਿਲ ਜਾਂਦੇ, ਮਿਸਰ ਤੇ ਸੀਰੀਆ ਦੀ ਫੌਜੀ ਤਾਕਤ ਦਾ ਸਫਾਇਆ ਕਰ ਦੇਣਾ ਸੀ, ਫਿਰ ਹੁੰਦਾ ਸਥਾਈ ਅਮਨ। ਰੂਸ ਨੇ ਦੋਵੇਂ ਦੇਸ਼ਾਂ ਨੂੰ ਪਿੰਜੇ ਜਾਣ ਤੋਂ ਬਚਾ ਲਿਆ।

ਮਿਸਰ ਦੀ 20 ਹਜ਼ਾਰ ਫੌਜ ਇਜ਼ਰਾਈਲ ਦੀ ਫੌਜ ਨੇ ਘੇਰੀ ਹੋਈ ਸੀ। ਰੂਸ ਦਬਾਉ ਪਾ ਰਿਹਾ ਸੀ, ਇਨ੍ਹਾਂ ਨੂੰ ਛੱਡੋ। ਇਜ਼ਰਾਈਲ ਬਜ਼ਿਦ ਸੀ ਕਿ ਹਥਿਆਰ ਸੁੱਟਣਗੇ ਤਾਂ ਛੱਡਾਂਗੇ। ਰੂਸ ਇਸੇ ਭਾਰੀ ਹੱਤਕ ਤੋਂ ਬਚਾਅ ਕਰ ਰਿਹਾ ਸੀ। ਫੈਸਲਾ ਹੋਇਆ ਕਿ ਰੂਸੀ ਅਮਰੀਕੀ ਦੂਤ ਸੰਧੀ ਵਾਰਤਾ ਦੀ ਨਿਗਰਾਨੀ ਕਰਨ। ਨਿਕਸਨ ਨੇ ਹੈਨਰੀ ਕਿਸਿੰਜਰ ਭੇਜਿਆ। ਇਸ ਯੁੱਧ ਦੇ ਨਾਇਕ ਨਾ ਅਰਬ ਸ਼ਾਸਕ ਬਣੇ, ਨਾ ਗੋਲਡਾ ਮਾਇਰ; ਕਿਸਿੰਜਰ ਨਾਇਕ ਵਜੋਂ ਜਾਣਿਆ ਗਿਆ। ਉਹਦੀ ਸਿਆਸੀ ਸਮਰੱਥਾ ਅਥਾਹ ਸੀ।

ਕੁਝ ਮਸਲਿਆਂ ਉਪਰ ਗੋਲਡਾ ਕਿਸਿੰਜਰ ਨਾਲ ਸਹਿਮਤ ਨਾ ਹੋਈ। ਕਿਸਿੰਜਰ ਨੇ ਕਿਹਾ, ਜੇ ਆਪਣੇ ਸਟੈਂਡ 'ਤੇ ਅੜੀ ਹੈਂ, ਫਿਰ ਮੈਂ ਵਾਸ਼ਿੰਗਟਨ ਚਲਾ ਜਾਵਾਂ ਗੋਲਡਾ? ਗੋਲਡਾ ਨੇ ਕਿਹਾ, ਵਾਸ਼ਿੰਗਟਨ ਨਹੀਂ, ਦਮਸ਼ਕ; ਰੂਸ ਦਾ ਵਿਦੇਸ਼ ਮੰਤਰੀ ਗ੍ਰੋਮੀਕੋ ਇਸ ਵੇਲੇ ਦਮਸ਼ਕ ਵਿਚ ਹੈ। ਉਹਨੂੰ ਸਾਡੀ ਗੱਲ ਮਨਾ। ਇਸ ਵਾਰ ਜੇ ਅਸੀਂ ਕੂਟਨੀਤੀ ਵਿਚ ਹਾਰ ਗਏ, ਫਿਰ ਕਦੀ ਨਹੀਂ ਜਿੱਤ ਸਕਦੇ। ਸਾਨੂੰ ਮੰਝਧਾਰ ਵਿਚ ਛੱਡ ਕੇ ਨਾ ਜਾਹ। ਉਹ ਦਮਸ਼ਕ ਚਲਾ ਗਿਆ, ਗ੍ਰੋਮੀਕੋ ਨੂੰ ਮਿਲਿਆ। ਉਹਨੂੰ ਸਹਿਮਤ ਕਰਨ ਵਿਚ ਕਾਮਯਾਬ ਹੋ ਗਿਆ। ਇਸ ਯਹੂਦੀ ਨੇ ਇਜ਼ਰਾਈਲ ਦੀ ਕਿਸ਼ਤੀ ਕਿਨਾਰੇ ਲਾ ਦਿੱਤੀ।

ਲੰਡਨ ਵਿਚ ਯੂਰਪੀ ਸੋਸ਼ਲਿਸਟਾਂ ਦੀ ਮੀਟਿੰਗ ਵਿਚ ਗੋਲਡਾ ਵੀ ਗਈ। ਉਹਨੇ ਸਵਾਲ ਕੀਤਾ, ਸਾਰਾ ਯੂਰਪ ਜਾਣਦਾ ਹੈ ਕਿ ਵੀਹ ਤਾਨਾਸ਼ਾਹ ਅਰਬ ਦੇਸ਼ਾਂ ਵਿਚਕਾਰ ਕੇਵਲ ਇਕ ਨਿੱਕਾ ਲੋਕਤੰਤਰ ਹੈ, ਇਜ਼ਰਾਈਲ। ਜਦੋਂ ਅਮਰੀਕਾ ਜੰਗ ਵਿਚ ਅਸਲਾ ਭੇਜਣਾ ਮੰਨ ਗਿਆ ਤਾਂ ਸਾਰੇ ਦੇਸ਼ਾਂ ਨੇ ਫਿਊਲ ਭਰਨ ਲਈ ਉਸ ਨੂੰ ਨਾਂਹ ਕਰ ਦਿੱਤੀ। ਜੇ ਨਿਕਸਨ ਸਾਨੂੰ ਆਖ ਦਿੰਦਾ, ਮੈਂ ਤਾਂ ਮਦਦ ਕਰਨ ਲਈ ਤਿਆਰ ਹਾਂ, ਪਰ ਫਿਊਲ ਭਰਨ ਦਾ ਕੀ ਬੰਦੋਬਸਤ ਕਰਾਂ, ਫਿਰ ਅਸੀਂ ਕੀ ਕਹਿੰਦੇ? ਮੇਰੇ ਸਵਾਲ ਦਾ ਉਤਰ ਦਿਉ। ਕਿਸੇ ਨੇ ਉਤਰ ਨਹੀਂ ਦਿੱਤਾ। ਇਕ ਜਣਾ ਬੋਲਿਆ, ਮੈਡਮ, ਇਹ ਬੋਲ ਨਹੀਂ ਸਕਦੇ ਕਿਉਂਕਿ ਇਨ੍ਹਾਂ ਦਿਆਂ ਗਲਾਂ ਵਿਚ ਅਰਬਾਂ ਦਾ ਤੇਲ ਭਰਿਆ ਹੈ।

11 ਨਵੰਬਰ 1973 ਨੂੰ ਇਜ਼ਰਾਈਲ ਅਤੇ ਮਿਸਰ ਵਿਚਕਾਰ ਸੰਧੀ ਉਪਰ ਸਹੀ ਪਾਈ ਗਈ। ਜ਼ਖ਼ਮੀ ਹਸਪਤਾਲਾਂ ਵਿਚ ਗਏ, ਬੰਦੀ ਫੌਜੀ ਰਿਹਾ ਹੋਏ। ਕਈ ਤਾਂ ਗੋਲਡਾ ਨੂੰ ਗਲਵਕੜੀ ਪਾ ਕੇ ਬੱਚਿਆਂ ਵਾਂਗ ਰੋਏ। ਇਕ ਦੇ ਵੀ ਚਿਹਰੇ ਉਪਰ ਸ਼ਿਕਨ ਨਹੀਂ ਸੀ। ਜੇਲ੍ਹਾਂ ਵਿਚੋਂ ਤੋਹਫੇ ਲੈ ਕੇ ਆਏ, ਬੰਦੀ ਕਾਲ ਦੌਰਾਨ ਬਣਾਈਆਂ ਚੀਜ਼ਾਂ। ਦਾਊਦ ਦਾ ਤਾਰੇ ਜੜਿਆ ਝੰਡਾ ਫੜਾਉਂਦਿਆਂ ਸਿਪਾਹੀ ਨੇ ਕਿਹਾ, ਇਹ ਸਾਡੇ ਜੇਲ੍ਹ ਅੰਦਰਲੀ ਯੂਨਿਟ ਦਾ ਝੰਡਾ ਅਸੀਂ ਸਲਾਮੀ ਦੇਣ ਵਾਸਤੇ ਬਣਾਇਆ ਸੀ, ਹੁਣ ਸਾਡੀ ਇਹ ਯੂਨਿਟ ਟੁੱਟ ਗਈ ਹੈ, ਝੰਡਾ ਤੁਹਾਨੂੰ ਦਿੱਤਾ। ਗੋਲਡਾ ਨੇ ਸਾਰੀ ਉਮਰ ਇਹ ਝੰਡਾ ਡ੍ਰਾਇੰਗ ਰੂਮ ਵਿਚ ਸਜਾਇਆ।

ਗੋਲਡਾ ਆਖਿਆ ਕਰਦੀ, ਮੈਂ ਖ਼ੁਸ਼ਕਿਸਮਤ ਹਾਂ ਜਿਹੜੀ ਆਪਣਾ ਮੁਲਕ ਆਜ਼ਾਦ ਦੇਖ ਸਕੀ। ਸਾਰੀ ਦੁਨੀਆਂ ਦੇ ਯਹੂਦੀ ਇਥੇ ਆ ਕੇ ਵਸੇ, ਇਸੇ ਕਰ ਕੇ ਇਹ ਗਤੀਸ਼ੀਲ ਅਤੇ ਸਿਹਤਮੰਦ ਰਹੇਗਾ। ਅਸੀਂ ਅਮਨ ਦੇ ਇੱਛੁਕ ਹਾਂ, ਪਰ ਅਮਨ ਤਦ ਕਾਇਮ ਰਹੇਗਾ ਜੇ ਇਜ਼ਰਾਈਲ ਮਜ਼ਬੂਤ ਹੋਵੇਗਾ। ਸਿਆਣੇ ਦੇਸ਼ਾਂ ਦੇ ਸਿਆਣੇ ਹੁਕਮਰਾਨ ਭੀੜ ਪਈ ਤੋਂ ਅੱਖਾਂ ਫੇਰ ਲੈਂਦੇ ਹਨ। ਵੱਡੀਆਂ ਤਾਕਤਾਂ ਕਠੋਰ ਹਨ, ਸਵਾਰਥੀ ਹਨ, ਉਨ੍ਹਾਂ ਦੀ ਮੰਨਣੀ ਪਵੇਗੀ ਪਰ ਕਦੀ ਕਦਾਈਂ ਉਨ੍ਹਾਂ ਨੂੰ ਸਾਫ ਜਵਾਬ ਦੇਣ ਦਾ ਜੇਰਾ ਵੀ ਦਿਖਾਉਣਾ ਪਏਗਾ। ਸਾਡੇ ਬੱਚੇ, ਸਾਡੇ ਬੱਚਿਆਂ ਦੇ ਬੱਚੇ, ਅੱਗੇ ਉਨ੍ਹਾਂ ਦੇ ਬੱਚੇ ਆਜ਼ਾਦ ਫਿਜ਼ਾ ਵਿਚ ਕਿਲਕਾਰੀਆਂ ਮਾਰ ਸਕਣਗੇ। ਹਜ਼ਾਰਾਂ ਸਾਲ ਪੁਰਾਣਾ ਸੁਫਨਾ ਸਾਕਾਰ ਹੋਇਆ।

(ਸਮਾਪਤ)

*ਗੋਲਡਾ ਆਖਿਆ ਕਰਦੀ- ਮੈਂ ਖ਼ੁਸ਼ਕਿਸਮਤ ਹਾਂ ਜਿਹੜੀ ਆਪਣਾ ਮੁਲਕ ਆਜ਼ਾਦ ਦੇਖ ਸਕੀ। ਸਾਰੀ ਦੁਨੀਆਂ ਦੇ ਯਹੂਦੀ ਇਥੇ ਆ ਕੇ ਵਸੇ, ਇਸੇ ਕਰ ਕੇ ਇਹ ਗਤੀਸ਼ੀਲ ਅਤੇ ਸਿਹਤਮੰਦ ਰਹੇਗਾ। ਅਸੀਂ ਅਮਨ ਦੇ ਇੱਛੁਕ ਹਾਂ, ਪਰ ਅਮਨ ਤਦ ਕਾਇਮ ਰਹੇਗਾ ਜੇ ਇਜ਼ਰਾਈਲ ਮਜ਼ਬੂਤ ਹੋਵੇਗਾ। ਸਿਆਣੇ ਦੇਸ਼ਾਂ ਦੇ ਸਿਆਣੇ ਹੁਕਮਰਾਨ ਭੀੜ ਪਈ ਤੋਂ ਅੱਖਾਂ ਫੇਰ ਲੈਂਦੇ ਹਨ। ਵੱਡੀਆਂ ਤਾਕਤਾਂ ਕਠੋਰ ਹਨ, ਸਵਾਰਥੀ ਹਨ, ਉਨ੍ਹਾਂ ਦੀ ਮੰਨਣੀ ਪਵੇਗੀ ਪਰ ਕਦੀ ਕਦਾਈਂ ਉਨ੍ਹਾਂ ਨੂੰ ਸਾਫ ਜਵਾਬ ਦੇਣ ਦਾ ਜੇਰਾ ਵੀ ਦਿਖਾਉਣਾ ਪਏਗਾ। ਸਾਡੇ ਬੱਚੇ, ਸਾਡੇ ਬੱਚਿਆਂ ਦੇ ਬੱਚੇ, ਅੱਗੇ ਉਨ੍ਹਾਂ ਦੇ ਬੱਚੇ ਆਜ਼ਾਦ ਫਿਜ਼ਾ ਵਿਚ ਕਿਲਕਾਰੀਆਂ ਮਾਰ ਸਕਣਗੇ। ਹਜ਼ਾਰਾਂ ਸਾਲ ਪੁਰਾਣਾ ਸੁਫਨਾ ਸਾਕਾਰ ਹੋਇਆ।*


*ਗੋਲਡਾ ਦੀ ਛੋਟੀ ਹੁੰਦੀ ਦੀ ਤਸਵੀਰ*


*ਸਾਲ 1976 ਵਿਚ ਇਕ ਮਿਲਣੀ ਮੌਕੇ ਗੋਲਡਾ ਮਾਇਰ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ*

# ਮਿੰਨੀ ਕਹਾਣੀ

## ਸੱਜਣ ਸੇਈ

ਘੁੰਗਟ ਵਿਚ ਲਿਪਟੀ, ਸ਼ਹਿਨਾਈਆਂ ਦੀ ਗੂੰਜ 'ਤੇ ਜਗਮਗਾਉਂਦੀਆਂ ਰੋਸ਼ਨੀਆਂ ਵਿਚ ਜੈਮਾਲਾ ਪਾ ਰਹੀ ਦੁਲਹਨ ਦੇ ਕਾਲੇ ਹੱਥਾਂ 'ਤੇ ਨਜ਼ਰ ਪੈਂਦਿਆਂ ਹੀ ਮਾਂ-ਬਾਪ ਦੇ ਵਿਸ਼ਵਾਸ 'ਤੇ ਕੀਤੇ ਰਿਸ਼ਤੇ ਨੇ ਉਸ ਨੂੰ, ਆਕਾਸ਼ ਵਿਚ ਉਡਾਰੀਆਂ ਲਾ ਰਹੇ ਅਚਾਨਕ-ਘਾਇਲ ਹੋਏ ਪੰਛੀ ਵਾਂਗ, ਜ਼ਮੀਨ 'ਤੇ ਲਿਆ ਪਟਕਾਇਆ।

"ਓਫ਼! ਪਰੀਆਂ ਵਰਗੀ ਸਾਥਣ ਦੀ ਚਾਹਤ ਰੱਖਣ ਵਾਲਾ ਮੈਂ, ਜ਼ਿੰਦਗੀ ਭਰ ਇਸ ਕਾਲੀ ਕਲੂਟੀ ਨਾਲ ਕਿਵੇਂ ਗੁਜ਼ਾਰਾ ਕਰਾਂਗਾ?" ਬਿਨਾਂ ਉਸ ਦੇ ਮੂੰਹ ਤੋਂ ਪੱਲਾ ਸਰਕਾਇਆਂ, ਉਸ ਨੇ ਸੁਹਾਗ ਰਾਤ, ਬਾਹਰ ਬਰਾਮਦੇ ਵਿਚ ਹੀ ਬਿਤਾ ਦਿੱਤੀ।

ਹੁਸਨ ਦੀ ਅਪ੍ਰਾਪਤੀ ਦੀ ਭਾਵਨਾ ਨਾਲ, ਉਸ ਦੀ ਯੋਗਤਾ, ਸ਼ਰਾਫਤ- ਗੱਲ ਕੀ ਸਮੁੱਚਾ ਵਿਅਕਤੀਤਵ ਹੀ ਭਟਕਣਾ ਦੀ ਦਲ-ਦਲ ਵਿਚ ਤਿਲਕਦਾ ਜਾ ਰਿਹਾ ਸੀ।

ਦੇਰ ਰਾਤ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋਇਆ ਜਦੋਂ ਉਹ ਘਰ ਪਰਤਦਾ ਤਾਂ ਉਹ ਭੁੱਖੀ ਭਾਣੀ ਦਹਿਲੀਜ਼ਾਂ 'ਤੇ ਉਸ ਦਾ ਇੰਤਜ਼ਾਰ ਕਰ ਰਹੀ ਹੁੰਦੀ ਤੇ ਜਦੋਂ ਉਸ ਨੂੰ ਪਰ੍ਹਾਂ ਧਕੇਲਦਾ ਉਹ ਸੋਫੇ 'ਤੇ ਅੱਧ-ਪਚੱਧਾ ਜਾ ਡਿਗਦਾ ਤਾਂ ਉਹ ਉਸ ਨੂੰ ਠੀਕ ਸਲੀਕੇ ਨਾਲ ਪਲੰਘ 'ਤੇ ਜਾ ਲਿਟਾਉਂਦੀ।

ਸਵੇਰੇ ਮੁਸਕਰਾਉਂਦਿਆਂ, ਉਹ ਉਸ ਦੀ ਹਰ ਲੋੜ ਦੀ ਪੂਰਤੀ ਕਰ, ਉਸ ਨੂੰ ਦਫਤਰ ਭੇਜਣ ਉਪਰੰਤ ਘਰ ਦੇ ਕੰਮਾਂ ਵਿਚ ਇਵੇਂ ਜੁਟ ਜਾਂਦੀ ਜਿਵੇਂ ਉਸ ਦੀ ਕੋਈ ਰੀਝ ਅਧੂਰੀ ਰਹੀ ਹੀ ਨਾ ਹੋਵੇ।

"ਯਾਰ! ਬੜੀ ਢੀਠ ਔਰਤ ਹੈ, ਮੇਰੇ ਤ੍ਰਿਸਕਾਰ, ਮੇਰੀ ਨਫਰਤ ਨਾਲ ਉਸ ਨੂੰ ਕੋਈ ਫਰਕ ਨਹੀਂ ਪੈਂਦਾ।" ਉਹ ਆਪਣੇ ਜਿਗਰੀ ਦੋਸਤ ਨਾਲ ਆਪਣੇ ਦਰਦ ਦਾ ਇਜ਼ਹਾਰ ਕਰਦਿਆਂ ਆਪਣੀ ਪਤਨੀ ਦੀ ਫਿਤਰਤ ਦਾ ਵੀ ਪ੍ਰਗਟਾਵਾ ਕਰ ਰਿਹਾ ਸੀ।

"ਫਰਕ ਪੈਂਦੈ! ਬਹੁਤ ਪੈਂਦੈ, ਮੇਰੇ ਦੋਸਤ! ਤੂੰ ਕਦੇ ਉਸ ਦਾ ਦਿਲ ਫੋਲ ਕੇ ਤਾਂ ਵੇਖਿਆ ਹੁੰਦਾ। ਇੰਦਰ ਯਾਰ! ਮੈਨੂੰ ਇਕ ਗੱਲ ਦੱਸ, ਕੀ ਇਹ ਯਕੀਨੀ ਸੀ ਕਿ ਕੋਈ ਗੋਰੀ-ਚਿੱਟੀ ਕੁੜੀ ਤੇਰੇ ਪ੍ਰਤੀ ਆਪਣੇ ਫਰਜ਼ਾਂ ਨੂੰ ਇਤਨੀ ਹੀ ਸ਼ਿੱਦਤ ਨਾਲ ਨਿਭਾਉਂਦੀ, ਜਿਤਨੀ ਨਾਲ ਇਹ ਨਿਭਾ ਰਹੀ ਏ? ਕੀ ਕੇਵਲ ਇਕ ਰੰਗ ਕਾਰਨ ਹੀ ਤੂੰ ਆਪਣੀ ਤੇ ਉਸ ਦੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਨੂੰ ਦਾਅ 'ਤੇ ਲਾ ਰਿਹਾ ਏਂ? ਮੇਰੇ ਦੋਸਤ! ਇਕ ਵਾਰੀ ਉਸ ਨੂੰ ਨਜ਼ਰ ਭਰ ਕੇ ਤੱਕ ਤਾਂ ਸਹੀ, ਹੋ ਸਕਦੈ ਕਿਸੇ ਕਵੀ ਦੀ ਕਵਿਤਾ ਵਿਚ ਉਲੀਕੀ ਸੁੰਦਰਤਾ ਤੈਨੂੰ ਉਸ ਵਿਚੋਂ ਹੀ ਨਜ਼ਰ ਆ ਜਾਵੇ।"

ਸੂਝਵਾਨ ਦੋਸਤ ਨੇ ਦੋਸਤੀ ਦਾ ਫਰਜ਼ ਇਤਨੇ ਪਾਕੀਜ਼ਾ ਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਅਦਾ ਕੀਤਾ ਕਿ ਉਸੇ ਸ਼ਾਮ ਉਹ ਆਪਣੀ ਕਾਲੀ ਪਰ ਸੁਡੌਲ ਤੇ ਗੁਣਵਾਨ ਪਤਨੀ ਨੂੰ ਬਾਹਵਾਂ 'ਚ ਘੁੱਟ ਕੇ ਬੇਤਹਾਸ਼ਾ ਪਿਆਰ ਕਰ ਰਿਹਾ ਸੀ।

-ਰਾਜਿੰਦਰ ਕੌਰ ਵੰਤਾ

## ਕਸ਼ਮੀਰ ਵਿਚ ਨਸਲਕੁਸ਼ੀ: ਲਾਹਨਤ ਹੈ ਹਿੰਦੁਸਤਾਨ!-2

# ਸਿਦਕ ਭੰਨਣ ਲਈ ਔਰਤਾਂ 'ਤੇ ਜ਼ਬਰ

*ਜੰਮੂ ਕਸ਼ਮੀਰ ਹਿੰਦੁਸਤਾਨ ਦੀ ਉਹ ਰਿਆਸਤ ਹੈ ਜਿਥੇ ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਹਜ਼ਾਰਾਂ ਨੌਜਵਾਨ ਮਰ-ਖਪ ਗਏ ਤੇ ਹਜ਼ਾਰਾਂ ਹੋਰ ਲਾਪਤਾ ਹਨ। ਮਾਪੇ ਇਨ੍ਹਾਂ ਪੁੱਤਾਂ ਦੀ ਉਡੀਕ ਅੱਜ ਵੀ ਉਦਾਸ ਅਤੇ ਖਾਲੀ-ਖਾਲੀ ਨੈਣਾਂ ਨਾਲ ਕਰ ਰਹੇ ਹਨ, ਪਰ ਪੁਕਾਰ ਸੁਣਨ ਵਾਲਾ ਕੋਈ ਨਹੀਂ। ਐਤਕੀਂ 26 ਜਨਵਰੀ ਨੂੰ ਪ੍ਰਸਿੱਧ ਖੋਜੀ ਪੱਤਰਕਾਰ ਆਂਦਰੇ ਵਲਚੇਕ ਨੇ ਕਸ਼ਮੀਰੀ ਅਵਾਮ ਦਾ ਹਾਲ ਜਾਣਨ ਲਈ ਗੇੜਾ ਕੱਢਿਆ ਅਤੇ ਆਪਣੇ ਕੁਝ ਭਾਵ, ਲੰਮੇ ਲੇਖ 'ਜੇਨੋਸਾਈਡ ਇਨ ਕਸ਼ਮੀਰ: ਇੰਡੀਆਜ਼ ਸ਼ੇਮ' ਵਿਚ ਦਰਜ ਕੀਤੇ ਹਨ। ਇਸ ਲੇਖ ਵਿਚ ਰੌਂਗਟੇ ਖੜ੍ਹੇ ਕਰਨ ਵਾਲੇ ਤੱਥ ਪੇਸ਼ ਹੋਏ ਹਨ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਦੀ ਪਹਿਲੀ ਕਿਸ਼ਤ ਵਿਚ ਕਸ਼ਮੀਰ ਦੇ ਮੌਜੂਦਾ ਹਾਲਾਤ ਬਾਰੇ ਤਬਸਰਾ ਕੀਤਾ ਗਿਆ ਸੀ। ਇਸ ਵਾਰ ਦੋ ਪਿੰਡਾਂ-ਕੁਨਨ, ਪੋਸ਼ਪੁਰਾ ਤੇ ਹੋਰ ਥਾਂਈਂ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਦਾ ਵੇਰਵਾ ਦਰਜ ਕੀਤਾ ਗਿਆ ਹੈ। ਰੂਸ ਵਿਚ 1963 'ਚ ਜੰਮਿਆ ਆਂਦਰੇ ਵਲਚੇਕ ਖੋਜੀ ਪੱਤਰਕਾਰ ਤੋਂ ਇਲਾਵਾ ਨਾਵਲਕਾਰ ਤੇ ਫਿਲਮਸਾਜ਼ ਵੀ ਹੈ। ਉਹ ਲੰਮਾ ਸਮਾਂ ਨਿਊ ਯਾਰਕ ਸ਼ਹਿਰ ਵਿਚ ਰਿਹਾ ਅਤੇ ਅੱਜ ਕੱਲ੍ਹ ਪੂਰਬੀ ਏਸ਼ੀਆ ਤੇ ਅਫਰੀਕਾ ਗਾਹ ਰਿਹਾ ਹੈ। -ਸੰਪਾਦਕ*

ਅਸੀਂ ਹੋਰ ਅੱਗੇ, ਪਾਕਿਸਤਾਨ ਦੀ ਸਰਹੱਦ ਵੱਲ ਜਾ ਰਹੇ ਹਾਂ। ਇਥੇ ਸੱਚੀਂ ਹੀ ਹਰਿਆਵਲ ਹੈ- ਹਰਿਆਵਲ ਤੇ ਲੋਹੜੇ ਦੀ ਖ਼ੂਬਸੂਰਤੀ। ਬਰਫ਼ ਨਾਲ ਕੱਜੇ ਲੰਮੇ ਪਹਾੜ, ਨਿਰਛੋਹ ਝੀਲਾਂ ਤੇ ਗੁਫਾਵਾਂ। ਮੈਂ ਡਰਾਈਵਰ ਨੂੰ ਰੁਕਣ ਲਈ ਕਹਿੰਦਾ ਹਾਂ; ਮੈਨੂੰ ਕੁਝ ਤਾਜ਼ੀ ਹਵਾ ਦੀ ਲੋੜ ਹੈ। ਮੈਂ ਅੱਗੇ ਜਿਸ ਥਾਂ ਜਾਣ ਤੋਂ ਡਰਦਾ ਹਾਂ, ਉਥੇ ਪਹੁੰਚਣ ਲਈ ਮੈਨੂੰ ਕੁਝ ਤਾਕਤ ਜੁਟਾਉਣ ਖ਼ਾਤਰ ਇਹ ਖ਼ੂਬਸੂਰਤ ਨਜ਼ਾਰਾ ਦੇਖਣ ਦੀ ਲੋੜ ਹੈ।

ਅਸੀਂ ਦੋ ਪਿੰਡਾਂ ਵੱਲ ਜਾ ਰਹੇ ਹਾਂ: ਕੁਨਨ ਤੇ ਪੋਸ਼ਪੁਰਾ। ਹਿੰਦੁਸਤਾਨੀ ਫ਼ੌਜ ਨੇ 23 ਫਰਵਰੀ 1991 ਨੂੰ ਕੁਨਨ ਨੂੰ ਘੇਰਾ ਪਾਇਆ, ਤੇ 13 ਸਾਲ ਤੋਂ ਵੱਧ ਉਮਰ ਦੇ ਸਾਰੇ ਮਰਦ ਗ੍ਰਿਫ਼ਤਾਰ ਕਰ ਲਏ। ਉਹ ਆਪਣੇ ਵਾਹਨਾਂ ਵਿਚ



ਆਂਦਰੇ ਵਲਚੇਕ
ਅਨੁਵਾਦ: ਬੂਟਾ ਸਿੰਘ

ਤਸੀਹੇ ਦੇਣ ਵਾਲੇ ਯੰਤਰ ਨਾਲ ਲੈ ਕੇ ਆਏ ਸਨ, ਤੇ ਜਿਹੜੇ ਤਸੀਹੇ ਉਨ੍ਹਾਂ ਨੇ ਦਿੱਤੇ, ਉਹ ਭਿਆਨਕ ਸਨ।

ਅਸੀਂ ਗੱਡੀ ਇਕ ਪਾਸੇ ਲਗਾ ਲੈਂਦੇ ਹਾਂ। ਮੈਨੂੰ ਇਕ ਘਰ ਦੇ ਅੰਦਰ ਲਿਜਾਇਆ ਜਾਂਦਾ ਹੈ। ਇਹ ਰਵਾਇਤੀ, ਬਹੁਤ ਸਾਫ਼-ਸੁਥਰਾ ਘਰ ਹੈ। ਜੁੱਤੀਆਂ ਅਸੀਂ ਬਾਹਰ ਹੀ ਲਾਹ ਲੈਂਦੇ ਹਾਂ। ਬੈਠਕ ਵਿਚ ਦੋ ਬੰਦੇ ਪਹਿਲਾਂ ਹੀ ਕੰਧਾਂ ਨਾਲ ਢੋਅ ਲਾਈ ਨਰਮ ਸਿਰਹਾਣੇ ਲੈ ਕੇ ਬੈਠੇ ਹਨ। ਤੀਜਾ ਜਣਾ ਥੋੜ੍ਹੀ ਦੇਰ ਬਾਅਦ ਆਉਂਦਾ ਹੈ।

ਅਸੀਂ ਇਥੇ ਤਸੀਹਿਆਂ ਬਾਰੇ ਪਤਾ ਕਰਨ ਨਹੀਂ ਆਏ। ਇਥੇ ਸਮੂਹਕ ਜਬਰ-ਜਨਾਹ ਬਾਰੇ ਮੈਨੂੰ ਦੱਸਿਆ ਜਾਵੇਗਾ, ਪਰ ਉਹ ਬੰਦੇ ਪਹਿਲਾਂ ਆਪ-ਬੀਤੀ ਛੋਹ ਲੈਂਦੇ ਹਨ; ਉਨ੍ਹਾਂ ਵਿਚੋਂ ਇਕ ਗੱਲ ਤੋਰਦਾ ਹੈ: "ਫਰਵਰੀ ਦਾ ਮਹੀਨਾ ਸੀ ਅਤੇ ਕਾਫ਼ੀ ਰਾਤ ਹੋ ਚੁੱਕੀ ਸੀ; ਬਾਹਰ ਕੜਾਕੇ ਦੀ ਠੰਢ ਸੀ। ਇਹ ਸਭ ਕੁਝ ਰਾਤ ਦੇ 11 ਵਜੇ ਸ਼ੁਰੂ ਹੋਇਆ ਅਤੇ ਤੜਕੇ ਚਾਰ ਵਜੇ ਤਕ ਵੀ ਬੰਦ ਨਹੀਂ ਹੋਇਆ। ਸਾਰੇ ਮਰਦਾਂ ਨੂੰ ਘਰਾਂ ਤੋਂ ਬਾਹਰ ਕੱਢ ਕੇ ਕੜਾਕੇ ਦੀ ਠੰਢ ਵਿਚ ਲਿਜਾਇਆ ਗਿਆ। ਸਾਰਿਆਂ ਨੂੰ ਅਲਫ਼ ਨੰਗੇ ਕਰ ਕੇ ਬਰਫ਼ੀਲੀ ਹਵਾ ਵਿਚ ਖੜ੍ਹੇ ਕਰ ਦਿੱਤਾ ਗਿਆ। ਚਾਰ-ਚੁਫੇਰੇ ਤਿੰਨ-ਤਿੰਨ ਫੁੱਟ ਬਰਫ਼ ਜੰਮੀ ਹੋਈ ਸੀ। ਉਨ੍ਹਾਂ ਸਾਡੇ ਵਿਚੋਂ ਸੌ ਜਣਿਆਂ ਨੂੰ ਤਸੀਹੇ ਦਿੱਤੇ; 40-50 ਨੂੰ ਤਾਂ ਬਹੁਤ ਬੁਰੀ ਤਰ੍ਹਾਂ ਤਸੀਹੇ ਦਿੱਤੇ ਗਏ। ਬਿਜਲੀ ਦਾ ਕਰੰਟ ਲਾਇਆ, ਪਾਣੀ ਵਿਚ ਲਾਲ ਮਿਰਚਾਂ ਘੋਲ ਕੇ ਉਸ ਵਿਚ ਸਾਡੇ ਸਿਰ ਡੁਬੋ ਦਿੱਤੇ।"

ਕਮਰੇ 'ਚ ਕੋਈ ਔਰਤ ਨਹੀਂ ਹੈ; ਨਾ ਹੀ ਘਰ ਦੇ ਲਾਗੇ-ਚਾਗੇ ਹੀ ਨਜ਼ਰ ਆਉਂਦੀ ਸੀ।

ਇਕ ਹੋਰ ਬਜ਼ੁਰਗ ਨੇ ਦੱਸਣਾ ਸ਼ੁਰੂ ਕੀਤਾ, ਤਾਂ ਮੈਂ ਅੱਖਾਂ ਦੂਜੇ ਪਾਸੇ ਘੁਮਾ ਲਈਆਂ। ਸਾਰਾ ਕੁਝ ਬਹੁਤ ਬੇਚੈਨ ਕਰਨ ਵਾਲਾ ਸੀ, ਤੇ ਮੈਨੂੰ ਪਤਾ ਸੀ ਕਿ ਤਕਰੀਬਨ ਪੰਝੀ ਸਾਲ ਪਹਿਲਾਂ ਦੀ ਉਹ ਖ਼ੌਫ਼ਨਾਕ ਰਾਤ ਬਿਆਨ ਕਰਨ ਲਈ ਇਨ੍ਹਾਂ ਬੰਦਿਆਂ ਨੂੰ ਕਿੰਨਾ ਜਿਗਰਾ ਅਤੇ ਮਨ ਕਰੜਾ ਕਰਨਾ ਪਿਆ ਹੋਵੇਗਾ!...

"ਘਰਾਂ ਵਿਚ ਔਰਤਾਂ ਅਤੇ ਕੁੜੀਆਂ ਨੂੰ ਹੀ ਛੱਡਿਆ ਗਿਆ ਸੀ। ਇਕੱਲੀਆਂ ਅਤੇ ਨਿਆਸਰੀਆਂ। ਫ਼ੌਜੀਆਂ ਵਿਚੋਂ 200 ਦੇ ਕਰੀਬ ਘਰਾਂ ਵਿਚ ਜਾ ਵੜੇ, ਘਰ ਪਰਤੀ 5 ਤੋਂ ਲੈ ਕੇ 10 ਤਕ। ਉਨ੍ਹਾਂ ਕੋਲ ਸ਼ਰਾਬ ਦੀਆਂ ਬੋਤਲਾਂ ਸਨ- ਉਹ ਸ਼ਰਾਬ ਨਾਲ ਡੱਕੇ ਹੋਏ ਸਨ। ਜਾਹਰ ਹੈ ਇਹ ਸਾਰਾ ਕੁਝ ਇੰਜ ਹੀ ਵਿਉਂਤਿਆ ਹੋਇਆ ਸੀ।"

ਹੁਣ ਰਤਾ ਖੁੱਲ੍ਹ ਕੇ ਦੱਸਣ ਲੱਗੇ: "ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ। ਉਨ੍ਹਾਂ ਸਾਰੀਆਂ ਨਾਲ...ਔਰਤਾਂ ਨਾਲ ਹੀ ਨਹੀਂ, 6 ਤੋਂ ਲੈ ਕੇ 13 ਸਾਲ ਦੀਆਂ ਜੁਆਕੜੀਆਂ ਨਾਲ ਵੀ...ਉਨ੍ਹਾਂ ਦੇ ਕੱਪੜੇ ਪਾੜ ਦਿੱਤੇ ਗਏ; ਜ਼ਲੀਲ ਕਰ ਕੇ ਫਿਰ ਜਬਰ-ਜਨਾਹ ਕੀਤੇ ਗਏ।"

ਫ਼ੌਜੀ ਔਰਤਾਂ ਉਪਰ ਚੀਕ ਰਹੇ ਸਨ: "ਹਰਾਮਜ਼ਾਦੀਓ, ਤੁਸੀਂ ਜਹਾਦੀਆਂ ਦੀ ਮਦਦ ਕਰਦੀਆਂ ਹੋ, ਕਰਦੀਆਂ ਹੋ ਨਾ?"

ਹਿੰਦੁਸਤਾਨੀ ਫ਼ੌਜੀਆਂ ਨੇ ਇਹ ਕੁਝ ਕੀਤਾ, ਹਿੰਦੁਸਤਾਨ ਵਿਚ ਇਹ ਆਮ ਹੀ ਹੁੰਦਾ ਹੈ; ਜਬਰ-ਜਨਾਹ ਇਸ ਕੁਕਰਮ ਨਾਲ ਖ਼ਤਮ ਨਹੀਂ ਹੋ ਜਾਂਦਾ। ਕੁਕਰਮ ਦੀ ਦਰਿੰਦਗੀ ਬਾਕਾਇਦਗੀ ਨਾਲ ਐਸੀ ਹੁੰਦੀ ਹੈ ਜੋ ਬਿਆਨ ਨਹੀਂ ਕੀਤੀ ਜਾ ਸਕਦੀ; ਇਸ ਵਿਚ ਤਿੱਖੀਆਂ ਚੀਜ਼ਾਂ, ਜੰਗਾਲੀਆਂ ਰਾਡਾਂ, ਕੁਝ ਵੀ ਧੱਕਣਾ ਸ਼ਾਮਲ ਹੈ।

"ਸਾਡੀਆਂ ਬਹੁਤ ਸਾਰੀਆਂ ਔਰਤਾਂ ਬੁਰੀ ਤਰ੍ਹਾਂ ਲਹੂ-ਲੁਹਾਣ ਸਨ। ਕਈ ਤਾਂ 4-5 ਦਿਨ ਬੇਹੋਸ਼ ਰਹੀਆਂ", ਇਹ ਮੈਨੂੰ ਉਨ੍ਹਾਂ ਤਿੰਨ ਪਤੀਆਂ ਨੇ ਦੱਸਿਆ ਜਿਨ੍ਹਾਂ ਦੀਆਂ ਘਰਵਾਲੀਆਂ ਉਸ ਭਿਆਨਕ ਰਾਤ ਦੇ ਕਹਿਰ 'ਚੋਂ ਗੁਜ਼ਰੀਆਂ ਸਨ।

"ਉਨ੍ਹਾਂ ਵਿਚੋਂ ਇਕ ਔਰਤ ਦੇ ਚਾਰ ਦਿਨ ਪਹਿਲਾਂ ਹੀ ਬੱਚਾ ਹੋਇਆ ਸੀ। ਬੱਚਾ ਆਪਣੀ ਮਾਂ ਨੂੰ ਚਿੰਬੜਿਆ ਹੋਇਆ ਸੀ ਜਦੋਂ ਫ਼ੌਜੀ ਅੰਦਰ ਵੜੇ। ਪਹਿਲਾਂ ਉਨ੍ਹਾਂ ਨੇ ਬੱਚਾ ਉਸ ਤੋਂ ਖੋਹ ਕੇ ਮਾਰਿਆ, ਫਿਰ ਮਾਂ ਨਾਲ ਸਮੂਹਕ ਜਬਰ-ਜਨਾਹ...।"

"ਉਨ੍ਹਾਂ ਇਕ ਨਾਬਾਲਗ ਕੁੜੀ ਨੂੰ ਤਸੀਹੇ ਦਿੱਤੇ, ਜਬਰ-ਜਨਾਹ ਕੀਤਾ, ਉਸ ਦੀ ਲੱਤ ਤੋੜ ਦਿੱਤੀ। ਬਾਅਦ ਵਿਚ ਉਹ ਮਰ ਗਈ...।"

"ਕੁਝ ਔਰਤਾਂ ਨੂੰ ਕਈ ਸਾਲ ਇਲਾਜ ਕਰਾਉਣਾ ਪਿਆ, ਕਿਉਂਕਿ ਉਨ੍ਹਾਂ ਦੀ ਗੁਦਾ ਬੁਰੀ ਤਰ੍ਹਾਂ ਫਟ ਗਈ ਸੀ।" ਉਸ ਰਾਤ ਜੋ ਕੁਝ ਹੋਇਆ, ਉਸ ਦੇ ਸਿੱਟੇ ਵਜੋਂ 5 ਔਰਤਾਂ ਮਰ ਗਈਆਂ ਸਨ।

ਉਸ ਪਿੰਡ ਦੇ ਦੋ ਬੰਦੇ ਪੁਲਿਸ ਵਿਚ ਸਨ ਜਿਨ੍ਹਾਂ ਨੇ ਫੱਟੜ ਔਰਤਾਂ ਨੂੰ ਸਹਾਰਾ ਦੇਣ ਦਾ ਯਤਨ ਕੀਤਾ। ਬਾਅਦ ਵਿਚ ਉਹ ਅੱਗੇ ਆ ਕੇ ਗਵਾਹੀ ਦੇਣ ਲਈ ਵੀ ਤਿਆਰ ਸਨ, ਪਰ ਇਕ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।

ਮੈਨੂੰ ਦੱਸਿਆ ਗਿਆ ਕਿ 40 ਔਰਤਾਂ ਅੱਗੇ ਆਈਆਂ ਅਤੇ ਗਵਾਹੀਆਂ ਦਿੱਤੀਆਂ। ਇਹ ਵਿਆਹੀਆਂ ਔਰਤਾਂ ਸਨ। ਨਾਬਾਲਗ, ਅਣਵਿਆਹੀਆਂ ਕੁੜੀਆਂ ਦੀ ਸ਼ਨਾਖ਼ਤ ਨਸ਼ਰ ਨਹੀਂ ਕੀਤੀ ਗਈ; ਫਿਰ ਵੀ, ਬਾਅਦ ਵਿਚ ਕੁਨਨ ਦੀ ਸ਼ਾਇਦ ਕਿਸੇ ਵੀ ਮੁਟਿਆਰ ਦਾ ਵਿਆਹ ਨਹੀਂ ਸੀ ਹੋ ਸਕਿਆ। ਕਲੰਕ ਬਹੁਤ ਵੱਡਾ ਸੀ ਅਤੇ ਇਲਾਕੇ ਦਾ ਕੋਈ ਵੀ ਬੰਦਾ ਜਬਰ-ਜਨਾਹ ਪੀੜਤ ਨਾਲ ਵਿਆਹ ਕਰਾਉਣ ਲਈ ਤਿਆਰ ਨਹੀਂ ਹੋਇਆ।

ਪਰਵੇਜ਼ ਨੇ ਖ਼ੁਲਾਸਾ ਕੀਤਾ ਕਿ ਦੂਰ-ਦਰਾਜ਼ ਜ਼ਿਲ੍ਹਿਆਂ, ਸਰਹੱਦੀ ਇਲਾਕਿਆਂ ਵਿਚ ਜਬਰ-ਜਨਾਹ ਅਜੇ ਵੀ ਹੋ ਰਹੇ ਹਨ, ਜਿਥੇ ਆਵਾਮ ਫ਼ੌਜ ਦੇ ਰਹਿਮ-ਕਰਮ 'ਤੇ ਹੈ। ਉਹ ਦੱਸਦਾ ਹੈ, "ਅਜੇ ਵੀ ਜਬਰ-ਜਨਾਹ ਨੂੰ ਜੰਗ ਦੇ ਹਥਿਆਰ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ।"

ਕੁਨਨ ਉਪਰ ਕਹਿਰ ਢਾਹੁਣ ਦੇ ਜੁਰਮ ਵਿਚ ਹੁਣ ਤਕ ਇਕ ਵੀ ਫ਼ੌਜੀ ਨੂੰ ਸਜ਼ਾ ਨਹੀਂ ਦਿੱਤੀ ਗਈ।...ਸਾਡੇ ਉਥੋਂ ਤੁਰਨ ਤੋਂ ਪਹਿਲਾਂ ਜਬਰ-ਜਨਾਹ ਪੀੜਤਾਂ 'ਚੋਂ ਇਕ ਦੇ ਪਤੀ ਨੇ ਖ਼ੁਲਾਸਾ ਕੀਤਾ: "ਇਹ ਸ਼ੁਰੂ ਦੀ ਗੱਲ ਹੈ...ਫਿਰ ਬਹੁਤ ਸਾਰੇ ਹੋਰ ਖ਼ੌਫ਼ਨਾਕ ਵਾਕਿਆ ਹੋਏ। ਅਸੀਂ ਹਿੰਦੁਸਤਾਨੀ ਕਾਨੂੰਨ-ਪ੍ਰਬੰਧ ਦਾ ਸਹਾਰਾ ਲੈ ਕੇ, ਕਾਇਦੇ ਅਨੁਸਾਰ ਚਾਰਾਜੋਈ ਕਰਨ ਦਾ ਯਤਨ ਕੀਤਾ, ਪਰ ਤਕਰੀਬਨ ਇਕ ਚੌਥਾਈ ਸਦੀ ਗੁਜ਼ਰ ਜਾਣ ਤੋਂ ਬਾਅਦ ਵੀ, ਕੋਈ ਨਿਆਂ ਨਹੀਂ ਮਿਲਿਆ। ਇਥੇ ਕਾਨੂੰਨ ਸਿਰਫ਼ ਕਸੂਰਵਾਰ ਨੂੰ ਬਚਾਉਂਦਾ ਹੈ। ਕਸ਼ਮੀਰ ਦੇ ਫ਼ੌਜੀਕਰਨ ਨੇ ਸਾਡੀਆਂ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ! ਹੁਣ ਤਾਂ ਅਸੀਂ ਬਸ ਇਹੀ ਚਾਹੁੰਦੇ ਹਾਂ ਕਿ ਤਕਦੀਰ ਸਾਡੀ ਮੁਕਤੀ ਕਰਵਾ ਦੇਵੇ! ਸਾਡੇ ਲਈ ਇਹ ਸਭ ਖ਼ੌਫ਼ਨਾਕ ਸਦਮਾ ਸੀ। ਦੂਜੇ ਪਿੰਡਾਂ ਦੇ ਜਵਾਕ ਵੀ ਸਾਨੂੰ ਸਾਡੀਆਂ ਔਰਤਾਂ ਤੇ ਕੁੜੀਆਂ ਦੇ ਮਿਹਣੇ ਮਾਰਦੇ ਹਨ: "ਓਏ, ਤੁਸੀਂ ਉਸ ਪਿੰਡ ਦੇ ਹੋ ਜਿੱਥੋਂ ਦੀਆਂ ਸਾਰੀਆਂ ਔਰਤਾਂ ਨਾਲ ਜਬਰ-ਜਨਾਹ ਹੋਏ ਸਨ!"

ਇਹ ਉਨ੍ਹਾਂ ਦ੍ਰਿੜ ਕਸ਼ਮੀਰੀਆਂ ਨੂੰ ਮਿਲਣ ਦਾ ਅਨੁਭਵ ਸੀ ਜਿਨ੍ਹਾਂ ਨੇ ਮੇਰੇ ਅੱਗੇ ਆਪਣੇ ਦਿਲ ਖੋਲ੍ਹ ਦੇਣ ਦਾ ਮਨ ਬਣਾ ਲਿਆ ਸੀ। ਉਹ ਮੇਰੇ ਨਾਲ ਖੁੱਲ੍ਹ ਗਏ ਸਨ। ਉਨ੍ਹਾਂ ਨੇ ਮੈਨੂੰ ਪਿੰਡ ਦੇ ਮਰਦਾਂ ਤੇ ਔਰਤਾਂ ਦੀਆਂ ਤਸਵੀਰਾਂ ਲੈਣ ਦੀ ਇਜਾਜ਼ਤ ਦੇ ਦਿੱਤੀ।

ਜਦੋਂ ਅਸੀਂ ਗੱਡੀ ਸ੍ਰੀਨਗਰ ਦੇ ਰਾਹ ਪਾ ਲਈ, ਕਾਰ ਵਿਚ ਬਹੁਤ ਬੋਝਲ ਤੇ ਲੰਮੀ ਖ਼ਾਮੋਸ਼ੀ ਛਾਈ ਹੋਈ ਸੀ। ਫਿਰ ਮੈਂ ਇਸ ਨੂੰ ਤੋੜਿਆ: "ਪਰਵੇਜ਼?"

"ਹੂੰ?"

"ਇਹ ਤੱਥ ਕਿ ਉਹ ਕੁੜੀਆਂ ਅਤੇ ਔਰਤਾਂ ਦਾ ਮਜ਼ਾਕ ਉਡਾਉਂਦੇ ਹਨ...।" ਮੈਂ ਗੱਲ ਤੋਰੀ।

ਮੈਂ ਜਾਣਦਾ ਸੀ ਕਿ ਉਹ ਵੀ ਇਹੀ ਸੋਚ ਰਿਹਾ ਸੀ।

"ਤੁਸੀਂ ਜਬਰ-ਜਨਾਹ ਪੀੜਤ ਨਾਲ ਵਿਆਹ ਕਰਾਓਗੇ?" ਉਸ ਨੇ ਪੁੱਛਿਆ।

"ਜੇ ਮੈਂ ਉਸ ਨੂੰ ਮੁਹੱਬਤ ਕਰਦਾ ਹੋਵਾਂ, ਫਿਰ ਜ਼ਰੂਰ ਕਰਵਾਂਗਾ।"

"ਤੈਨੂੰ ਭਰੋਸਾ ਹੈ?"

"ਬਿਲਕੁਲ।" ਮੈਂ ਕਿਹਾ।

"ਇਥੇ ਆ ਕੇ ਸਾਡਾ ਸਭਿਆਚਾਰ ਫੇਲ੍ਹ ਹੋਇਆ ਹੈ।" ਉਹ ਬੋਲਿਆ, ਤੇ ਉਦੋਂ ਮੈਂ ਜਾਣਿਆ ਕਿ ਉਹ ਵੀ ਇਹੀ ਕਰੇਗਾ।

ਮੈਂ ਉਸ ਨੂੰ ਪੂਰਬੀ ਤਿਮੋਰ ਦੇ ਇਰਮੇਰਾ ਸ਼ਹਿਰ ਵਿਚ ਜਨਤਕ ਜਬਰ-ਜਨਾਹ ਕਾਂਡ ਬਾਰੇ ਦੱਸਿਆ। ਇਹ ਇੰਡੋਨੇਸ਼ੀਆ ਦੀ ਫ਼ੌਜ ਨੇ ਕੀਤਾ ਸੀ-ਕਸ਼ਮੀਰੀ ਪਿੰਡ ਕੁਨਨ ਵਰਗਾ ਮੰਜ਼ਰ ਸੀ।

ਉਦੋਂ ਮੈਂ ਪੂਰਬੀ ਤਿਮੋਰ ਵਿਚ ਗੈਰ-ਕਾਨੂੰਨੀ ਰੂਪ ਵਿਚ ਕੰਮ ਕਰ ਰਿਹਾ ਸੀ। ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਤਸੀਹੇ ਦਿੱਤੇ ਗਏ। ਉਥੇ ਕਦੇ ਵੀ ਕਿਸੇ ਕਸੂਰਵਾਰ ਨੂੰ ਜਬਰ-ਜਨਾਹ ਜਾਂ ਕਤਲ ਕਰਨ ਦੀ ਸਜ਼ਾ ਨਹੀਂ ਮਿਲੀ। ਪੂਰਬੀ ਤਿਮੋਰ ਦੀ ਨਸਲਕੁਸ਼ੀ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਬਹੁਤ ਸਾਰੇ ਬੰਦੇ ਹੁਣ ਇੰਡੋਨੇਸ਼ੀਆ ਵਿਚ ਰਾਜ ਕਰ ਰਹੇ ਹਨ।

***

ਜਦੋਂ ਅਸੀਂ ਕੁਪਵਾੜਾ ਲੰਘ ਆਏ, ਕਾਰ ਵਿਚਲਾ ਮਿਜ਼ਾਜ ਵਿਲੱਖਣ ਤੌਰ 'ਤੇ ਬਦਲ ਗਿਆ।

"ਮੈਂ ਤੈਨੂੰ ਦੱਸਣਾ ਨਹੀਂ ਸੀ ਚਾਹੁੰਦਾ, ਪਰ ਸੰਭਾਵਨਾਵਾਂ ਇਹ ਸਨ ਕਿ ਕੁਪਵਾੜਾ ਪਹੁੰਚਣ ਤੋਂ ਪਹਿਲਾਂ ਸਾਨੂੰ ਰੋਕਿਆ ਜਾ ਸਕਦਾ ਸੀ, ਪੁੱਛਗਿੱਛ ਹੋ ਸਕਦੀ ਸੀ ਅਤੇ ਫਿਰ ...।"

ਮੈਂ ਸਮਝ ਗਿਆ, ਪਰ ਹੁਣ 'ਸਭ ਠੀਕ-ਠਾਕ' ਸੀ। ਕੁਪਵਾੜਾ ਤੋਂ ਜਿੰਨਾ ਦੂਰ ਅਸੀਂ ਨਿਕਲਦੇ ਜਾ ਰਹੇ ਸੀ, ਉਨਾ ਹੀ ਵਧੇਰੇ ਮਹਿਫ਼ੂਜ਼ ਹੁੰਦੇ ਜਾ ਰਹੇ ਸਾਂ; ਹੁਣ ਤਕ ਅਸੀਂ ਆਪਣੇ ਸਫ਼ਰ ਨੂੰ ਜਾਇਜ਼ ਠਹਿਰਾਉਣ ਲਈ ਬਹੁਤ ਸਾਰੀਆਂ ਦਲੀਲਾਂ ਘੜ ਲਈਆਂ ਸਨ। ਮੈਂ ਕਾਰ ਦੇ ਸ਼ੀਸ਼ੇ ਵਿਚੋਂ ਕੁਝ ਫ਼ੌਜੀ ਅਤੇ ਨੀਮ-ਫ਼ੌਜੀ ਕੈਂਪਾਂ ਦੀਆਂ ਤਸਵੀਰਾਂ ਖਿੱਚ ਲਈਆਂ।

ਫਿਰ ਮੈਂ ਡਰਾਈਵਰ ਨੂੰ ਗੱਡੀ ਰੋਕਣ ਲਈ ਕਿਹਾ। ਮੈਂ ਪਿਸ਼ਾਬ ਕਰਨਾ ਸੀ। ਉਸ ਨੇ ਸੇਬ ਦੇ ਖ਼ੂਬਸੂਰਤ ਬਾਗ਼ ਲਾਗੇ ਬਰੇਕ ਲਾਈ।

ਮੈਂ ਕਾਰ ਵਿਚੋਂ ਉਤਰਿਆ ਅਤੇ ਪਹਿਲੇ ਰੁੱਖ ਵੱਲ ਤੁਰ ਗਿਆ; ਤਾਜ਼ਾ ਹਵਾ ਤੇ ਖ਼ੂਬਸੂਰਤ ਪੇਂਡੂ ਇਲਾਕਾ, ਤੇ ਇਹ ਕੁਝ...। ਫਿਰ ਮੈਂ ਉਸ ਨੂੰ ਖੜ੍ਹਾ ਦੇਖ ਲਿਆ; ਅੱਧਾ ਕੁ ਓਹਲੇ ਲੁਕਿਆ ਫ਼ੌਜੀ, ਮਸ਼ੀਨਗੰਨ ਚੁੱਕੀ, ਤਿਆਰ-ਬਰ-ਤਿਆਰ। ਮੈਂ ਨਾਬਰੀ ਨਾਲ ਉਸ ਵੱਲ ਧਾਰ ਮਾਰੀ। ਫਿਰ ਮੈਂ ਉਸ ਦਾ ਮਜ਼ਾਕ ਉਡਾਉਂਦਿਆਂ ਸਲੂਟ ਠੋਕਿਆ। ਉਸ ਦੇ ਚਿਹਰੇ 'ਤੇ ਮੁਸਕਰਾਹਟ ਵੀ ਨਹੀਂ ਆਈ, ਬਸ ਸੇਬ ਦੇ ਰੁੱਖ ਥੱਲੇ ਡੰਨ-ਵੱਟਾ ਬਣਿਆ ਝਾਕਦਾ ਰਿਹਾ...ਮੈਂ ਸ਼ਸ਼ੋਪੰਜ ਵਿਚ ਸੀ ਕਿ ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜੀ ਜ਼ਿਆਦਾ ਹਨ, ਜਾਂ ਸੇਬ ਦੇ ਰੁੱਖ?

***

ਮੈਂ ਟੱਕਰ ਲੈਣ ਵਾਲੇ ਲੜਾਕਿਆਂ ਲਈ ਮਸ਼ਹੂਰ ਸੋਪੋਰ ਸ਼ਹਿਰ ਵਿਚ ਹਸਨ ਭੱਟ ਦੇ ਘਰ ਗਿਆ। ਭੱਟ ਉਨ੍ਹਾਂ ਵਿਚੋਂ ਇਕ ਸੀ, ਪਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬਹੁਤ ਵਾਰ ਵਹਿਸ਼ੀ ਤਸੀਹੇ ਦਿੱਤੇ ਗਏ, ਤੇ ਉਸ ਨੇ ਸਰਗਰਮੀ ਨੂੰ ਅਲਵਿਦਾ ਕਹਿ ਦਿੱਤੀ।

ਸੁਰੱਖਿਆ ਬਲਾਂ ਨੇ ਉਸ ਦੇ ਦੋਵੇਂ ਪੁੱਤ ਮਾਰ ਦਿੱਤੇ। ਐਨ ਉਸੇ ਤਰ੍ਹਾਂ, ਦੋਵੇਂ ਉਦੋਂ ਮਾਰੇ ਗਏ ਜਦੋਂ ਉਹ ਪੰਦਰਾਂ ਸਾਲ ਦੇ ਹੋਏ ਸਨ। ਉਸ ਦਾ ਇਕ ਪੁੱਤ 2006 'ਚ ਦੁਕਾਨ ਤੋਂ ਦੁੱਧ ਲੈਣ ਗਿਆ ਸੀ, ਇਕ ਸੁਰੱਖਿਆ ਮੁਲਾਜ਼ਮ ਨੇ ਆਪਣੀ ਭੱਜੀ ਜਾਂਦੀ ਗੱਡੀ ਵਿਚੋਂ ਛਾਤੀ ਵਿਚ ਗੋਲੀ ਮਾਰ ਕੇ ਉਸ ਨੂੰ ਮਾਰ-ਮੁਕਾਇਆ। ਦੂਜਾ ਪੁੱਤ 2010 'ਚ ਉਦੋਂ ਮਾਰਿਆ ਗਿਆ, ਜਦੋਂ ਕੁਝ ਜਵਾਕ ਪਥਰਾਓ ਨਾਲ ਟਾਕਰਾ ਕਰਨ ਲੱਗ ਗਏ। ਵੱਟੇ ਮਾਰਦਿਆਂ ਉਹ ਘਿਰ ਗਿਆ ਤੇ ਸਹਿਮ ਕੇ ਦਰਿਆ ਵਿਚ ਛਾਲ ਮਾਰ ਦਿੱਤੀ। ਪੁਲਿਸ ਨੇ ਜਿਹੜਾ ਵੀ ਕੋਈ ਪਾਣੀ ਵਿਚ ਦਿਸਿਆ, ਉਸ ਉਪਰ ਅੱਥਰੂ ਗੈਸ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ। ਇਕ ਉਸ ਦੇ ਸਿਰ ਵਿਚ ਜਾ ਲੱਗਿਆ, ਤੇ ਉਹ ਥਾਏਂ ਮੁੱਕ ਗਿਆ।



ਪਿੰਡ ਕੁਨਨ ਦੀ ਇਕ ਝਲਕ

"ਮੈਂ ਦੋਸ਼ੀਆਂ ਨੂੰ ਜਾਣਦਾ ਹਾਂ, ਮੈਂ ਜਾਣਦਾ ਹਾਂ ਕਿ ਇੰਚਾਰਜ ਅਫ਼ਸਰ ਕੌਣ ਸੀ", ਭੱਟ ਕਹਿੰਦਾ ਹੈ। ਉਸ ਨੇ ਸ਼ਿਕਾਇਤ ਦਰਜ ਕਰਾਉਣੀ ਚਾਹੀ, ਪਰ ਪੁਲਿਸ ਨੇ ਕੇਸ ਦਰਜ ਕਰਨ ਤੋਂ ਨਾਂਹ ਕਰ ਦਿੱਤੀ।

'ਜੰਮੂ ਐਂਡ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ' ਦਾ ਪ੍ਰਧਾਨ ਪਰਵੇਜ਼ ਇਮਰੋਜ਼ ਦੱਸਦਾ ਹੈ, "ਇੰਚਾਰਜ ਅਫ਼ਸਰ ਯੂ.ਐਨ. ਸ਼ਾਂਤੀ ਸੈਨਾ ਵਿਚ ਸ਼ਾਮਲ ਹੋਣ ਜਾ ਰਿਹਾ ਸੀ। ਹਿੰਦੁਸਤਾਨ ਅਕਸਰ ਉਨ੍ਹਾਂ ਲੋਕਾਂ ਨੂੰ ਯੂ.ਐਨ. ਭੇਜਦਾ ਹੈ ਜਿਹੜੇ ਕਸ਼ਮੀਰ ਵਿਚ ਲੜਦੇ ਹਨ। ਇਹ ਮੁਲਕ ਲਈ ਪੈਸਾ ਬਣਾਉਣ ਵਾਲੀ ਵੱਡੀ ਮਸ਼ੀਨ ਹੈ... ਮੇਰੀ ਜਥੇਬੰਦੀ ਨੇ ਉਸ ਦਾ ਪਤਾ ਲਾ ਲਿਆ ਅਤੇ ਉਸ ਦੇ ਜੁਰਮਾਂ ਬਾਰੇ ਯੂ.ਐਨ. ਨੂੰ ਸਾਰੇ ਸਬੂਤ ਭੇਜ ਦਿੱਤੇ। ਉਸ ਦੀ ਅਰਜ਼ੀ ਖਾਰਜ ਹੋ ਗਈ।"

ਦਰਅਸਲ ਮੈਂ ਹਿੰਦੁਸਤਾਨੀ ਯੂ.ਐਨ. 'ਸ਼ਾਂਤੀ-ਸੈਨਿਕਾਂ' ਨੂੰ ਕਾਂਗੋ ਜਮਹੂਰੀ ਗਣਰਾਜ ਵਿਚ ਗੋਮਾ ਅੰਦਰ ਕਾਰਵਾਈ ਦੌਰਾਨ ਦੇਖਿਆ

(ਬਾਕੀ ਅਗਲੇ ਸਫੇ 'ਤੇ)



ਪਿੰਡ ਕੁਨਨ ਦੇ ਵਸਨੀਕ ਆਪਣੀ ਦਾਸਤਾਨ ਸੁਣਾਉਂਦੇ ਹੋਏ ਜਿਨ੍ਹਾਂ ਦੀ ਤ੍ਰੀਮਤਾਂ ਨਾਲ ਜਬਰ-ਜਨਾਹ ਹੋਇਆ

ਸੀ, ਜਿਥੇ ਯੂ.ਐਨ. ਐਚ.ਸੀ.ਆਰ (ਸ਼ਰਨਾਰਥੀਆਂ ਲਈ ਯੂ.ਐਨ. ਹਾਈ ਕਮਿਸ਼ਨਰ) ਦੇ ਸਾਬਕਾ ਮੁਖੀ ਮਾਸਾਕੋ ਯੋਨੇਕਾਵਾ ਨੇ ਹਿੰਦੁਸਤਾਨੀ 'ਸ਼ਾਂਤੀ ਸੈਨਿਕ ਦਸਤੇ' ਵਲੋਂ ਕੀਤੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਮੇਰੇ ਧਿਆਨ ਵਿਚ ਲਿਆਂਦੀਆਂ ਸਨ।

ਫਿਰ ਭੱਟ ਤੇ ਮੈਂ ਜੇਹਲਮ ਦਰਿਆ ਦੇ ਕੰਢੇ ਜਾ ਖੜ੍ਹੇ ਹੋਏ।

"ਇਹ ਬਹੁਤ ਦੂਰ ਪਾਕਿਸਤਾਨ ਤਕ ਜਾਂਦਾ ਹੈ।" ਉਸ ਨੇ ਹੌਕਾ ਲਿਆ। ਜਿਸ ਭਿਆਨਕਤਾ ਵਿਚੋਂ ਭੱਟ ਗੁਜ਼ਰਿਆ ਹੈ, ਉਸ ਦੇ ਬਾਵਜੂਦ ਉਹ ਦਿਆਲੂ, ਸੱਜਣ ਪੁਰਸ਼ ਹੈ। ਮੈਂ ਉਸ ਨੂੰ ਪੁੱਛਿਆ, "ਕੀ ਉਹ ਸੋਚਦਾ ਹੈ ਕਿ ਕਿਸੇ ਵਕਤ ਕਸ਼ਮੀਰ ਆਜ਼ਾਦੀ ਹਾਸਲ ਕਰ ਲਵੇਗਾ।"

"80 ਫੀਸਦੀ ਕਸ਼ਮੀਰੀ ਆਵਾਮ ਆਜ਼ਾਦੀ ਚਾਹੁੰਦੇ ਹਨ। 80 ਫ਼ੀਸਦੀ ਬਹੁਤ ਜ਼ਿਆਦਾ ਹੁੰਦੀ ਹੈ, ਹੈ ਕਿ ਨਹੀਂ?"

ਹੁਣ ਮੈਨੂੰ ਉਹ ਜਗ੍ਹਾ ਦਿਖਾਈ ਜਾ ਰਹੀ ਹੈ ਜਿਥੇ 1993 'ਚ ਬੀ.ਐਸ.ਐਫ. ਵਲੋਂ ਪੂਰਾ ਇਲਾਕਾ ਤਬਾਹ ਕਰ ਦਿੱਤਾ ਗਿਆ ਸੀ। ਉਦੋਂ 53 ਲੋਕ ਮਾਰੇ ਗਏ ਸਨ।

ਬਾਅਦ ਵਿਚ ਅਸੀਂ ਅੱਧੀ ਰਾਤ ਨੂੰ ਇਕ ਘਰ ਅੰਦਰ ਜਾਂਦੇ ਹਾਂ ਜਿਥੇ ਕੁਝ ਦਿਨ ਪਹਿਲਾਂ ਹੀ ਸੁਰੱਖਿਆ ਬਲਾਂ ਅਤੇ ਮੁਜਾਹਿਦੀਨ ਦਰਮਿਆਨ ਮੁਕਾਬਲਾ ਹੋਇਆ ਸੀ।...ਸੋਪੋਰ ਅਜੇ ਵੀ ਲੜ ਰਿਹਾ ਹੈ; ਪਰ ਉਥੇ ਭੈਅ ਦਾ ਆਲਮ ਹੈ। ਠੰਢ ਹੈ; ਹਰ ਪਾਸੇ ਭੈਅ ਹੈ।

ਕਈਆਂ ਨੇ ਮੈਨੂੰ ਦੱਸਿਆ ਕਿ ਹੁਣ ਲੋਕ ਮੁੱਢਲੀਆਂ ਲੋੜਾਂ ਦੀ ਸਪਲਾਈ ਦੀ ਥੁੜ੍ਹ ਖ਼ਿਲਾਫ਼ ਰੋਸ ਪ੍ਰਗਟਾਉਣ ਤੋਂ ਵੀ ਤ੍ਰਹਿੰਦੇ ਹਨ। ਕਿਸੇ ਨੂੰ ਲਾਪਤਾ ਕਰ ਦੇਣਾ ਮਾਮੂਲੀ ਗੱਲ ਹੈ।

ਮੈਨੂੰ ਦੱਸਿਆ ਗਿਆ ਕਿ ਇਥੇ ਹਿੰਦੁਸਤਾਨੀ ਫੋਰਸ ਨੌਜਵਾਨਾਂ ਨੂੰ ਟਾਕਰੇ ਤੋਂ ਪਾਸੇ ਰੱਖਣ ਲਈ ਸ਼ਰਾਬ ਤੇ ਹੋਰ ਨਸ਼ਿਆਂ 'ਤੇ ਲਾਉਣ ਦੇ ਯਤਨ ਕਰ ਰਹੇ ਹਨ। ਕੁਝ ਹੋਰ ਕਹਿੰਦੇ ਹਨ: ਇਸ ਸ਼ਹਿਰ (ਸੋਪੋਰ) ਵਿਚ ਆਵਾਮ ਦੇ ਇਰਾਦੇ ਦ੍ਰਿੜ ਹਨ। ਉਹ ਟੱਕਰ ਲੈਂਦੇ ਹਨ। ਇਥੇ ਉਹ ਸਰਗਰਮ ਹਨ। ਇਹ ਸ਼ਹਿਰ ਵੱਡੀਆਂ ਸ਼ਖ਼ਸੀਅਤਾਂ ਪੈਦਾ ਕਰਦਾ ਹੈ! ਲੋਕ ਜੋ ਗੋਡੇ ਨਹੀਂ ਟੇਕਦੇ! ਹਿੰਦੁਸਤਾਨੀ ਫੋਰਸਾਂ ਇਸ ਨੂੰ 'ਨਿੱਕਾ ਪਾਕਿਸਤਾਨ' ਕਹਿੰਦੀਆਂ ਹਨ।

ਕੀ ਇੰਨੀ ਵੱਡੀ ਤਾਕਤ ਨੂੰ ਸੱਚੀਂ ਹੀ ਹਰਾਇਆ ਜਾ ਸਕਦਾ ਹੈ, ਜੇ ਹਾਂ ਤਾਂ ਕਿਵੇਂ?... ਇਹ ਹੈ ਕਸ਼ਮੀਰ ਦਾ ਹਾਲ! ਇਹ ਹੈ ਸੋਪੋਰ! ਤੇ ਉਹ ਵੀ ਅੱਧੀ ਰਾਤ ਨੂੰ...ਉਸ ਘਰ ਦੇ ਸਾਹਮਣੇ ਜਿਥੇ ਪਿਛੇ ਜਿਹੇ ਹੀ ਅਸਲੀ ਮੁਕਾਬਲਾ ਹੋ ਕੇ ਹਟਿਆ ਸੀ...ਹਰ ਕੋਈ ਹਕੀਕਤਵਾਦੀ ਹੋ ਜਾਂਦਾ ਹੈ: "ਸਿਰਫ਼ ਕੌਮਾਂਤਰੀ ਦਬਾਅ ਹੀ ਮਦਦ ਕਰ ਸਕਦਾ ਹੈ!"

***

ਇਕ ਸਮੇਂ ਬੰਦਾ ਗ਼ੈਰ-ਕਾਨੂੰਨੀ ਹੱਤਿਆਵਾਂ, ਲਾਪਤਾ ਕਰ ਦੇਣ, ਤਸੀਹਿਆਂ ਅਤੇ ਜਬਰ-ਜਨਾਹਾਂ ਦੇ ਦਸਤਾਵੇਜ਼ੀ ਵੇਰਵੇ ਸੁਣ ਕੇ ਅੱਕ ਜਾਂਦਾ ਹੈ, ਦਿਮਾਗ ਤਕਰੀਬਨ ਸੁੰਨ ਹੋ ਜਾਂਦਾ ਹੈ।

ਇਕ ਸਮੇਂ 'ਤੇ ਜਾ ਕੇ ਮੈਨੂੰ ਇਕ ਐਸੇ ਬੰਦੇ ਬਾਰੇ ਸਬੂਤਾਂ ਦੇ ਰੂ-ਬ-ਰੂ ਕਰਾਇਆ ਗਿਆ ਜਿਸ ਨੂੰ ਫੜ ਲਿਆ ਗਿਆ ਸੀ, ਤਫ਼ਤੀਸ਼ ਕੀਤੀ ਗਈ ਅਤੇ ਜਦੋਂ ਲੱਗਿਆ ਕਿ ਉਹ ਬਾਗ਼ੀ ਹੈ ਤਾਂ ਉਸ ਦੇ ਦੋਵੇਂ ਪੈਰ ਵੱਢ ਦਿੱਤੇ ਗਏ। ਉਸ ਨੇ ਇਹ ਵੀ ਸਹਿ ਲਿਆ। ਬਾਅਦ ਵਿਚ ਜਦੋਂ ਉਹ ਅਜੇ ਹਿਰਾਸਤ ਵਿਚ ਸੀ, ਸੁਰੱਖਿਆ ਬਲਾਂ ਨੇ ਉਸ ਦੇ ਜਿਸਮ ਦੇ ਵੱਖ-ਵੱਖ ਅੰਗਾਂ ਤੋਂ ਵਾਹਵਾ ਮਾਸ ਲਾਹ ਕੇ ਰਿੰਨ੍ਹ ਲਿਆ ਅਤੇ ਉਸ ਨੂੰ ਖਾਣ ਲਈ ਮਜਬੂਰ ਕਰਦੇ ਰਹੇ। ਉਸ ਨੇ ਇਹ ਵੀ ਸਹਿ ਲਿਆ...। ਹੁਣ ਮਾਮਲੇ ਨੂੰ ਲਿਖਤੀ ਰੂਪ ਦਿੱਤਾ ਗਿਆ ਹੈ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨਿਆਂ ਦੀ ਮੰਗ ਕਰ ਰਹੀਆਂ ਹਨ। ਸਜ਼ਾ ਕਿਸੇ ਨੂੰ ਨਹੀਂ ਹੋਈ।

***

ਇਥੇ ਨਸਲਕੁਸ਼ੀ ਹੋ ਰਹੀ ਹੈ: ਭਿਆਨਕ, ਕਹਿਰ ਭਰੀ ਅਤੇ ਹਿੰਦੁਸਤਾਨ ਤੇ ਪੱਛਮ ਦੋਹਾਂ ਦਾ ਬੁਜ਼ਦਿਲ ਮੀਡੀਆ ਅਤੇ ਬੁੱਧੀਜੀਵੀ ਇਸ ਦੀ ਚਰਚਾ ਤੱਕ ਨਹੀਂ ਕਰਦੇ।

ਜੋ ਕਸ਼ਮੀਰ ਦੀ ਇਸ ਹਾਲਤ ਬਾਰੇ ਬੋਲਦੇ ਤੇ ਲਿਖਦੇ ਹਨ, ਉਨ੍ਹਾਂ ਨੂੰ ਧਮਕਾਇਆ ਜਾਂਦਾ ਹੈ, ਮੁਲਕ-ਬਦਰ ਕਰ ਦਿੱਤਾ ਜਾਂਦਾ ਹੈ ਅਤੇ ਜਿਸਮਾਨੀ ਕੁੱਟਮਾਰ ਵੀ ਕੀਤੀ ਜਾਂਦੀ ਹੈ। ਅਰੁੰਧਤੀ ਰਾਏ ਨੂੰ ਵਾਰ-ਵਾਰ ਦੇਸ਼-ਧ੍ਰੋਹੀ ਕਿਹਾ ਗਿਆ, ਮੁਕੱਦਮਾ ਚਲਾਉਣ ਅਤੇ ਉਮਰ ਕੈਦ ਦੀਆਂ ਧਮਕੀਆਂ ਦਿੱਤੀਆਂ ਗਈਆਂ। ਹਰਮਨ ਪਿਆਰੇ ਰੇਡੀਓ ਹੋਸਟ ਡੇਵਿਡ ਬਰਸਾਮੀਆਂ (ਆਲਟਰਨੇਟਿਵ ਰੇਡੀਓ ਅਮੇਰਿਕਾ ਦੇ ਬਾਨੀ) ਨੂੰ ਹਿੰਦੁਸਤਾਨ 'ਚੋਂ ਕੱਢ ਦਿੱਤਾ ਗਿਆ, ਕੋਈ ਕਾਰਨ ਵੀ ਨਹੀਂ ਦੱਸਿਆ ਗਿਆ।

ਅਕਤੂਬਰ 2011 ਵਿਚ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਵਲੋਂ ਕਸ਼ਮੀਰ ਬਾਰੇ ਟਿੱਪਣੀਆਂ ਕੀਤੇ ਜਾਣ 'ਤੇ ਸੁਪਰੀਮ ਕੋਰਟ ਦੇ ਅੰਦਰ ਚੈਂਬਰ ਵਿਚ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਹਨੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਅਤੇ ਫ਼ੌਜੀਕਰਨ ਦੀ ਗੱਲ ਕੀਤੀ ਸੀ।

***

ਕਸ਼ਮੀਰ ਵਿਚ ਮਹਿਜ਼ ਹਿੰਦੁਸਤਾਨੀ ਹੀ ਨਹੀਂ, ਸਗੋਂ ਵਿਦੇਸ਼ੀ ਸੈਲਾਨੀ ਵੀ ਤੁਰੇ ਰਹਿੰਦੇ ਹਨ। ਉਹ ਗੁਲਮਾਰਗ ਵਿਚ ਬਰਫ਼ 'ਤੇ ਚਹਿਲਕਦਮੀ ਤੇ ਸਨੋਅ-ਬੋਰਡਿੰਗ ਕਰਨ, ਜਾਂ ਲੱਦਾਖ਼ ਪਹਾੜਾਂ 'ਤੇ ਪੈਦਲ ਸਫ਼ਰ ਲਈ ਜਾਂਦੇ ਹਨ। ਇਥੇ ਯੂਰਪੀ ਤੇ ਇਜ਼ਰਾਈਲੀ ਅਤੇ ਕੁਝ ਲਾਤੀਨੀ ਅਮਰੀਕੀ ਸੈਲਾਨੀ ਜਾਂਦੇ ਹਨ। ਬਹੁਤ ਸਾਰੇ ਮੁਕਾਮੀ ਲੋਕ ਇਸ ਨੂੰ 'ਬਲਾਤਕਾਰ-ਸਤਾਨ ਦਾ ਭਿਆਨਕ ਸੈਰ-ਸਪਾਟਾ' ਕਹਿੰਦੇ ਹਨ।

ਗੁਲਮਾਰਗ ਵਿਚ ਪਹਾੜਾਂ ਉਪਰ ਮੈਨੂੰ ਕਈ ਜੋੜੇ ਮਿਲੇ। ਬਹੁਤ ਉਚਾਈ ਉਪਰ ਬੇਹੱਦ ਤਾਜ਼ੀ ਹਵਾ ਨਾਲ ਲਾਲ ਸੂਹੀਆਂ ਗੱਲ੍ਹਾਂ ਵਾਲੇ। ਮੈਂ ਬਰਫ਼ 'ਤੇ ਚਹਿਲਕਦਮੀ ਕਰ ਰਹੇ ਬਰਤਾਨਵੀ ਜੋੜੇ ਤੇ ਛੁੱਟੀਆਂ ਕੱਟਣ ਆਏ ਜਰਮਨ ਜੋੜੇ ਨਾਲ ਗੱਲ ਤੋਰੀ। ਕਸ਼ਮੀਰ ਵਿਚ ਜੋ ਹੋ ਰਿਹਾ ਸੀ, ਉਸ ਬਾਰੇ ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ। ਜਦੋਂ ਮੈਂ ਉਨ੍ਹਾਂ ਦੇ ਖਹਿੜੇ ਹੀ ਪੈ ਗਿਆ ਕਿ "ਤੁਸੀਂ ਫ਼ੌਜੀ ਬੰਕਰ, ਫ਼ੌਜ ਦੀ ਆਵਾਜਾਈ ਤੇ ਨਾਕੇ, ਇਹ ਸਭ ਤਾਂ ਦੇਖਿਆ ਹੋਵੇਗਾ", ਤਾਂ ਉਨ੍ਹਾਂ ਦਾ ਸਿੱਧਾ ਜਿਹਾ ਜਵਾਬ ਸੀ: "ਹਾਂ...ਠੀਕ ਹੈ, ਹਿੰਦੁਸਤਾਨ ਨੂੰ ਦਹਿਸ਼ਤਵਾਦ ਦੇ ਮਸਲੇ ਲਈ ਕੁਝ ਤਾਂ ਕਰਨਾ ਹੀ ਪਵੇਗਾ ਨਾ?"

ਇਹ ਤੱਥ ਬਾਕਾਇਦਾ ਲਿਖਤਾਂ 'ਚ ਆ ਚੁੱਕਾ ਹੈ ਕਿ ਅਮਰੀਕੀ ਸਲਤਨਤ ਕੁਲ ਆਲਮ ਵਿਚ ਬਹੁਤ ਸਾਰੇ ਮੁਲਕਾਂ ਉਪਰ ਟੇਕ ਰੱਖ ਕੇ ਚੱਲ ਰਹੀ ਹੈ, ਇਸ ਦੇ ਹਿਤ ਲਈ ਉਹ ਆਪਣੇ 'ਆਂਢ-ਗੁਆਂਢ' ਵਿਚ ਦਹਿਸ਼ਤ ਫੈਲਾਉਂਦੇ ਹਨ, ਇੱਥੋਂ ਤਕ ਕਿ ਅਕਸਰ ਆਪਣੇ ਹੀ ਲੋਕਾਂ ਨੂੰ ਤਸੀਹੇ ਦਿੰਦੇ ਹਨ। ਮਸਲਨ, ਇਹ ਮੁਲਕ ਅਫ਼ਰੀਕਾ ਵਿਚ ਰਵਾਂਡਾ, ਯੁਗਾਂਡਾ ਤੇ ਕੀਨੀਆ, ਲਾਤੀਨੀ ਅਮਰੀਕਾ ਵਿਚ ਹਾਂਡੂਰਸ ਅਤੇ ਕੋਲੰਬੀਆ, ਮੱਧ ਪੂਰਬ ਵਿਚ ਇਜ਼ਰਾਈਲ, ਸਾਊਦੀ ਅਰਬ ਅਤੇ ਕਤਰ, ਇੰਡੋਨੇਸ਼ੀਆ, ਥਾਈਲੈਂਡ ਅਤੇ ਹੁਣ ਦੱਖਣੀ ਏਸ਼ੀਆ ਵਿਚ ਹਿੰਦੁਸਤਾਨ ਹਨ।

ਜ਼ਿਆਦਾਤਰ ਵਹਿਸ਼ੀ ਝੋਲੀਚੁੱਕ ਦੇਸ਼ਾਂ ਨੂੰ 'ਜਮਹੂਰੀਅਤਾਂ', ਸਹਿਣਸ਼ੀਲ, ਅਗਵਾਈ ਦੇਣ ਦੇ ਯੋਗ ਮਿਸਾਲਾਂ ਦੱਸਿਆ ਜਾਂਦਾ ਹੈ।



ਵਾਦੀ ਵਿਚ ਫ਼ੌਜੀ ਕਾਰਵਾਈ ਦਾ ਇਕ ਮੰਜ਼ਰ

ਇਨ੍ਹਾਂ ਮੁਲਕਾਂ ਨੂੰ 'ਮੁਸਕਾਨ ਬਖੇਰਦੇ ਮੁਲਕ', ਜਾਂ 'ਅਹਿੰਸਕ ਸੰਸਕ੍ਰਿਤੀਆਂ' ਵਜੋਂ ਵਡਿਆਇਆ ਜਾਂਦਾ ਹੈ। ਇਹ ਹਾਸੋਹੀਣਾ ਹੈ, ਪਰ ਕਿਸੇ ਕਾਰਨ ਬਹੁਤੇ ਲੋਕਾਂ ਨੂੰ ਇਹ ਹਾਸੋਹੀਣਾ ਨਹੀਂ ਜਾਪਦਾ; ਕਿਉਂਕਿ ਉਨ੍ਹਾਂ ਨੂੰ ਜਾਣਕਾਰੀ ਹੀ ਨਹੀਂ ਹੈ; ਕਿਉਂਕਿ ਵਹਿਸ਼ਤ ਤੇ ਸਨਕੀਪਣ ਅੱਜ ਵੀ ਮੁਨਾਫ਼ੇ ਦਾ ਸਾਧਨ ਹੈ; ... ਤੇ ਇਹ ਪਹੁੰਚ ਬੰਦ ਹੋਣੀ ਚਾਹੀਦੀ ਹੈ! ਇਨਸਾਨੀਅਤ ਦੇ ਖ਼ਿਲਾਫ਼ ਵਹਿਸ਼ੀ ਜੁਰਮਾਂ ਨੂੰ ਨੰਗਾ ਕਰਨਾ ਹੋਵੇਗਾ। ਹਜ਼ਾਰਾਂ ਬੇਕਸੂਰ ਲੋਕਾਂ ਨੂੰ ਕਤਲ ਕਰ ਰਹੇ ਮੁਲਕਾਂ ਨੂੰ ਜਨਤਕ ਤੌਰ 'ਤੇ ਸ਼ਰਮਿੰਦਾ ਕਰਨਾ ਹੋਵੇਗਾ ਅਤੇ ਉਨ੍ਹਾਂ ਨਾਲ ਕੌਮਾਂਤਰੀ ਪੱਧਰ 'ਤੇ ਨਜਿੱਠਣਾ ਹੋਵੇਗਾ। ਇਹ ਕਹਿਣ ਦੀ ਲੋੜ ਨਹੀਂ ਕਿ ਅਮਰੀਕੀ ਸਲਤਨਤ ਦੇ ਤਾਬਿਆਦਾਰ ਅਤੇ ਆਜ਼ਾਦੀ ਲਈ ਤਾਂਘਦੇ ਲੋਕਾਂ ਨੂੰ ਤਸੀਹੇ ਦੇਣ ਵਾਲੀਆਂ, ਉਨ੍ਹਾਂ ਨਾਲ ਜਬਰ-ਜਨਾਹ ਕਰਨ ਵਾਲੀਆਂ ਤੇ ਨਾਲ ਹੀ ਆਪਣੇ ਹੀ ਗ਼ਰੀਬ ਲੋਕਾਂ ਨੂੰ ਬੇਇੱਜ਼ਤ ਕਰਨ ਵਾਲੀਆਂ ਹਕੂਮਤਾਂ ਦੀ ਕਦੇ ਵੀ ਬਰਿੱਕਸ ਵਰਗੀਆਂ ਜਥੇਬੰਦੀਆਂ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ!

***

ਜਿਵੇਂ ਮੈਂ ਇਕਰਾਰ ਕੀਤਾ ਸੀ, 26 ਜਨਵਰੀ ਨੂੰ ਸ੍ਰੀਨਗਰ ਦੀ ਵੱਡੀ ਮਸਜਿਦ ਦੇ ਇਲਾਕੇ 'ਚ ਮੁੜ ਆਇਆ। ਮੈਂ ਮੁੰਡਿਆਂ ਪਿੱਛੇ ਤੁਰਦਾ ਰਿਹਾ। ਕੁਝ ਗਲੀਆਂ ਅੱਗੇ ਜਾ ਕੇ, ਦੁਪਹਿਰ ਦੇ ਦੋ ਵਜੇ ਮੁਕਾਬਲਾ ਸ਼ੁਰੂ ਹੋ ਗਿਆ। ਇਹ ਅਨਾੜੀ ਅਤੇ ਸਖ਼ਤ ਸੀ, ਸਾਫ਼ ਤੌਰ 'ਤੇ ਇਹ ਫ਼ਲਸਤੀਨ ਵਰਗਾ। ਇੱਕੋ-ਇੱਕ ਵੱਡਾ ਫ਼ਰਕ ਇਹ ਸੀ ਕਿ ਮੈਨੂੰ ਛੱਡ ਕੇ ਉਥੇ ਮੁਕਾਮੀ ਨੌਜਵਾਨਾਂ ਦੇ ਹੌਸਲੇ, ਤੇ ਨਾਲ ਹੀ ਹਿੰਦੁਸਤਾਨੀ ਸਟੇਟ ਵਲੋਂ ਕਸ਼ਮੀਰੀ ਆਵਾਮ ਦੇ ਦਮਨ ਨੂੰ ਬਿਆਨ ਕਰਨ ਵਾਲਾ ਕੋਈ ਗਵਾਹ ਨਹੀਂ ਸੀ। ਦੋ ਦਿਨ ਬਾਅਦ ਮੈਂ ਗੁਲਮਾਰਗ ਵਿਚ ਏਸ਼ੀਆ ਦੀ ਸਭ ਤੋਂ ਲੰਮੀ ਕੇਬਲ ਕਾਰ 'ਤੇ ਸਵਾਰ ਹੋਇਆ। ਮੈਂ ਦੇਖਣਾ ਚਾਹੁੰਦਾ ਸੀ ਕਿ 'ਉਥੇ ਪਹਾੜੀ ਉਪਰ ਕੀ ਸੀ'। ਨਿਸ਼ਚੇ ਹੀ ਉਥੇ ਫ਼ੌਜੀ ਅੱਡਾ ਹੈ!

ਹੇਠਾਂ ਉਤਰਦੇ ਵਕਤ ਬਿਜਲੀ ਗੁੱਲ ਹੋ ਗਈ ਅਤੇ ਸਾਡਾ ਆਸਮਾਨੀ ਸ਼ਿਕਾਰਾ ਹਵਾ 'ਚ ਬੰਦ ਹੋ ਕੇ ਲਟਕ ਗਿਆ। ਬੂਹਾ ਬੰਦ ਨਹੀਂ ਸੀ ਹੁੰਦਾ ਤੇ ਥਾਂ-ਥਾਂ ਮੋਰੀਆਂ ਸਨ। ਆਖ਼ਿਰ, ਇਹ ਹਿੰਦੁਸਤਾਨ ਸੀ। ਜੇ ਕੁਝ ਮਿੰਟਾਂ ਬਾਅਦ ਇਹ ਚੱਲਣਾ ਸ਼ੁਰੂ ਨਾ ਹੁੰਦਾ, ਤਾਂ ਉਥੇ ਹੀ ਕੁਲਫ਼ੀ ਜੰਮ ਕੇ ਮੈਂ ਅੱਲ੍ਹਾ ਨੂੰ ਪਿਆਰੇ ਹੋ ਜਾਣਾ ਸੀ।

ਹਿੰਦੁਸਤਾਨ ਇਸ ਧਰਤੀ ਉਪਰਲੀਆਂ ਕੁਝ ਸਭ ਤੋਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ: ਅਨਪੜ੍ਹਤਾ ਤੋਂ ਲੈ ਕੇ ਘੋਰ ਗ਼ਰੀਬੀ ਤਕ। ਵਿਹਾਰਕ ਤੌਰ 'ਤੇ ਗੱਲ ਕੀਤੀ ਜਾਵੇ, 7 ਲੱਖ ਸੁਰੱਖਿਆ ਬਲਾਂ ਦਾ ਸਾਲਾਨਾ ਖ਼ਰਚਾ ਅਰਬਾਂ ਡਾਲਰਾਂ ਵਿਚ ਹੈ। ਜੇ ਹਿੰਦੁਸਤਾਨੀ ਕੁਲੀਨ ਤਬਕੇ, ਹਕੂਮਤ ਅਤੇ ਫ਼ੌਜ ਨੂੰ ਕਸ਼ਮੀਰੀ ਆਵਾਮ ਅਤੇ ਉਨ੍ਹਾਂ ਦੇ ਬੁਰੇ ਹਾਲ ਦੀ ਪ੍ਰਵਾਹ ਨਹੀਂ, ਘੱਟੋ-ਘੱਟ ਉਹ ਆਪਣੇ ਗ਼ਰੀਬਾਂ ਦੀ ਪ੍ਰਵਾਹ ਤਾਂ ਕਰਨ!

ਕਸ਼ਮੀਰ ਨੂੰ ਉਸ ਦੀ ਇੱਛਾ ਦੇ ਵਿਰੁੱਧ ਕਬਜ਼ੇ 'ਚ ਰੱਖਣ ਦਾ ਹਿੰਦੁਸਤਾਨ ਅਤੇ ਇਸ ਦੇ ਆਵਾਮ ਨੂੰ ਕੋਈ ਫ਼ਾਇਦਾ ਨਹੀਂ ਹੋਣ ਲੱਗਿਆ। ਨਿਸ਼ਚੇ ਹੀ ਇਹ ਗ਼ੈਰ-ਜਮਹੂਰੀ ਅਤੇ ਵਹਿਸ਼ੀ ਹੈ...ਤੇ ਉੱਕਾ ਹੀ ਗ਼ੈਰ-ਜ਼ਰੂਰੀ!

***

ਕਸ਼ਮੀਰ ਵਿਚ ਤੁਹਾਡਾ ਸਵਾਗਤ ਹੈ! ਇਸ ਦੀ ਖ਼ੂਬਸੂਰਤੀ ਸੱਚੀਂ ਹੀ ਦੰਦ-ਕਥਾਵਾਂ ਵਾਲੀ ਹੈ। ਇਸ ਦੀਆਂ ਝੀਲਾਂ, ਪਰਬਤਮਾਲਾ, ਡੂੰਘੀਆਂ ਘਾਟੀਆਂ ਅਤੇ ਦਰਿਆ ਮਾਣਮੱਤੇ ਤੇ ਦਿਲ ਨੂੰ ਧੂਹ ਪਾਉਣ ਵਾਲੇ ਹਨ। ਲੋਕ ਨਿੱਘੇ ਸੁਭਾਅ ਦੇ, ਆਓ-ਭਗਤ ਕਰਨ ਵਾਲੇ, ਪਰ ਇਰਾਦੇ ਦੇ ਪੱਕੇ।

ਕਸ਼ਮੀਰ ਲਹੂ-ਲੁਹਾਣ ਹੈ। ਇਸ ਦੀਆਂ ਘਾਟੀਆਂ ਕੰਡੇਦਾਰ ਤਾਰਾਂ ਨੇ ਵੰਡ ਦਿੱਤੀਆਂ ਹਨ। ਇਸ ਦੀਆਂ ਔਰਤਾਂ ਨਾਲ ਜਬਰ-ਜਨਾਹ ਕੀਤੇ ਜਾਂਦੇ ਹਨ। ਇਸ ਦੇ ਮਰਦ ਤਸੀਹੇ ਅਤੇ ਜ਼ਲਾਲਤ ਝੱਲਦੇ ਹਨ। ਕਸ਼ਮੀਰੀ ਆਵਾਮ ਦੀਆਂ ਚੀਕਾਂ ਦਬਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਮੰਦੇ ਹਾਲ, ਉਨ੍ਹਾਂ ਦੀ ਪੀੜਾ ਬਾਰੇ ਦੁਨੀਆਂ ਕੁਝ ਨਹੀਂ ਜਾਣਦੀ।

7 ਲੱਖ ਸੁਰੱਖਿਆ ਫੋਰਸਾਂ ਤਿੰਨ ਕੁ ਸੌ ਬੰਦਿਆਂ ਨਾਲ ਲੜ ਰਹੀਆਂ ਹਨ! ਤੇ ਉਹ ਜਿੱਤ ਨਹੀਂ ਸਕਦੀਆਂ। ਕਿਉਂ? ਜਵਾਬ ਸਿੱਧਾ ਜਿਹਾ ਹੈ। ਵਜ੍ਹਾ ਇਹ ਹੈ ਕਿ ਧਰਤੀ 'ਤੇ ਹੁਣ ਤਕ ਕੋਈ ਵੀ ਵਹਿਸ਼ੀ ਤਾਕਤ ਆਪਣੀ ਸਰਜ਼ਮੀਨ ਦੀ ਹੋਂਦ ਨੂੰ ਬਚਾਉਣ ਲਈ ਜੂਝਣ ਵਾਲਿਆਂ ਨੂੰ ਕਦੇ ਹਰਾ ਨਹੀਂ ਸਕੀ ਜਿਨ੍ਹਾਂ ਨੂੰ ਉਹ ਇਤਨੀ ਪਿਆਰੀ ਹੈ!

(ਸਮਾਪਤ)

# ਟਾਂਗਾ ਪਾਰਟੀ ਦੇ ਸਵਾਰ

ਜਦੋਂ ਵੀ ਚੋਣਾਂ ਦਾ ਮੌਸਮ ਹੋਵੇ ਤਾਂ ਦੇਸ਼ ਦੀ ਹਰ ਪਾਰਟੀ ਜਿੱਤਣ ਲਈ ਆਪਣੇ ਉਮੀਦਵਾਰ ਮੈਦਾਨ ਵਿਚ ਨਿਤਾਰਦੀ ਹੈ। ਹਰ ਛੋਟੀ-ਵੱਡੀ ਪਾਰਟੀ, ਮਹਿੰਗੇ ਸਸਤੇ ਸੌਦੇ ਕਰਕੇ ਉਮੀਦਵਾਰ ਖੜ੍ਹੇ ਕਰਨ ਤੋਂ ਲੈ ਕੇ, ਚੋਣ ਜਿੱਤਣ ਤੱਕ ਕਈ ਉਪਰਾਲੇ ਕਰਦੀ ਹੈ। ਝੂਠ-ਸੱਚ ਦਾ ਫਰਕ ਮਿਟਾ ਦਿੱਤਾ ਜਾਂਦਾ ਹੈ। ਬਸ ਇਹੋ ਸਮਝਿਆ ਜਾਂਦਾ ਹੈ ਕਿ ਲੋਕਾਂ ਨੂੰ ਅਸੀਂ ਆਪਣੇ ਮਗਰ ਲਾ ਲਿਆ ਹੈ।

ਕਈ ਪਾਰਟੀਆਂ ਨੂੰ ਸਿਰਫ ਆਪਣੀ ਹੋਂਦ ਬਚਾਉਣ ਖਾਤਰ ਹੀ ਕੁਝ ਨਾ ਕੁਝ ਕਰਨਾ ਪੈਂਦਾ ਹੈ। ਜਾਂ ਪੈਸਾ ਧੇਲਾ ਖਰਚਦੀਆਂ ਹਨ ਜਾਂ ਫੇਰ ਕਮਾਈ ਦਾ ਸਾਧਨ ਬਣਾਉਂਦੀਆਂ ਹਨ, ਗੱਲ ਇੱਕੋ ਹੀ ਹੈ। ਪਰ ਇਕ ਐਸੀ ਵੀ ਪਾਰਟੀ ਹੈ ਜਿਸ ਦਾ ਕੋਈ ਪ੍ਰਧਾਨ ਨਹੀਂ, ਕੋਈ ਲਿਖਤੀ ਵਿਧਾਨ ਨਹੀਂ, ਕੋਈ ਪੱਕਾ ਮੈਂਬਰ ਨਹੀਂ, ਕੋਈ ਫੰਡ ਨਹੀਂ, ਕੋਈ ਫੁੱਟ ਨਹੀਂ- ਇਸ ਪਾਰਟੀ ਨੂੰ ਚੋਣਾਂ ਦੇ ਦਿਨਾਂ ਵਿਚ ਸਭ ਤੋਂ ਵੱਧ ਮਸ਼ਹੂਰੀ ਮਿਲਦੀ ਹੈ। ਇਸ ਦੇ ਮੈਂਬਰ ਹਰ ਪਾਰਟੀ ਵਿਚ ਹੁੰਦੇ ਹਨ, ਤੇ ਹਰ ਇਕ ਦੇ ਨਾਲ ਸੈਂਕੜੇ ਸਮਰਥਕ। ਇਨ੍ਹਾਂ ਦਾ ਇੱਕੋ ਕੰਮ ਹੈ। ਚੋਣਾਂ ਦੌਰਾਨ ਇਕ ਪਾਰਟੀ 'ਚੋਂ ਦੂਜੀ ਪਾਰਟੀ ਵਿਚ ਜਾਣਾ। ਖਬਰਾਂ ਤੇ ਫੋਟੋ ਛਪਵਾਉਣੀ ਕਿ ਫਲਾਨਾ, ਫਲਾਨੀ ਪਾਰਟੀ ਵਿਚ ਸ਼ਾਮਲ, ਫਲਾਨੀ ਪਾਰਟੀ ਨੂੰ ਵੱਡਾ ਝਟਕਾ, ਆਦਿ ਆਦਿ।

ਅਸੀਂ ਇਨ੍ਹਾਂ ਦਾ ਨਾਂ ਟਾਂਗਾ ਪਾਰਟੀ ਰੱਖਿਆ ਹੋਇਆ ਹੈ। ਇਹ ਮੌਸਮੀ ਬਟੇਰ ਇਕ ਤਾਂਗੇ ਦੀਆਂ ਸਵਾਰੀਆਂ ਤੋਂ ਵੱਧ ਨਹੀਂ ਹੁੰਦੇ। ਇਹ ਸਿਰਫ ਤੇ ਸਿਰਫ ਰਾਜਨੀਤਕ ਰੌਚਿਕਤਾ ਲਈ ਹੀ ਸਮੇਂ ਸਮੇਂ ਖੁੰਭਾਂ ਵਾਂਗੂੰ ਥਾਂ-ਕੁਥਾਂ ਉਗਦੇ ਰਹਿੰਦੇ ਹਨ। ਅਸੀਂ ਤਾਂ ਇਹੋ ਅਰਦਾਸ ਕਰਦੇ ਹਾਂ ਕਿ ਇਹ ਤਾਂਗਾਂ ਪਾਰਟੀਆਂ ਸਾਡਾ ਮੰਨੋਰੰਜਨ ਕਰਦੀਆਂ ਰਹਿਣ।

-ਜਨਮੇਜਾ ਸਿੰਘ ਜੌਹਲ

# ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਚਿੱਠੀ


*ਉੱਘੇ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਦੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਜੀਵਨੀ ਬਾਰੇ ਲਿਖੀ ਪੁਸਤਕ 'ਗੋਲਡਨ ਗੋਲ' ਹਾਲ ਹੀ ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਲੇਖ ਦੇ ਹੀਰੋ ਬਲਬੀਰ ਸਿੰਘ ਨੇ ਆਪਣੇ ਜੀਵਨ ਬਾਰੇ ਲਿਖੀ ਗਈ ਇਸ ਪੁਸਤਕ ਵਿਚਲੀ ਜਾਣਕਾਰੀ ਨਾਲ ਮੁਤਫਿਕ ਹੁੰਦਿਆਂ ਇਹ ਚਿੱਠੀ ਪ੍ਰਿੰਸੀਪਲ ਸਰਵਣ ਸਿੰਘ ਦੇ ਨਾਂ ਲਿਖੀ ਹੈ। -ਸੰਪਾਦਕ*

**ਪਿਆਰੇ ਪ੍ਰਿੰਸੀਪਲ ਸਾਹਿਬ,**
**ਸਤਿ ਸ੍ਰੀ ਅਕਾਲ!**

ਮੈਨੂੰ ਯਾਦ ਹੈ ਆਪਾਂ 1962 ਵਿਚ ਲੱਡਾ ਕੋਠੀ, ਜ਼ਿਲ੍ਹਾ ਸੰਗਰੂਰ ਵਿਚ ਮਿਲੇ ਸਾਂ। ਉਥੇ ਪੰਜਾਬ ਯੂਨੀਵਰਸਿਟੀ ਦੇ ਹਾਕੀ ਖਿਡਾਰੀਆਂ ਤੇ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ ਸੀ। ਅਸੀਂ ਖੇਡ ਵਿਭਾਗ ਵਲੋਂ ਕਾਲਜਾਂ ਦੇ ਖਿਡਾਰੀਆਂ ਲਈ ਕੋਚਿੰਗ ਕੈਂਪ ਲਾਉਣ ਦੀ ਸਕੀਮ ਚਲਾਈ ਸੀ। ਮਈ ਜੂਨ ਦੇ ਮਹੀਨੇ ਜਦੋਂ ਵਿਦਿਆਰਥੀ ਪੜ੍ਹਾਈ ਤੋਂ ਵਿਹਲੇ ਹੁੰਦੇ ਹਨ, ਉਦੋਂ ਆਫ਼ ਸੀਜ਼ਨ ਕੈਂਪ ਲਾ ਰਹੇ ਸਾਂ। ਲੱਡਾ ਕੋਠੀ ਦੇ ਕੈਂਪ ਵਿਚ ਮੇਰੇ ਗੂੜ੍ਹੇ ਮਿੱਤਰ ਗੁਰਚਰਨ ਬੋਧੀ ਹਾਕੀ ਦੀ ਕੋਚਿੰਗ ਦੇ ਰਹੇ ਸਨ। ਮੈਂ ਵੇਖਿਆ ਖਿਡਾਰੀਆਂ ਵਿਚ ਤੁਸੀਂ ਵੀ ਖੇਡ ਰਹੇ ਸਓ। ਮੈਨੂੰ ਤੁਹਾਡੀ ਖੇਡ ਪਿਆਰੀ ਲੱਗੀ ਸੀ। ਕੈਂਪ ਫਾਇਰ ਵਿਚ ਚੁਟਕਲਿਆਂ ਦਾ ਮਨੋਰੰਜਨ ਹੋਇਆ ਤਾਂ ਤੁਸੀਂ ਵੀ ਲਤੀਫ਼ੇ ਸੁਣਾਏ ਸਨ। ਉਦੋਂ ਕੀ ਪਤਾ ਸੀ ਕਿ ਅੱਧੀ ਸਦੀ ਬਾਅਦ ਤੁਸੀਂ ਮੇਰੇ ਜੀਵਨ ਤੇ ਖੇਡ ਕਰੀਅਰ ਬਾਰੇ ਕਿਤਾਬ ਲਿਖੋਗੇ?

ਮੈਂ ਬੜੇ ਸਾਲਾਂ ਤੋਂ ਤੁਹਾਡੀਆਂ ਖੇਡ ਲਿਖਤਾਂ ਅਖ਼ਬਾਰਾਂ ਰਸਾਲਿਆਂ ਵਿਚ ਪੜ੍ਹਦਾ ਆ ਰਿਹਾਂ। 1975 ਦੇ ਆਸ ਪਾਸ ਮੈਂ ਇਕ ਕਾਲਜ ਵਿਚ ਗਿਆ ਜਿਥੇ ਲਾਇਬ੍ਰੇਰੀ ਵਿਚ 'ਸਚਿੱਤਰ ਕੌਮੀ ਏਕਤਾ' ਨਾਂ ਦਾ ਮੈਗਜ਼ੀਨ ਦੇਖਿਆ। ਪੰਨੇ ਪਰਤਦਿਆਂ ਇਕ ਥਾਂ ਮੋਟੇ ਅੱਖਰਾਂ ਵਿਚ ਛਪਿਆ ਸਿਰਲੇਖ ਪੜ੍ਹਿਆ-ਹਾਕੀ ਦਾ ਰੁਸਤਮ ਬਲਬੀਰ ਸਿੰਘ। ਲਿਖਣ ਵਾਲੇ ਦਾ ਨਾਂ ਸਰਵਣ ਸਿੰਘ ਸੀ। ਮੈਂ ਹੈਰਾਨ ਹੋਇਆ ਕਿ ਮੇਰੇ ਬਾਰੇ ਲਿਖਣ ਵਾਲਾ ਇਹ ਸਰਵਣ ਸਿੰਘ ਕੌਣ ਹੋਇਆ?

ਫਿਰ ਤੁਸੀਂ ਨਾਵਲਕਾਰ ਜਸਵੰਤ ਸਿੰਘ ਕੰਵਲ ਨਾਲ ਮੈਨੂੰ ਚੰਡੀਗੜ੍ਹ ਮਿਲੇ ਤੇ ਢੁੱਡੀਕੇ




ਦੇ ਖੇਡ ਮੇਲੇ 'ਤੇ ਆਉਣ ਦਾ ਸੱਦਾ ਦਿੱਤਾ। ਮੈਂ ਢੁੱਡੀਕੇ ਕਾਹਦਾ ਗਿਆ ਕਿ ਮੇਲ ਮੁਲਾਕਾਤਾਂ ਦਾ ਸਿਲਸਿਲਾ ਹੀ ਚੱਲ ਪਿਆ ਤੇ ਜਾਣ-ਪਛਾਣ ਦੋਸਤੀ ਵਿਚ ਬਦਲ ਗਈ। ਮੈਂ ਦਿਲ ਦੀਆਂ ਡੂੰਘਾਈਆਂ 'ਚੋਂ ਮਹਿਸੂਸ ਕਰ ਰਿਹਾਂ ਕਿ ਕਾਦਰ ਨੇ ਆਪ ਹੀ ਢੋਅ-ਢੁਕਾ ਕੇ ਤੁਹਾਡੇ ਜਿਹੇ ਖੇਡ ਲੇਖਕ ਨੂੰ ਮੇਰਾ ਮਿੱਤਰ ਬਣਾਇਆ ਅਤੇ ਮੇਰੇ ਜੀਵਨ ਤੇ ਖੇਡ ਕਰੀਅਰ ਬਾਰੇ ਕਿਤਾਬ ਲਿਖਵਾਈ।

ਮੇਰੀ ਕਈ ਸਾਲਾਂ ਦੀ ਰੀਝ ਸੀ ਕਿ ਕੋਈ ਲੇਖਕ ਮੇਰੀ ਮਾਂ ਬੋਲੀ ਪੰਜਾਬੀ ਵਿਚ ਮੇਰੇ ਹਾਕੀ ਦੇ ਕਰੀਅਰ ਦੀ ਬਾਤ ਪਾਵੇ ਜਿਸ ਨਾਲ ਨਵੀਂ ਪੀੜ੍ਹੀ ਨੂੰ ਖੇਡਾਂ ਵਿਚ ਅੱਗੇ ਵਧਣ ਦੀ ਪ੍ਰੇਰਨਾ ਮਿਲੇ। ਮੈਂ ਖ਼ੁਸ਼ਕਿਸਮਤ ਹਾਂ ਕਿ ਮੇਰੀ ਜੀਵਨੀ ਪੰਜਾਬੀ ਦੇ ਉਸ ਖੇਡ ਲੇਖਕ ਨੇ ਲਿਖੀ ਹੈ ਜਿਸ ਦੀ ਲਿਖਤ ਨੂੰ ਸਾਰਾ ਪੰਜਾਬੀ ਖੇਡ ਜਗਤ ਪੜ੍ਹਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡੀਆਂ ਲਿਖਤਾਂ ਨਵੀਂ ਪੀੜ੍ਹੀ ਨੂੰ ਨਰੋਈ ਸੇਧ ਦੇਣਗੀਆਂ ਤੇ ਖੇਡ ਖੇਤਰ ਵਿਚ ਹੋਰ ਅੱਗੇ ਵਧਾਉਣਗੀਆਂ।

ਸਰਵਣ ਜੀ, ਮੈਂ ਤੁਹਾਡਾ ਸ਼ੁਕਰੀਆ ਕਿਵੇਂ ਕਰਾਂ? ਮੈਨੂੰ ਤਾਂ ਇਓਂ ਲੱਗਦੈ ਜਿਵੇਂ ਰੱਬ ਨੇ ਆਪ ਹੀ ਮੇਰੇ ਲਈ ਗੌਡ ਗਿਫ਼ਟ ਭੇਜ ਦਿੱਤਾ ਹੋਵੇ। ਤੁਸੀਂ ਖੋਜ ਕਰ ਕੇ ਮੇਰੇ ਜੀਵਨ ਤੇ ਕਰੀਅਰ ਬਾਰੇ ਉਹ ਕੁਝ ਲਿਖ ਦਿੱਤਾ ਹੈ ਜੋ ਮੈਨੂੰ ਵੀ ਨਹੀਂ ਸੀ ਪਤਾ। ਤੁਸੀਂ ਤਾਂ ਮੈਨੂੰ ਭਾਈ ਬਿਧੀ ਚੰਦ ਜੀ ਦਾ ਵਾਰਸ ਸਾਬਤ ਕਰ ਦਿੱਤਾ ਹੈ। ਤੁਹਾਡੀ ਕਲਮ ਨੂੰ ਸਲਾਮ!

'ਗੋਲਡਨ ਗੋਲ' ਇਕ ਸਾਧਾਰਨ ਪਰਿਵਾਰ ਵਿਚ ਜਨਮੇ ਬੱਚੇ ਦੇ ਸਕੂਲ ਦੀ ਟੀਮ ਤੋਂ ਵਿਸ਼ਵ ਹਾਕੀ ਦੀ ਬੁਲੰਦੀ ਤਕ ਪਹੁੰਚਣ ਦੀ ਕਹਾਣੀ ਹੈ ਜੋ ਨਵੇਂ ਉਭਰਦੇ ਖਿਡਾਰੀਆਂ ਲਈ ਪ੍ਰੇਰਨਾਮਈ ਹੋ ਸਕਦੀ ਹੈ। ਜੇ ਮੇਰੇ ਵਰਗਾ ਸਾਧਾਰਨ ਬੱਚਾ ਛੋਟੇ ਜਿਹੇ ਪਿੰਡ ਹਰੀਪੁਰ ਤੋਂ ਉਠ ਕੇ ਓਲੰਪਿਕ ਖੇਡਾਂ ਦਾ 'ਗੋਲਡਨ ਹੈਟ ਟ੍ਰਿਕ' ਮਾਰ ਸਕਦਾ ਹੈ ਤੇ 'ਆਈਕੋਨਿਕ ਓਲੰਪੀਅਨ' ਐਲਾਨਿਆ ਜਾਂਦਾ ਹੈ ਤਾਂ ਕੋਈ ਹੋਰ ਬੱਚਾ ਅਜਿਹਾ ਕਿਉਂ ਨਹੀਂ ਕਰ ਸਕਦਾ? ਤੁਸੀਂ ਸਰਲ ਬੋਲੀ ਵਿਚ ਸੱਚਾਈ ਬਿਆਨ ਕੀਤੀ ਹੈ ਜੋ ਆਮ ਪਾਠਕਾਂ ਦੀ ਸਮਝ ਵਿਚ ਆਉਣ ਵਾਲੀ ਹੈ। ਸਾਡੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਅਜਿਹੀਆਂ ਪੁਸਤਕਾਂ ਦੀ ਲੋੜ ਹੈ। ਮੈਂ ਇਹ ਪੁਸਤਕ ਲਿਖਣ ਦੀ ਵਧਾਈ ਦੇਣ ਦੇ ਨਾਲ ਤੁਹਾਡਾ ਹਾਰਦਿਕ ਧੰਨਵਾਦ ਕਰਦਾ ਹਾਂ ਤੇ ਤੁਹਾਡੀਆਂ ਭਵਿੱਖ ਦੀਆਂ ਲਿਖਤਾਂ ਲਈ ਸ਼ੁਭ ਇੱਛਾਵਾਂ ਦਿੰਦਾ ਹਾਂ।

ਤੁਹਾਡਾ ਸ਼ੁਭਚਿੰਤਕ,
-ਬਲਬੀਰ ਸਿੰਘ

ਕਹਾਣੀ

# ਮੋਤੀ

***ਪਹਿਲੀ ਪੀੜ੍ਹੀ ਦੇ ਪੰਜਾਬੀ ਕਹਾਣੀਕਾਰਾਂ ਵਿਚੋਂ ਸ. ਹਰੀ ਸਿੰਘ ਦਿਲਬਰ ਦਾ ਨਾਂ ਬੜਾ ਉਭਰਵਾਂ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਪੁਰਾਣਾ ਪੰਜਾਬ ਪੇਸ਼ ਹੋਇਆ ਹੈ। 'ਮੋਤੀ' ਨਾਂ ਦੀ ਇਹ ਕਹਾਣੀ ਵੀ ਕਈ ਦਹਾਕੇ ਪਹਿਲਾਂ ਦੇ ਪੰਜਾਬ ਨਾਲ ਬਾਵਸਤਾ ਹੈ। ਇਹ ਕਹਾਣੀ ਸੰਕੇਤਕ ਹੈ ਤੇ ਸਾਧਾਰਨ ਵੀ, ਪਰ ਇਸ ਵਿਚ ਪੇਸ਼ ਖਿਆਲ ਸਾਧਾਰਨ ਨਹੀਂ। ਇਸ ਵਿਚ ਉਸ ਦੌਰ ਦਾ ਜਗੀਰਦਾਰੀ ਯੁੱਗ ਸਪਸ਼ਟ ਦਿਸਦਾ ਹੈ ਜਦੋਂ ਜਗੀਰਦਾਰਾਂ ਦੀ ਆਗਿਆ ਤੋਂ ਬਿਨਾਂ ਪੱਤਾ ਤੱਕ ਨਹੀਂ ਸੀ ਹਿਲਦਾ ਹੁੰਦਾ ਅਤੇ ਆਮ ਲੋਕਾਂ ਦੀਆਂ ਰੀਝਾਂ ਘਰਾਂ ਦੀਆਂ ਸਰਦਲਾਂ ਅੰਦਰ ਹੀ ਦਮ ਤੋੜ ਜਾਂਦੀਆਂ ਸਨ। -ਸੰਪਾਦਕ***

**ਹਰੀ ਸਿੰਘ ਦਿਲਬਰ**

ਰੁਲੀਏ ਨੂੰ ਕੋਈ ਪਿਆਰ ਨਹੀਂ ਸੀ ਕਰਦਾ। ਜਦ ਤੋਂ ਉਹਦਾ ਪਿਉ ਇਸ ਦੁਨੀਆਂ ਤੋਂ ਤੁਰ ਗਿਆ, ਉਹ ਬੱਕਰੀਆਂ ਚਾਰਨ ਲੱਗ ਪਿਆ ਸੀ। ਉਹ ਮਿੱਸੀ ਰੋਟੀ ਪਰਨੇ ਦੇ ਲੜ ਬੰਨ੍ਹ ਕੇ ਸਵੇਰੇ ਬਾਹਰ ਲੈ ਜਾਂਦਾ ਤੇ ਨਹਿਰੀ ਪਾਣੀ ਦੇ ਨਾਲੇ ਲਾਗੇ ਜਾਂ ਰੋਹੀ ਦੇ ਕਿਸੇ ਬ੍ਰਿਛ ਹੇਠ ਬੈਠ ਕੇ ਦੁਪਹਿਰੇ ਰੋਟੀ ਖਾ ਲੈਂਦਾ। ਸਾਰਾ ਦਿਨ ਉਜਾੜਾਂ, ਰੋਹੀਆਂ, ਢੱਕੀਆਂ, ਵਣਾਂ ਤੇ ਖੇਤਾਂ ਵਿਚ ਫਿਰਦਾ ਰਹਿੰਦਾ ਤੇ ਆਥਣੇ ਘਰ ਮੁੜਦਾ। ਉਹ ਬੱਕਰੀਆਂ ਦਾ ਦੁੱਧ ਵੇਚਦਾ ਸੀ ਤੇ ਇਸ ਤਰ੍ਹਾਂ ਵੱਟਤ ਨਾਲ ਉਹਦੀ ਬੁੱਢੀ ਮਾਂ ਘਰ ਦੇ ਖਰਚ ਪੂਰੇ ਕਰਨ ਦੇ ਜਤਨ ਕਰਦੀ।

ਰੋਹੀ ਦੇ ਖੇਤਾਂ ਵਿਚ ਤਾਂ ਬੂਟੇ ਉਗ ਹੀ ਆਉਂਦੇ ਹਨ। ਰੁਲੀਏ ਦੇ ਮਾਸ ਵਿਚ ਭਾਵੇਂ ਚਮਕ ਨਹੀਂ ਸੀ ਪਰ ਜੋਬਨ ਆਉਣ ਕਰ ਕੇ ਉਹਦੇ ਹਿਰਦੇ ਵਿਚ ਪਿਆਰ ਤਾਂ ਉਗ ਹੀ ਪਿਆ ਸੀ। ਕਿਸੇ-ਕਿਸੇ ਮੁਟਿਆਰ ਕੁੜੀ ਨੂੰ ਰੁਲੀਆ ਬਿਨਾਂ ਪੈਸਿਓਂ ਦੁੱਧ ਦੇਣ ਦਾ ਜਤਨ ਕਰਦਾ ਪਰ ਕੋਈ ਇਸ ਤੋਂ ਮੁਫਤ ਦੁੱਧ ਨਾ ਲੈਂਦੀ। ਇਹਦੇ ਕੋਮਲ ਹੁੰਦੇ ਜਾ ਰਹੇ ਹਿਰਦੇ ਉਤੇ ਦੁੱਖ ਭਰੀ ਤਿੱਖੀ ਲਕੀਰ ਫਿਰ ਜਾਂਦੀ ਪਰ ਇਹਦੀਆਂ ਅੱਖਾਂ ਜੋਬਨ ਦੇ ਖਿਆਲੀ ਚਿੱਤਰਾਂ ਉਦਾਲੇ ਘੁੰਮਦੀਆਂ ਰਹਿੰਦੀਆਂ।

ਇਹਦੇ ਪਿੰਡ ਦੇ ਸਰਦਾਰਾਂ ਦੀ ਕੁੜੀ ਸ਼ਹਿਰ ਦੇ ਕਾਲਜ ਵਿਚ ਪੜ੍ਹਨ ਜਾਇਆ ਕਰਦੀ। ਇਹ ਉਹਦੀਆਂ ਚਿੱਟੀਆਂ ਚਾਂਦੀ ਰੰਗੀਆਂ ਐਨਕਾਂ ਵੱਲ ਝਾਕਦਾ ਰਹਿੰਦਾ ਪਰ ਕੁੜੀ ਅੱਖਾਂ ਫੇਰ ਕੇ ਕਿਸੇ ਹੋਰ ਪਾਸੇ ਝਾਕਣ ਲੱਗ ਪੈਂਦੀ। ਇਹਦੇ ਪਿੰਡ ਦੇ ਕੋਲੋਂ ਲੰਘਦੀ ਪੱਕੀ ਸੜਕ ਉਤੇ ਸਰਦਾਰਾਂ ਦਾ ਨੌਕਰ ਆਪਣੀ ਰਬੜ-ਟੈਰ ਦੇ ਘੋੜੇ ਨੂੰ ਛੇੜ ਦਿੰਦਾ ਅਤੇ ਘੋੜਾ ਹਵਾ ਹੋ ਜਾਂਦਾ। ਕੁੜੀ ਦੀ ਬਰੀਕ ਚਾਦਰ ਦੇ ਪੱਲੇ, ਹਵਾ ਵਿਚ ਖੇਡਣ ਲੱਗ ਪੈਂਦੇ। ਰੁਲੀਆ ਦੂਰ ਤਾਂਈਂ ਉਸ ਵੱਲ ਝਾਕਦਾ ਰਹਿੰਦਾ, ਜਦ ਤਾਂਈਂ ਰਬੜ-ਟੈਰ ਦਿੱਸਣੋਂ ਬੰਦ ਨਹੀਂ ਸੀ ਹੋ ਜਾਂਦੀ। ਇਕ ਵਾਰੀ ਤਾਂ ਸੜਕ ਉਤੇ ਘੋੜੇ ਦੇ ਪੌੜਾਂ ਦੀ ਖੜੱਪ-ਖੜੱਪ ਰੁਲੀਏ ਦੀ ਹਿੱਕ ਉਤੇ ਵੱਜਦੀ ਤੇ ਘੋੜਾ ਨਠਾਉਂਦੇ ਨੌਕਰ ਦੇ ਪੇਚਦਾਰ ਸੁਰੀਲੇ ਬੋਲ, ਹਵਾ ਵਿਚ ਘੁਲ ਜਾਂਦੇ ਤੇ ਕਿੰਨਾ-ਕਿੰਨਾ ਚਿਰ ਰੁਲੀਏ ਦੇ ਕੰਨਾਂ ਵਿਚ ਚੁੰਝਾਂ ਖੋਭਦੇ ਰਹਿੰਦੇ। ਅਮੀਰੀ ਦੇ ਰਸ ਰੰਗ ਰੁਲੀਏ ਦੇ ਹਿਰਦੇ ਨੂੰ ਛੇੜਦੇ ਰਹਿੰਦੇ। "ਚਿੱਟੇ ਰੰਗ ਦੇ ਇਹ ਬੰਦੇ ਕਿੰਨੇ ਬੇ-ਫਿਕਰ ਹੁੰਦੇ ਹਨ", ਰੁਲੀਏ ਦੇ ਚਿੱਤ ਵਿਚ ਖਿਆਲ ਆਉਂਦਾ।

ਇਸ ਸਾਲ ਜੇਠ ਦੇ ਮਹੀਨੇ ਜਦੋਂ ਡੰਗਰਾਂ ਵਿਚ ਛੂਤ ਦੀ ਬਿਮਾਰੀ ਪੈ ਗਈ ਤਾਂ ਉਹ ਕਿੱਲਿਓਂ ਹਿੱਲ ਨਹੀਂ ਸਨ ਸਕਦੇ। ਇਸ ਰੋਗ ਨੇ ਰੋਹੀਆਂ ਦੇ ਹਰਨਾਂ ਨੂੰ ਵੀ ਵਲ੍ਹੇਟ ਵਿਚ ਲੈ ਲਿਆ ਸੀ। ਉਨ੍ਹਾਂ ਦੇ ਖੁਰਾਂ ਵਿਚੋਂ ਲਹੂ ਸਿੰਮਦਾ ਸੀ, ਪੈਰ ਪਾਟ ਗਏ ਸਨ। ਉਹ ਇਕ ਪੈਰ ਨਹੀਂ ਪੁੱਟ ਸਕਦੇ ਸਨ। ਪਾਲੀ ਮੁੰਡਿਆਂ ਦੇ ਨਾਲ ਸਰਦਾਰਾਂ ਦਾ ਸਾਹਿਬਜ਼ਾਦਾ ਮੋਹਰੀ ਬਣ ਕੇ ਆਉਂਦਾ ਜਿਸ ਦੇ ਮੋਢੇ ਉਤੇ ਪਿਉ ਦੀ ਲਸੰਸ ਵਾਲੀ ਬੰਦੂਕ ਹੁੰਦੀ ਸੀ ਤੇ ਬਿਨਾਂ ਕਾਰਤੂਸ ਖਰਚ ਕਰਿਆਂ ਇਕ-ਦੋ ਬਕਟ ਕੁੱਟ-ਮਾਰ ਕੇ ਘਰ ਨੂੰ ਧੂਹ ਕੇ ਲੈ ਜਾਂਦਾ ਤੇ ਮਾਸ ਪਕਾ ਕੇ ਆਪ ਖਾਂਦਾ ਤੇ ਮਿੱਤਰਾਂ ਬੇਲੀਆਂ ਨੂੰ ਖਵਾਂਦਾ।

ਜੇ ਰੁਲੀਏ ਦਾ ਵੱਸ ਚਲਦਾ ਤਾਂ ਇਹ ਉਹਦੀਆਂ ਮੋਮ ਜਿਹੀਆਂ ਪੁੜਪੁੜੀਆਂ ਵਿਚ ਲੋਹੇ ਦੇ ਸੰਮ ਵਾਲੀ ਡਾਂਗ ਮਾਰ ਕੇ ਉਸ ਸਾਹਿਬਜ਼ਾਦੇ ਨੂੰ ਪਰੇ ਹਟਾ ਦਿੰਦਾ ਜਿਹੜਾ ਬੇਵੱਸ ਹਰਨੀਆਂ ਨੂੰ ਛੱਡ ਕੇ ਉਨ੍ਹਾਂ ਦੇ ਬਕਟ ਮਾਰ ਕੇ ਖਾ ਜਾਂਦਾ। ਹਰਨੀਆਂ ਬਿਟ-ਬਿਟ ਤਕਦੀਆਂ ਰਹਿੰਦੀਆਂ।

ਰੁਲੀਏ ਦਾ ਮਨੁੱਖੀ ਪਿਆਰ ਜਨੌਰਾਂ ਦੇ ਪਿਆਰ ਵਿਚ ਬਦਲਦਾ ਗਿਆ। ਉਹ ਆਪਣੇ ਨਵੇਂ ਜੰਮੇ ਡੱਬ-ਖੜੱਬੇ ਮੇਮਣਿਆਂ ਦੇ ਬਰੀਕ ਬੁੱਲ੍ਹ ਚੁੰਮਦਾ ਰਹਿੰਦਾ।

ਭੌਰੂ ਇਹਦਾ ਰੋਹੀਆਂ ਦਾ ਸਾਥੀ ਸੀ। ਜਦ ਰੁਲੀਆ ਇੱਜੜ ਤੋਂ ਉਰੇ ਹੋ ਜਾਂਦਾ ਤਾਂ ਇਹ ਕੁੱਤਾ ਬੱਕਰੀਆਂ ਦੇ ਉਦਾਲੇ ਰਾਖੀ ਵਜੋਂ ਫਿਰਦਾ ਰਹਿੰਦਾ। ਜੇ ਗਰਮੀ ਦੀ ਲੰਮੀ ਦੁਪਹਿਰੇ ਰੁਲੀਆ ਸੌਂ ਜਾਂਦਾ, ਤਾਂ ਕਿਸੇ ਜਨੌਰ ਨੂੰ ਭੌਰੂ ਇੱਜੜ ਨੇੜੇ ਨਹੀਂ ਸੀ ਫੜਕਣ ਦਿੰਦਾ। ਰੁਲੀਆ ਵੀ ਇਹਨੂੰ ਬੱਕਰੀਆਂ ਦਾ ਦੁੱਧ ਪਿਆਉਂਦਾ ਸੀ।

ਇਕ ਦਿਨ ਹਰਨਾਂ ਦੀ ਡਾਰ ਨਾਲੋਂ ਨਿੱਕਾ ਜਿਹਾ ਬਕਟ ਵਿੱਛੜ ਕੇ ਰੁਲੀਏ ਦੇ ਇੱਜੜ ਵਿਚ ਆ ਰਲਿਆ। ਭੌਰੂ ਨੇ ਕਈ ਗੇੜੇ ਉਸ ਹਰਨ ਦੇ ਬੱਚੇ ਦੇ ਪਿੱਛੇ ਲਾਏ ਪਰ ਬਕਟ ਨੇ ਇੱਜੜ ਨਾ ਛੱਡਿਆ। ਕਈ ਬੱਕਰੀਆਂ ਨੇ ਵੀ ਭੌਰੂ ਨੂੰ ਢੁੱਡਾਂ ਮਾਰੀਆਂ ਤੇ ਭੌਂਕਣ ਤੋਂ ਰੋਕਿਆ; ਤੇ ਫਿਰ ਇਕਦਮ ਰੁਲੀਏ ਨੇ ਭੌਰੂ ਨੂੰ ਆਪਣੇ ਖਰ੍ਹਵੇਂ ਬੋਲ ਨਾਲ ਝਿੜਕਿਆ। ਉਹ ਪੂਛ ਹਿਲਾਉਂਦਾ ਚਊਂ-ਚਊਂ ਚੀਕ ਕੇ ਮਾਲਕ ਦੀ ਸੈਨਤ ਸਮਝ ਚੁੱਪ ਹੋ ਗਿਆ। ਫਿਰ ਭੌਰੂ ਰੁਲੀਏ ਦੀਆਂ ਲੱਤਾਂ ਚੁੰਮਣ ਲੱਗ ਪਿਆ। ਹਰਨ ਦੇ ਬੱਚੇ ਦੀ ਕੰਬ ਰਹੀ ਕੁੱਖ ਟਿਕ ਗਈ, ਤੇ ਆਪਣੀਆਂ ਮੋਟੀਆਂ ਅੱਖਾਂ ਨਾਲ ਰੁਲੀਏ ਦੇ ਪਿਆਰ ਨੂੰ ਜਾਚਣ ਲੱਗ ਪਿਆ।

ਰੁਲੀਏ ਨੇ ਬਕਟ ਨੂੰ ਪੁਚਕਾਰਿਆ। ਉਹਨੇ ਆਪਣੀ ਲੰਮੀ ਕੋਮਲ ਬੂਥੀ ਉਪਰ ਚੁੱਕੀ ਤੇ ਨੇੜੇ ਦੀ ਹਵਾ ਵਿਚੋਂ ਪਿਆਰ ਦੀ ਵਾਸ਼ਨਾ ਸੁੰਘਣ ਲੱਗ ਪਿਆ, ਤੇ ਹੌਲੀ-ਹੌਲੀ ਪੈਰ ਪੁਟਦਾ ਰੁਲੀਏ ਵੱਲ ਵਧਿਆ। ਉਹਦੇ ਭੈਅ-ਭੀਤ ਹੋਏ ਹਿਰਦੇ ਵਿਚੋਂ ਕਾਂਬਾ ਝੜ ਗਿਆ ਤੇ ਪਿਆਰ ਦੀ ਲਹਿਰ ਉਗ ਪਈ।

ਰੋਟੀ ਦਾ ਇਕ ਟੁਕੜਾ ਰੁਲੀਆ ਹੱਥ ਵਿਚ ਲੈ ਕੇ ਅੱਗੇ ਹੋਇਆ ਤੇ ਹਰਨ ਦੀ ਲੰਮੀ ਬੂਥੀ ਨੂੰ ਛੁਹਾ ਦਿੱਤਾ। ਮਨੁੱਖੀ ਪਿਆਰ ਹਰਨ ਦੇ ਸਰੀਰ ਦੇ ਅਣੂ-ਅਣੂ ਵਿਚ ਉਤਰ ਗਿਆ। ਉਹ ਬੱਝ ਗਿਆ ਪਿਆਰ ਵਿਚ। ਬਕਟ ਦਾ ਭਰੋਸਾ ਉਡ ਗਿਆ ਕਿ ਮਨੁੱਖ ਹਰਨਾਂ ਦੀ ਜਾਤ ਦੇ ਵੈਰੀ ਹੁੰਦੇ ਹਨ। ਪਿਆਰ ਤਰਸੇ ਬਕਟ ਨੇ ਆਪਣੀ ਧੌਣ ਰੁਲੀਏ ਦੀ ਬਾਂਹ ਉਤੇ ਧਰ ਦਿੱਤੀ। ਓਪਰੇ ਤੇ ਰੋਹੀਆਂ ਦੇ ਜਨੌਰ ਦੇ ਮਾਸੂਮ ਪਿਆਰ ਨੇ ਅੱਜ ਰੁਲੀਏ ਦੇ ਰੁੱਖੇ ਜੀਵਨ ਵਿਚ ਅਨੰਦ ਭਰ ਦਿੱਤਾ। ਰੁਲੀਏ ਨੂੰ ਇਉਂ ਅਹਿਸਾਸ ਹੋਇਆ ਜਿਵੇਂ ਅੱਜ ਇਹਦੇ ਸਰਦਾਰਾਂ ਦੇ ਸਾਹਿਬਜ਼ਾਦੇ ਦੇ ਕਹਿਰੀ ਹੱਥਾਂ ਦੀਆਂ ਕੁੰਡੀਆਂ ਤੋਂ ਇਸ ਬਕਟ ਨੂੰ ਬਚਾ ਕੇ ਆਪਣੀ ਬੁੱਕਲ ਵਿਚ ਲੈ ਲਿਆ ਹੈ।

ਰੁਲੀਏ ਨੇ ਬਕਟ ਦੀ ਕੂਲੀ ਪਿੱਠ ਉਤੇ ਹੱਥ ਫੇਰਿਆ। ਉਹਦੇ ਸਰੀਰ ਦਾ ਕਾਂਬਾ ਲਹਿ ਗਿਆ, ਜਿਵੇਂ ਸਿਆਲ ਦੀ ਰੁੱਤ ਦੀ ਸਵੇਰ ਦੀ ਕਹਿਰੀ ਤੇ ਚੁਭਵੀਂ ਠੰਢ ਲੋਪ ਹੋ ਗਈ ਤੇ ਸੂਰਜ ਦੀ ਨਿੱਘੀ ਧੁੱਪ ਠੰਢ ਮਾਰੀਆਂ ਹੱਡੀਆਂ ਵਿਚ ਰਚਣ ਲੱਗ ਪਈ।

ਇਕ ਬੱਕਰੀ ਜਿਸ ਦਾ ਡੱਬਾ ਮੇਮਣਾ ਮਰ ਗਿਆ ਸੀ, ਬਕਟ ਦੇ ਨੇੜੇ ਆਈ ਤੇ ਪਿਆਰ ਛੂਹਾਂ ਦੇ ਕੇ ਅਪਣੱਤ ਜਤਾਉਣ ਲੱਗ ਪਈ।

ਰੁਲੀਏ ਨੇ ਬਕਟ ਦੀ ਬੂਥੀ ਨੂੰ ਬੱਕਰੀ ਦੇ ਥਣਾਂ ਨਾਲ ਛੁਹਾ ਦਿੱਤਾ। ਬੱਕਰੀ ਦੇ ਲੇਵੇ ਵਿਚੋਂ ਦੁੱਧ ਲੰਮੇ ਥਣਾਂ ਵਿਚ ਉਤਰ ਆਇਆ। ਥਣ ਪਾਟਣ 'ਤੇ ਆ ਗਏ। ਹਰਨ ਦੇ ਬੁੱਲ੍ਹਾਂ ਦੀ ਛੂਹ ਦੇ ਪੱਜ ਨਾਲ ਉਹ ਆਪੇ ਡੁੱਲ੍ਹ-ਡੁੱਲ੍ਹ ਪੈਂਦੇ ਸਨ। ਰੋਹੀ ਦੀਆਂ ਰੁੱਖੀਆਂ ਝਾੜੀਆਂ ਸੂਤ-ਸੂਤ ਕੇ ਬੱਕਰੀ ਨੇ ਜਿਹੜਾ ਦੁੱਧ ਤਿਆਰ ਕੀਤਾ ਸੀ, ਸਾਰਾ ਬਕਟ ਦੇ ਮੂੰਹ ਵਿਚ ਉਤਾਰ ਦਿੱਤਾ। ਉਹਨੇ ਆਪਣੀਆਂ ਲੱਤਾਂ ਖਿੰਡਾ ਲਈਆਂ।

ਬਕਟ ਦੇ ਹਿਰਦੇ ਵਿਚ ਦੁੱਧ ਦੇ ਨਾਲ ਈ, ਬੱਕਰੀਆਂ ਦੀ ਅਪਣੱਤ ਪ੍ਰਵੇਸ਼ ਕਰ ਗਈ।


ਜਦ ਸ਼ਿਕਾਰੀ ਕੁੱਤੇ ਬੱਕਰੀਆਂ ਦੇ ਇਸ ਇੱਜੜ ਵਿਚ ਹਰਨ ਦੇ ਇਸ ਬੱਚੇ ਨੂੰ ਦੇਖ ਕੇ ਉਸ ਵੱਲ ਪਾੜ ਖਾਣੇ ਦੰਦ ਖੋਲ੍ਹ ਕੇ ਮੂੰਹ ਪਾਉਣ ਲਈ ਆਉਂਦੇ ਤਾਂ ਭੌਰੂ ਇਸ ਹੱਲੇ ਨੂੰ ਧੌਣ ਅਕੜਾ ਕੇ ਰੋਕਦਾ। ਰੁਲੀਏ ਦੀ ਸੰਮ ਵਾਲੀ ਡਾਂਗ ਮੋਢੇ 'ਤੇ ਖੜ੍ਹੋ ਜਾਂਦੀ। ਬੱਕਰੀਆਂ ਸਿੰਗ ਉਲਾਰਦੀਆਂ।

ਜਦ ਪਿੰਡ ਦਾ ਕੋਈ ਜੁਆਕ ਇੱਜੜ ਵਿਚੋਂ ਇਸ ਬਕਟ ਨੂੰ ਫੜਨ ਤੇ ਡਰਾਉਣ ਦਾ ਉਪਰਾਲਾ ਕਰਦਾ ਤਾਂ ਰੁਲੀਏ ਦਾ ਖਰ੍ਹਵਾਂ ਬੋਲ ਉਹਦੀ ਇੱਲਤ ਨੂੰ ਥਾਂਏਂ ਰੋਕ ਦਿੰਦਾ।

ਜਦ ਇੱਜੜ ਰੋਹੀ ਵਿਚ ਚਰ ਕੇ ਬੈਠ ਜਾਂਦਾ ਤਾਂ ਰੁਲੀਆ ਲਿਟ ਜਾਂਦਾ। ਬਕਟ ਨੇੜੇ ਆ ਕੇ ਬੈਠ ਜਾਂਦਾ, ਆਪਣੀ ਧੌਣ ਰੁਲੀਏ 'ਤੇ ਸਿੱਟ ਦਿੰਦਾ। ਉਹ ਇਹਦੀ ਬੂਥੀ ਤੇ ਪਿੰਡੇ ਨੂੰ ਪਲੋਸਦਾ, ਪਿਆਰ ਛੂਹਾਂ ਦੀ ਲੋਰ ਵਿਚ ਊਂਘਦਾ ਰਹਿੰਦਾ।

ਸਰਦਾਰ ਰਤਨ ਸਿੰਘ ਨੂੰ ਇਕ ਦਿਨ ਦੁੱਧ ਦੀ ਲੋੜ ਪਈ। ਉਹਦੇ ਘਰ ਭਾਵੇਂ ਦੋ ਮਹੀਆਂ ਲਵੇਰੀਆਂ ਸਨ; ਤੇ ਜਾਂ ਉਹ ਦੁੱਧ ਮੁੱਲ ਵੀ ਲੈ ਸਕਦਾ ਸੀ, ਕਈ ਨੌਕਰ ਸਨ, ਭੋਇੰ ਬੰਭੀ ਸੀ, ਪੈਸਾ ਬਥੇਰਾ ਸੀ, ਹਵੇਲੀਆਂ ਦਾ ਮਾਲਕ ਸੀ, ਧੀਆਂ-ਪੁੱਤਰ ਕਾਲਜ ਵਿਚ ਪੜ੍ਹਦੇ ਸਨ, ਕਈ ਹਲ ਵਗਦੇ ਸਨ; ਪਰ ਜਿਥੇ ਉਹਦਾ ਕੰਮ ਮੁਫਤ ਬਣ ਸਕਦਾ ਸੀ, ਉਥੇ ਉਹ ਪੈਸਾ ਕਿਉਂ ਖਰਚਦਾ, ਤੇ ਉਹ ਆਪਣੇ ਬੱਚਿਆਂ ਦੇ ਮੂੰਹੋਂ ਦੁੱਧ ਖੋਹ ਕੇ ਪਟਵਾਰੀ ਜਾਂ ਤਹਿਸੀਲਦਾਰ ਨੂੰ ਕਿਉਂ ਦਿੰਦਾ?

ਉਸ ਦਿਨ ਸਰਦਾਰ ਨੇ ਚੌਕੀਦਾਰ ਨੂੰ ਰੁਲੀਏ ਦੇ ਵਾੜੇ ਦੁੱਧ ਲੈ ਆਉਣ ਲਈ ਭੇਜਿਆ। ਰੁਲੀਏ ਨੂੰ ਪੈਸਿਆਂ ਦੀ ਕੋਈ ਆਸ ਨਹੀਂ ਸੀ। ਉਹ ਸਰਦਾਰ ਤਾਂ ਛਮਕੀ ਹਿਲਾ-ਹਿਲਾ ਕੇ ਈ ਪਿੰਡ ਦੇ ਮਜ਼ਦੂਰ ਕਾਮਿਆਂ ਨੂੰ ਮੁਫਤ ਮੱਕੀ ਜਾਂ ਕਣਕ ਦੀ ਗੁਡਾਈ ਲਈ ਲੈ ਜਾਂਦਾ ਸੀ, ਤੇ ਰੁਲੀਏ ਨੂੰ ਉਹਨੇ ਕਿਹੜਾ ਪੌਂਡ ਤੇ ਮੋਹਰਾਂ ਦੇ ਦੇਣੀਆਂ ਸਨ?




ਲੰਗੋਟੀ ਝਾੜਦੇ ਰੁਲੀਏ ਨੇ ਦੁੱਧ ਵਲੋਂ ਕੋਰਾ ਜਵਾਬ ਦੇ ਦਿੱਤਾ ਜਿਸ ਉਤੇ ਸਰਦਾਰ ਸਾਹਿਬ ਬਹੁਤ ਦੁਖੀ ਹੋਏ। ਉਹਨੇ ਇਸ ਹਾਰ ਤੋਂ ਤੰਗ ਆ ਕੇ ਫਿਰ ਚੌਕੀਦਾਰ ਨੂੰ ਮੋੜਿਆ ਕਿ ਉਹ ਰੁਲੀਏ ਦੇ ਘਰੋਂ ਕੁਕੜੀ ਦੇ ਚਾਰ ਆਂਡੇ ਲੈ ਆਵੇ। ਰੁਲੀਏ ਦੀ ਮਾਂ ਨੇ ਸਭ ਆਂਡੇ ਉਸ ਦਿਨ ਸਵੇਰੇ ਇਕ ਬਾਈਸਿਕਲ ਵਾਲੇ ਸ਼ਹਿਰੀ ਨੂੰ ਦੇ ਦਿੱਤੇ ਸਨ। ਹੁਣ ਘਰ ਕੋਈ ਆਂਡਾ ਨਹੀਂ ਸੀ, ਸਰਦਾਰ ਦਾ ਕ੍ਰੋਧ ਉਤਾਰਨ ਲਈ।

ਉਸ ਦਿਨ ਪਿੰਡ ਵਿਚ ਪੁਲਿਸ ਆਈ ਹੋਈ ਸੀ। ਉਨ੍ਹਾਂ ਦੀ ਸੇਵਾ ਦੁੱਧ ਤੇ ਆਂਡਿਆਂ ਨਾਲ ਈ ਹੋ ਸਕਦੀ ਸੀ। ਫਿਰ ਸਾਹਿਬ ਨੇ ਕੁਕੜੀ ਦੀ ਮੰਗ ਕੀਤੀ। ਚੌਕੀਦਾਰ ਖੁੱਡੇ ਵੱਲ ਵਧਿਆ ਪਰ ਰੁਲੀਏ ਦੀ ਬੁੱਢੀ ਮਾਂ ਨੇ ਖਿੜਕੀ ਬੰਦ ਕਰ ਦਿੱਤੀ, ਤੇ ਫਿਰ ਆਪਣੇ ਕੰਬਦੇ ਹੱਥ ਨਾਲ ਕੁਕੜੀ ਦੇ ਆਂਡੇ ਵਰਗੇ ਚਿੱਟੇ ਖਿੰਡੇ ਵਾਲਾਂ ਨੂੰ ਸੰਭਾਲਣ ਲੱਗ ਪਈ। ਚੌਕੀਦਾਰ ਖਾਲੀ ਹੱਥ ਮੁੜ ਗਿਆ, ਤੇ ਬੁੱਢੀ ਮਾਂ ਭੈਅਦਾਇਕ ਸੁਪਨੇ ਮਨ ਵਿਚ ਵਾਹੁਣ ਲੱਗ ਪਈ।

ਅਗਲੇ ਦਿਨ ਸਰਦਾਰ ਸਾਹਿਬ ਆਣ ਗਰਜੇ, "ਉਇ ਰੁਲੀਆ, ਤੈਂ ਇਕ ਜੰਗਲੀ ਜਨੌਰ ਆਪਣੇ ਇੱਜੜ ਵਿਚ ਬੰਨ੍ਹਿਆ ਹੋਇਆ ਹੈ। ਇਸ ਅਪਰਾਧ ਵਿਚ ਤੈਨੂੰ ਪੁਲਿਸ ਦੇ ਹਵਾਲੇ ਕੀਤਾ ਜਾਊਗਾ।"

ਇਹ ਸੁਣ ਕੇ ਰੁਲੀਆ ਮਨ ਵਿਚ ਕੁਛ ਗਿੜਗਿੜਾਇਆ ਤੇ ਕੰਬਿਆ। ਉਹਦੀ ਜੀਭ ਥਥਲਾ ਗਈ। ਉਹਦੀ ਮਾਂ ਕੁੱਬੀ-ਕੁੱਬੀ ਸੋਟੀ ਦੇ ਸਹਾਰੇ ਸਰਦਾਰ ਵੱਲ ਵਧੀ, ਉਹਦੇ ਪੈਰੀਂ ਝੋਨਾ ਧਰਨ ਲਈ, ਪਰ ਉਹ ਇਉਂ ਪਿਛੇ ਹਟ ਗਿਆ ਜਿਵੇਂ ਉਸ ਵੱਲ ਕੋਈ ਦੋ-ਮੂੰਹੀਂ ਨਾਗਣ ਆਪਣੀ ਸਿਰੀ ਉਚੀ ਕਰੀ ਆ ਰਹੀ ਹੋਵੇ।

"ਹਰਾਮ ਦਿਆ ਪੁੱਤਾ, ਤੂੰ ਜੇਲ੍ਹ ਜਾਏਂਗਾ।" ਕਹਿੰਦਿਆਂ ਸਰਦਾਰ ਦੇ ਚਿਹਰੇ 'ਤੇ ਕ੍ਰੋਧ ਦੀ ਲਾਲੀ ਫਿਰ ਗਈ।

ਉਹ ਆਪਣੇ ਹੱਥ ਵਿਚ ਚਾਂਦੀ ਦੇ ਮੁੱਠੇ ਵਾਲੀ ਛਟੀ ਹਿਲਾਉਂਦਾ ਦੰਦ ਪੀਂਹਦਾ ਤੁਰ ਗਿਆ। ਰੁਲੀਏ ਦੀ ਮਾਂ ਅਸਫਲ ਈ ਆਪਣੀ ਚਾਦਰ ਦੇ ਪੱਲੇ ਨਾਲ ਅੱਖਾਂ ਪੂੰਝਦੀ ਰਹਿ ਗਈ। ਤਾਰਿਆਂ ਵਾਂਗ ਉਹਦੀਆਂ ਅੱਖਾਂ ਵਿਚ ਹੰਝੂ ਝੜ ਰਹੇ ਸਨ।

ਉਸ ਰਾਤ ਚਿਰ ਤਾਂਈਂ ਰੁਲੀਏ ਦੀਆਂ ਅੱਖਾਂ ਵਿਚ ਨੀਂਦ ਨਾ ਪਈ। ਉਹ ਕੰਬਦੇ ਤਾਰਿਆਂ ਵੱਲ ਝਾਕਦਾ ਰਿਹਾ। ਕਿੰਨੇ ਈ ਤਾਰੇ ਅਸਮਾਨ ਵਿਚ ਟੁੱਟਦੇ ਰਹੇ ਤੇ ਉਨ੍ਹਾਂ ਦੀਆਂ ਚਾਂਦੀ ਰੰਗੀਆਂ ਪੈੜਾਂ ਮਿਟਦੀਆਂ ਰਹੀਆਂ। ਉਹ ਕਈ ਵਾਰ ਆਪਣੇ ਮੰਜੇ ਤੋਂ ਉਠਿਆ ਤੇ ਬਕਟ ਦੀ ਬੂਥੀ ਨੂੰ ਉਪਰ ਚੁੱਕ ਕੇ ਆਪਣੇ ਬੁੱਲ੍ਹਾਂ ਨਾਲ ਛੁਹਾ ਕੇ ਘੁਟਦਾ ਰਿਹਾ। ਛੇਕੜ ਉਹ ਬੋਲਿਆ, "ਮੋਤੀ! ਕੀ ਹੁਣ ਤੂੰ ਮੈਨੂੰ ਛੱਡ ਜਾਏਂਗਾ?"

"ਹਊਂ, ਹਊਂ!" ਬਕਟ ਦੇ ਮੂੰਹ ਵਿਚੋਂ 'ਵਾਜ ਆਈ ਤੇ ਫਿਰ ਉਹ ਸ਼ਾਂਤੀ ਨਾਲ ਲਿਟ ਗਿਆ ਤੇ ਨੀਂਦ ਦੀ ਸੰਘਣੀ ਅਥਾਹ ਗੁਫਾ ਵਿਚ ਜਾ ਗੁੰਮਿਆ।

ਅਗਲੇ ਦਿਨ ਆਥਣੇ ਇਕ ਲਾਲ ਪਗੜੀ ਵਾਲਾ ਰੁਲੀਏ ਦੇ ਘਰ ਅੱਗੇ ਖੜ੍ਹਾ ਸੀ ਤੇ ਉਹਦੇ ਹੱਥ ਵਿਚ ਖਾਖੀ ਜਿਹੇ ਕਾਗਜ਼ ਦਾ ਪੱਤਰਾ ਸੀ। ਝੋਨਾ ਸੰਭਾਲਦੀ ਬੁੱਢੀ ਮਾਂ ਦੇ ਹੱਥ ਕੰਬ ਰਹੇ ਸਨ। ਰੁਲੀਆ ਅੰਦਰ ਵੜਿਆ, ਤੇ ਮਾਂ ਦੀ ਮੈਲੀ ਜਿਹੀ ਪੋਟਲੀ ਵਿਚੋਂ ਪੰਜਾਂ ਰੁਪਈਆਂ ਦਾ ਨੋਟ ਕੱਢਿਆ ਤੇ ਉਹਦੀਆਂ ਤਹਿਆਂ ਖੋਲ੍ਹਦਾ ਸਿਪਾਹੀ ਵੱਲ ਵਧਿਆ। ਤਖ਼ਤੇ ਦੇ ਉਹਲੇ ਹੋ ਕੇ ਉਹਨੇ ਸਿਪਾਹੀ ਅੱਗੇ ਵਧੇ ਹੱਥ ਉਤੇ ਉਹ ਨੋਟ ਟਿਕਾ ਦਿੱਤਾ, ਜਿਹੜਾ ਉਹਨੇ ਕਈ ਦਿਨ ਬੱਕਰੀਆਂ ਦਾ ਦੁੱਧ ਵੇਚ ਕੇ ਖੱਟਿਆ ਸੀ, ਮੇਮਣਿਆਂ ਦੇ ਮੂੰਹ ਵਿਚੋਂ ਦੁੱਧ ਖੋਹ-ਖੋਹ ਕੇ ਉਨ੍ਹਾਂ ਦੇ ਖਾਲੀ ਲੱਕੇ ਅੰਦਰ ਵਾੜ-ਵਾੜ ਕੇ। ਤਾਂ ਵੀ ਰੁਲੀਏ ਨੇ ਇਹ ਜਾਣਿਆ ਕਿ ਉਹਨੇ ਕੁਝ ਗੰਵਾਇਆ ਨਹੀਂ, ਕਮਾਇਆ ਹੈ। ਹੁਣ ਉਹ ਜੇਲ੍ਹ ਵਿਚ ਨਹੀਂ ਜਾਊਗਾ। ਆਪਣੀਆਂ ਬੱਕਰੀਆਂ ਚਾਰਿਆ ਕਰੂਗਾ ਤੇ ਮੇਮਣਿਆਂ ਦੇ ਖਾਲੀ ਢਿੱਡਾਂ ਨੂੰ ਬੇਰੀ ਦੇ ਪੱਤਿਆਂ ਨਾਲ ਭਰਿਆ ਕਰੂਗਾ। ਉਹਦਾ ਇੱਜੜ ਬਣਿਆ ਰਹੂਗਾ, ਉਹਦਾ ਪਰਿਵਾਰ ਸਜਿਆ ਰਹੂਗਾ, ਬਕਟ ਉਸ ਨਾਲੋਂ ਨਹੀਂ ਵਿਛੜੂਗਾ, ਉਹਦਾ ਪਿਆਰ ਨਹੀਂ ਟੁੱਟੂਗਾ, ਉਹਦੀ ਜੀਵਨ ਰੌਅ ਨਹੀਂ ਟੁੱਟੂਗੀ, ਬੱਕਰੀਆਂ ਮੋਤੀ ਨੂੰ ਨਹੀਂ ਓਦਰਨਗੀਆਂ।

ਪਰ ਪੱਕ ਰਹੀਆਂ ਬੱਲੀਆਂ ਉਤੇ ਗੜੇ ਪੈ ਗਏ। ਸਿਪਾਹੀ ਮੁੜ ਗਿਆ, ਸਰਦਾਰ ਆ ਧਮਕਿਆ। ਉਹ ਸ਼ਿਕਾਰ ਖੇਡ ਕੇ ਆਇਆ ਸੀ ਪਰ ਉਹਦੇ ਹੱਥ ਅੱਜ ਕੋਈ ਜਨੌਰ ਨਹੀਂ ਸੀ ਆਇਆ। ਅੱਜ ਦੀ ਅਸਫ਼ਲਤਾ ਦਾ ਸਾਰਾ ਕ੍ਰੋਧ ਹੁਣ ਰੁਲੀਏ ਉਤੇ ਉਤਰਿਆ। ਉਹਨੇ ਬੰਦੂਕ ਤਾਣ ਲਈ ਤੇ ਬਕਟ ਵੱਲ ਸਿੱਧੀ ਕੀਤੀ। ਉਸੇ ਵੇਲੇ ਰੁਲੀਆ ਸਰਦਾਰ ਦੇ ਪੈਰਾਂ ਉਤੇ ਡਿੱਗ ਪਿਆ, "ਸਰਦਾਰ ਜੀ, ਤੁਸੀਂ ਖਿਮਾ ਕਰੋ। ਨਾ ਮਾਰੋ ਇਸ ਨਿਰਦੋਸ਼ ਨੂੰ। ਮੈਂ ਇਹਨੂੰ ਰੋਹੀ ਵਿਚ ਛੱਡ ਆਊਂਗਾ।" ਸਰਦਾਰ ਚਲਿਆ ਗਿਆ।

ਅਗਲੇ ਆਥਣ ਜਦ ਵਾੜੇ ਵਿਚ ਰੁਲੀਆ ਆਪਣੀਆਂ ਬੱਕਰੀਆਂ ਦੀ ਧਾਰ ਚੋ ਰਿਹਾ ਸੀ ਤਾਂ ਸਰਦਾਰ ਦੇ ਸਾਹਿਬਜ਼ਾਦੇ ਨੇ ਆ ਪੈਰ ਪਾਏ। ਬੈਂਤ ਦੀ ਛਟੀ ਉਹਦੇ ਕੂਲੇ ਹੱਥਾਂ ਵਿਚ ਸ਼ੂਕ ਰਹੀ ਸੀ। ਵਾੜੇ ਵਿਚੋਂ ਭਾਵੇਂ ਸੰਗੋਹ ਦੀ ਦੁਰਗੰਧ ਉਹਦੀਆਂ ਨਾਸਾਂ ਨੂੰ ਔਖਾ ਕਰ ਰਹੀ ਸੀ, ਪਰ ਉਹ ਕ੍ਰੋਧ ਦੇ ਬੁੱਲੇ ਹੇਠ ਅਗਾਂਹ ਵਧ ਗਿਆ ਤੇ ਬਕਟ ਦੇ ਗਲ ਚੰਮ ਦਾ ਪਟਾ ਪਾਉਣ ਲਈ ਘੇਰਾ ਪਾਉਣ ਲੱਗਾ। ਬਕਟ ਨੇ ਬੱਕਰੀਆਂ ਵਿਚ ਕੁਰਲਾਟ ਪਾ ਦਿੱਤਾ। ਬਕਟ ਵੱਡਾ ਸੀ ਤੇ ਬੱਕਰੀਆਂ ਛੋਟੀਆਂ, ਲੁਕਦਾ ਕਿਥੇ। ਉਹ ਸਿਆਲੇ ਦੀ ਰਾਤ ਦੇ ਤਾਰਿਆਂ ਵਾਂਗ ਕੰਬ ਰਿਹਾ ਸੀ। ਭੌਰੂ ਵੀ ਆਪਣੇ ਸੱਜਣ ਦੀ ਮੱਦਤ ਲਈ ਲਪਕਿਆ ਪਰ ਰੁਲੀਏ ਨੇ ਛੇਤੀ ਚੁੱਪ ਕਰਾ ਦਿੱਤਾ ਕਿਉਂਕਿ ਇਸ ਤਰ੍ਹਾਂ ਰਾਏਜ਼ਾਦੇ ਦੀ ਹੱਤਕ ਸੀ ਤੇ ਕ੍ਰੋਧ ਵਧਣ ਦਾ ਡਰ ਸੀ। ਮਿਕ-ਮਿਕ ਕਰਦੀਆਂ ਬੱਕਰੀਆਂ ਸਹਿਮ ਗਈਆਂ, ਸੁੰਗੜ ਗਈਆਂ। ਉਹ ਪੀਲੀਆਂ ਅੱਖਾਂ ਨਾਲ ਬੁੱਚੜ ਨੂੰ ਪਛਾਣ ਕੇ ਘੂਰ ਰਹੀਆਂ ਸਨ ਪਰ ਅੱਖਾਂ ਦੀ ਤੱਕਣੀ ਨਾਲ ਨਿਰਲੱਜ ਬੇਹਯਾ ਪਾਪੀ ਮਰ ਤਾਂ ਨਹੀਂ ਜਾਂਦਾ, ਨਹੀਂ ਤਾਂ ਇਨ੍ਹਾਂ ਦਾ ਵਾਧਾ ਰੁਕ ਨਾ ਜਾਵੇ? ਘ੍ਰਿਣਾ ਇਕ ਅਸਫ਼ਲ ਹਥਿਆਰ ਬਣ ਕੇ ਡਿੱਗ ਪੈਂਦੀ ਹੈ!

ਛੇਕੜ ਰਾਏਜ਼ਾਦੇ ਨੇ ਬਕਟ ਦੇ ਗਲ ਵਿਚ ਪਟਾ ਪਾ ਈ ਲਿਆ। ਉਹਦੇ ਨਾਲ ਪਿੰਡ ਦੇ ਦੋ-ਚਾਰ ਹੋਰ ਵੀ ਇੱਲਤੀ ਮੁੰਡੇ ਸਨ। ਬਕਟ ਬੱਕਰੀਆਂ ਦੇ ਪੈਰਾਂ ਵਿਚ ਲਿਟ ਗਿਆ। ਉਹਨੂੰ ਛਮਕੀਆਂ ਨਾਲ ਉਠਾਇਆ ਗਿਆ। ਡਰ ਮਾਰਿਆ ਹਰਨ ਪਿਛੇ-ਪਿਛੇ ਇਉਂ ਤੁਰ ਪਿਆ ਜਿਵੇਂ ਹਥਕੜੀਏਂ ਨਰੜਿਆ ਅਪਰਾਧੀ ਪੁਲਿਸ ਦੇ ਸਿਪਾਹੀ ਮਗਰ ਤੁਰਦਾ ਹੈ ਤੇ ਆਪਣੇ ਘਰ ਵੱਲ ਤੇ ਫਿਰ ਪਿੰਡ ਵੱਲ ਤੇ ਫਿਰ ਜੂਹ ਵੱਲ ਝਾਕਦਾ ਜਾਂਦਾ ਹੈ। ਆਪਣੇ ਡੁੱਲ੍ਹੇ ਦੁੱਧ ਦਾ ਰੁਲੀਏ ਨੂੰ ਕੋਈ ਦੁੱਖ ਨਹੀਂ ਸੀ ਪਰ ਚੰਡਾਲ ਦੇ ਹੱਥੀਂ ਘੜੀਸਿਆ ਜਾਂਦਾ, ਹੱਥੀਂ ਪਾਲਿਆ ਬਕਟ ਦੇਖ ਕੇ ਉਹਨੇ ਧਾ ਮਾਰੀ, "ਹਾਏ ਉਏ ਮੇਰਾ ਮੋਤੀ!"

ਰੁਲੀਏ ਦੇ ਮੂੰਹੋਂ ਮੋਤੀ ਸੁਣ ਕੇ ਬਕਟ ਪਿਛੇ ਝਾਕਿਆ। ਉਹਦੀ ਪਿੱਠ ਉਤੇ ਛਮਕੀ ਧਸ ਗਈ। ਉਹ ਨਿੱਕੀ ਪੂਛ ਕੰਬਦੀਆਂ ਲੱਤਾਂ ਵਿਚ ਦੇ ਕੇ ਤੁਰ ਪਿਆ।

ਰੁਲੀਆ ਭੁੱਬ ਮਾਰ ਕੇ ਡਿੱਗ ਪਿਆ। ਨੇੜੇ ਦੇ ਆਦਮੀਆਂ ਦੇ ਦਿਲਾਂ ਵਿਚ ਕੰਬਣੀ ਛਿੜ ਗਈ। ਇਹ ਧੱਕਾ ਸੀ, ਪਰ ਰਾਏਜ਼ਾਦੇ ਨੂੰ ਕੌਣ ਰੋਕੇ! ਬਕਟ ਵੀ ਆਪਣੇ ਡਿੱਗੇ ਪਏ ਸੁਆਮੀ ਉਤੇ ਦੋ ਹੰਝੂ ਨਾ ਕੇਰ ਸਕਿਆ।

ਰੁਲੀਏ ਦੇ ਸਰੀਰ ਵਿਚ ਜਿਵੇਂ ਬਿਜਲੀ ਦੀ ਲਹਿਰ ਫਿਰ ਗਈ ਹੋਵੇ। ਉਹ ਇਕਦਮ ਉਠਿਆ, ਤੇ ਨੱਠ ਕੇ ਬਕਟ ਦੀ ਧੌਣ ਨਾਲ ਚਿੰਬੜ ਗਿਆ। ਬਕਟ ਦੀਆਂ ਮੋਟੀਆਂ ਅੱਖਾਂ ਵਿਚੋਂ ਤੱਤੇ ਪਾਣੀ ਦੇ ਦੋ ਤੁਬਕੇ ਰੁਲੀਏ ਦੀ ਪਤਝੜ ਮਾਰੀ ਗੱਲ੍ਹ ਉਤੇ ਡਿੱਗੇ।

ਰੁਲੀਏ ਦੀ ਪਿੱਠ ਉਤੇ ਛਮਕੀਆਂ ਦੀ ਵਾਛੜ ਹੋਈ। ਲਾਲ ਲਾਸਾਂ ਉਹਦੇ ਸਰੀਰ ਉਤੇ ਉਘੜ ਆਈਆਂ ਜਿਹੜੀਆਂ ਉਹਦੇ ਪਾਟੇ ਹੋਏ ਕੁੜਤੇ ਦੀਆਂ ਮੋਰੀਆਂ ਵਿਚੋਂ ਸਾਫ਼ ਦਿਸ ਰਹੀਆਂ ਸਨ। ਛੇਕੜ ਰੁਲੀਏ ਦੇ ਹੱਥ ਢਿੱਲੇ ਹੋ ਕੇ ਬਕਟ ਦੀ ਧੌਣ ਨਾਲ ਟੁੱਟ ਗਏ।

ਰੁਲੀਏ ਨੂੰ ਡਰ ਸੀ ਕਿ ਰਾਏਜ਼ਾਦਾ ਜ਼ਰੂਰ ਬਕਟ ਨੂੰ ਮਾਰ ਕੇ ਖਾ ਜਾਊ ਕਿਉਂਕਿ ਉਹ ਰੋਹੀ ਦੇ ਬਿਮਾਰ ਹਰਨਾਂ ਨੂੰ ਮਾਰਨੋਂ ਵੀ ਸੰਕੋਚ ਨਹੀਂ ਸੀ ਕਰਦਾ। ਰੁਲੀਏ ਨੇ ਫਿਰ ਲੋਰ ਮਾਰੀ, "ਹਾਏ ਮੇਰਾ ਮੋਤੀ!"

ਸੰਧਿਆ ਹੋ ਰਹੀ ਸੀ। ਮੰਦਰ ਦੇ ਕਲਸ ਦੀ ਪ੍ਰੇਮ ਤੱਕਣੀ ਬੇਅਰਥ ਈ ਡੁੱਲ੍ਹ ਰਹੀ ਸੀ। ਗੁਰਦੁਆਰੇ ਦਾ ਘੜਿਆਲ ਨਾ ਖੜਕਿਆ, ਤੇ ਨਾ ਈ ਸੰਤਾਂ ਦੇ ਡੇਰੇ ਦਾ ਸੰਖ ਵਿਲਕਿਆ। ਚਾਨਣ ਵਿਚ ਹਨ੍ਹੇਰਾ ਅਜੇ ਘੁਲ ਈ ਰਿਹਾ ਸੀ, ਸ਼ਿਵਾਲੇ ਅਜੇ ਜੋਤਾਂ ਨਹੀਂ ਸਨ ਜਗੀਆਂ, ਪੱਛਮ ਦੀ ਹਵਾ ਜਿਹੜੀ ਸਾਰਾ ਦਿਨ ਸਰੀਰਾਂ ਤੇ ਕੱਪੜਿਆਂ ਨੂੰ ਛੇੜਦੀ ਰਹੀ ਸੀ, ਹੁਣ ਅਹਿੱਲ ਸੀ।

"ਤੈਂ ਕਿਉਂ ਜੰਗਲੀ ਜਨੌਰ ਨੂੰ ਆਪਣੇ ਵਾੜੇ ਬੰਨ੍ਹਿਆ?" ਰਾਏਜ਼ਾਦੇ ਦਾ ਕ੍ਰੋਧ ਫੁੱਟਿਆ।

***(ਬਾਕੀ ਅਗਲੇ ਸਫੇ 'ਤੇ)***

# ਦੂਰ ਦੇ ਢੋਲ ਸੁਹਾਵਣੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਆਮ ਤੌਰ 'ਤੇ ਮਨੁੱਖ ਆਪਣੀ ਵਰਤਮਾਨ ਸਥਿਤੀ ਤੋਂ ਘਟ ਹੀ ਕਦੇ ਸੰਤੁਸ਼ਟ ਹੋਇਆ ਹੈ। ਇਸ ਲਈ ਉਸ ਨੂੰ ਆਪਣੇ ਤੋਂ ਪਰੇ ਦੀਆਂ ਚੀਜ਼ਾਂ ਹਮੇਸ਼ਾ ਲੁਭਾਉਣੀਆਂ ਲਗਦੀਆਂ ਹਨ। ਦਰਅਸਲ ਰੁਮਾਂਸਵਾਦੀ ਨਜ਼ਰੀਆ ਵੀ ਇਹੋ ਹੈ। ਦੂਰ ਦੇ ਢੋਲ ਸੁਹਾਵਣੇ ਵਾਲੀ ਕਹਾਵਤ ਅਜਿਹੀ ਰੁਮਾਂਸਵਾਦੀ ਬਿਰਤੀ ਨੂੰ ਹੀ ਪ੍ਰਗਟਾਉਂਦੀ ਹੈ ਪਰ ਅੱਜ ਅਸੀਂ ਇਸ ਕਹਾਵਤ ਤੋਂ ਸੰਕੇਤਤ ਹੁੰਦੀ ਰੁਮਾਂਸਵਾਦੀ ਭਾਵਨਾ 'ਤੇ ਨਹੀਂ ਬਲਕਿ ਇਸ ਦੇ ਪੂਰਬਲੇ ਰੂਪ ਦੇ ਇਕ ਪੱਖ 'ਤੇ ਚਰਚਾ ਕਰਨੀ ਹੈ। ਕਈ ਸਾਲ ਪਹਿਲਾਂ ਮੈਂ ਕਿਸੇ ਥਾਂ ਪੜ੍ਹਿਆ ਸੀ ਕਿ ਇਸ ਕਹਾਵਤ ਦਾ ਅਸਲੀ ਰੂਪ "ਦੂਰ ਦੇ ਟੋਲ ਸੁਹਾਵਣੇ" ਹੈ ਨਾ ਕਿ "ਦੂਰ ਦੇ ਢੋਲ ਸੁਹਾਵਣੇ।" ਇਸ ਦੇ ਅਜਿਹੇ ਰੂਪ ਦੇ ਪੱਖ ਵਿਚ ਮੁੱਖ ਦਲੀਲ ਇਹ ਦਿੱਤੀ ਗਈ ਸੀ ਕਿ ਸੁਹਾਵਣਾ ਵਿਸ਼ੇਸ਼ਣ ਕਿਸੇ ਸੁਣਨ ਜਾਂ ਆਵਾਜ਼ ਵਾਲੇ ਵਰਤਾਰੇ ਦੇ ਚੰਗੇ ਲੱਗਣ ਲਈ ਨਹੀਂ ਬਲਕਿ ਕਿਸੇ ਦ੍ਰਿਸ਼ ਅਰਥਾਤ ਦੇਖਣ ਵਾਲੀ ਵਸਤੂ ਲਈ ਵਰਤਿਆ ਜਾਣਾ ਉਚਿਤ ਹੈ। ਇਸ ਲਿਹਾਜ ਨਾਲ ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਝਰਨੇ ਦੀ ਕਲ-ਕਲ ਬਹੁਤ ਸੁਰੀਲੀ ਹੈ ਜਾਂ ਕਿਸੇ ਦੀ ਆਵਾਜ਼ ਬਹੁਤ ਮਧੁਰ ਹੈ ਪਰ ਇਥੇ ਸੁਹਾਵਣਾ ਵਿਸ਼ੇਸ਼ਣ ਨਹੀਂ ਲਾ ਸਕਦੇ। ਦੂਜੇ ਪਾਸੇ ਕੋਈ ਨਜ਼ਾਰਾ ਸੁਹਾਵਣਾ ਹੋ ਸਕਦਾ ਹੈ ਜਾਂ ਮੌਸਮ ਸੁਹਾਵਣਾ ਹੋ ਸਕਦਾ ਹੈ। ਇਸ ਲਈ ਲੇਖਕ ਅਨੁਸਾਰ ਕਹਾਵਤ ਵਿਚਲੇ ਢੋਲ ਦੀ ਆਵਾਜ਼ ਨੂੰ ਸੁਹਾਵਣਾ ਕਹਿਣਾ ਅਨੁਚਿਤ ਨਹੀਂ ਤਾਂ ਅਣਮੇਲਵਾਂ ਜ਼ਰੂਰ ਹੈ। ਲੇਖਕ ਨੇ ਅੱਗੇ ਦੱਸਿਆ ਸੀ ਕਿ ਅਸਲੀ ਕਹਾਵਤ ਵਿਚ 'ਟੋਲ' ਦਾ ਅਰਥ ਪਹਾੜ ਜਾਂ ਟਿੱਲਾ ਹੈ। ਮੈਨੂੰ ਲੇਖਕ ਦੀ ਦਲੀਲ ਬਹੁਤੀ ਪੁਖਤਾ ਨਹੀਂ ਸੀ ਲੱਗੀ। ਨਾਲੇ ਉਦੋਂ ਟੋਲ ਸ਼ਬਦ ਦਾ ਪਹਾੜ ਵਾਲਾ ਅਰਥ ਮੇਰੇ ਗਿਆਨ ਵਿਚ ਨਹੀਂ ਸੀ। ਇਸ ਲਈ ਮੈਂ ਉਸ ਵੱਲ ਬਹੁਤਾ ਧਿਆਨ ਨਾ ਦਿੱਤਾ ਤੇ ਸਰੋਤ ਨੂੰ ਵੀ ਸੰਭਾਲ ਨਾ ਸਕਿਆ। ਕਾਰਨ ਇਸ ਦਾ ਇਹ ਸੀ ਕਿ ਸੁਹਾਵਣਾ ਸ਼ਬਦ ਨੂੰ ਮੈਂ ਸੁਖਾਵੇਂ ਅਨੁਭਵ ਦਾ ਪ੍ਰਗਟਾਊ ਵਿਸ਼ੇਸ਼ਣ ਸਮਝਦਾ ਹਾਂ। ਕਿਸੇ ਵੀ ਇੰਦਰੀ ਨੂੰ ਪੁਹੰਦੀ ਵਸਤੂ ਨੂੰ ਸੁਹਾਵਣਾ ਕਿਹਾ ਜਾ ਸਕਦਾ ਹੈ, ਕਿਸੇ ਦੇ ਬੋਲ ਸੁਹਾਵਣੇ ਹੋ ਸਕਦੇ ਹਨ। ਇਸ ਲਈ ਇਸ ਦਲੀਲ ਵਿਚ ਮੈਨੂੰ ਕੋਈ ਬਹੁਤਾ ਦਮ ਨਹੀਂ ਲੱਗਾ।

ਐਪਰ ਪਿਛਲੇ ਹਫਤੇ 'ਤੋਲ' ਸ਼ਬਦ 'ਤੇ ਕੰਮ ਕਰਦਿਆਂ ਮੇਰਾ ਧਿਆਨ ਗੁਰੂ ਅਰਜਨ ਦੇਵ ਦੀ ਇਸ ਤੁਕ ਵੱਲ ਖਿਚਿਆ ਗਿਆ, "ਹਭੇ ਟੋਲ ਸੁਹਾਵਣੇ ਸਹੁ ਪਉ ਬੈਠਾ ਮਲਿ॥" ਗੌਰਤਲਬ ਹੈ ਕਿ ਇਥੇ 'ਟੋਲ' ਸ਼ਬਦ ਨਾਲ 'ਸੁਹਾਵਣੇ' ਵਿਸ਼ੇਸ਼ਣ ਲੱਗਾ ਹੋਇਆ ਹੈ ਜਿਸ ਕਾਰਨ ਮੇਰੇ ਦਿਮਾਗ ਵਿਚ ਇਕ ਦਮ ਚਰਚਿਤ ਕਹਾਵਤ ਦੇ ਬੋਲ ਘੁੰਮ ਗਏ। ਗੁਰਬਾਣੀ ਦੇ ਟੀਕਾਕਾਰਾਂ ਨੇ ਇਸ ਟੋਲ ਸ਼ਬਦ ਦਾ ਅਰਥ ਸ਼ਿੰਗਾਰ/ਗਹਿਣੇ ਜਾਂ ਪਦਾਰਥ ਕੀਤਾ ਹੈ। ਸਾਹਿਬ ਸਿੰਘ ਅਨੁਸਾਰ, "ਜਿਸ ਜੀਵ ਰਾਹੀ ਦਾ ਹਿਰਦਾ-ਵੇਹੜਾ ਖਸਮ ਪ੍ਰਭੂ ਮੱਲ ਕੇ ਬੈਠ ਜਾਂਦਾ ਹੈ, ਉਸ ਨੂੰ ਸਭੇ ਪਦਾਰਥ ਵਰਤਣੇ (ਫੱਬਦੇ) ਹਨ। ਸਾਹਿਬ ਸਿੰਘ ਦੀ ਵਿਆਖਿਆ ਵਿਚ 'ਜੀਵ-ਰਾਹੀ' ਸਮਾਸ ਦੀ ਵਰਤੋਂ ਅਰਥਪੂਰਣ ਬਣਦੀ ਹੈ ਜੇ ਅਸੀਂ ਅਗਲੀ ਤੁਕ ਨੂੰ ਨਾਲ ਹੀ ਪੜ੍ਹੀਏ, "ਪਹੀ ਨ ਵੰਞੈ ਬਿਰਥੜਾ ਜੋ ਘਰ ਆਵੈ ਚਲਿ॥" ਪਹੀ (ਪਾਂਥ, ਪਥ 'ਤੇ ਚੱਲਣ ਵਾਲਾ) ਸ਼ਬਦ ਦਾ ਅਰਥ ਰਾਹੀ ਹੁੰਦਾ ਹੈ



ਇਸ ਲਈ ਟੀਕਾਕਾਰ ਨੇ ਇਸ ਲਈ ਅਧਿਅਤਮਕ ਸਮਾਸ ਜੀਵ-ਰਾਹੀ ਦੀ ਵਰਤੋਂ ਕੀਤੀ ਹੈ। ਪਰ ਸਾਹਿਬ ਸਿੰਘ ਨੇ ਤੁਕ ਦੇ ਅਰਥ ਕਰਦਿਆਂ ਟੋਲ ਸ਼ਬਦ ਦਾ ਅਰਥ ਪਦਾਰਥ ਕੀਤਾ ਹੈ ਭਾਵੇਂ ਕਿ ਨਿਰੁਕਤਕ ਵਿਆਖਿਆ ਅਨੁਸਾਰ ਪਦਾਰਥ ਸ਼ਬਦ ਵੀ ਗਲਤ ਨਹੀਂ ਜਾਪਦਾ। ਪਰ ਮੇਰੀ ਜਾਚੇ ਪਹਾੜ ਜਾਂ ਟਿੱਲੇ ਦੇ ਅਰਥ ਵਧੇਰੇ ਢੁਕਦੇ ਹਨ ਕਿਉਂਕਿ ਸਫਰ 'ਤੇ ਚੱਲੇ ਰਾਹੀ (ਪਹੀ) ਨੂੰ ਰਸਤੇ ਵਿਚ ਹੋਰ ਦ੍ਰਿਸ਼ਾਂ ਤੋਂ ਇਲਾਵਾ ਪਹਾੜ ਦੇ ਨਜ਼ਾਰੇ ਦ੍ਰਿਸ਼ਟੀਗੋਚਰ ਹੋਣੇ ਅਲੋਕਾਰ ਗੱਲ ਨਹੀਂ। ਗੁਰੂ ਸਾਹਿਬ ਦੀ ਇਸ ਤੁਕ ਨੂੰ "ਦੂਰ ਦੇ ਢੋਲ (ਟੋਲ) ਸੁਹਾਵਣੇ" ਕਹਾਵਤ ਦੀ ਰੌਸ਼ਨੀ ਵਿਚ ਦੇਖੀਏ ਤਾਂ ਤੁਕ ਦਾ ਇਹ ਅਰਥ ਕੁਝ ਇਸ ਤਰ੍ਹਾਂ ਦਾ ਬਣੇਗਾ, "ਜਿਸ ਜੀਵ ਰਾਹੀ ਦਾ ਹਿਰਦਾ-ਵੇਹੜਾ ਖਸਮ ਪ੍ਰਭੂ ਮੱਲ ਕੇ ਬੈਠ ਜਾਂਦਾ ਹੈ, ਉਸ ਨੂੰ ਸਭ ਪਹਾੜ ਸੁਹਣੇ ਲਗਦੇ ਹਨ।" ਅਧਿਆਤਮਕ ਕਵਿਤਾ ਵਿਚ ਰੱਬ ਤੱਕ ਪੁੱਜਣ ਦੇ ਕਠਨ ਮਾਰਗ ਲਈ ਪਹਾੜ ਦੇ ਅਰਥਾਵੇਂ ਸ਼ਬਦਾਂ ਦੀ ਵਰਤੋਂ ਆਮ ਹੈ, ਟਾਕਰਾ ਕਰੋ, "ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥" (ਗੁਰੂ ਨਾਨਕ ਦੇਵ)। ਯਾਦ ਰਹੇ, ਗੁਰੂ ਸਾਹਿਬ ਦੀ ਇਸ ਤੁਕ ਦੇ ਪ੍ਰਮਾਣ ਤੋਂ ਸਾਡਾ ਮੁਖ ਸਰੋਕਾਰ ਕਹਾਵਤ ਵਿਚਲੇ ਢੋਲ ਸ਼ਬਦ ਦੇ ਅਸਲੀ ਰੂਪ ਦਾ ਪਤਾ ਕਰਨਾ ਹੈ।

ਮੈਂ ਇਹ ਮਸਲਾ ਪੂਰਬ-ਵਰਣਿਤ ਤੁਕ ਸਮੇਤ ਭਾਰਤੀ ਭਾਸ਼ਾਵਾਂ ਦੇ ਸ਼ਬਦ-ਚਿੰਤਕਾਂ ਦੇ ਇਕ ਮੰਚ ਅੱਗੇ ਪੇਸ਼ ਕੀਤਾ। ਸਾਰਿਆਂ ਦੀ ਰਾਏ ਤੋਂ ਮੈਂ ਇਹ ਸਿੱਟਾ ਕੱਢਿਆ ਕਿ ਕਹਾਵਤ ਵਿਚਲੇ ਢੋਲ ਦਾ ਪੂਰਬਲਾ ਰੂਪ ਟੋਲ ਕਹਿਣਾ ਉਚਿਤ ਹੀ ਲੱਗਦਾ ਹੈ ਭਾਵੇਂ ਨਿਰਣਾਇਕ ਤੌਰ 'ਤੇ ਅਜਿਹਾ ਨਹੀਂ ਕਿਹਾ ਜਾ ਸਕਦਾ। ਇਕ ਮੈਂਬਰ ਨੇ ਕਿਹਾ ਕਿ ਦੂਰ ਦੇ ਢੋਲ ਸੁਹਵਾਣੇ ਏਨਾ ਪ੍ਰਚਲਿਤ ਹੈ ਕਿ ਇਸ ਦਾ ਹੋਰ ਅਪਵਾਦ ਕਦੇ ਸੁਣਿਆ ਹੀ ਨਹੀਂ ਪਰ ਪੰਜਵੇਂ ਗੁਰੂ ਦੇ ਇਸ ਪਦ ਦੇ ਮੱਦੇਨਜ਼ਰ ਟੋਲ ਦੀ ਇਤਿਹਾਸਕਤਾ ਸੰਦੇਹ ਤੋਂ ਪਰੇ ਹੈ। ਇਕ ਰਾਜਸਥਾਨੀ ਕਾਮਰੇਡ ਦਿਨੇਸ਼ਵਰ ਦਿਵੇਦੀ ਨੇ ਕਿਹਾ ਕਿ ਦਰਅਸਲ ਇਥੇ ਢੋਲ ਨਹੀਂ, ਡੋਲ ਸ਼ਬਦ ਹੈ ਜਿਸ ਦਾ ਅਰਥ ਟਿੱਲਾ ਹੁੰਦਾ ਹੈ। ਪਰ ਅੱਗੋਂ ਉਨ੍ਹਾਂ ਮੇਰੀ ਇਸ ਪੁੱਛ ਦਾ ਉਤਰ ਨਹੀਂ ਦਿੱਤਾ ਕਿ ਕੀ ਰਾਜਸਥਾਨੀ ਕਹਾਵਤ ਵਿਚ ਢੋਲ ਦੀ ਥਾਂ ਡੋਲ ਹੈ। ਕੁਝ ਹੋਰਾਂ ਨੇ ਇਸ ਕਹਾਵਤ ਦੇ ਹੋਰ ਭਾਸ਼ਾਵਾਂ ਵਿਚਲੇ ਰੂਪ ਦਰਸਾਏ ਜਿਨ੍ਹਾਂ ਵਿਚਲੇ ਚਰਚਿਤ ਸ਼ਬਦ ਦਾ ਅਰਥ ਪਹਾੜ ਹੀ ਹੁੰਦਾ ਹੈ। ਮਸਲਨ ਗੁਜਰਾਤੀ ਵਿਚ ਹੈ, "ਦੂਰਥੀ (ਦੂਰੋਂ) ਡੂੰਗਰ (ਪਹਾੜ) ਰਲੀਯਾਮਣਾਂ (ਸੁਹਣੇ ਲਗਦੇ)।" ਮਰਾਠੀ ਵਿਚ ਹੈ, "ਦੂਰੂਨ ਡੋਂਗਰ (ਪਹਾੜ) ਸਾਜਰੇ (ਸਜੇ ਹੋਏ)।" ਤੈਲਗੂ ਭਾਸ਼ਾ ਵਿਚ ਹੈ, "ਦੂਰਪੁ ਕੋਡਲੂ ਨੁਨੁਪੂ।" ਇਥੇ ਕੋਡਲੂ ਦਾ ਅਰਥ 'ਟਿੱਲਾ' ਹੈ। ਇਕ ਹਿੰਦੀ ਭਾਸ਼ੀ ਨੇ ਦੱਸਿਆ ਕਿ ਇਸ ਕਹਾਵਤ ਦਾ ਇਕ ਰੂਪ "ਦੂਰ ਕੇ ਢੋਰ ਸੁਹਾਵਨੇ" ਵੀ ਕਿਧਰੇ ਕਿਧਰੇ ਸੁਣਨ ਨੂੰ ਮਿਲਦਾ ਹੈ ਭਾਵੇਂ ਕਿ ਇਹ ਭੁਲੇਖੇ ਕਾਰਨ ਹੀ ਹੈ। ਅਜਿਤ ਵਡਨੇਰਕਰ ਨੇ ਕਿਹਾ ਕਿ ਹਿੰਦੀ ਵਿਚ ਡੋਲ ਦਾ ਢੋਲ ਹੋ ਗਿਆ ਅਤੇ ਖੂਬ ਵੱਜ ਰਿਹਾ ਹੈ। ਉਨ੍ਹਾਂ ਮਰਾਠੀ ਕਹਾਵਤ "ਦੂਰੂਨ ਡੋਂਗਰ ਸਾਜਰੇ" ਦੀ ਵਿਆਖਿਆ ਕਰਦਿਆਂ ਕਿਹਾ ਕਿ ਪਹਾੜ ਦੂਰ ਤੋਂ ਜਿਤਨੇ ਆਕਰਸ਼ਕ ਲਗਦੇ ਹਨ, ਉਨ੍ਹਾਂ 'ਤੇ ਚੜ੍ਹਨਾ ਓਨਾ ਹੀ ਕਸ਼ਟਦਾਇਕ ਹੁੰਦਾ ਹੈ, ਇਸ ਲਈ ਕਹਾਵਤ ਦਾ ਭਾਵ ਹੈ ਕਿ ਦੂਰ ਤੋਂ ਲੁਭਾਇਮਾਨ ਚੀਜ਼ ਹਕੀਕਤ ਵਿਚ ਕੁਝ ਹੋਰ ਹੋ ਸਕਦੀ ਹੈ।

ਆਓ ਜ਼ਰਾ ਨਿਰੁਕਤਕ ਦ੍ਰਿਸ਼ਟੀ ਤੋਂ ਇਸ ਸ਼ਬਦ ਦੀ ਘੋਖ ਕਰੀਏ। ਪਿਛਲੇ ਕਾਲਮ ਰਾਹੀਂ ਅਸੀਂ "ਤੋਲਣਾ" ਸ਼ਬਦ ਦੇ ਆਰ-ਪਾਰ ਗਏ ਸੀ। ਦੱਸਿਆ ਗਿਆ ਸੀ ਕਿ ਇਸ ਦੇ ਧਾਤੂ 'ਤੁਲ' ਦਾ ਅਰਥ ਉਠਾਉਣਾ, ਚੁੱਕਣਾ, ਭਾਰ ਤੋਲਣਾ ਹੁੰਦਾ ਹੈ। ਹਥਲੀ ਕੜੀ ਅਸਲ ਵਿਚ ਉਸੇ ਦਾ ਹੀ ਹੋਰ ਵਿਸਤਾਰ ਹੈ। 'ਤ' ਧੁਨੀ ਅਕਸਰ 'ਟ' ਧੁਨੀ ਵਿਚ ਵੀ ਵਟ ਜਾਂਦੀ ਹੈ। ਇਸ ਲਈ ਤੁਲ ਧਾਤੂ ਤੋਂ ਬਣੇ ਕੁਝ ਸ਼ਬਦਾਂ ਵਿਚ 'ਤ' ਦੀ ਥਾਂ 'ਟ' ਧੁਨੀ ਨੇ ਲੈ ਲਈ ਹੈ। ਗੁੱਲੀ-ਡੰਡੇ ਦੀ ਖੇਡ ਵਿਚ ਗੁੱਲੀ ਦੀ ਦਣ ਤੇ ਡੰਡਾ ਰੱਖ ਕੇ ਅਤੇ ਇਸ 'ਤੇ ਸੱਟ ਮਾਰ ਕੇ ਭੜਕਾਉਣ ਦੀ ਕਿਰਿਆ ਨੂੰ ਟੁੱਲ ਕਿਹਾ ਜਾਂਦਾ ਹੈ। ਬਚਪਨ ਵਿਚ ਮੈਨੂੰ ਗੁੱਲੀ-ਡੰਡੇ ਦੇ ਖਿਡਾਰੀਆਂ ਨੇ ਬਹੁਤ ਭੜਕਾਇਆ ਸੀ ਜਦਕਿ ਮੇਰੀ ਵਾਰੀ ਮੇਤੋਂ ਕਦੇ ਟੁੱਲ ਲਗਦਾ ਹੀ ਨਹੀਂ ਸੀ। ਟੁੱਲ, ਤੁਲ ਸ਼ਬਦ ਦਾ ਹੀ ਬਦਲਿਆ ਰੂਪ ਹੈ। ਗੌਰ ਕਰੋ, ਇਥੇ ਵੀ ਗੁੱਲੀ ਨੂੰ ਉਪਰ ਚੁੱਕਣ ਦਾ ਹੀ ਭਾਵ ਹੈ। "ਟੁੱਲ ਲੱਗਣਾ" ਮੁਹਾਵਰਾ ਵੀ ਇਥੋਂ ਹੀ ਬਣਿਆ। ਪੰਜਾਬੀ ਦੀਆਂ ਕੁਝ ਉਪਭਾਸ਼ਾਵਾਂ ਵਿਚ ਤੁਲ੍ਹਾ (ਅਣਘੜਤ ਕਿਸ਼ਤੀ) ਦਾ ਰੂਪ ਟੱਲਾ ਵੀ ਮਿਲਦਾ ਹੈ।

ਅਸੀਂ ਦੇਖ ਚੁੱਕੇ ਹਾਂ ਕਿ ਤੁਲ ਵਿਚ ਭਾਰੀਪਣ, ਮਾਤਰਾ, ਬਹੁਤਾਤ ਦੇ ਭਾਵ ਹਨ। ਇਸ ਲਈ ਭਾਰੀ ਚੀਜ਼, ਪੱਥਰ ਜਾਂ ਪਹਾੜ ਆਦਿ ਲਈ ਟੋਲ ਸ਼ਬਦ ਰੂੜ੍ਹ ਹੋਇਆ। ਢਾਣੀ ਜਾਂ ਬੰਦਿਆਂ ਆਦਿ ਦੇ ਸਮੂਹ ਲਈ ਇਕ ਸ਼ਬਦ ਚਲਦਾ ਹੈ- ਟੋਲਾ ਜਾਂ ਟੋਲੀ। ਤੁਲ ਧਾਤੂ ਦੇ ਮਾਤਰਾ ਜਾਂ ਬਹੁਤਾਤ ਦੇ ਭਾਵ ਤੋਂ ਇਹ ਸ਼ਬਦ ਵਿਕਸਿਤ ਹੋਏ। ਅੱਗੋਂ ਟੋਲਾ ਦਾ ਅਰਥ ਵਿਕਸਿਤ ਹੋ ਕੇ ਵਾੜਾ, ਬਸਤੀ, ਮਹੱਲਾ ਆਦਿ ਬਣ ਗਿਆ ਅਰਥਾਤ ਜਿਥੇ ਜਾਤੀ, ਧਰਮ, ਪਿਛੋਕੜ ਦੇ ਆਧਾਰ 'ਤੇ ਇਕ ਪ੍ਰਕਾਰ ਦੇ ਲੋਕਾਂ ਦਾ ਸਮੂਹ (ਟੋਲਾ) ਰਹਿੰਦਾ ਹੈ। ਬਹੁਤ ਸਾਰੇ ਪਿੰਡਾਂ, ਸ਼ਹਿਰਾਂ, ਮਹੱਲਿਆਂ ਦੇ ਨਾਂਵਾਂ ਅੱਗੇ ਟੋਲਾ ਸ਼ਬਦ ਲਗਦਾ ਹੈ ਜਿਵੇਂ ਚਮਾਰ ਟੋਲਾ, ਟੋਲਾ ਸੇਹੀ, ਟੋਲਾ ਖੈਰਾ, ਹਰੀਜਨ ਟੋਲਾ, ਹਜ਼ਮਾ ਟੋਲਾ। ਇਹ ਸਾਰੇ ਸਥਾਨ ਪੰਜਾਬ ਤੋਂ ਬਾਹਰੀ ਪ੍ਰਦੇਸ਼ਾਂ ਦੇ ਹਨ। ਬਿਹਾਰ ਵਿਚ ਬਹੁਤ ਸਾਰੇ ਅਜਿਹੇ ਟੋਲੇ ਹਨ। ਪਰ ਪੰਜਾਬ ਵਿਚ ਮੈਨੂੰ ਅਜਿਹਾ ਕੋਈ ਸਥਾਨ ਨਹੀਂ ਮਿਲਿਆ। ਮਈਆ ਸਿੰਘ ਨੇ ਆਪਣੇ ਕੋਸ਼ ਵਿਚ ਟੋਲਾ ਸ਼ਬਦ ਦੇ ਅਜਿਹੇ ਅਰਥਾਂ ਵੱਲ ਇਸ਼ਾਰਾ ਕੀਤਾ ਹੈ। ਢਾਕਾ ਵਿਚ ਇਕ ਗੁਰਦੁਆਰਾ "ਸੰਗਤ ਟੋਲਾ" ਹੈ। ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਇਥੇ ਸੰਗਤ ਦੇ ਦਰਸ਼ਨ ਕਰਿਆ ਕਰਦੇ ਸਨ। ਅੱਜ ਕੱਲ੍ਹ ਇਹ ਵਾਦ-ਵਿਵਾਦ ਦਾ ਕਾਰਨ ਬਣਿਆ ਹੋਇਆ ਹੈ। ਬਿਹਾਰ ਵਿਚ ਇਕ ਪਿੰਡ ਦਾ ਨਾਂ ਹੈ "ਪਾਕਿਸਤਾਨ ਟੋਲਾ।" ਤਾਅਜੁੱਬ ਹੈ ਕਿ ਇਸ ਵਿਚ ਕੋਈ ਵੀ ਮੁਸਲਮਾਨ ਨਹੀਂ ਰਹਿੰਦਾ। ਦੱਸਿਆ ਜਾਂਦਾ ਹੈ ਕਿ ਬੰਗਲਾ ਦੇਸ਼ ਦੇ ਸੰਘਰਸ਼ ਸਮੇਂ ਭਾਰਤ-ਪਾਕਿਸਤਾਨ ਨਾਲ ਹੋਈ ਲੜਾਈ ਵਿਚ ਪੂਰਬੀ ਪਾਕਿਸਤਾਨ ਦੇ ਸੰਥਾਲ ਨਾਮੀ ਆਦਿਵਾਸੀਆਂ ਦਾ ਇਕ ਸ਼ਰਨਾਰਥੀ ਟੋਲਾ ਬਿਹਾਰ ਵਿਚ ਆ ਵੜਿਆ। ਉਨ੍ਹਾਂ ਆਪਣੀ ਬਸਤੀ ਦਾ ਨਾਂ ਰੱਖਿਆ "ਪਾਕਿਸਤਾਨੀ ਟੋਲਾ।"

# ਮੋਤੀ

*(ਪਿਛਲੇ ਸਫੇ ਦੀ ਬਾਕੀ)*

"ਛੋਟੇ ਸਰਦਾਰ, ਮੈਂ ਇਹਨੂੰ ਕੱਲ੍ਹ ਨੂੰ ਦੂਰ ਰੋਹੀ ਵਿਚ ਛੱਡ ਆਊਂਗਾ। ਅੱਜ ਦੀ ਰਾਤ ਛੱਡ ਦੇ।" ਬਕਟ ਦੀ ਜਿੰਦ ਬਚਾਉਣ ਲਈ ਰੁਲੀਏ ਨੇ ਵਚਨ ਕੀਤਾ। ਚਹੁੰ ਭਲੇਮਾਣਸਾਂ ਦੀ ਜੀਭ ਖੁੱਲ੍ਹੀ, "ਓਏ ਸਹੁਰੀ ਦਿਆ, ਤੈਂ ਕਿਉਂ ਰੱਖਿਆ ਹਰਨ ਆਪਣੇ ਵਾੜੇ? ਤੈਂ ਕੀ ਇਹਦਾ ਦੁੱਧ ਚੋਣੈ?" ਇਕ ਧੌਲ-ਦਾੜ੍ਹੀਆ ਨਿਆਂਕਾਰੀ ਲਹਿਜੇ ਵਿਚ ਦਇਆਵਾਨ ਹੋ ਕੇ ਅੱਗੇ ਵਧਿਆ।

"ਬਾਬਾ, ਮੈਂ ਛੱਡ ਦਿਊਂਗਾ ਸਵੇਰੇ!"

"ਚਲੋ, ਫੈਸਲਾ ਹੋਇਆ!" ਇਕ ਹੋਰ ਖੁਸ਼ੀ ਵਿਚ ਕੂਇਆ। ਰਾਏਜ਼ਾਦੇ ਨੇ ਗਲੋਂ ਪਟਾ ਖੋਲ੍ਹਿਆ ਤੇ ਪਿੱਠ ਮਰੋੜ ਕੇ ਤੁਰ ਗਿਆ। ਭੀੜ ਖਿੰਡ ਗਈ, ਬਕਟ ਵਾੜੇ ਜਾ ਵੜਿਆ। ਟਪੂਸੀਆਂ ਮਾਰਦਾ।

ਅਗਲੇ ਦਿਨ ਰੁਲੀਆ ਇੱਜੜ ਰੋਹੀ ਵਿਚ ਲੈ ਗਿਆ। ਬਕਟ ਦੇ ਗਲ ਬਾਹਾਂ ਪਾ ਕੇ ਛੇਕੜਲੀ ਮਿਲਣੀ ਕੀਤੀ ਤੇ ਕਿਹਾ, "ਜਾਹ ਮਿੱਤਰਾ, ਇਹ ਮੇਰਾ ਪਿਆਰ ਲੈ ਜਾ ਰੋਹੀਆਂ ਵਿਚ। ਮੁੜ ਮੇਰੇ ਨੇੜੇ ਨਾ ਆਵੀਂ। ਇਥੇ ਤੇਰੀ ਮੌਤ ਦੰਦ ਖੋਲ੍ਹੀ ਤੇਰੀ ਭਾਲ ਵਿਚ ਫਿਰਦੀ ਐ।"

ਜਾਨਵਰ ਨਾ ਸਮਝਿਆ। ਉਹ ਰੁਲੀਏ ਦੇ ਉਦਾਲੇ ਗੇੜੇ ਕੱਢਣ ਲੱਗ ਪਿਆ। ਭੌਰੂ ਨੂੰ ਉਹਦੇ ਪਿਛੇ ਪਾਉਣ ਦਾ ਜਤਨ ਵੀ ਅਸਫ਼ਲ ਈ ਰਿਹਾ। ਉਹ ਇਹਦਾ ਮਿੱਤਰ ਬਣ ਚੁੱਕਿਆ ਸੀ, ਹੁਣ ਉਹ ਇਹਦੀਆਂ ਲੱਤਾਂ ਕਿਵੇਂ ਪਾੜਦਾ? ਕਈ ਵਾਰੀ ਡਾਂਗ ਰੁਲੀਏ ਨੇ ਬਕਟ ਦੇ ਡਰਾਵੇ ਲਈ ਹਵਾ ਵਿਚ ਘੁਮਾਈ, ਪਰ ਬੇਅਰਥ! ਬਕਟ ਨੇ ਪਿਛਾ ਨਾ ਛਡਿਆ। ਹਰਨਾਂ ਦੀ ਇਕ ਡਾਰ ਅੱਗਿਓਂ ਲੰਘ ਗਈ। ਬਕਟ ਨੇ ਉਕਾ ਧਿਆਨ ਨਾ ਕੀਤਾ। ਡਾਰ ਖੜ੍ਹੋ ਗਈ, ਆਪਣੀ ਜਾਤ ਦੇ ਪਿਆਰ ਨੂੰ ਹਵਾ ਵਿਚੋਂ ਸੁੰਘਿਆ ਪਰ ਬਕਟ ਕੋਲ ਆਦਮ-ਜਾਤ ਖੜੋਤੀ ਦੇਖ ਹਰਨ ਘ੍ਰਿਣਾ ਦੀ ਝਾਤ ਮਾਰ ਕੇ ਹਵਾ ਵਿਚ ਟਪੂਸੀਆਂ ਮਾਰਦੇ ਦੂਰ ਲੋਪ ਹੋ ਗਏ।

ਬਕਟ ਨਾ ਵਿਛੜਿਆ। ਓੜਕ ਜਦ ਆਥਣੇ ਇੱਜੜ ਪਿੰਡ ਮੁੜਿਆ ਤਾਂ ਅੱਕ ਕੇ ਰੁਲੀਏ ਨੇ ਦੋ ਡਾਂਗਾਂ ਉਹਦੀ ਪਿੱਠ ਉਤੇ ਮਾਰੀਆਂ। ਬਕਟ ਰੋਹੀ ਨੂੰ ਨੱਠ ਗਿਆ। ਰੁਲੀਏ ਨੇ ਪਿੱਠ ਘੁਮਾਈ। ਬਕਟ ਬੱਕਰੀਆਂ ਵਿਚ ਸੀ।

ਰੁਲੀਆ ਬਹੁਤ ਦੂਰ ਤਾਂਈਂ ਉਹਦੇ ਪਿਛੇ ਨੱਠਿਆ ਅਤੇ ਸੰਘਣੀ ਝਿੜੀ ਵਿਚ ਵਾੜ ਆਇਆ। ਹੁਣ ਉਹਨੂੰ ਭਰੋਸਾ ਸੀ ਕਿ ਨਹੀਂ ਪਰਤੂਗਾ। ਇਸ ਤਰ੍ਹਾਂ ਉਹਨੂੰ ਪਟੜੀ ਤੋਂ ਪਾਰ ਈ ਹਨ੍ਹੇਰਾ ਹੋ ਗਿਆ ਸੀ। ਮੁੜ ਉਹਨੇ ਆਪਣੀਆਂ ਖਿੰਡੀਆਂ ਬੱਕਰੀਆਂ ਸਾਂਭ ਲਈਆਂ। ਵਾੜੇ ਵੜਦਿਆਂ ਪਿੰਡ ਦੇ ਦੀਵੇ ਜਗ ਚੁੱਕੇ ਸਨ।

ਨਿਸ਼ਚਿੰਤ ਰੁਲੀਆ ਮੰਜੀ ਉਤੇ ਲਿਟਿਆ ਪਿਆ ਸੀ। ਵਾੜੇ ਦੀ ਖਿੜਕੀ ਮੂਹਰੇ ਘੁਰ-ਘੁਰ ਹੋਈ। ਕਿੜ-ਕਿੜ ਵਾਣ ਦਾ ਮੰਜਾ ਕੜਕਿਆ। ਰੁਲੀਏ ਨੇ ਕੁੰਡੀ ਖੋਲ੍ਹੀ। ਬਕਟ ਅੰਦਰ ਆਇਆ। ਮਿਣ-ਮਿਣ ਨਾਲ ਬੱਕਰੀਆਂ ਨੇ ਸੁਆਗਤ ਕੀਤਾ।

"ਓ ਕਮਬਖ਼ਤ! ਤੇਰੀ ਮੌਤ ਤੇਰਾ ਪਿੱਛਾ ਨਹੀਂ ਛੱਡਦੀ।" ਰੁਲੀਏ ਨੇ ਪਿਠ 'ਤੇ ਹੱਥ ਫੇਰਦਿਆਂ ਹੌਲੀ-ਹੌਲੀ ਕਿਹਾ। ਅਸਮਾਨ ਉਤੇ ਤਾਰੇ ਕੰਬ ਰਹੇ ਸਨ।

ਲੰਮੀ ਰਾਤ ਤਾਈਂ ਰੁਲੀਆ ਆ ਰਹੇ ਵਿਛੋੜੇ ਦੇ ਚਿੱਤਰ ਵਾਹੁੰਦਾ ਰੋਂਦਾ ਰਿਹਾ। ਚਿਰ ਤਾਈਂ ਉਹਦੀਆਂ ਸਿਸਕੀਆਂ ਬੰਦ ਨਾ ਹੋਈਆਂ।

ਕੁੱਕੜ ਦੀ ਬਾਂਗ ਤੋਂ ਪਹਿਲਾਂ ਉਹ ਉਠਿਆ ਤੇ ਬਕਟ ਦੀਆਂ ਅੱਖਾਂ ਉਤੇ ਪਰਨਾ ਬੰਨ੍ਹ ਦਿੱਤਾ ਤੇ ਧੂਹ ਕੇ ਤੁਰ ਪਿਆ। ਨਾਂਹ ਨੁੱਕਰ ਕਰਦਾ ਬਕਟ ਅੰਨ੍ਹੇ ਰਾਹ 'ਤੇ ਤੁਰ ਪਿਆ। ਊਂਘ ਤੋੜਦਿਆਂ ਬੱਕਰੀਆਂ ਮਿਆਂਕ ਕੇ ਚੁੱਪ ਹੋ ਗਈਆਂ।

ਰੁਲੀਆ ਸੂਰਜ ਦੀ ਟਿੱਕੀ ਦਿੱਸਣ ਤੋਂ ਪਹਿਲਾਂ ਕਈ ਕੋਹ ਦਾ ਪੈਂਡਾ ਮਾਰ ਕੇ ਬਕਟ ਨੂੰ ਛੱਡ ਕੇ ਮੁੜ ਪਿਆ ਸੀ।

ਸਾਰਾ ਦਿਨ ਸਿਰ ਤੋਂ ਲੰਘ ਗਿਆ। ਰੁਲੀਆ ਇੱਜੜ ਚਾਰ ਕੇ ਘਰ ਮੁੜਿਆ। ਦਿਨ ਛਿਪ ਗਿਆ। ਹਨ੍ਹੇਰਾ ਹੋ ਗਿਆ। ਦੀਵੇ ਜਗੇ ਤੇ ਬੁਝ ਗਏ। ਆਟੇ ਦੀ ਮਸ਼ੀਨ ਦੀ ਤੁਕ-ਤੁਕ ਬੰਦ ਹੋ ਗਈ। ਲੋਕ ਸੌਂ ਗਏ।

ਵਾੜੇ ਦੀ ਖਿੜਕੀ ਅੱਗੇ ਘੁਰ-ਘੁਰ ਫਿਰ ਹੋਈ। ਰੁਲੀਆ ਸੌਂ ਰਿਹਾ ਸੀ। ਭੌਰੂ ਆਪਣੇ ਮਿੱਤਰ ਦਾ ਬੋਲ ਪਛਾਣ ਗਿਆ। ਮੰਜੇ ਦੀ ਬਾਹੀ ਉਹਨੇ ਪੰਜੇ ਨਾਲ ਘਰੋੜੀ। ਇਕ ਨਹੁੰ ਵਿਚ ਰੁਲੀਏ ਦੀ ਚਾਦਰ ਫਸ ਕੇ ਤੁਣਕੀ ਗਈ। ਰੁਲੀਆ ਜਾਗਿਆ। ਭੌਰੂ ਬੇਚੈਨੀ ਨਾਲ ਚਊਂ-ਚਊਂ ਕਰਦਾ ਖਿੜਕੀ ਵੱਲ ਤੁਰ ਪਿਆ, ਤੇ ਰੁਲੀਆ ਉਹਦੇ ਪਿਛੇ। ਪਿੰਡ ਦੇ ਕੁੱਤਿਆਂ ਦਾ ਟੋਲਾ ਬਕਟ ਉਤੇ ਟੁੱਟ ਪਿਆ। ਭੌਰੂ ਨੇ ਆਪਣੇ ਪੁਰਾਣੇ ਮਿੱਤਰ ਦੀ ਮਦਦ ਵਿਚ ਪਿੱਠ ਉਤੇ ਦੰਦ ਖਾਧੇ। ਅਸਫ਼ਲ ਭੌਰੂ ਮੁੜ ਆਇਆ। ਬਕਟ ਜਾਨ ਬਚਾ ਕੇ ਨੱਠ ਗਿਆ। ਹਵਾ ਵਿਚ ਗੂੰਜਦੀਆਂ ਆਵਾਜ਼ਾਂ ਢਿੱਲੀਆਂ ਪੈ ਕੇ ਸੌਂ ਗਈਆਂ। ਰੁਲੀਆ ਜਾਗਦਾ ਰਿਹਾ ਤੇ ਕੰਬਦੇ ਤਾਰਿਆਂ ਵੱਲ ਝਾਕਦਾ ਰਿਹਾ। ਘੁਰ-ਘੁਰ ਨਾ ਹੋਈ। ਬਕਟ ਨਾ ਆਇਆ।

ਅਗਲੇ ਦਿਨ ਸੂਰਜ ਦੀ ਟਿੱਕੀ ਦਿੱਸਣ ਤੋਂ ਪਹਿਲਾਂ ਰੁਲੀਆ ਉਠਿਆ ਤੇ ਵਾੜੇ ਦੀ ਖਿੜਕੀ ਖੋਲ੍ਹ ਕੇ ਬਾਹਰ ਆਇਆ ਤਾਂ ਦੇਖਿਆ ਕਿ ਕੰਧ ਕੋਲ ਹਰਨ ਦੀ ਲੋਥ ਪਈ ਹੈ। ਪਿੰਡ ਦੇ ਲੰਡਰ ਕੁੱਤੇ ਉਹਦੇ ਉਦਾਲੇ ਘੁੰਮ ਰਹੇ ਸਨ। ਕੰਧ ਦੀਆਂ ਜੜ੍ਹਾਂ ਵਿਚ ਲਹੂ ਡੁੱਲ੍ਹਿਆ ਪਿਆ ਸੀ। ਮਰੇ ਪਏ ਬਕਟ ਦੇ ਗਲ ਬਾਂਹ ਪਾ ਕੇ ਰੁਲੀਏ ਨੇ ਭੁੱਬ ਮਾਰੀ, "ਹਾਏ ਮੇਰਾ ਮੋਤੀ!"

ਅਸ਼ਬਦੀ ਰੂਪ ਭਾਵ ਉਹਦੇ ਹਿਰਦੇ ਵਿਚ ਫਿਰ ਰਿਹਾ ਸੀ- ਨਾ ਤਾਂ ਲੋਕ ਕੁੜੀਆਂ ਨੂੰ ਪਿਆਰ ਕਰਨ ਦਿੰਦੇ ਹਨ ਤੇ ਨਾ ਜਨੌਰਾਂ ਨੂੰ!

ਸਰਦਾਰ ਸਾਹਿਬ ਦੇ ਕੁੱਤਿਆਂ ਦੀ ਸੈਨਾ ਲਹੂ ਲਿੱਬੜੇ ਦੰਦ ਖੋਲ੍ਹੀ ਉਦਾਲੇ ਘੁੰਮ ਰਹੀ ਸੀ।

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ 7 ਮਾਰਚ ਦੇ ਅੰਕ ਵਿਚ ਛਪੇ ਮੇਰੇ ਲੇਖ 'ਸਿਰੁ ਦੀਜੈ ਕਾਨਿ ਨਾ ਕੀਜੈ' ਵਿਚ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਭੁੱਲ-ਚੁਕ ਹੋਈ ਹੈ। ਅਸਲ ਵਿਚ ਇਸ ਤਰ੍ਹਾਂ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ- ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਬਹੁਤ ਛੋਟੀ ਉਮਰ (ਸਿਰਫ 18 ਸਾਲ ਅਤੇ 14 ਸਾਲ) ਵਿਚ ਸੰਮਤ 1761 ਵਿਚ ਚਮਕੌਰ ਦੀ ਜੰਗ ਵਿਚ ਲੜ ਕੇ ਸ਼ਹੀਦੀ ਪਾਈ ਅਤੇ ਛੋਟੇ ਸਾਹਿਬਜ਼ਾਦਿਆਂ- ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ 8 ਅਤੇ 6 ਸਾਲ ਦੀ ਉਮਰ ਵਿਚ ਸੂਬਾ ਸਰਹਿੰਦ ਨੇ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਮੈਂ ਇਸ ਭੁਲ ਲਈ ਖਿਮਾ ਦਾ ਜਾਚਕ ਹਾਂ।

*-ਪ੍ਰੋ. ਹਰਪਾਲ ਸਿੰਘ*

## ਜਿੰਦ ਪੋਟਾ ਪੋਟਾ

ਜਹਾਜ਼ ਉਡ ਗਿਆ ਵੇਖ ਧਾਹਾਂ ਮਾਰਦੀ।
ਜਿੰਦ ਪੋਟਾ ਪੋਟਾ ਫਿੱਸੀ ਮੁਟਿਆਰ ਦੀ।

ਸੁਪਨੇ ਜਵਾਨੀ ਵਾਲੇ ਚੂਰ ਚੂਰ ਹੋ ਗਏ,
ਹੁਸੀਨ ਪਲ ਜ਼ਿੰਦਗੀ ਦੇ ਪਲਾਂ ਵਿਚ ਖੋਹ ਗਏ,
ਹਾੜ੍ਹੇ ਕੱਢਦੀ ਤੇ ਸਿਰ ਕੰਧੀਂ ਮਾਰਦੀ।

ਜਿਸਮ ਵਿਆਹੇ ਰਹੀਆਂ ਸੱਧਰਾਂ ਕੰਵਾਰੀਆਂ,
ਅੱਧਵਾਟੇ ਟੁੱਟ ਗਈਆਂ ਪੀਂਘਾਂ ਜੋ ਹੁਲਾਰੀਆਂ,
ਲੱਭੇ ਸੱਸੀ ਵਾਂਗ ਵਾਲਾਂ ਨੂੰ ਖਿਲਾਰਦੀ।

ਕਾਲਜ ਦੀਆਂ ਕੁੜੀਆਂ 'ਚੋਂ ਬੜੀ ਪ੍ਰਧਾਨ ਸੀ,
ਪਰੀਆਂ ਦੇ ਵਾਂਗ ਉਹਦਾ ਹੁਸਨ ਜਵਾਨ ਸੀ,
ਲੋਹੜੇ ਦੀ ਜਵਾਨੀ ਸੀ ਪਈ ਕਹਿਰ ਗੁਜ਼ਾਰਦੀ।

ਨਾਲ ਪ੍ਰਦੇਸੀਆਂ ਦੇ ਯਾਰੀਆਂ ਨਾ ਲਾ ਲਿਓ,
ਕੈਨੇਡਾ, ਅਮਰੀਕਾ ਸੁਣ ਨਾ ਜ਼ਿੰਦਗੀ ਫਸਾ ਲਿਓ।
ਹੋਰਾਂ ਮੱਤਾਂ ਦੇਂਦੀ ਆਪ ਫਸ ਗਈ ਲਾਚਾਰ ਦੀ।

ਸੁਪਨੇ ਸਜਾਏ ਸੀ ਲਾੜਾ ਮੇਰਾ ਆਏਗਾ,
ਆਪਣਾ ਬਣਾ ਕੇ ਮੈਨੂੰ ਲੈ ਕੇ ਉਡ ਜਾਏਗਾ,
ਮਾਰਦੀ ਸੀ ਗੱਪ ਸਦਾ ਸਾਗਰਾਂ ਤੋਂ ਪਾਰ ਦੀ।

ਮਾਂ-ਪਿਉ ਵੀ ਲੈ ਜਾਊਂ ਭਰਾ ਅਤੇ ਭੈਣ ਨੂੰ,
ਤੁਰ ਜਾਊਂ ਕੁੱਲ ਝੂਟੇ ਸੁਰਗਾਂ ਦੇ ਲੈਣ ਨੂੰ,
ਚੁੰਨੀ ਪੱਲੇ ਬੰਨ੍ਹੇ ਸਾਰੇ ਸੁਪਨੇ ਉਹ ਹਾਰਦੀ।

ਟੈਲੀਫੋਨ ਆਇਆ ਨਾ ਕੋਈ ਡਾਕੀਆ ਹੀ ਆਇਆ ਏ,
ਚੜ੍ਹਿਆ ਜਹਾਜੇ 'ਪੰਨੂ' ਪਿੱਛੇ ਨੂੰ ਭੁਲਾਇਆ ਏ,
ਖੁੱਲ੍ਹ ਗਈ ਗੰਢ ਉਹਦੇ ਝੂਠੇ ਇਕਰਾਰ ਦੀ।

***-ਚਰਨਜੀਤ ਪੰਨੂ***
***ਸੈਨ ਹੋਜ਼ੇ, ਕੈਲੀਫੋਰਨੀਆ।***

## ਕਾਵਿ-ਕਿਆਰੀ

## ਤੇਰੇ ਤੋਂ ਅਗਾਂਹ

ਜਦ ਰੰਗਾਂ ਵਿਚ ਤਕਿਆ ਤਾਂ ਹਰ ਰੰਗ
ਆਪਣੇ ਵਲ ਖਿਚਣ ਲਗਾ ਝੰਜੋੜਨ ਲਗਾ
ਪਰ ਰੰਗਾਂ ਤੋਂ ਅਗਾਂਹ
ਨਾ ਖਿਚ ਸੀ ਨਾ ਤੜਫ ਸੀ।
ਜਦ ਤੈਨੂੰ ਤਕਿਆ ਤਾਂ ਸੌ ਖਾਹਿਸ਼ਾਂ ਜੰਮੀਆਂ
ਤੂਫਾਨ ਉਠੇ ਅਹਿਸਾਸ ਚੀਕੇ
ਪਰ ਤੇਰੇ ਤੋਂ ਅਗਾਂਹ
ਖਾਮੋਸ਼ ਵਹਿੰਦੀ ਇਕ ਨਦੀ ਸੀ
ਮਨ ਦੀ ਹਲਚਲ ਤੇ ਪੀੜਾ ਤੋਂ ਤੰਗ ਆ
ਮੈਂ ਚਾਹੁੰਦੀ ਹਾਂ
ਰੰਗਾਂ ਤੇ ਤੇਰੇ ਤੋਂ ਅਗਾਂਹ
ਫਿਰ ਤਕ ਸਕਣ ਦੀ ਹਿੰਮਤ ਕਰਾਂ।

***-ਸ਼ਸ਼ੀ ਸਮੁੰਦਰਾ***

# ਚਿਤਰਾਂਗਦਾ ਸਿੰਘ ਦੀ ਪੰਜਾਬੀ ਪਰਵਾਜ਼



ਚਿਤਰਾਂਗਦਾ ਸਿੰਘ ਹਿੰਦੀ ਫਿਲਮਾਂ ਦੀ ਅਜਿਹੀ ਅਦਾਕਾਰਾ ਹੈ ਜਿਸ ਨੇ ਮੁੱਢ ਤੋਂ ਹੀ ਸਾਰੇ ਪ੍ਰਾਜੈਕਟ ਆਮ ਨਾਲੋਂ ਕੁਝ ਹਟ ਕੇ ਹੀ ਕੀਤੇ ਹਨ। ਹੁਣ ਉਹ ਕਿਸੇ ਪੰਜਾਬੀ ਫਿਲਮ ਬਾਰੇ ਸੋਚ ਰਹੀ ਹੈ। ਉਸ ਦੀ ਇੱਛਾ ਹੈ ਕਿ ਉਹ ਅਜਿਹੀ ਪੰਜਾਬੀ ਫਿਲਮ ਬਣਾਵੇ ਜੋ ਆਮ ਫਿਲਮਾਂ ਨਾਲੋਂ ਵੱਖਰੀ ਤਾਂ ਹੋਵੇ ਹੀ, ਇਹ ਫਿਲਮ ਦਰਸ਼ਕਾਂ ਨੂੰ ਕੋਈ ਸਮਾਜਕ ਸੁਨੇਹਾ ਵੀ ਦੇਵੇ। ਯਾਦ ਰਹੇ, ਚਿਤਰਾਂਗਦਾ ਸਿੰਘ ਦੀ ਪਹਿਲੀ ਹੀ ਫਿਲਮ 'ਹਜ਼ਾਰੋ ਖਵਾਹਸ਼ੇਂ ਐਸੀ' ਜੋ 2005 ਵਿਚ ਰਿਲੀਜ਼ ਹੋਈ ਸੀ, ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਫਿਲਮ ਵਿਚ ਜਿਹੜੀ ਚਿਣਗ ਇਸ ਵਿਚ ਕੰਮ ਕਰਨ ਵਾਲੇ ਸਭ ਅਦਾਕਾਰਾਂ ਨੇ ਭਰੀ ਸੀ, ਉਸ ਦਾ ਸੇਕ ਲੋਕ ਅੱਜ ਤੱਕ ਵੀ ਮਹਿਸੂਸ ਕਰਦੇ ਹਨ। ਫਿਲਮ ਵਿਚ ਕੇ.ਕੇ. ਮੈਨਨ ਨੇ ਵੀ ਬੜੀ ਜਾਨਦਾਰ ਭੂਮਿਕਾ ਨਿਭਾਈ ਸੀ।

ਚਿਤਰਾਂਗਦਾ ਦੀ 2011 ਵਿਚ ਰਿਲੀਜ਼ ਹੋਈ ਫਿਲਮ 'ਦੇਸੀ ਬੁਆਇਜ਼' ਵਿਚ ਵੀ ਉਸ ਦੇ ਕੰਮ ਦੀ ਖੂਬ ਤਾਰੀਫ਼ ਹੋਈ ਸੀ। ਇਹ ਅਸਲ ਵਿਚ ਉਹਦੀ ਪਹਿਲੀ ਵੱਡੀ ਕਮਰਸ਼ੀਅਲ ਫਿਲਮ ਸੀ ਜਿਸ ਨੇ ਸਫਲਤਾ ਦੇ ਝੰਡੇ ਗੱਡੇ। ਇਸ ਤੋਂ ਪਹਿਲਾਂ ਵਾਲੀਆਂ ਫਿਲਮਾਂ 'ਹਜ਼ਾਰੋਂ ਖਵਾਹਸ਼ੇਂ ਐਸੀ', 'ਕੱਲ੍ਹ: ਯੈਸਟਰਡੇ ਐਂਡ ਟੂਮੌਰੋ', 'ਸੌਰੀ ਭਾ!' ਅਤੇ 'ਯਿਹ ਸਾਲੀ ਜ਼ਿੰਦਗੀ' ਵਿਚ ਉਸ ਵਲੋਂ ਦਿਖਾਈ ਅਦਾਕਾਰੀ ਦੀ ਤਾਂ ਤਾਰੀਫ਼ ਹੋਈ ਸੀ ਅਤੇ ਉਸ ਨੂੰ ਵਾਹਵਾ ਇਨਾਮ ਵੀ ਮਿਲੇ ਸਨ ਪਰ ਇਹ ਫਿਲਮਾਂ ਵਪਾਰਕ ਪੱਧਰ 'ਤੇ ਬਹੁਤੀਆਂ ਕਾਮਯਾਬ ਨਹੀਂ ਸਨ ਹੋਈਆਂ। ਬੱਸ, ਸਾਰੀ ਕਸਰ 'ਦੇਸੀ ਬੁਆਇਜ਼' ਨੇ ਹੀ ਕੱਢੀ। ਅੱਜ ਕੱਲ੍ਹ ਚਿਤਰਾਂਗਦਾ 'ਮੈਂ ਗੱਬਰ' ਨਾਂ ਦੀ ਫਿਲਮ ਵਿਚ ਵਿਸ਼ੇਸ਼ ਗੀਤ 'ਤੇ ਕੰਮ ਕਰ ਰਹੀ ਹੈ ਅਤੇ ਉਸ ਦੀ ਇਕ ਹੋਰ ਫਿਲਮ 'ਬਾਬੂ ਮੋਸ਼ਾਏ ਬੰਦੂਕਬਾਜ਼' ਦੀ ਸ਼ੂਟਿੰਗ ਵੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਕੁਝ ਘਰੇਲੂ ਕੰਮਾਂ-ਕਾਰਾਂ ਕਰ ਕੇ ਉਹ ਕੁਝ ਸਮਾਂ ਫਿਲਮਾਂ ਤੋਂ ਦੂਰ ਰਹੀ। ਉਹਦੀ ਸ਼ਾਦੀ ਗੋਲਫਰ ਜੋਤੀ ਸਿੰਘ ਰੰਧਾਵਾ ਨਾਲ ਹੋਈ ਪਰ ਪਿਛਲੇ ਸਾਲ ਟੁੱਟ ਗਈ। ਬੇਟਾ ਜ਼ੋਰਾਵਰ ਹੁਣ ਚਿਤਰਾਂਗਦਾ ਦੇ ਕੋਲ ਹੈ। ਫ਼ਿਲਮਾਂ ਦੇ ਨਾਲ-ਨਾਲ ਉਹ ਕਈ ਐਡ ਫਿਲਮਾਂ ਵੀ ਕਰ ਰਹੀ ਹੈ। ਇਹੀ ਨਹੀਂ, ਦੇਸ਼-ਵਿਦੇਸ਼ ਲਈ ਉਹਦੇ ਕੋਲ ਬਹੁਤ ਸਾਰੇ ਸ਼ੋਅ ਵੀ ਹਨ। ਉਹ ਛੋਟੇ ਪਰਦੇ ਤੋਂ ਇਲਾਵਾ ਕੁਝ ਖੇਤਰੀ ਭਾਸ਼ਾਵਾਂ ਦੀਆਂ ਫਿਲਮਾਂ ਵੀ ਕਰ ਰਹੀ ਹੈ। ਹਾਕੀ ਖਿਡਾਰੀ ਸੰਦੀਪ ਸਿੰਘ ਦੇ ਜੀਵਨ 'ਤੇ ਚਿਤਰਾਂਗਦਾ ਸਿੰਘ ਫ਼ਿਲਮ ਦਾ ਨਿਰਮਾਣ ਕਰ ਰਹੀ ਹੈ। ਇਸ ਵਿਚ ਸੰਦੀਪ ਸਿੰਘ ਦਾ ਕਿਰਦਾਰ ਅਦਾਕਾਰ ਰਣਬੀਰ ਕਪੂਰ ਨਿਭਾ ਰਿਹਾ ਹੈ।



ਚਿਤਰਾਂਗਦਾ ਸਿੰਘ

# ਕਬੀਰ ਬੇਦੀ ਦੇ ਕਹਿਕਹੇ...

ਮਸ਼ਹੂਰ ਅਦਾਕਾਰ ਕਬੀਰ ਬੇਦੀ ਅਤੇ ਵਿਨੋਦ ਖੰਨਾ 'ਮੈਂ ਤੁਲਸੀ ਤੇਰੇ ਆਂਗਨ ਕੀ' ਵਰਗੀ ਯਾਦਗਾਰੀ ਫਿਲਮ ਤੋਂ ਬਾਅਦ ਫਿਲਮਸਾਜ਼ ਰੋਹਿਤ ਸ਼ੈਟੀ ਦੀ ਅਗਲੀ ਫਿਲਮ ਵਿਚ ਇਕ ਵਾਰ ਫਿਰ ਇਕੱਠੇ ਆ ਰਹੇ ਹਨ। ਇਸ ਫਿਲਮ ਦਾ ਨਾਂ ਅਜੇ ਰੱਖਿਆ ਨਹੀਂ ਗਿਆ ਹੈ। ਇਸ ਫਿਲਮ ਵਿਚ ਸ਼ਾਹਰੁਖ ਖ਼ਾਨ ਅਤੇ ਕਾਜੋਲ ਦੀ ਪੁਰਾਣੀ ਹਿੱਟ ਜੋੜੀ ਨੂੰ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਵਰੁਣ ਧਵਨ ਅਤੇ ਕ੍ਰਿਤੀ ਸੇਨਨ ਦੀਆਂ ਵੀ ਅਹਿਮ ਭੂਮਿਕਾਵਾਂ ਹੋਣਗੀਆਂ। ਫਿਲਮ ਵਿਚ ਕਬੀਰ ਬੇਦੀ ਕਾਜੋਲ ਦੇ ਪਿਤਾ ਅਤੇ ਵਿਨੋਦ ਖੰਨਾ ਸ਼ਾਹਰੁਖ ਖ਼ਾਨ ਦੇ ਪਿਤਾ ਦੇ ਕਿਰਦਾਰ ਵਿਚ ਨਜ਼ਰ ਆਉਣਗੇ। ਇਸ ਫਿਲਮ ਬਾਰੇ ਪੁੱਛਣ 'ਤੇ ਕਬੀਰ ਬੇਦੀ ਜੋ ਕਿਊਬਾ ਵਿਚ ਛੁੱਟੀਆਂ ਮਨਾ ਰਿਹਾ ਹੈ, ਨੇ ਆਪਣੇ ਜਾਣੇ-ਪਛਾਣੇ ਕਹਿਕਹੇ ਲਗਾਉਂਦਿਆਂ ਕਿਹਾ ਕਿ ਰੋਹਿਤ ਨਾਲ ਕੰਮ ਕਰਨਾ, ਤੇ ਉਹ ਵੀ ਵਿਨੋਦ ਵਰਗੇ ਅਦਾਕਾਰ ਨਾਲ, ਉਸ ਨੂੰ ਇਸ ਫਿਲਮ ਦੀ ਬੜੀ ਉਤਸੁਕਤਾ ਹੈ।

ਕਬੀਰ ਬੇਦੀ ਪੰਜਾਬੀ ਪਿਤਾ ਪਿਆਰੇ ਲਾਲ ਬੇਦੀ ਅਤੇ ਬ੍ਰਿਟਿਸ਼ ਔਰਤ ਫਰੀਦਾ ਬੇਦੀ ਦੇ ਘਰ ਪੈਦਾ ਹੋਇਆ ਸੀ। ਉਹਨੇ ਬਹੁਤ ਸਾਲ ਥਿਏਟਰ ਸਟੇਜਾਂ ਉਤੇ ਆਪਣੀ ਅਦਾਕਾਰੀ ਦੀਆਂ ਧੁੰਮਾਂ ਪਾਈਆਂ। ਉਸ ਨੇ ਸ਼ੇਕਸਪੀਅਰ ਦੇ ਨਾਟਕ 'ਓਥੈਲੋ' ਅਤੇ ਇਕ ਹੋਰ ਮਸ਼ਹੂਰ ਨਾਟਕ



'ਤੁਗਲਕ' ਵਿਚ ਆਪਣੀ ਕਲਾ ਦੇ ਜੌਹਰ ਵਿਖਾਏ। ਉਡੀਸੀ ਡਾਂਸਰ ਪ੍ਰੋਤਿਮਾ ਬੇਦੀ ਤੇ ਕਬੀਰ ਬੇਦੀ ਦੀ ਧੀ ਪੂਜਾ ਬੇਦੀ ਨੇ ਵੀ ਫਿਲਮਾਂ ਵਿਚ ਕੰਮ ਕੀਤਾ ਪਰ ਉਹ ਬਹੁਤੀ ਸਫ਼ਲ ਨਹੀਂ ਹੋ ਸਕੀ। ਕਬੀਰ ਦੇ ਇਕ ਪੁੱਤਰ ਸਿਧਾਰਥ ਬੇਦੀ ਦੀ 26 ਵਰ੍ਹਿਆਂ ਦੀ ਉਮਰ ਵਿਚ 1997 ਵਿਚ ਮੌਤ ਹੋ ਗਈ ਸੀ। ਉਹ ਸਕਿਜ਼ੋਫਰੇਨੀਆ ਦਾ ਮਰੀਜ਼ ਸੀ। ਕਬੀਰ ਬੇਦੀ ਦਾ ਇਕ ਹੋਰ ਪੁੱਤਰ ਐਡਮ ਬੇਦੀ ਕੌਮਾਂਤਰੀ ਪੱਧਰ ਦਾ ਮਾਡਲ ਹੈ। ਐਡਮ ਨੇ ਬਾਲੀਵੁੱਡ ਦੀ ਹਿੰਦੀ ਫਿਲਮ 'ਹੈਲੋ? ਕੌਨ ਹੈ!' ਵਿਚ ਕੰਮ ਕੀਤਾ ਸੀ ਪਰ ਉਸ ਦੀ ਗੱਡੀ ਵੀ ਫਿਲਮਾਂ ਵਿਚ ਨਹੀਂ ਰੁੜ੍ਹੀ। ਕਬੀਰ ਬੇਦੀ ਨੇ ਹਾਲੀਵੁੱਡ ਦੀਆਂ ਕਈ ਅਹਿਮ ਫਿਲਮਾਂ ਅਤੇ ਸੀਰੀਅਲਾਂ ਵਿਚ ਕੰਮ ਕੀਤਾ ਹੈ। ਉਸ ਦੀ ਪਹਿਲੀ ਫਿਲਮ 'ਹਲਚਲ' 1971 ਵਿਚ ਰਿਲੀਜ਼ ਹੋਈ ਸੀ ਅਤੇ ਉਸ ਤੋਂ ਬਾਅਦ ਉਸ ਨੇ 'ਸੀਮਾ', 'ਸਜ਼ਾ', 'ਕੱਚੇ ਧਾਗੇ', 'ਅਨਾੜੀ' ਅਤੇ 'ਆਖ਼ਰੀ ਕਸਮ' ਵਰਗੀਆਂ ਦਮਦਾਰ ਫਿਲਮਾਂ ਦਰਸ਼ਕਾਂ ਨੂੰ ਦਿੱਤੀਆਂ।

ਬੇਦੀ ਦਾ ਕਹਿਣਾ ਹੈ ਕਿ ਉਹ ਆਪਣੀਆਂ ਅੱਖਾਂ ਸਦਾ-ਸਦਾ ਲਈ ਬੰਦ ਹੋਣ ਤੱਕ ਫਿਲਮਾਂ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਕਲਾ ਤੋਂ ਬਿਨਾਂ ਉਸ ਦੀ ਜ਼ਿੰਦਗੀ ਦਾ ਹੋਰ ਕੋਈ ਅਰਥ ਹੀ ਨਹੀਂ ਹੈ। ਉਹ ਆਪਣੀਆਂ ਫਿਲਮਾਂ ਦੀ ਗਿਣਤੀ ਵਧਾਉਣ ਪਿਛੇ ਕਦੇ ਨਹੀਂ ਭੱਜਾ, ਉਸ ਨੇ ਉਹੀ ਫਿਲਮ ਕੀਤੀ ਜਿਸ ਦੀ ਪਟਕਥਾ ਉਸ ਨੂੰ ਪਸੰਦ ਆਈ। ਇਸੇ ਕਰ ਕੇ ਉਹਦਾ ਸ਼ੁਮਾਰ ਚੋਟੀ ਦੇ ਕਲਾਕਾਰਾਂ 'ਚ ਹੁੰਦਾ ਹੈ।

# ਨਰਗਿਸ ਦੀ ਮੁਹਿੰਮ



ਨਰਗਿਸ ਫਾਖਰੀ ਅੱਜ ਕੱਲ੍ਹ ਆਪਣੀ ਸਿਹਤ ਬਣਾ ਰਹੀ ਹੈ। ਪਿਛਲੇ ਪੰਜ-ਛੇ ਹਫ਼ਤਿਆਂ ਵਿਚ ਹੀ ਉਹ ਆਪਣਾ ਭਾਰ ਤਿੰਨ ਕਿਲੋ ਘਟਾ ਕੇ ਹੋਰ ਵੀ ਪਤਲੀ ਪਤੰਗ ਹੋ ਗਈ ਹੈ। ਕੁਝ ਲੋਕਾਂ ਨੇ ਉਸ ਦੀ ਇਸ ਸਿਹਤ ਮੁਹਿੰਮ ਉਤੇ ਚੁਟਕੀ ਲਈ ਹੈ ਕਿ ਫਾਖਰੀ ਵੀ ਮੁੰਡਿਆਂ ਵਾਂਗ ਐਬਸ ਬਣਾਉਣ ਲੱਗੀ ਹੋਈ ਹੈ। ਉਂਜ ਨਰਗਿਸ ਫਾਖਰੀ ਮੁੱਢ ਤੋਂ ਹੀ ਆਪਣੇ ਖਾਣ-ਪੀਣ ਵੱਲ ਉਚੇਚਾ ਧਿਆਨ ਦਿੰਦੀ ਰਹੀ ਹੈ। ਉਸ ਦੀ ਇਸ ਫਿਗਰ ਕਰ ਕੇ ਹੀ ਉਸ ਨੂੰ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲ ਗਿਆ ਸੀ।

ਪਾਕਿਸਤਾਨੀ ਪਿਤਾ ਮੁਹੰਮਦ ਫਾਖਰੀ ਅਤੇ ਚੈਕ ਮਾਤਾ ਮੈਰੀ ਫਾਖਰੀ ਦੇ ਘਰ ਜੰਮੀ ਨਰਗਿਸ ਨੇ ਆਪਣਾ ਫਿਲਮ ਕਰੀਅਰ 2011 ਵਿਚ ਫਿਲਮ 'ਰੌਕ ਸਟਾਰ' ਨਾਲ ਸ਼ੁਰੂ ਕੀਤਾ ਸੀ। ਉਸ ਨੇ ਹੁਣ ਤੱਕ ਕੁੱਲ ਪੰਜ ਹੀ ਫਿਲਮਾਂ ਕੀਤੀਆਂ ਹਨ ਪਰ ਉਸ ਦੀ ਗਿਣਤੀ ਪਹਿਲੀ ਕਤਾਰ ਦੀਆਂ ਹੀਰੋਇਨਾਂ ਵਿਚ ਹੋਣ ਲੱਗ ਪਈ ਹੈ। ਆਪਣੀ ਦੂਜੀ ਫਿਲਮ 'ਮਦਰਾਸ ਕੈਫੇ' ਰਾਹੀਂ ਉਹ ਖੂਬ ਹਿੱਟ ਹੋ ਗਈ ਸੀ। ਤੀਜੀ ਫਿਲਮ 'ਫਟਾ ਪੋਸਟਰ ਨਿਕਲਾ ਹੀਰੋ' ਵਿਚ ਉਸ ਨੇ ਸਿਰਫ ਇਕ ਗੀਤ ਗਾਇਆ ਸੀ।

'ਮੈਂ ਤੇਰਾ ਹੀਰੋ' ਵਿਚ ਉਸ ਨੇ ਇਕ ਵਾਰ ਫਿਰ ਆਪਣੇ ਸੁਹੱਪਣ ਅਤੇ ਅਦਾਕਾਰੀ ਦਾ ਜਲਵਾ ਵਿਖਾਇਆ। 'ਕਿੱਕ' ਫਿਲਮ ਵਿਚ ਵੀ ਉਸ ਨੇ ਗੀਤ ਹੀ ਗਾਇਆ ਸੀ। ਅੱਜ ਕੱਲ੍ਹ ਉਹ ਦੋ ਫਿਲਮਾਂ ਬਣਾਉਣ ਵਿਚ ਰੁੱਝੀ ਹੋਈ ਹੈ। ਇਨ੍ਹਾਂ ਵਿਚੋਂ ਇਕ ਹਾਲੀਵੁੱਡ ਫਿਲਮ 'ਸਪਾਈ' ਹੈ।



ਨਰਗਿਸ ਫਾਖ਼ਰੀ

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW
*Divorce *Annulment
*International Custody

### INCORPORATIONS
*International Contracts, Mergers
*Attorney Supreme Court of India

*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।


*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# GROW YOUR BUSINESS
## WITH NEW TREND




LICENSED Contractor
GAS SIGNS
HOTEL/MOTEL SIGNS




We install anywhere in california

ELECTRIC SIGN COMPANY
for more info: Call Sukhpal
1-661-586-1106
email: esigncompany@gmail.com

# Surveillance Camera
Systems




Vista
Full HD 1080P

Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION

- Fully Trained Technical Staff.
- Serving Since 1999.
- We Install any where in California.
- Commercial Grade Equipment.
- Solution for Gas stations,Liquor Stores, Hotel/Motel,warehouse & Homes

Call Sukhpal
1-661-586-5080
Email: commvision@sbcglobal.net

SAVE $99

Regular Pay-Per-View Price $99.99

LIMITED-TIME OFFER

ICC CRICKET WORLD CUP 2015

AN ESPN PRODUCTION

# GET DISH AND ADD LIVE CRICKET FOR ONLY 99 CENTS.

Now - March 28

Requires 24-month commitment, credit qualification and subscription to qualifying International and/or American programming. New customers only.

***Chak de phatte!*** Follow all the remaining matches and cheer Team India! Sign up for the Punjabi Mega Pack and any America's Top package to take advantage of this amazing offer. Must mention Offer Code **CRICKET99.**

**Punjabi Mega Pack** $24.99/mo

WILLOW HD, PTC Punjabi, 9X Tashan, jus punjabi, mh, PTC PUNJABI, jus 24x7

**America's Top 120** ~~$59.99/mo~~ Everyday Price — $29.99/mo for 12 months

LOCAL CHANNELS

abc HD, CBS HD, NBC HD, FOX HD, CW, PBS

Enjoy these FAVORITES, plus more

A&E HD, ESPN HD, FX, HGTV, HISTORY HD, SPIKE, Syfy, tbs, TLC, TNT HD, USA, VH1 HD

Requires 24-month commitment and credit qualification.

MOST CRICKET ANYWHERE

THE WORLD'S BEST CRICKET IS ON DISH!

Enjoy non-stop cricket action on **Willow HD**, included in the **Punjabi Mega Pack**.

Requires 24-month commitment, credit qualification, Hopper receiver and qualifying American programming starting at $29.99/mo. for 12 months and World Pack for $5/mo.

## LIMITED-TIME OFFER

## ORDER NOW!

## 1-888-926-3488

MUST MENTION OFFER CODE AT TIME OF ORDER

CRICKET99

Cannot be combined with other Offer Codes

dish

All matches are subject to delays and/or cancellations and such matches may not be replayed or replaced.

Most cricket anywhere claim based on remote viewing capabilities available with major TV providers as of 12/01/14.

International programming requires additional $10/mo International Basic package or any America's Top package.

**Important Terms and Conditions: ICC Cricket World Cup for 99 Cents Offer:** The cost of the Pay-Per-View is $99.99. By providing Offer Code CRICKET99 you will receive an immediate credit of $99. In some cases it may take up to 36 hours for the Pay-Per-View to become available. **Promotional Offers:** Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. **ETF:** If you cancel service during first 24 months, early termination fee of $20 for each month remaining applies.

**Additional Requirements: Hopper: Monthly fees:** Hopper, $12; Joey, $7; Super Joey, $10. Watching live and recorded TV anywhere requires an Internet-connected, Sling-enabled DVR and compatible mobile device. **Installation/ Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers only, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offer ends 3/30/15.**

© 2015 DISH Network L.L.C. All rights reserved. ESPN is a registered trademark of ESPN, Inc.

3488-0182-WorldCup-February